ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Monday, 23 June, 2025) ਪਟਿਆਲਾ ਸੋਮਵਾਰ, 23 ਜੂਨ, 2025, 9 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 172 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਕਿਸਾਨ ਮਜ਼ਦੂਰ ਮੋਰਚੇ ਵੱਲੋਂ ਫ਼ਰਵਰੀ, 2024 ਤੋਂ ਮਾਰਚ, 2025 ਤੱਕ ਦੇ ਫ਼ੰਡਾਂ ਦਾ ਵੇਰਵਾ ਜਾਰੀ

ਚੰਡੀਗੜ੍ਹ 22 ਜੂਨ (ਚੜ੍ਹਦੀਕਲਾ ਬਿਊਰੋ): ਕਿਸਾਨੀ ਅੰਦੋਲਨ 'ਚ ਆਏ ਫ਼ੰਡ ਬਾਰੇ ਵੱਡੀ ਖ਼ਬਰ ਸਾਹਮਣੇ ਆਈ ਹੈ। ਕਿਸਾਨ ਮਜ਼ਦੂਰ ਮੋਰਚਾ ਵਲੋਂ ਫ਼ੰਡ ਦਾ ਵੇਰਵਾ ਜਾਰੀ ਕੀਤਾ ਗਿਆ ਹੈ। ਫ਼ਰਵਰੀ, 2024 ਤੋਂ ਮਾਰਚ, 2025 ਤੱਕ ਫ਼ੰਡ ਦਾ ਵੇਰਵਾ ਦਿੱਤਾ ਗਿਆ। ਇੱਕ ਸਾਲ 'ਚ 20 ਲੱਖ 58 ਹਜ਼ਾਰ 254 ਫ਼ੰਡ ਇਕੱਠਾ ਹੋਇਆ ਸੀ।

(ਬਾਕੀ ਸਫ਼ਾ 2 'ਤੇ)

## ਪੰਜਾਬ 'ਚ ਮੀਂਹ ਨੇ ਬਦਲਿਆ ਮੌਸਮ ਦਾ ਮਿਜਾਜ਼, ਗਰਮੀ ਤੋਂ ਮਿਲੀ ਰਾਹਤ

ਚੜ੍ਹਦੀਕਲਾ ਬਿਊਰੋ

==================

ਚੰਡੀਗੜ੍ਹ, 22 ਜੂਨ : ਮਾਨਸੂਨ ਅੱਜ ਪੰਜਾਬ ਵਿਚ ਦਾਖਲ ਹੋ ਗਿਆ ਹੈ। ਪਹਿਲਾਂ ਅਨੁਮਾਨ ਸੀ ਕਿ ਇਹ ਮਾਨਸੂਨ 28 ਜੂਨ ਦੇ ਕਰੀਬ ਪੰਜਾਬ ਵਿਚ ਦਾਖਲ ਹੋਣਾ ਸੀ ਪਰ ਇਸ ਵਾਰ ਸਮੇਂ ਤੋਂ ਹਫਤਾ ਪਹਿਲਾਂ ਹੀ ਪੰਜਾਬ ਵਿਚ ਇਹ ਦਾਖਲ ਹੋ ਗਿਆ ਹੈ। ਪੰਜਾਬ ਵਿਚ ਮੀਂਹ ਪੈਣਾ ਸ਼ੁਰੂ ਹੋ ਗਿਆ ਹੈ। ਅੰਮ੍ਰਿਤਸਰ ਤੇ ਲੁਧਿਆਣਾ ਵਿਚ ਸਵੇਰ ਤੋਂ ਮੀਂਹ ਪੈ ਰਿਹਾ ਹੈ। ਮੌਸਮ ਵਿਭਾਗ ਵੱਲੋਂ ਅੱਜ ਸੂਬੇ ਵਿਚ ਮੀਂਹ ਨੂੰ ਲੈ ਕੇ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਅਨੁਮਾਨ ਹੈ ਕਿ ਪੰਜਾਬ ਦੇ 16 ਜ਼ਿਲ੍ਹਿਆਂ ਵਿਚ ਮੀਂਹ ਪਵੇਗਾ ਤੇ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੇਗੀ। ਸੂਬੇ ਦੇ ਔਸਤ ਅਧਿਕਤਮ



ਤਾਪਮਾਨ ਵਿਚ 1.0 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦੇ ਬਾਵਜੂਦ ਤਾਪਮਾਨ ਸਾਧਾਰਨ ਤੋਂ ਅਜੇ ਵੀ 1.9 ਡਿਗਰੀ ਸੈਲਸੀਅਸ ਘੱਟ ਬਣਿਆ ਹੋਇਆ ਹੈ ਜੋ ਇਸ ਸਮੇਂ ਦੇ ਮੌਸਮ ਦੇ ਔਸਤ ਤੋਂ ਹੇਠਾਂ ਮੰਨਿਆ ਜਾ ਰਿਹਾ ਹੈ। ਮੌਸਮ ਵਿਭਾਗ ਮੁਤਾਬਕ ਸੂਬੇ ਵਿਚ ਸਭ ਤੋਂ ਵੱਧ ਤਾਪਮਾਨ 38.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਮਾਨਸੂਨ ਦੇ ਅੱਗੇ ਵਧਣ ਨਾਲ ਤਾਪਮਾਨ ਵਿਚ ਹੋਰ ਗਿਰਾਵਟ ਸੰਭਵ ਹੈ। ਪਠਾਨਕੋਟ ਤੇ ਹੁਸ਼ਿਆਰਪੁਰ ਵਿਚ ਮੀਂਹ ਨੂੰ ਲੈ ਕੇ ਓਰੇਂਜ ਅਲਰਟ ਜਾਰੀ

(ਬਾਕੀ ਸਫ਼ਾ 2 'ਤੇ)

### ਦੋ ਦਿਨਾਂ 'ਚ ਮਾਨਸੂਨ ਦੇ ਅੱਗੇ ਵੱਧਣ ਦੀ ਸੰਭਾਵਨਾ

ਨਵੀਂ ਦਿੱਲੀ, 22 ਜੂਨ (ਚੜ੍ਹਦੀਕਲਾ ਬਿਊਰੋ) : ਭਾਰਤ ਦੇ ਮੌਸਮ ਵਿਭਾਗ (ਆਈ.ਐਮ.ਡੀ.) ਨੇ ਅੱਜ ਕਿਹਾ ਕਿ ਦੱਖਣ-ਪੱਛਮੀ ਮੌਨਸੂਨ ਅਗਲੇ ਦੋ ਦਿਨਾਂ ਵਿੱਚ ਦਿੱਲੀ, ਚੰਡੀਗੜ੍ਹ ਅਤੇ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼, ਪੰਜਾਬ ਅਤੇ ਜੰਮੂ-ਕਸ਼ਮੀਰ ਦੇ ਕੁਝ ਹਿੱਸਿਆਂ ਵਿੱਚ ਪਹੁੰਚ ਜਾਵੇਗਾ। ਮੌਸਮ ਵਿਭਾਗ ਨੇ ਕਿਹਾ ਕਿ ਮੌਨਸੂਨ ਦੇ 24 ਜੂਨ ਤੱਕ ਹੋਰ ਅੱਗੇ ਵਧਣ ਲਈ ਹਾਲਾਤ ਸਾਜ਼ਗਾਰ ਹਨ। ਮੌਸਮ ਵਿਭਾਗ ਨੇ ਕਿਹਾ ਕਿ ਦੱਖਣ-ਪੱਛਮੀ ਮੌਨਸੂਨ ਹਿਮਾਚਲ ਪ੍ਰਦੇਸ਼ ਦੇ ਜ਼ਿਆਦਾਤਰ ਹਿੱਸਿਆਂ, ਪੂਰੇ ਲੱਦਾਖ ਅਤੇ ਕਸ਼ਮੀਰ, ਜੰਮੂ ਦੇ ਜ਼ਿਆਦਾਤਰ ਹਿੱਸਿਆਂ ਅਤੇ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਅੱਗੇ ਵਧ ਰਿਹਾ ਹੈ। ਅਗਲੇ ਦੋ ਦਿਨਾਂ ਦੌਰਾਨ ਉੱਤਰੀ ਅਰਬ

(ਬਾਕੀ ਸਫ਼ਾ 2 'ਤੇ)

### ਈਰਾਨ-ਇਜ਼ਰਾਈਲ ਯੁੱਧ

## ਅਮਰੀਕਾ ਵੱਲੋਂ ਈਰਾਨ ਦੇ 3 ਪ੍ਰਮਾਣੂ ਟਿਕਾਣਿਆਂ 'ਤੇ ਹਮਲਾ



ਚੜ੍ਹਦੀਕਲਾ ਬਿਊਰੋ

==================

ਵਾਸ਼ਿੰਗਟਨ/ਤਹਿਰਾਨ, 22 ਜੂਨ : ਇਜ਼ਰਾਈਲ ਅਤੇ ਈਰਾਨ ਵਿਚਾਲੇ ਹੋ ਰਹੀ ਜੰਗ ਵਿੱਚ ਹੁਣ ਅਮਰੀਕਾ ਨੇ ਵੀ ਐਂਟਰੀ ਕਰ ਲਈ ਹੈ। ਡੋਨਾਲਡ ਟਰੰਪ ਨੇ ਖੁਦ ਸੋਸ਼ਲ ਮੀਡੀਆ 'ਤੇ ਇਸ ਦਾ ਐਲਾਨ ਕੀਤਾ ਹੈ। ਟਰੰਪ ਨੇ ਕਿਹਾ ਹੈ ਕਿ ਅਮਰੀਕਾ ਨੇ ਈਰਾਨ ਦੇ 3 ਪ੍ਰਮਾਣੂ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਹੈ। ਟਰੰਪ ਨੇ ਕਿਹਾ ਕਿ ਅਮਰੀਕੀ ਜੈੱਟ ਮਿਸ਼ਨ ਪੂਰਾ ਕਰਨ ਤੋਂ ਬਾਅਦ ਸੁਰੱਖਿਅਤ ਢੰਗ ਨਾਲ ਈਰਾਨ ਦੇ ਹਵਾਈ ਖੇਤਰ ਤੋਂ ਬਾਹਰ ਨਿਕਲ ਗਏ ਹਨ। ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ 'ਅਸੀਂ ਈਰਾਨ ਵਿੱਚ ਤਿੰਨ ਪ੍ਰਮਾਣੂ ਸਥਾਨਾਂ 'ਤੇ ਆਪਣਾ ਬਹੁਤ ਸਫਲ ਹਮਲਾ ਪੂਰਾ ਕਰ ਲਿਆ ਹੈ, ਜਿਸ ਵਿੱਚ ਫੋਰਡੋ, ਨਤਾਨਜ਼ ਅਤੇ ਇਸਫਾਹਨ ਸ਼ਾਮਲ ਹਨ। ਸਾਰੇ ਲੜਾਕੂ

(ਬਾਕੀ ਸਫ਼ਾ 2 'ਤੇ)

### ਈਰਾਨ ਨੇ ਪਹਿਲੀ ਵਾਰ ਖੈਬਰ ਮਿਜ਼ਾਈਲ ਦਾਗੀ, ਤੇਲ ਅਵੀਵ 'ਚ ਮਚੀ ਤਬਾਹੀ

ਤਹਿਰਾਨ, 22 ਜੂਨ (ਚੜ੍ਹਦੀਕਲਾ ਬਿਊਰੋ) : ਅਮਰੀਕਾ ਨੇ ਅੱਜ ਸਵੇਰੇ ਈਰਾਨ ਦੇ ਤਿੰਨ ਪ੍ਰਮਾਣੂ ਕੇਂਦਰਾਂ ਤੇ ਬੰਬਾਰੀ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਅਮਰੀਕੀ ਹਮਲੇ ਵਿੱਚ ਈਰਾਨ ਦੇ ਫੋਰਡੋ, ਇਸਫਾਹਨ ਅਤੇ ਨਤਾਨਜ਼ ਪ੍ਰਮਾਣੂ ਕੇਂਦਰ ਤਬਾਹ ਹੋ ਗਏ ਹਨ। ਜਿਸ ਤੋਂ ਬਾਅਦ ਈਰਾਨ ਨੇ ਹੁਣ ਇਜ਼ਰਾਈਲ ਵਿਰੁੱਧ ਭਿਆਨਕ ਮਿਜ਼ਾਈਲ ਹਮਲੇ ਕੀਤੇ ਹਨ। ਈਰਾਨੀ ਮੀਡੀਆ ਆਉਟਲੈਟਾਂ ਦੁਆਰਾ ਇੱਕ ਵੀਡੀਓ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਖੈਬਰ ਮਿਜ਼ਾਈਲ ਦਿਖਾਈ ਦਿੰਦੀ ਹੈ। ਰਿਪੋਰਟਾਂ ਅਨੁਸਾਰ, ਈਰਾਨੀ ਮਿਜ਼ਾਈਲ ਨੇ ਇਜ਼ਰਾਈਲ ਵਿੱਚ ਭਿਆਨਕ ਤਬਾਹੀ ਮਚਾਈ ਹੈ ਅਤੇ ਦਾਅਵਾ ਕੀਤਾ ਗਿਆ ਹੈ ਕਿ ਇਜ਼ਰਾਈਲੀ ਹਵਾਈ ਰੱਖਿਆ ਪ੍ਰਣਾਲੀ ਖੈਬਰ ਨੂੰ ਰੋਕਣ ਵਿੱਚ ਅਸਫਲ ਰਹੀ ਹੈ। ਪਿਛਲੇ ਹਫ਼ਤੇ ਸ਼ੁਰੂ ਹੋਏ ਇਜ਼ਰਾਈਲੀ ਹਮਲੇ ਤੋਂ ਬਾਅਦ, ਈਰਾਨ ਹੁਣ ਤੱਕ ਇਜ਼ਰਾਈਲ 'ਤੇ 400 ਤੋਂ ਵੱਧ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਹਨ

(ਬਾਕੀ ਸਫ਼ਾ 2 'ਤੇ)

### ਮੋਦੀ ਵੱਲੋਂ ਈਰਾਨੀ ਰਾਸ਼ਟਰਪਤੀ ਨਾਲ ਫ਼ੋਨ 'ਤੇ ਮੌਜੂਦਾ ਸਥਿਤੀ ਬਾਰੇ ਗੱਲਬਾਤ

#### ਪ੍ਰਧਾਨ ਮੰਤਰੀ ਵੱਲੋਂ ਵੱਧਦੇ ਤਣਾਅ 'ਤੇ ਚਿੰਤਾ ਪ੍ਰਗਟ

ਨਵੀਂ ਦਿੱਲੀ, 22 ਜੂਨ (ਚੜ੍ਹਦੀਕਲਾ ਬਿਊਰੋ) :ਇਜ਼ਰਾਈਲ-ਈਰਾਨ ਵਿਚਾਲੇ ਜੰਗ ਲਗਾਤਾਰ ਵਧਦੀ ਜਾ ਰਹੀ ਹੈ। ਇਸੇ ਦੌਰਾਨ ਅਮਰੀਕਾ ਦੀ ਇਸ ਜੰਗ ਵਿਚ ਐਂਟਰੀ ਨੇ ਵਿਵਾਦ ਹੋਰ ਵਧਾ ਦਿੱਤਾ ਹੈ। ਇਸੇ ਵਿਚਾਲੇ ਹੁਣ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨਾਲ ਗੱਲ ਕੀਤੀ ਹੈ ਤੇ ਮੌਜੂਦਾ ਹਾਲਾਤਾਂ ਬਾਰੇ ਜਾਣਕਾਰੀ ਲਈ ਹੈ। ਇਸ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਐਕਸ ਅਕਾਊਂਟ ਉੱਤੇ ਲਿਖਿਆ ਕਿ ਅਸੀਂ ਮੌਜੂਦਾ ਸਥਿਤੀ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਹਾਲ ਹੀ 'ਚ ਹੋਏ ਘਟਨਾਕ੍ਰਮ 'ਚ ਵਾਧੇ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਖੇਤਰੀ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਦੀ ਜਲਦੀ ਬਹਾਲੀ ਲਈ ਤੁਰੰਤ ਤਣਾਅ ਘਟਾਉਣ, ਗੱਲਬਾਤ ਅਤੇ ਕੂਟਨੀਤੀ ਦੇ ਸਾਡੇ ਸੱਦੇ ਨੂੰ ਦੁਹਰਾਇਆ। ਦੱਸ ਦਈਏ ਕਿ

(ਬਾਕੀ ਸਫ਼ਾ 2 'ਤੇ)

### ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੀ ਚੋਣ 25 ਨੂੰ

ਨਵੀਂ ਦਿੱਲੀ, 22 ਜੂਨ (ਚੜ੍ਹਦੀਕਲਾ ਬਿਊਰੋ) : ਹਰ ਚਾਰ ਸਾਲਾਂ 'ਚ ਡੀ.ਐਸ.ਜੀ.ਐਮ.ਸੀ. ਚੋਣਾਂ ਹੁੰਦੀਆਂ ਹਨ। ਡੀ.ਐਸ.ਜੀ.ਐਮ.ਸੀ. ਦੀਆਂ ਚੋਣਾਂ ਵਿਚ ਸੰਗਤ ਵਲੋਂ ਵੋਟਾਂ ਪਾ ਕੇ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਕਾਰਜਕਾਰਨੀ ਚੋਣਾਂ 'ਚ ਮੈਂਬਰਾਂ ਦੁਆਰਾ ਡੀ.ਐਸ.ਜੀ.ਐਮ.ਸੀ. ਦੇ ਪ੍ਰਧਾਨ ਸਮੇਤ ਪੰਜ ਅਹੁਦੇਦਾਰਾਂ ਦੀ ਚੋਣ ਹੁੰਦੀ ਹੈ। ਦੱਸਣਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਦੀ ਕਾਰਜਕਾਰਨੀ ਦੀ ਚੋਣ 25 ਜੂਨ ਨੂੰ ਹੋਵੇਗੀ। ਡੀ.ਐਸ.ਜੀ.ਐਮ.ਸੀ. ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਚੋਣ ਕਰਵਾਉਣ ਦਾ ਅਧਿਕਾਰ ਦਿੱਲੀ ਦੇ ਉਪ ਰਾਜਪਾਲ ਅਤੇ ਗੁਰਦੁਆਰਾ ਨਿਰਦੇਸ਼ਕ ਦਾ ਹੈ। ਇਸ ਬਾਰੇ ਜਾਣਕਾਰੀ ਜਾਰੀ ਹੋ ਚੁੱਕੀ ਹੈ। ਇਸ ਸਬੰਧ 'ਚ ਸ਼੍ਰੋਮਣੀ ਅਕਾਲੀ

(ਬਾਕੀ ਸਫ਼ਾ 2 'ਤੇ)

### ਅਗਲੇ ਸਾਲ ਮਾਰਚ ਤੱਕ ਕਰ ਦਿੱਤਾ ਜਾਵੇਗਾ ਨਕਸਲਵਾਦ ਦਾ ਖ਼ਾਤਮਾ: ਸ਼ਾਹ

ਚੜ੍ਹਦੀਕਲਾ ਬਿਊਰੋ

==================

ਰਾਏਪੁਰ, 22 ਜੂਨ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਪਣੇ ਛੱਤੀਸਗੜ੍ਹ ਦੌਰੇ ਦੌਰਾਨ ਮੁੜ ਦੁਹਰਾਇਆ ਕਿ 31 ਮਾਰਚ, 2026 ਤੱਕ ਨਕਸਲਵਾਦ ਦਾ ਖਾਤਮਾ ਕਰ ਦਿੱਤਾ ਜਾਵੇਗਾ ਤੇ ਉਹ ਮੌਨਸੂਨ ਦੌਰਾਨ ਮਾਓਵਾਦੀਆਂ ਨੂੰ ਆਰਾਮ ਨਹੀਂ ਕਰਨ ਦੇਣਗੇ ਤੇ ਮੀਂਹ ਦੌਰਾਨ ਵੀ ਉਨ੍ਹਾਂ ਵਿਰੁੱਧ ਕਾਰਵਾਈ ਜਾਰੀ ਰਹੇਗੀ। ਉਨ੍ਹਾਂ ਨਕਸਲੀਆਂ ਨੂੰ ਹਥਿਆਰ ਸੁੱਟਣ ਅਤੇ



ਵਿਕਾਸ ਦੀ ਯਾਤਰਾ ਵਿੱਚ ਸ਼ਾਮਲ ਹੋਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਨਕਸਲੀਆਂ ਨਾਲ ਗੱਲਬਾਤ ਦੀ ਲੋੜ ਨਹੀਂ। ਉਨ੍ਹਾਂ ਸੀਨੀਅਰ ਅਧਿਕਾਰੀਆਂ ਨਾਲ ਨਕਸਲਵਾਦ 'ਤੇ ਸਮੀਖਿਆ ਮੀਟਿੰਗ ਕੀਤੀ। ਇਸ ਸਬੰਧੀ ਜਾਣਕਾਰੀ ਅਮਿਤ ਸ਼ਾਹ ਨੇ ਐਕਸ 'ਤੇ ਨਸ਼ਰ ਕੀਤੀ। ਇਸ ਤੋਂ ਪਹਿਲਾਂ ਛੱਤੀਸਗੜ੍ਹ ਦੇ ਉਪ ਮੁੱਖ ਮੰਤਰੀ ਵਿਜੈ ਸ਼ਰਮਾ ਨੇ ਕਿਹਾ ਕਿ ਅਮਿਤ ਸ਼ਾਹ ਮੁੱਖ ਮੰਤਰੀ ਨਾਲ ਸੂਬੇ ਦਾ ਦੌਰਾ ਕਰਨਗੇ ਅਤੇ ਫੌਜ ਦੇ ਕਮਾਂਡਰਾਂ ਨੂੰ ਮਿਲਣਗੇ ਅਤੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਨਗੇ। ਅਮਿਤ ਸ਼ਾਹ ਨੇ ਕਿਹਾ ਕਿ ਬਸਤਰ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਨਕਸਲੀਆਂ ਤੋਂ ਮੁਕਤ ਕੀਤਾ ਜਾਵੇਗਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਕਸਿਤ ਭਾਰਤ ਦਾ ਪ੍ਰਧਾਨ ਮੰਤਰੀ ਮੋਦੀ ਦਾ ਸੁਪਨਾ ਨਾ ਸਿਰਫ ਨਵੀਨਤਾ, ਬੁਨਿਆਦੀ, ਆਰਥਿਕ

(ਬਾਕੀ ਸਫ਼ਾ 2 'ਤੇ)

## ਈਰਾਨ ਤੋਂ 311 ਭਾਰਤੀਆਂ ਨੂੰ ਲੈ ਕੇ ਜਹਾਜ਼ ਦਿੱਲੀ ਪੁੱਜਾ, ਹੁਣ ਤੱਕ 1428 ਲੋਕ ਸੁਰੱਖਿਅਤ ਵਾਪਸ ਆਏ

ਚੜ੍ਹਦੀਕਲਾ ਬਿਊਰੋ

==================

ਵਾਸ਼ਿੰਗਟਨ/ਤਹਿਰਾਨ, 22 ਜੂਨ : ਅੱਜ 13 ਜੂਨ ਨੂੰ ਈਰਾਨ ਅਤੇ ਇਜ਼ਰਾਈਲ ਵਿਚਕਾਰ ਸ਼ੁਰੂ ਹੋਈ ਜੰਗ ਦਾ 10ਵਾਂ ਦਿਨ ਸੀ। ਹੁਣ ਤੱਕ, ਯੁੱਧ ਵਿੱਚ ਦੋਵਾਂ ਦੇਸ਼ਾਂ ਵਿੱਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ ਹੈ ਪਰ ਇਸ ਯੁੱਧ ਦੇ 10ਵੇਂ ਦਿਨ, ਇੱਕ ਨਵਾਂ ਮੋੜ ਆਇਆ ਜਦੋਂ ਅਮਰੀਕਾ ਖੁੱਲ੍ਹ ਕੇ ਇਸ ਯੁੱਧ ਵਿੱਚ ਸ਼ਾਮਲ ਹੋਇਆ। ਐਤਵਾਰ ਨੂੰ, ਅਮਰੀਕਾ ਨੇ ਈਰਾਨ ਤੇ ਹਮਲਾ ਕੀਤਾ ਅਤੇ ਉਸਦੇ ਤਿੰਨ ਪ੍ਰਮਾਣੂ ਸਥਾਨਾਂ ਨੂੰ ਨਿਸ਼ਾਨਾ ਬਣਾਇਆ। ਜਿਸ ਵਿੱਚ ਫੋਰਡੋ, ਨਤਾਨਜ਼ ਅਤੇ ਇਸਫਹਾਨ ਸ਼ਾਮਲ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਇਸ ਹਮਲੇ ਸੰਬੰਧੀ ਇੱਕ ਪ੍ਰੈਸ ਕਾਨਫਰੰਸ ਕੀਤੀ। ਜਿਸ ਵਿੱਚ ਉਨ੍ਹਾਂ ਨੇ ਅਮਰੀਕੀ ਫੌਜ ਨੂੰ ਹਮਲੇ ਲਈ ਵਧਾਈ ਦਿੱਤੀ। ਟਰੰਪ ਨੇ ਕਿਹਾ, ਅਸੀਂ ਉਨ੍ਹਾਂ ਦੇ ਪ੍ਰਮਾਣੂ ਸਥਾਨਾਂ ਨੂੰ ਨਿਸ਼ਾਨਾ



ਬਣਾਇਆ, ਹੁਣ ਈਰਾਨ ਨੂੰ ਸ਼ਾਂਤੀ ਦੇ ਰਾਹ ਤੇ ਆਉਣਾ ਚਾਹੀਦਾ ਹੈ। ਅਮਰੀਕੀ ਹਮਲੇ ਤੋਂ ਬਾਅਦ, ਇਹ ਯੁੱਧ ਤੇਜ਼ ਹੋ ਗਿਆ ਹੈ। ਈਰਾਨ ਨੇ ਇਜ਼ਰਾਈਲ ਤੇ ਕਈ ਮਿਜ਼ਾਈਲਾਂ ਦਾਗੀਆਂ। ਹੁਣ ਈਰਾਨ ਇਸ ਯੁੱਧ ਵਿੱਚ ਰੂਸ ਦਾ ਸਮਰਥਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਲਈ, ਈਰਾਨ ਦੇ ਵਿਦੇਸ਼ ਮੰਤਰੀ ਅੱਜ ਮਾਸਕੋ ਰਵਾਨਾ ਹੋ ਰਹੇ ਹਨ। ਇਸ ਤੋਂ ਪਹਿਲਾਂ, ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਹਮਲੇ ਬਾਰੇ ਜਾਣਕਾਰੀ ਦਿੱਤੀ ਸੀ। ਉਨ੍ਹਾਂ ਨੇ ਇੱਕ ਪੋਸਟ ਲਿਖ ਕੇ ਕਿਹਾ ਸੀ ਕਿ ਅਸੀਂ ਈਰਾਨ ਵਿੱਚ ਤਿੰਨ ਪ੍ਰਮਾਣੂ ਸਥਾਨਾਂ ਤੇ ਆਪਣਾ ਬਹੁਤ ਸਫਲ ਹਮਲਾ ਪੂਰਾ ਕਰ ਲਿਆ ਹੈ, ਜਿਨ੍ਹਾਂ ਵਿੱਚ ਫੋਰਡੋ, ਨਤਾਨਜ਼ ਅਤੇ ਇਸਫਾਹਨ ਸ਼ਾਮਲ ਹਨ। ਸਾਰੇ ਜਹਾਜ਼ ਹੁਣ ਈਰਾਨ ਦੇ ਹਵਾਈ ਖੇਤਰ ਤੋਂ ਬਾਹਰ ਹਨ। ਹੁਣ ਸ਼ਾਂਤੀ ਦਾ ਸਮਾਂ ਹੈ ! ਉਨ੍ਹਾਂ ਨੇ ਸੋਸ਼ਲ ਪਲੇਟਫਾਰਮ ਟਰੂਥ ਸੋਸ਼ਲ ਤੇ ਇਸ ਹਮਲੇ ਬਾਰੇ ਜਾਣਕਾਰੀ ਦਿੱਤੀ। ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਕਿਹਾ,ਬੀਤੀ ਰਾਤ, ਰਾਸ਼ਟਰਪਤੀ ਟਰੰਪ ਦੇ ਆਦੇਸ਼ਾਂ ਤੇ, ਅਮਰੀਕੀ ਕੇਂਦਰੀ ਕਮਾਂਡ ਨੇ ਈਰਾਨ ਦੇ ਤਿੰਨ ਪ੍ਰਮਾਣੂ ਸਥਾਨਾਂ, ਫੋਰਡੋ, ਨਤਾਨਜ਼ ਅਤੇ ਇਸਫਾਹਨ ਤੇ ਅੱਧੀ ਰਾਤ ਨੂੰ ਇੱਕ ਸਟੀਕ ਹਮਲਾ ਕੀਤਾ, ਤਾਂ ਜੋ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਨਸ਼ਟ ਕੀਤਾ ਜਾ ਸਕੇ ਜਾਂ ਗੰਭੀਰ ਰੂਪ ਵਿੱਚ ਘਟਾਇਆ ਜਾ ਸਕੇ। ਇਹ ਇੱਕ ਅਦਭੁਤ ਅਤੇ ਜ਼ਬਰਦਸਤ ਸਫਲਤਾ ਸੀ। ਸਾਡੇ ਕਮਾਂਡਰ ਇਨ ਚੀਫ ਤੋਂ ਸਾਨੂੰ ਜੋ ਆਦੇਸ਼ ਮਿਲਿਆ ਉਹ ਕੇਂਦ੍ਰਿਤ ਸੀ, ਇਹ ਸ਼ਕਤੀਸ਼ਾਲੀ

(ਬਾਕੀ ਸਫ਼ਾ 2 'ਤੇ)

### 'ਈਰਾਨ ਨਾਲ ਜੰਗ ਨਹੀਂ ਚਾਹੁੰਦਾ ਅਮਰੀਕਾ'

ਵਾਸ਼ਿੰਗਟਨ, 22 ਜੂਨ (ਚੜ੍ਹਦੀਕਲਾ ਬਿਊਰੋ) : ਈਰਾਨ ਦੇ ਤਿੰਨ ਪ੍ਰਮਾਣੂ ਸਥਲਾਂ ਤੇ ਬੰਬਾਰੀ ਦੇ ਬਾਅਦ ਅਮਰੀਕਾ ਨੇ ਇਕ ਬਿਆਨ ਜਾਰੀ ਕੀਤਾ ਹੈ। ਬਿਆਨ ਵਿਚ ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਕਿਹਾ ਹੈ ਕਿ ਅਮਰੀਕਾ ਈਰਾਨ ਨਾਲ ਜੰਗ ਨਹੀਂ ਚਾਹੁੰਦਾ। ਹੇਗਸੇਥ ਅਤੇ ਹਵਾਈ ਸੈਨਾ ਦੇ ਜਨਰਲ ਡੈਨ ਕੇਨ, ਜੁਆਇੰਟ ਚੀਫ਼ਸ ਆਫ਼ ਸਟਾਫ ਦੇ ਚੇਅਰਮੈਨ ਨੇ ਪੈਂਟਾਗਨ ਵਿਖੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਮਿਸ਼ਨ ਦਾ ਨਾਮ ਆਪ੍ਰੇਸ਼ਨ ਮਿਡਨਾਈਟ ਹੈਮਰ ਰੱਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਦੁਸ਼ਮਣ ਨੂੰ ਭਰਮਾਉਣ ਲਈ ਰਣਨੀਤੀਆਂ ਅਤੇ ਨਕਲੀ ਨਿਸ਼ਾਨਿਆਂ ਦੀ ਵਰਤੋਂ ਕੀਤੀ ਗਈ ਸੀ ਅਤੇ ਇਸਨੂੰ ਈਰਾਨ ਵੱਲੋਂ ਕਿਸੇ ਵੀ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ। ਹੇਗਸੇਥ ਨੇ ਕਿਹਾ,ਇਹ ਮਿਸ਼ਨ ਸ਼ਾਸਨ ਤਬਦੀਲੀ ਲਈ ਨਹੀਂ ਸੀ ਅਤੇ ਨਹੀਂ ਹੈ। ਕੇਨ ਨੇ ਕਿਹਾ ਕਿ ਕਾਰਵਾਈ ਦਾ ਟੀਚਾ -

(ਬਾਕੀ ਸਫ਼ਾ 2 'ਤੇ)

### ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਪੂਰੀ ਕਾਰਜਕਾਰਨੀ ਤੋਂ ਸਪੱਸ਼ਟੀਕਰਨ ਤਲਬ

ਬਬਲੂ ਮਹਾਜਨ

=============

ਅੰਮ੍ਰਿਤਸਰ, 22 ਜੂਨ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਜਰ, ਅਤੇ ਐਗਜੈਕਟਿਵ ਕਮੇਟੀ ਦੇ ਮੈਂਬਰਾਂ ਅਤੇ ਦੀਵਾਨ ਦੀ ਪੂਰੀ ਕਾਰਜਕਾਰਨੀ ਬਾਰੇ ਮਿਲੀਆਂ ਸ਼ਿਕਾਇਤਾਂ ਦੇ ਅਧਾਰ 'ਤੇ 15 ਦਿਨਾਂ ਦੇ ਅੰਦਰ ਸਪੱਸ਼ਟੀਕਰਨ ਮੰਗ ਲਿਆ ਹੈ। ਲਗਾਤਾਰ



ਚੀਫ਼ ਖ਼ਾਲਸਾ ਦੀਵਾਨ ਦੇ ਕਈ ਸਾਬਕਾ ਮੈਂਬਰਾਂ ਵਲੋ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਮੌਜੂਦਾ ਪ੍ਰਧਾਨ ਤੇ ਕਾਰਜਕਾਰੀ ਕਮੇਟੀ ਦੇ ਖਿਲਾਫ ਸ਼ਿਕਾਇਤਾਂ ਆ ਰਹੀਆਂ ਸਨ। ਜਿਸ ਤੋਂ ਬਾਅਦ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਇਹ ਸਪੱਸ਼ਟੀਕਰਨ ਲੈਣ ਦਾ ਫੈਸਲਾ ਲਿਆ। ਕੁਝ ਜਾਣਕਾਰ ਦਸਦੇ ਹਨ ਕਿ ਦੀਵਾਨ ਦੇ ਜ਼ਿਆਦਾਤਰ ਅਹੁਦੇਦਾਰਾਂ ਤੇ ਕਾਰਜਕਾਰੀ ਕਮੇਟੀ ਦੇ ਮੈਂਬਰ ਦੀਵਾਨ ਦੇ ਸੰਵਿਧਾਨ ਦੀ ਮੁੱਢਲੀ ਧਾਰਾ ਦੀ ਉਲੰਘਣਾ ਕਰਨ ਦੇ ਵੀ ਕਸੂਰਵਾਰ ਹਨ। ਜਿਸ ਤੋਂ ਚਿੰਤਤ ਦੀਵਾਨ ਦੇ ਸਾਬਕਾ ਮੈਂਬਰ ਸ੍ਰ. ਅਵਤਾਰ ਸਿੰਘ ਤੇ ਸ੍ਰ. ਸਤਨਾਮ ਸਿੰਘ ਮੁੰਬਈ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਵੱਖ-ਵੱਖ ਸਮੇਂ 'ਤੇ ਸ਼ਿਕਾਇਤਾਂ ਦੇ ਕੇ ਮੌਜੂਦਾ ਅਧਿਕਾਰੀਆਂ ਤੇ ਕਾਰਜਕਾਰਨੀ 'ਤੇ ਸਵਾਲ ਚੁੱਕਦੇ ਆ ਰਹੇ ਹਨ। ਉਧਰ ਚੀਫ਼ ਖ਼ਾਲਸਾ ਦੀਵਾਨ ਦੇ ਸਾਬਕਾ ਮੈਂਬਰ ਸ੍ਰ. ਅਵਤਾਰ ਸਿੰਘ ਨੇ ਕਿਹਾ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ

(ਬਾਕੀ ਸਫ਼ਾ 2 'ਤੇ)

### ਗੰਨਮੈਨ ਵੱਲੋਂ ਗੋਲ਼ੀਬਾਰੀ ਦਾ ਮਾਮਲਾ

### ਮਹਿਲਾ ਆਈ.ਏ.ਐਸ. ਅਧਿਕਾਰੀ ਸਮੇਤ ਤਿੰਨ ਵਿਰੁੱਧ ਮਾਮਲਾ ਦਰਜ

ਚੰਡੀਗੜ੍ਹ, 22 ਜੂਨ (ਚੜ੍ਹਦੀਕਲਾ ਬਿਊਰੋ) :ਜਲੰਧਰ ਪੁਲਿਸ ਨੇ ਗੋਲੀਬਾਰੀ ਮਾਮਲੇ ਵਿਚ ਆਈ.ਏ.ਐਸ. ਅਧਿਕਾਰੀ ਬਬੀਤਾ ਕਲੇਰ, ਉਸ ਦੇ ਪਤੀ ਅਤੇ ਨੇਤਾ ਸਟੀਫਨ ਕਲੇਰ ਅਤੇ ਉਸ ਦੇ ਗੰਨਮੈਨ ਸੁਖਕਰਨ ਸਿੰਘ ਵਿਰੁਧ ਕੇਸ ਦਰਜ ਕੀਤਾ ਹੈ। ਫਿਲਹਾਲ, ਗੰਨਮੈਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਧਿਆਨ ਦੇਣ ਯੋਗ ਹੈ ਕਿ ਪਿਛਲੇ ਦਿਨੀਂ ਪਿਮਸ ਹਸਪਤਾਲ ਦੇ ਸਾਹਮਣੇ ਖਾਲੀ ਪਲਾਟ ਵਿਚ ਮਿੱਟੀ ਪਾਉਣ ਤੋਂ ਬਾਅਦ ਝਗੜਾ ਹੋਇਆ ਸੀ, ਜਿਸ ਤੋਂ ਬਾਅਦ ਪੀੜਤ ਪੱਖ ਨੇ ਦੋਸ਼ ਲਗਾਇਆ ਸੀ ਕਿ ਆਈ.ਏ.ਐਸ.ਅਧਿਕਾਰੀ ਬਬੀਤਾ ਦੇ ਗੰਨਮੈਨ ਨੇ ਉਸ ਦੇ ਪਤੀ ਸਟੀਫਨ ਦੇ ਇਸ਼ਾਰੇ 'ਤੇ ਗੋਲੀਬਾਰੀ ਕੀਤੀ ਸੀ। ਜਿਸ ਤੋਂ ਬਾਅਦ, ਜਾਂਚ ਤੋਂ ਬਾਅਦ,

(ਬਾਕੀ ਸਫ਼ਾ 2 'ਤੇ)

### ਪ੍ਰਾਪਰਟੀ ਡੀਲਰ ਵੱਲੋਂ ਪਤਨੀ-ਪੁੱਤਰ ਸਣੇ ਗੋਲ਼ੀ ਮਾਰ ਕੇ ਖ਼ੁਦਕੁਸ਼ੀ

ਅਮਰਿੰਦਰ ਸਿੰਘ ਮੋਹੀ

==================

ਬਨੂੜ, 22 ਜੂਨ : ਬਨੂੜ ਤੋਂ ਤੇਪਲਾ ਕੌਮੀ ਮਾਰਗ ਤੋਂ ਪਿੰਡ ਚੰਗੇਰਾ ਨੂੰ ਜਾਂਦੀ ਸੜਕ ਨੇੜੇ ਫ਼ਾਰਚੂਨਰ ਵਿੱਚੋਂ



ਤਿੰਨ ਲਾਸ਼ਾਂ ਮਿਲੀਆਂ ਹਨ। ਇਹ ਲਾਸ਼ਾਂ ਪ੍ਰਾਪਰਟੀ ਦਾ ਕੰਮ ਕਰਦੇ ਸੰਦੀਪ ਸਿੰਘ (45) ਵਾਸੀ ਪਿੰਡ ਸਿੱਖਵਾਲਾ, ਨੇੜੇ ਲੰਬੀ (ਜ਼ਿਲ੍ਹਾ ਬਠਿੰਡਾ), ਉਸ ਦੀ ਪਤਨੀ ਮਨਦੀਪ ਕੌਰ (42) ਅਤੇ ਉਸ ਦੇ ਪੁੱਤਰ ਅਭੇ (15 ਸਾਲ) ਦੀਆਂ ਹਨ। ਸੰਦੀਪ ਸਿੰਘ ਦੇ ਹੱਥ ਵਿਚ ਪਿਸਤੌਲ ਫੜਿਆ ਹੋਇਆ ਸੀ ਅਤੇ ਤਿੰਨਾਂ ਦੇ ਸਿਰ ਵਿਚ ਗੋਲੀਆਂ ਦੇ ਨਿਸ਼ਾਨ ਹਨ। ਸਮਝਿਆ ਜਾ ਰਿਹਾ ਹੈ ਕਿ ਸੰਦੀਪ ਸਿੰਘ ਨੇ ਪਹਿਲਾਂ ਆਪਣੀ ਪਤਨੀ ਅਤੇ ਪੁੱਤਰ ਨੂੰ ਗੋਲੀਆਂ ਮਾਰਨ ਮਗਰੋਂ ਖ਼ੁਦ ਨੂੰ ਗੋਲੀ ਮਾਰ ਕੇ ਘਟਨਾ ਨੂੰ ਅੰਜ਼ਾਮ ਦਿੱਤਾ। ਘਟਨਾ ਦਾ ਪਤਾ ਖੇਤਾਂ ਵਿੱਚੋਂ ਟਿਊਬਵੈੱਲ ਲਗਾਉਣ ਆਏ ਕੁੱਝ ਵਿਅਕਤੀਆਂ ਤੋਂ ਲੱਗਿਆ, ਜਿਨ੍ਹਾਂ ਨੇ ਗੱਡੀ ਵਿਚ ਲਾਸ਼ਾਂ ਵੇਖ ਕੇ ਬਨੂੜ ਪੁਲਿਸ ਨੂੰ ਫ਼ੋਨ ਕੀਤਾ, ਜਿਸ ਮਗਰੋਂ ਥਾਣਾ ਬਨੂੜ ਦੀ ਪੁਲਿਸ ਅਤੇ ਰਾਜਪੁਰਾ ਤੋਂ ਡੀ.ਐਸ.ਪੀ. ਮੌਕੇ 'ਤੇ ਪਹੁੰਚੇ। ਪੁਲਿਸ ਦੇ ਪਹੁੰਚਣ ਤੱਕ ਗੱਡੀ ਸਟਾਰਟ ਹੀ ਖੜ੍ਹੀ ਸੀ, ਜਿਸ ਨੂੰ ਪੁਲਿਸ ਨੇ ਜਾ ਕੇ ਬੰਦ ਕੀਤਾ। ਜਾਣਕਾਰੀ ਅਨੁਸਾਰ ਇਹ ਘਟਨਾ ਚਾਰ ਵਜੇ ਦੇ ਕਰੀਬ ਵਾਪਰੀ। ਸਾਰਾ

(ਬਾਕੀ ਸਫ਼ਾ 2 'ਤੇ)

### ਸੋਨੀਆ ਗਾਂਧੀ ਦਾ ਵੱਡਾ ਬਿਆਨ 'ਈਰਾਨ ਪੁਰਾਣਾ ਦੋਸਤ, ਕੇਂਦਰ ਦੀ ਚੁੱਪ ਕਰ ਰਹੀ ਹੈ ਪ੍ਰੇਸ਼ਾਨ'

ਨਵੀਂ ਦਿੱਲੀ , 22 ਜੂਨ (ਚੜ੍ਹਦੀਕਲਾ ਬਿਊਰੋ) : ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਦੋਸ਼ ਲਾਇਆ ਹੈ ਕਿ ਮੋਦੀ ਸਰਕਾਰ ਨੇ ਗਾਜ਼ਾ ਦੀ ਸਥਿਤੀ ਅਤੇ ਇਜ਼ਰਾਈਲ-ਈਰਾਨ ਫੌਜੀ ਟਕਰਾਅ 'ਤੇ ਚੁੱਪ ਰਹਿ ਕੇ ਭਾਰਤ ਦੇ ਸਿਧਾਂਤਕ ਸਟੈਂਡ ਤੇ ਕਦਰਾਂ-ਕੀਮਤਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਹੈ। ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਸ਼ਨੀਵਾਰ ਇਕ ਲੇਖ 'ਚ ਕਿਹਾ ਕਿ ਸਰਕਾਰ ਨੂੰ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤੇ ਪੱਛਮੀ ਏਸ਼ੀਆ 'ਚ ਗੱਲਬਾਤ ਨੂੰ ਉਤਸ਼ਾਹਿਤ ਕਰਨ ਲਈ ਉਪਲਬਧ ਹਰ ਕੂਟਨੀਤਕ ਪਲੇਟਫਾਰਮ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਮੋਦੀ ਸਰਕਾਰ ਦੀ ਵਿਦੇਸ਼ ਨੀਤੀ 'ਤੇ ਸਵਾਲ ਉਠਾਏ ਤੇ ਦੋਸ਼ ਲਾਇਆ ਕਿ ਇਸ ਨੇ ਇਜ਼ਰਾਈਲ ਅਤੇ ਫਲਸਤੀਨ ਦੇ ਰੂਪ 'ਚ 2 ਦੇਸ਼ਾਂ ਵਾਲੇ ਹੱਲ ਨਾਲ ਸਬੰਧਤ ਭਾਰਤ ਦੇ ਸਿਧਾਂਤਕ ਸਟੈਂਡ ਨੂੰ ਛੱਡ ਦਿੱਤਾ ਹੈ। ਈਰਾਨ ਭਾਰਤ ਦਾ ਲੰਬੇ ਸਮੇਂ ਤੋਂ ਦੋਸਤ ਰਿਹਾ ਹੈ । ਡੂੰਘੀ ਸੱਭਿਅਤਾ ਵਾਲੇ ਸਬੰਧਾਂ ਨਾਲ ਉਹ ਸਾਡੇ ਨਾਲ ਜੁੜਿਆ ਹੋਇਆ ਹੈ। ਜੰਮੂ- ਕਸ਼ਮੀਰ ਸਮੇਤ ਅਹਿਮ ਮੌਕਿਆਂ 'ਤੇ ਉਸ ਦੀ ਮਜ਼ਬੂਤ ਹਮਾਇਤ ਦਾ ਇਤਿਹਾਸ ਰਿਹਾ ਹੈ। ਉਨ੍ਹਾਂ ਨੋਟ ਕੀਤਾ ਕਿ 1994 'ਚ

(ਬਾਕੀ ਸਫ਼ਾ 2 'ਤੇ)

### ਤੇਜਸਵੀ ਦਾ ਦਾਅਵਾ

### ਚੋਣਾਂ ਤੋਂ ਬਾਅਦ ਨਿਤੀਸ਼ ਕੁਮਾਰ ਨਹੀਂ ਹੋਣਗੇ ਮੁੱਖ ਮੰਤਰੀ

ਪਟਨਾ, 22 ਜੂਨ (ਚੜ੍ਹਦੀਕਲਾ ਬਿਊਰੋ) : ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ ਨੇ ਸ਼ਨੀਵਾਰ ਨੂੰ ਦੋਸ਼ ਲਗਾਇਆ ਕਿ ਭਾਰਤੀ ਜਨਤਾ ਪਾਰਟੀ ਨੇ ਜਨਤਾ ਦਲ ਯੂਨਾਈਟਿਡ 'ਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਨਿਤੀਸ਼ ਕੁਮਾਰ ਆਪਣੇ ਅਹੁਦੇ 'ਤੇ ਨਹੀਂ ਰਹਿਣਗੇ। ਯਾਦਵ ਨੇ ਆਪਣੇ ਦਾਅਵਿਆਂ ਨੂੰ ਦੁਹਰਾਇਆ ਕਿ ਖੇਤਰੀ ਪਾਰਟੀ ਦੁਆਰਾ ਵਿਧਾਨ ਸਭਾ ਟਿਕਟਾਂ ਦੀ ਵੰਡ ਵਿੱਚ ਭਾਜਪਾ ਦੀ ਫੈਸਲਾਕੁੰਨ ਭੂਮਿਕਾ ਹੋਵੇਗੀ। ਆਰਜੇਡੀ ਨੇਤਾ ਨੇ ਕਿਹਾ, ...ਬਿਹਾਰ ਵਿੱਚ ਹਰ ਕੋਈ ਜਾਣਦਾ ਹੈ ਕਿ ਚੋਣਾਂ ਤੋਂ ਬਾਅਦ ਨਿਤੀਸ਼ ਕੁਮਾਰ ਮੁੱਖ ਮੰਤਰੀ ਨਹੀਂ ਹੋਣਗੇ। ਅਮਿਤ ਸ਼ਾਹ ਨੇ ਕਈ ਵਾਰ ਇਹ ਗੱਲ ਸਪੱਸ਼ਟ ਕੀਤੀ ਹੈ... ਭਾਜਪਾ ਨੇ ਜੇਡੀਯੂ ਨੂੰ ਹਾਈਜੈਕ ਕਰ ਲਿਆ ਹੈ। ਸੰਜੇ ਝਾਅ ਆਰ.ਐਸ.ਐਸ. ਦਾ ਬੰਦਾ ਹੈ। ਉਹ ਅਰੁਣ ਜੇਤਲੀ ਦੇ ਕੋਟੇ ਤੋਂ ਜੇ.ਡੀ.ਯੂ. ਵਿੱਚ ਹੈ। ਜੇ.ਡੀ.ਯੂ. ਟਿਕਟਾਂ ਦੀ ਵੰਡ ਵੀ ਅਮਿਤ ਸ਼ਾਹ ਦੁਆਰਾ ਕੀਤੀ ਜਾਵੇਗੀ, ਨਾ ਕਿ ਨਿਤੀਸ਼ ਕੁਮਾਰ ਦੁਆਰਾ...। ਇਸ ਤੋਂ ਪਹਿਲਾਂ ਤੇਜਸਵੀ ਯਾਦਵ ਨੇ

(ਬਾਕੀ ਸਫ਼ਾ 2 'ਤੇ)

### ਪੰਜਾਬ 'ਚ ਕਬੂਤਰਬਾਜ਼ੀ 'ਤੇ ਲੱਗੀ ਰੋਕ

ਚੰਡੀਗੜ੍ਹ, 22 ਜੂਨ (ਚੜ੍ਹਦੀਕਲਾ ਬਿਊਰੋ): ਪੰਜਾਬ ਵਿਚ ਕਬੂਤਰਬਾਜ਼ੀ ਦੇ ਸ਼ੌਕੀਨਾਂ ਨੂੰ ਝਟਕਾ ਲੱਗਿਆ ਹੈ। ਸੂਬੇ ਵਿਚ ਕਬੂਤਰਬਾਜ਼ੀ ਤੇ ਰੋਕ ਲਗਾਈ ਗਈ ਹੈ। ਇਸ ਗਤੀਵਿਧੀ ਨੂੰ ਹੁਣ ਗ਼ੈਰ ਕਾਨੂੰਨੀ ਮੰਨਿਆ ਜਾਵੇਗਾ। ਪੰਜਾਬ ਦੇ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਨੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿਖ ਕੇ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ-ਆਪਣੇ ਜ਼ਿਲ੍ਹਿਆਂ ਵਿਚ ਇਹ ਯਕੀਨੀ ਬਣਾਉਣ ਕਿ ਕੋਈ ਅਦਾਰਾ ਜਾਂ ਕੋਈ ਵਿਅਕਤੀ ਕਬੂਤਰਬਾਜ਼ੀ ਨਾ ਕਰਵਾਵੇ। ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਵੀ ਕਿਹਾ ਗਿਆ ਹੈ। ਇਸ ਤੋਂ ਪਹਿਲਾਂ ਇਹ ਦੇਸ਼ ਦੀਆਂ ਕਈ ਅਦਾਲਤਾਂ ਵਿਚ ਵੀ ਪਹੁੰਚਿਆ ਹੈ। ਜਿਥੇ ਪਟੀਸ਼ਨਕਰਤਾਵਾਂ ਨੇ ਅਦਾਲਤਾਂ ਨੂੰ ਬੇਨਤੀ ਕੀਤੀ ਸੀ ਕਿ ਇਸ ਗਤੀਵਿਧੀ

(ਬਾਕੀ ਸਫ਼ਾ 2 'ਤੇ)

### ਪਹਿਲਗਾਮ ਅੱਤਵਾਦੀ ਹਮਲੇ 'ਚ ਵੱਡੀ ਸਫ਼ਲਤਾ

### ਐਨ.ਆਈ.ਏ. ਵੱਲੋਂ ਲਸ਼ਕਰ-ਏ-ਤੋਇਬਾ ਨਾਲ ਜੁੜੇ ਅੱਤਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ 'ਚ 2 ਗ੍ਰਿਫ਼ਤਾਰ

ਚੜ੍ਹਦੀਕਲਾ ਬਿਊਰੋ

==================

ਸ੍ਰੀਨਗਰ, 22 ਜੂਨ : ਜੰਮੂ-ਕਸ਼ਮੀਰ 'ਚ 22 ਅਪ੍ਰੈਲ ਨੂੰ ਹੋਏ



ਪਹਿਲਗਾਮ ਅੱਤਵਾਦੀ ਹਮਲੇ ਦੇ ਮਾਮਲੇ ਵਿਚ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਵੱਡੀ ਸਫ਼ਲਤਾ ਮਿਲੀ ਹੈ। ਐਨ.ਆਈ.ਏ. ਨੇ ਇਸ ਅੱਤਵਾਦੀ ਹਮਲੇ ਵਿਚ ਸ਼ਾਮਲ ਅੱਤਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ ਵਿਚ 2 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜੰਮੂ-ਕਸ਼ਮੀਰ ਵਿਚ 22 ਅਪ੍ਰੈਲ ਨੂੰ ਹੋਏ ਪਹਿਲਗਾਮ ਅੱਤਵਾਦੀ ਹਮਲੇ ਦੇ ਮਾਮਲੇ ਵਿਚ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੂੰ ਵੱਡੀ ਸਫਲਤਾ ਮਿਲੀ ਹੈ। ਐਨ.ਆਈ.ਏ. ਨੇ ਇਸ ਅੱਤਵਾਦੀ ਹਮਲੇ ਵਿਚ ਸ਼ਾਮਲ ਅੱਤਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ ਵਿਚ 2 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਸ਼ੱਕੀ ਪਹਿਲਗਾਮ ਦੇ ਰਹਿਣ ਵਾਲੇ ਹਨ। ਐਨ.ਆਈ.ਏ. ਨੇ ਪਹਿਲਗਾਮ ਵਿਚ ਹੋਏ ਭਿਆਨਕ ਹਮਲੇ ਨੂੰ ਅੰਜਾਮ ਦੇਣ ਵਾਲੇ ਅੱਤਵਾਦੀਆਂ ਨੂੰ

(ਬਾਕੀ ਸਫ਼ਾ 2 'ਤੇ)

### ਭਾਰੀ ਮੀਂਹ ਦੇ ਬਾਵਜੂਦ ਭਾਖੜਾ ਤੇ ਪੌਂਗ ਡੈਮਾਂ 'ਚ ਪਾਣੀ ਦਾ ਪੱਧਰ ਘਟਿਆ

*ਭਾਖੜਾ 'ਚ ਪਿਛਲੇ ਸਾਲ ਨਾਲੋਂ 25 ਤੇ ਪੌਂਗ ਡੈਮ ਵਿਚ 21 ਫ਼ੁੱਟ ਘੱਟ ਦਰਜ ਕੀਤਾ ਗਿਆ ਪਾਣੀ*

ਚੜ੍ਹਦੀਕਲਾ ਬਿਊਰੋ

==================

ਚੰਡੀਗੜ੍ਹ, 22 ਜੂਨ : ਹਾਲ ਦੇ ਦਿਨਾਂ ਵਿਚ



ਜਲ ਗ੍ਰਹਿਣ ਖੇਤਰਾਂ (ਕੈਚਮੈਂਟ ਏਰੀਆ) ਵਿਚ ਭਾਰੀ ਮੀਂਹ ਪੈਣ ਦੇ ਬਾਵਜੂਦ ਭਾਖੜਾ ਅਤੇ ਪੌਂਗ ਡੈਮਾਂ ਵਿਚ ਪਾਣੀ ਦਾ ਪੱਧਰ ਘੱਟ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਅੱਜ ਭਾਖੜਾ ਡੈਮ ਵਿਚ ਪਾਣੀ ਦਾ ਪੱਧਰ 1560.32 ਫ਼ੁੱਟ ਹੈ, ਜੋ ਪਿਛਲੇ ਸਾਲ 21 ਜੂਨ ਦੇ ਪੱਧਰ ਨਾਲੋਂ ਲਗਭਗ 25 ਫ਼ੁੱਟ ਘੱਟ ਹੈ। ਅੱਜ ਡੈਮ ਵਿਚ ਆਉਣ ਵਾਲੇ ਪਾਣੀ ਦਾ ਪ੍ਰਵਾਹ 32699 ਕਿਊਸਕ ਰਿਹਾ, ਜੋ ਪਿਛਲੇ ਸਾਲ ਇਸੇ ਤਰੀਕ ਨੂੰ 34525 ਕਿਊਸਕ ਨਾਲੋਂ ਥੋੜਾ ਘੱਟ ਹੈ। ਅੱਜ ਡੈਮ ਤੋਂ 34,500 ਕਿਊਸਕ ਪਾਣੀ ਛੱਡਿਆ ਗਿਆ, ਜੋ ਝੋਨੇ ਦੀ ਲੁਆਈ ਕਾਰਨ ਪੰਜਾਬ ਤੇ ਹਰਿਆਣਾ ਵਿਚ ਸਿੰਜਾਈ ਦੀ ਵਧੇਰੇ ਮੰਗ ਕਾਰਨ ਡੈਮ ਵਿਚ ਆਉਣ ਵਾਲੇ ਪਾਣੀ ਦੇ ਪ੍ਰਵਾਹ ਨਾਲੋਂ ਵੱਧ ਹੈ। ਪੌਂਗ ਡੈਮ ਵਿਚ ਪਾਣੀ ਦਾ ਪੱਧਰ 1288.76 ਫ਼ੁੱਟ ਰਿਹਾ, ਜੋ ਪਿਛਲੇ ਸਾਲ ਇਸੇ ਤਰੀਕ ਨੂੰ ਪਾਣੀ ਦੇ ਪੱਧਰ ਨਾਲੋਂ ਲਗਭਗ 21 ਫ਼ੁੱਟ ਘੱਟ ਹੈ। ਪਿਛਲੇ ਸਾਲ 21 ਜੂਨ ਨੂੰ ਪੌਂਗ ਡੈਮ ਵਿਚ ਪਾਣੀ ਦਾ ਪੱਧਰ 1309.60 ਫ਼ੁੱਟ ਸੀ। ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ ਵਿਚ ਸ਼ੁਰੂਆਤੀ ਮੀਂਹ ਕਰ ਕੇ ਡੈਮ ਵਿਚ ਪਾਣੀ ਦਾ ਪ੍ਰਵਾਹ ਵਧ ਕੇ 16,602 ਕਿਊਸਕ ਹੋ ਗਿਆ, ਜੋ ਪਿਛਲੇ ਸਾਲ 21 ਜੂਨ ਦੇ ਪ੍ਰਵਾਹ 5389 ਕਿਊਸਕ ਨਾਲੋਂ ਵੱਧ ਸੀ। ਡੈਮ ਤੋਂ ਪਾਣੀ ਦੀ ਨਿਕਾਸੀ 9011 ਕਿਊਸਕ ਰਹੀ। ਪੌਂਗ ਡੈਮ ਤੋਂ ਛੱਡੇ ਜਾਣ ਵਾਲੇ

(ਬਾਕੀ ਸਫ਼ਾ 2 'ਤੇ)

### 'ਯੁੱਧ ਨਸ਼ਿਆਂ ਵਿਰੁੱਧ' ਦੇ 113 ਵੇਂ ਦਿਨ 151 ਨਸ਼ਾ ਤਸਕਰ ਗ੍ਰਿਫ਼ਤਾਰ

ਚੜ੍ਹਦੀਕਲਾ ਬਿਊਰੋ

==================

ਚੰਡੀਗੜ੍ਹ, 22 ਜੂਨ: ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ"ਦੇ 113ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 151 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 533 ਗ੍ਰਾਮ ਹੈਰੋਇਨ, 2.8 ਕਿਲੋ ਅਫੀਮ ਅਤੇ 5.32 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 113 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 18,719 ਹੋ ਗਈ ਹੈ। ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ। ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 99 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 523 ਥਾਵਾਂ 'ਤੇ ਛਾਪੇਮਾਰੀ ਕੀਤੀ,

(ਬਾਕੀ ਸਫ਼ਾ 2 'ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੇਮੁੱਖ ਹੋ ਕੇ ਕੌਮ ਦੀਆਂ ਉੱਚ ਪਦਵੀਆਂ, ਸਿੱਖੀ ਸਿਧਾਂਤਾਂ, ਸਿੱਖ ਪ੍ਰੰਪਰਾਵਾਂ ਦਾ ਦੁਨੀਆਂ ਵਿੱਚ ਮਜ਼ਾਕ ਬਣਾਉਣ ਦਾ ਪੱਕਾ ਤਹੱਈਆ ਕਰ ਚੁੱਕੈ ਸੁਖਬੀਰ ਧੜਾ : ਐਸਜੀਪੀਸੀ ਮੈਂਬਰ

## ਡੇਰਾ ਮੁਖੀ ਨੂੰ ਮੁਆਫ਼ੀ ਦੇਣ ਵਾਲੇ ਸਾਬਕਾ ਜੱਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਬਤੌਰ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਦੇਣਾ ਸਿੱਖ ਕੌਮ ਦੇ ਜ਼ਖਮਾਂ ਤੇ ਲੂਣ ਪਾਉਣ ਬਰਾਬਰ

ਅੰਮ੍ਰਿਤਸਰ, 22 ਜੂਨ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਜਸਵੰਤ ਸਿੰਘ ਪੂੜੇਣ,ਤੇਜਾ ਸਿੰਘ ਕਮਾਲਪੁਰ ਅਤੇ ਮਲਕੀਤ ਸਿੰਘ ਚੰਗਾਲ ਅਤੇ ਨੇ ਡੇਰਾ ਸਿਰਸਾ ਮੁਖੀ ਬਲਾਤਕਾਰੀ ਝੂਠੇ ਸਾਧ ਗੁਰਮੀਤ ਰਾਮ ਰਹੀਮ ਨਾਲ ਸੁਖਬੀਰ ਵੱਲੋਂ ਕੀਤੇ ਵੋਟ ਸਮਝੌਤੇ ਤਹਿਤ ਪੰਥ ਅਤੇ ਕੌਮ ਦੀਆਂ ਭਾਵਨਾ ਦੇ ਉਲਟ ਸਾਲ 2007 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਜਾਰੀ ਹੁਕਮਨਾਮਾ ਸਾਹਿਬ ਦੀ ਅਵੱਗਿਆ ਕਰਕੇ ਡੇਰਾ ਸਿਰਸਾ ਨੂੰ ਮੁਆਫੀ ਦੇਣ ਵਾਲੇ ਸਿੰਘ ਸਾਹਿਬਾਨ ਵਿੱਚ ਹਾਜ਼ਰ ਸਾਬਕਾ ਜੱਥੇਦਾਰ ਗਿਆਨੀ ਗੁਰਮੁੱਖ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਲਗਾਉਣ ’ਤੇ ਸਖ਼ਤ ਇਤਰਾਜ ਜ਼ਾਹਿਰ ਕੀਤਾ ਹੈ। ਜਾਰੀ ਬਿਆਨ ਵਿੱਚ ਮੈਂਬਰਾਂ ਨੇ ਕਿਹਾ ਕਿ ਦਸਮ ਪਿਤਾ ਵਾਂਗ ਸਵਾਂਗ ਰਚਾਉਣ ਵਾਲੇ ਅਤੇ ਅੰਮ੍ਰਿਤ ਸੰਚਾਰ ਦੀ ਤਰ੍ਹਾਂ ਜਾਮ ਏ ਇੰਸਾਂ ਪਿਲਾਕੇ ਸਿੱਖ ਕੌਮ ਦੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਨਾਲ ਖੇਡਣ ਵਾਲੇ ਡੇਰੇ ਸਿਰਸੇ ਅਤੇ ਉਸ ਦੇ ਮੁਖੀ ਰਾਮ ਰਹੀਮ ਖਿਲਾਫ ਸਾਲ 2007 ਵਿੱਚ ਰੋਟੀ ਬੇਟੀ ਦੀ ਸਾਂਝ ਤੱਕ ਨਾ ਰੱਖਣ ਦਾ ਹੁਕਮਨਾਮਾ ਜਾਰੀ ਹੋਇਆ ਸੀ। ਇਸ ਤੋਂ ਬਾਅਦ ਬੇਅਦਬੀ ਮਾਮਲੇ ਵਿੱਚ ਡੇਰੇ ਸਿਰਸੇ ਦੀ ਭੂਮਿਕਾ ਨੇ ਸਿੱਖ ਭਾਈਚਾਰੇ ਦਾ ਗੁੱਸਾ ਹੋਰ ਵਧਾਇਆ, ਪਰ ਆਪਣੇ ਸਿਆਸੀ ਮੁਫਾਦਾਂ ਕਾਰਨ ਸੁਖਬੀਰ ਬਾਦਲ ਵੱਲੋਂ ਡੇਰੇ ਸਿਰਸਾ ਮੁਖੀ ਨਾਲ ਕੀਤੇ ਗੁਪਤ ਵੋਟ ਸਮਝੌਤਿਆਂ ਦੀ ਸਜਾ ਅੱਜ ਤੱਕ ਕੌਮ ਅਤੇ ਪੰਥ ਭੁਗਤ ਰਿਹਾ ਹੈ। ਇਹਨਾਂ ਗੁਪਤ ਵੋਟ ਸਮਝੌਤਿਆਂ ਦੇ ਚੱਲਦੇ ਸਾਲ 2015 ਵਿੱਚ ਜੱਥੇਦਾਰ ਸਾਹਿਬਾਨ ਸਰਕਾਰੀ ਕੋਠੀ ਤਲਬ ਕੀਤੇ ਗਏ ਅਤੇ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਲਈ ਮਜਬੂਰ ਕੀਤਾ ਗਿਆ।



ਜਿਸ ਦਾ ਜ਼ਿਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਲਗਾਏ ਗਏ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਮੀਡੀਆ ਵਿੱਚ ਆਪਣੇ ਮੁਖ਼ਾਤਿਬ ਤੋਂ ਕਬੂਲ ਕਰ ਚੁੱਕੇ ਹਨ।

ਜਾਰੀ ਬਿਆਨ ਵਿੱਚ ਐਸਜੀਪੀਸੀ ਮੈਂਬਰਾਂ ਨੇ ਕਿਹਾ ਕਿ ਡੇਰਾ ਸਿਰਸਾ ਨੂੰ ਮੁਆਫੀ ਦੇਣ ਵਾਲੇ ਜੱਥੇਦਾਰ ਸਾਹਿਬਾਨ ਵਿੱਚ ਸ਼ਾਮਲ ਗਿਆਨੀ ਗੁਰਮੁਖ ਸਿੰਘ ਨੂੰ ਪੰਥ ਅਤੇ ਕੌਮ ਦੀ ਜਿਸ ਵੱਡੀ ਪਦਵੀ ਲਈ ਸੇਵਾ ਦਿੱਤੀ ਗਈ ਹੈ, ਇਹ ਸਿੱਖ ਭਾਵਨਾਵਾਂ ਨਾਲ ਵੱਡਾ ਕੋਝਾ ਮਜ਼ਾਕ ਹੈ। ਇਹ ਨਿਯੁਕਤੀ ਸਾਫ ਕਰਦੀ ਹੈ ਕਿ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੇਮੁੱਖ ਹੋਇਆ ਧੜਾ ਸਿੱਖ ਕੌਮ ਦੇ ਅੱਲੇ ਜਖਮਾਂ ’ਤੇ ਨਮਕ ਪਾਉਣ ਤੋਂ ਬਾਜ ਨਹੀਂ ਆ ਰਿਹਾ । ਇਹ ਨਿਯੁਕਤੀ ਸਿੱਖ ਕੌਮ ਦੀਆਂ ਭਾਵਨਾਵਾਂ ਅਤੇ ਜਜਬਾਤਾਂ ਨਾਲ ਕੀਤਾ ਗਿਆ ਖਿਲਵਾੜ ਹੈ।

ਜਾਰੀ ਬਿਆਨ ਵਿੱਚ ਐਸਜੀਪੀਸੀ ਮੈਂਬਰਾਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੇਮੁੱਖ ਹੋਇਆ ਸੁਖਬੀਰ ਧੜਾ ਸਿੱਖ ਕੌਮ ਦੇ ਸਿਧਾਂਤਾਂ, ਅਸੂਲਾਂ ਅਤੇ ਉੱਚ ਪਦਵੀਆਂ ਨੂੰ ਦੁਨੀਆਂ ਭਰ ਵਿੱਚ ਮਜ਼ਾਕ ਦਾ ਪਾਤਰ ਬਣਾਉਣ ਪੱਕਾ ਤਹੱਈਆ ਕਰ ਚੁੱਕਾ ਹੈ। ਜਾਰੀ ਬਿਆਨ ਵਿੱਚ ਐਸਜੀਪੀਸੀ ਮੈਂਬਰਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਰਾਤ ਦੇ ਹਨ੍ਹੇਰੇ ਵਿੱਚ ਕੀਤੀ ਦਸਤਾਰਬੰਦੀ ਦੇ ਚਲਦੇ ਹੋਲੇ ਮੁਹੱਲੇ ਮੌਕੇ ਬਾਬਾ ਹਰਨਾਮ ਸਿੰਘ ਧੁੰਮਾਂ ਦੀ ਅਗਵਾਈ ਹੇਠ ਓਹਨਾਂ ਨੂੰ ਜਥੇਦਾਰ ਨਾ ਸਵੀਕਾਰ ਕਰਨ ਦਾ ਮਤਾ ਪਾਇਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਨਾ ਮੰਨਣ ਵਾਲੇ ਸਿਕੰਦਰ ਸਿੰਘ ਮਲੂਕਾ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਦਿੱਤਾ ਗਿਆ ਸਿਰਪਾਓ ਸਾਫ ਕਰਦਾ ਹੈ, ਸੁਖਬੀਰ ਧੜਾ ਆਪਣੇ ਨਿੱਜੀ ਅਤੇ ਸਿਆਸੀ ਮੁਫ਼ਾਦ ਦੀ ਪੂਰਤੀ ਲਈ ਸਿੱਖ ਧਰਮ ਦੀਆਂ ਉੱਚ ਸੰਸਥਾਵਾਂ, ਪਦਵੀਆਂ, ਸਿਧਾਂਤਾਂ ਅਤੇ ਪ੍ਰੰਪਰਾਵਾਂ ਨੂੰ ਵਰਤਣ ਅਤੇ ਅਪਮਾਨ ਕਰਨ ਤੋਂ ਬਾਜ ਨਹੀਂ ਆ ਰਿਹਾ।

# ਰਾਜਾ ਰਘੂਵੰਸ਼ੀ ਕਤਲ ਕੇਸ: ਮੇਘਾਲਿਆ ਪੁਲਿਸ ਵੱਲੋਂ ਦੋ ਹੋਰ ਗ੍ਰਿਫ਼ਤਾਰ



ਸ਼ਿਲਾਂਗ/ਇੰਦੌਰ, 22 ਜੂਨ, (ਚ.ਨ.ਸ.) : ਮੇਘਾਲਿਆ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਇੰਦੌਰ ਦੇ ਕਾਰੋਬਾਰੀ ਰਾਜਾ ਰਘੂਵੰਸ਼ੀ ਦੇ ਕਤਲ ਦੇ ਸਬੰਧ ਵਿੱਚ ਮੱਧ ਪ੍ਰਦੇਸ਼ ’ਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਨਾਲ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਵਿਅਕਤੀਆਂ ਦੀ ਗਿਣਤੀ ਸੱਤ ਹੋ ਗਈ ਹੈ।ਐਸ.ਆਈ.ਟੀ. ਨੇ ਸ਼ਨੀਵਾਰ ਰਾਤ ਨੂੰ ਇੱਕ ਪ੍ਰਾਪਰਟੀ ਡੀਲਰ ਨੂੰ ਰਘੂਵੰਸ਼ੀ ਦੀ ਪਤਨੀ ਸੋਨਮ ਨਾਲ ਸਬੰਧਤ ਇੱਕ ਬਾਕਸ ਛੁਪਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ, ਜਿਸ ਨੂੰ ਉਸ ਨੇ ਪਿਛਲੇ ਮਹੀਨੇ ਕਤਲ ਤੋਂ ਬਾਅਦ ਇੰਦੌਰ ਦੇ ਇੱਕ ਫਲੈਟ ਵਿੱਚ ਲੁਕਾਇਆ ਸੀ। ਪੂਰਬੀ ਖਾਸੀ ਹਿੱਲਜ਼ ਜ਼ਿਲ੍ਹੇ ਦੇ ਐਸ.ਪੀ. ਵਿਵੇਕ ਸਾਈਮ ਨੇ ਦੱਸਿਆ ਕਿ ਮੇਘਾਲਿਆ ਪੁਲੀਸ ਐਸਆਈਟੀ ਨੇ ਸ਼ਨੀਵਾਰ ਸ਼ਾਮ 7.30 ਵਜੇ ਦੇ ਕਰੀਬ ਮੱਧ ਪ੍ਰਦੇਸ਼ ਦੇ ਦੇਵਾਸ ਜ਼ਿਲ੍ਹੇ ਦੇ ਭੋਨਰਾਸਾ ਟੋਲ-ਗੇਟ ਤੋਂ ਸਿਲੋਮ ਜੇਮਸ ਨੂੰ ਗ੍ਰਿਫ਼ਤਾਰ ਕੀਤਾ, ਜਦੋਂ ਉਹ ਭੋਪਾਲ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਇੱਕ ਪ੍ਰਾਪਰਟੀ ਡੀਲਰ ਅਤੇ ਇੰਦੌਰ ਦੇ ਹੀਰਾ ਬਾਗ ਕਲੋਨੀ ਵਿੱਚ ਇੱਕ ਇਮਾਰਤ ਦਾ ਲੀਜ਼ਧਾਰਕ ਹੈ, ਜਿੱਥੇ ਸੋਨਮ ਠਹਿਰੀ ਸੀ ਅਤੇ ਘਟਨਾ ਤੋਂ ਬਾਅਦ ਆਪਣੇ ਨਾਲ ਲਏ ਗਹਿਣੇ ਅਤੇ ਹੋਰ ਚੀਜ਼ਾਂ ਰੱਖੀਆਂ ਸਨ। ਬਾਅਦ ਵਿੱਚ, ਐਸਆਈਟੀ ਨੇ ਅੱਜ ਸਵੇਰੇ 2 ਵਜੇ ਦੇ ਕਰੀਬ ਅਸ਼ੋਕ ਨਗਰ ਜ਼ਿਲ੍ਹੇ ਦੇ ਪਿੰਡ ਤੋਂ ਸੁਰੱਖਿਆ ਗਾਰਡ ਬੱਲਾ ਅਹੀਰਵਾਰ ਨੂੰ ਗ੍ਰਿਫ਼ਤਾਰ ਕੀਤਾ। ਉਨ੍ਹਾਂ ਕਿਹਾ ਕਿ ਦੋਵਾਂ ਨੂੰ ਇੰਦੌਰ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ, ਜਿੱਥੇ ਅੱਗੇ ਦੀ ਜਾਂਚ ਲਈ ਸ਼ਿਲਾਂਗ ਲਿਜਾਣ ਲਈ ਟਰਾਂਜ਼ਿਟ ਰਿਮਾਂਡ ਮੰਗਿਆ ਜਾਵੇਗਾ।

# ਗੇਂਦ ਨੂੰ ਲੈ ਕੇ ਪੰਤ ਦੀ ਅੰਪਾਇਰ ਨਾਲ ਹੋਈ ਲੜਾਈ ! ਸੋਸ਼ਲ ਮੀਡੀਆ ’ਤੇ ਵੀਡੀਓ ਵਾਇਰਲ



ਹੈਡਿੰਗਲੇ, 22 ਜੂਨ, (ਚ.ਨ.ਸ.) : ਭਾਰਤ ਅਤੇ ਇੰਗਲੈਂਡ ਵਿਚਾਲੇ ਹੈਡਿੰਗਲੇ ਵਿਖੇ ਖੇਡੇ ਜਾ ਰਹੇ ਪਹਿਲੇ ਟੈਸਟ ਮੈਚ ਦੇ ਤੀਜੇ ਦਿਨ ਇੱਕ ਦਿਲਚਸਪ ਘਟਨਾ ਵਾਪਰੀ। ਮੈਚ ਦੇ ਤੀਜੇ ਦਿਨ ਭਾਰਤ ਦੇ ਉਪ-ਕਪਤਾਨ ਰਿਸ਼ਭ ਪੰਤ ਅੰਪਾਇਰ ਨਾਲ ਬਹਿਸ ਕਰਦੇ ਹੋਏ ਨਜ਼ਰ ਆਏ। ਪੰਤ ਖੇਡ ਦੇ ਪਹਿਲੇ ਸੈਸ਼ਨ ਵਿੱਚ ਗੇਂਦ ਦੀ ਹਾਲਤ ਤੋਂ ਖੁਸ਼ ਨਹੀਂ ਸਨ। ਅਜਿਹੀ ਸਥਿਤੀ ਵਿੱਚ, ਉਸ ਨੇ ਅੰਪਾਇਰ ਨੂੰ ਇਸਨੂੰ ਬਦਲਣ ਲਈ ਕਿਹਾ। ਅੰਪਾਇਰ ਨੇ ਗੇਂਦ ਨੂੰ ਗੇਜ ਵਿੱਚੋਂ ਪਾਸ ਕਰ ਦਿੱਤਾ, ਪਰ ਪੰਤ ਦੀ ਅਪੀਲ ਦਾ ਕੋਈ ਨਤੀਜਾ ਨਹੀਂ ਨਿੱਕਲਿਆ। ਇਹੀ ਕਾਰਨ ਹੈ ਕਿ ਰਿਸ਼ਭ ਪੰਤ ਅੰਪਾਇਰ ’ਤੇ ਗੁੱਸੇ ਹੋ ਗਏ, ਜਿਸ ਤੋਂ ਬਾਅਦ ਉਸਨੇ ਗੁੱਸੇ ਵਿੱਚ ਗੇਂਦ ਸੁੱਟ ਦਿੱਤੀ। ਇਸ ਘਟਨਾ ਦਾ ਵੀਡੀਓ ਹੁਣ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਿਹਾ ਹੈ। ਇਹ ਘਟਨਾ ਇੰਗਲੈਂਡ ਦੀ ਪਾਰੀ ਦੇ 63ਵੇਂ ਓਵਰ ਵਿੱਚ ਵਾਪਰੀ। ਉਸ ਸਮੇਂ ਬੇਨ ਸਟੋਕਸ ਅਤੇ ਹੈਰੀ ਬਰੂਕ ਬੱਲੇਬਾਜ਼ੀ ਕਰ ਰਹੇ ਸਨ। ਪੰਤ ਨੂੰ ਲੱਗਾ ਕਿ ਡਿਊਕਸ ਗੇਂਦ ਦੀ ਹਾਲਤ ਠੀਕ ਨਹੀਂ ਹੈ। ਇਸ ਲਈ ਉਸਨੇ ਅੰਪਾਇਰ ਨੂੰ ਸ਼ਿਕਾਇਤ ਕੀਤੀ। ਇਹ ਕਈ ਵਾਰ ਦੇਖਿਆ ਗਿਆ ਹੈ ਕਿ ਗੇਂਦ ਪੁਰਾਣੀ ਹੋਣ ਤੋਂ ਬਾਅਦ, ਕਪਤਾਨ ਜਾਂ ਗੇਂਦਬਾਜ਼ ਇਸਨੂੰ ਬਦਲਣ ਦੀ ਮੰਗ ਕਰਦੇ ਹਨ। ਅਜਿਹੀ ਸਥਿਤੀ ਵਿੱਚ, ਜੇਕਰ ਅੰਪਾਇਰ ਨੂੰ ਲੱਗਦਾ ਹੈ ਕਿ ਇਸਨੂੰ ਬਦਲਣਾ ਚਾਹੀਦਾ ਹੈ, ਤਾਂ ਪਹਿਲਾਂ ਇਸਦੀ ਜਾਂਚ ਕੀਤੀ ਜਾਂਦੀ ਹੈ ਅਤੇ ਫਿਰ ਨਵੀਂ ਗੇਂਦ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ।

ਪੰਤ ਨੇ ਬੱਲੇਬਾਜ਼ੀ ਵਿੱਚ ਵੀ ਕਮਾਲ ਕੀਤਾ: ਇੰਗਲੈਂਡ ਵਿਰੁੱਧ ਹੈਡਿੰਗਲੇ ਟੈਸਟ ਮੈਚ ਵਿੱਚ ਰਿਸ਼ਭ ਪੰਤ ਨੇ ਵੀ ਬੱਲੇਬਾਜ਼ੀ ਵਿੱਚ ਆਪਣਾ ਹੁਨਰ ਦਿਖਾਇਆ। ਪੰਤ ਨੇ ਟੀਮ ਇੰਡੀਆ ਲਈ 134 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਇਹ ਟੈਸਟ ਕ੍ਰਿਕਟ ਵਿੱਚ ਪੰਤ ਦਾ 7ਵਾਂ ਸੈਂਕੜਾ ਸੀ। ਰਿਸ਼ਭ ਪੰਤ ਦੀ ਇਸ ਸੈਂਕੜੇ ਵਾਲੀ ਪਾਰੀ ਕਾਰਨ ਹੀ ਭਾਰਤੀ ਟੀਮ ਆਪਣੀ ਪਾਰੀ ਵਿੱਚ 471 ਦੌੜਾਂ ਬਣਾਉਣ ਦੇ ਯੋਗ ਹੋ ਗਈ।

## ਕਿਸਾਨ ਮਜ਼ਦੂਰ ਮੋਰਚਾ ਵੱਲੋਂ ਫ਼ਰਵਰੀ, 2024 ਤੋਂ ਮਾਰਚ, 2025 ਤੱਕ ਦੇ ਫ਼ੰਡ ਦਾ ਵੇਰਵਾ ਜਾਰੀ

ਜਿਸ ਵਿੱਚੋਂ ਮੋਰਚੇ ਦੌਰਾਨ 20 ਲੱਖ 56 ਹਜ਼ਾਰ 520 ਰੁਪਏ ਦਾ ਖ਼ਰਚਾ ਹੋਇਆ ਸੀ। ਹੁਣ ਜਥੇਬੰਦੀ ਦੇ ਫ਼ੰਡ ਚ 1734 ਰੁਪਏ ਬਚੇ ਹਨ। ਸ਼ੰਭੂ ਸਰਹੱਦ ਤੇ ਕਿਸਾਨ ਮਜ਼ਦੂਰ ਮੋਰਚੇ ਦਾ ਧਰਨਾ ਸੀ। ਇਸ ਵੇਰਵੇ ਸੰਬੰਧਿਤ ਸ਼ਿਕਾਇਤ ਲਈ ਨੰਬਰ ਵੀ ਜਾਰੀ ਕੀਤਾ ਗਿਆ ਹੈ। ਦੱਸ ਦੇਈਏ ਕਿ ਖ਼ਨੌਰੀ ਮੋਰਚੇ ਦੇ ਫ਼ੰਡ ਦਾ ਇਸ ਚ ਜ਼ਿਕਰ ਨਹੀਂ ਕੀਤਾ ਗਿਆ।

## ਪੰਜਾਬ ’ਚ ਮੀਂਹ ਨੇ ਬਦਲਿਆ ਮੌਸਮ ਦਾ ਮਿਜਾਜ਼, ਗਰਮੀ ਤੋਂ ਮਿਲੀ ਰਾਹਤ

ਕੀਤਾ ਗਿਆ ਹੈ। ਇੱਥੇ ਗਰਜ-ਚਮਕ ਨਾਲ ਮੀਂਹ ਦੀ ਸੰਭਾਵਨਾ ਹੈ ਦੂਜੇ ਪਾਸੇ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਨਵਾਂਸ਼ਹਿਰ, ਲੁਧਿਆਣਾ, ਬਰਨਾਲਾ, ਸੰਗਰੂਰ, ਮਾਨਸਾ, ਪਟਿਆਲਾ, ਫਤਿਹਗੜ੍ਹ ਸਾਹਿਬ, ਮੋਹਾਲੀ ਤੇ ਰੂਪਨਗਰ ਵਿਚ ਮੀਂਹ ਨੂੰ ਲੈ ਕੇ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਆਉਣ ਵਾਲੇ ਹਫਤੇ ਵਿਚ ਮੌਸਮ ਦੇ ਲਿਹਾਜ਼ ਤੋਂ ਬੇਹੱਦ ਸਰਗਰਮ ਰਹਿਣ ਵਾਲਾ ਹੈ। ਮੌਸਮ ਵਿਭਾਗ ਨੇ 27 ਜੂਨ ਤੱਕ ਲਈ ਚੇਤਾਵਨੀ ਜਾਰੀ ਕੀਤੀ ਹੈ ਜਿਸ ਵਿਚ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿਚ ਮੀਂਹ ਤੇ ਤੇਜ਼ ਹਵਾਵਾਂ ਦੀ ਸੰਭਾਵਨਾ ਪ੍ਰਗਟਾਈ ਗਈ ਹੈ। 23 ਤੋਂ 27 ਜੂਨ ਤੱਕ ਲਗਾਤਾਰ ਗਰਜ-ਚਮਕ, ਬਿਜਲੀ ਡਿੱਗਣ ਤੇ ਭਾਰੀ ਮੀਂਹ ਦੀ ਚੇਤਾਵਨੀ ਦਿੱਤੀ ਗਈ ਹੈ।

## ਅਗਲੇ ਦੋ ਦਿਨਾਂ ’ਚ ਮਾਨਸੂਨ ਦੇ ਅੱਗੇ ਵੱਧਣ ਦੀ ਸੰਭਾਵਨਾ

ਸਾਗਰ ਦੇ ਬਾਕੀ ਹਿੱਸਿਆਂ, ਰਾਜਸਥਾਨ ਅਤੇ ਪੰਜਾਬ ਦੇ ਕੁਝ ਹੋਰ ਹਿੱਸਿਆਂ ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਦੇ ਕੁਝ ਹਿੱਸਿਆਂ ਅਤੇ ਪੱਛਮੀ ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਅਤੇ ਜੰਮੂ ਦੇ ਬਾਕੀ ਹਿੱਸਿਆਂ ਵਿੱਚ ਦੱਖਣ-ਪੱਛਮੀ ਮਾਨਸੂਨ ਦੇ ਅੱਗੇ ਵਧਣ ਲਈ ਹਾਲਾਤ ਅਨੁਕੂਲ ਹਨ। ਮੌਸਮ ਵਿਭਾਗ ਨੇ 22-26 ਜੂਨ ਦੌਰਾਨ ਉੱਤਰ-ਪੱਛਮੀ ਭਾਰਤ, ਮੱਧ ਪ੍ਰਦੇਸ਼, ਗੁਜਰਾਤ ਅਤੇ ਕੋਂਕਣ ਅਤੇ ਗੋਆ ਵਿੱਚ ਬਹੁਤ ਜ਼ਿਆਦਾ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ, 22 ਜੂਨ ਨੂੰ ਗੁਜਰਾਤ ਵਿੱਚ ਅਤੇ 23-24 ਜੂਨ ਨੂੰ ਮੱਧ ਪ੍ਰਦੇਸ਼ ਵਿੱਚ ਵੱਖ ਵੱਖ ਥਾਵਾਂ ’ਤੇ ਬਹੁਤ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਦੱਸਣਾ ਬਣਦਾ ਹੈ ਕਿ ਇਸ ਵਾਰ ਮੌਨਸੂਨ ਸਮੇਂ ਤੋਂ ਪਹਿਲਾਂ ਦੱਖਣੀ ਭਾਰਤ ਪੁੱਜ ਗਈ ਸੀ ਤੇ ਇਸ ਨੇ ਕਈ ਸਾਲਾਂ ਦੇ ਰਿਕਾਰਡ ਤੋੜ ਦਿੱਤੇ ਸਨ।

## ਅਮਰੀਕਾ ਵੱਲੋਂ ਈਰਾਨ ਦੇ 3 ਪ੍ਰਮਾਣੂ ਟਿਕਾਣਿਆਂ ’ਤੇ ਹਮਲਾ

ਜਹਾਜ਼ ਹੁਣ ਈਰਾਨ ਦੇ ਹਵਾਈ ਖੇਤਰ ਤੋਂ ਬਾਹਰ ਹਨ। ਬੰਬਾਂ ਦਾ ਪੂਰਾ ਪੇਲੋਡ ਫੋਰਡੋ ’ਤੇ ਸੁੱਟ ਦਿੱਤਾ ਗਿਆ ਹੈ। ਸਾਡੇ ਮਹਾਨ ਅਮਰੀਕੀ ਯੋਧਿਆਂ ਨੂੰ ਵਧਾਈਆਂ। ਦੁਨੀਆ ਵਿੱਚ ਕੋਈ ਹੋਰ ਫੌਜ ਨਹੀਂ ਹੈ ਜੋ ਇਹ ਕਰ ਸਕਦੀ ਸੀ। ਹੁਣ ਸ਼ਾਂਤੀ ਦਾ ਸਮਾਂ ਹੈ!’ਡੋਨਾਲਡ ਟਰੰਪ ਨੇ ਕਿਹਾ ਕਿ ਉਹ ਈਰਾਨ ਵਿੱਚ ਅਮਰੀਕਾ ਦੇ ਸਫਲ ਫੌਜੀ ਕਾਰਵਾਈ ਬਾਰੇ ਸਥਾਨਕ ਸਮੇਂ ਅਨੁਸਾਰ ਰਾਤ 10 ਵਜੇ ਵ੍ਹਾਈਟ ਹਾਊਸ ਤੋਂ ਰਾਸ਼ਟਰ ਨੂੰ ਸੰਬੋਧਨ ਕਰਨਗੇ। ਉਨ੍ਹਾਂ ਨੇ ਟਰੂਥ ਸੋਸ਼ਲ ’ਤੇ ਲਿਖਿਆ, ‘ਇਹ ਸੰਯੁਕਤ ਰਾਜ, ਇਜ਼ਰਾਈਲ ਅਤੇ ਦੁਨੀਆ ਲਈ ਇੱਕ ਇਤਿਹਾਸਕ ਪਲ ਹੈ। ਈਰਾਨ ਨੂੰ ਹੁਣ ਇਸ ਯੁੱਧ ਨੂੰ ਖਤਮ ਕਰਨ ਲਈ ਸਹਿਮਤ ਹੋਣਾ ਚਾਹੀਦਾ ਹੈ।’ ਡੋਨਾਲਡ ਟਰੰਪ ਨੇ ਇੱਕ ਪੋਸਟ ਵਿੱਚ ਇਸ਼ਾਰਾ ਕੀਤਾ ਹੈ ਕਿ ਈਰਾਨ ਦਾ ਫੋਰਡੋ ਪ੍ਰਮਾਣੂ ਪਲਾਂਟ ਤਬਾਹ ਹੋ ਗਿਆ ਹੈ। ਉਨ੍ਹਾਂ ਨੇ ਟਰੂਥ ਸੋਸ਼ਲ ’ਤੇ ਇੱਕ ਓਪਨ-ਸੋਰਸ ਇੰਟੈਲੀਜੈਂਸ ਅਕਾਊਂਟ ਤੋਂ ਇੱਕ ਪੋਸਟ ਸਾਂਝੀ ਕੀਤੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ‘ਫੋਰਡੋ ਚਲਾ ਗਿਆ ਹੈ’। ਫੋਰਡੋ ਨੂੰ ਈਰਾਨ ਦਾ ਸਭ ਤੋਂ ਪ੍ਰਮੁੱਖ ਅਤੇ ਬਹੁਤ ਸੁਰੱਖਿਅਤ ਪ੍ਰਮਾਣੂ ਪਲਾਂਟ ਮੰਨਿਆ ਜਾਂਦਾ ਹੈ। ਇਹ ਕੋਮ ਸ਼ਹਿਰ ਦੇ ਨੇੜੇ ਪਹਾੜ ਦੇ ਹੇਠਾਂ ਬਣਾਇਆ ਗਿਆ ਹੈ। ਰਿਪੋਰਟ ਦੇ ਅਨੁਸਾਰ, ਇਹ ਪਲਾਂਟ ਪਹਾੜ ਦੇ ਅੰਦਰ 80 ਮੀਟਰ ਦੀ ਡੂੰਘਾਈ ’ਤੇ ਸਥਿਤ ਹੈ।

# ਸਫ਼ਾ 1 ਦੀ ਬਾਕੀ

## ਈਰਾਨ ਨੇ ਪਹਿਲੀ ਵਾਰ ਖੈਬਰ ਮਿਜ਼ਾਈਲ ਦਾਗ਼ੀ, ਤੇਲ ਅਵੀਵ ’ਚ ਮਚੀ ਤਬਾਹੀ

, ਜਿਨ੍ਹਾਂ ਵਿੱਚੋਂ ਇਜ਼ਰਾਈਲੀ ਹਵਾਈ ਰੱਖਿਆ 40 ਤੋਂ ਵੱਧ ਮਿਜ਼ਾਈਲਾਂ ਨੂੰ ਰੋਕਣ ਵਿੱਚ ਅਸਫਲ ਰਹੀ ਹੈ। ਜੇਕਰ ਈਰਾਨ ਨੇ ਸੱਚਮੁੱਚ ਖੈਬਰ ਬੈਲਿਸਟਿਕ ਮਿਜ਼ਾਈਲ ਦੀ ਵਰਤੋਂ ਕੀਤੀ ਹੈ, ਤਾਂ ਇਸ ਦਾ ਉਦੇਸ਼ ਇਜ਼ਰਾਈਲ ਵਿੱਚ ਵੱਧ ਤੋਂ ਵੱਧ ਤਬਾਹੀ ਮਚਾਉਣਾ ਹੈ। ਖੈਬਰ ਬੈਲਿਸਟਿਕ ਮਿਜ਼ਾਈਲ ਨੂੰ ਖੋਰਮਸ਼ਹਿਰ-4 ਮਿਜ਼ਾਈਲ ਵਜੋਂ ਜਾਣਿਆ ਜਾਂਦਾ ਹੈ। ਈਰਾਨ ਦੀ ਇਸ ਮਿਜ਼ਾਈਲ ਨੇ ਨਾ ਸਿਰਫ਼ ਇਜ਼ਰਾਈਲ ਨੂੰ ਪਰੇਸ਼ਾਨ ਕੀਤਾ ਹੈ, ਸਗੋਂ ਅੰਤਰਰਾਸ਼ਟਰੀ ਨਿਰੀਖਕਾਂ ਨੂੰ ਵੀ ਹੈਰਾਨ ਕਰ ਦਿੱਤਾ ਹੈ। ਇਜ਼ਰਾਈਲ ਦੇ ਬਹੁ-ਪੱਧਰੀ ਰੱਖਿਆ ਪ੍ਰਣਾਲੀਆਂ, ਜਿਸ ਵਿੱਚ ਐਰੋ-3, ਡੇਵਿਡ ਸਲਿੰਗ ਅਤੇ ਆਇਰਨ ਡੋਮ ਵਰਗੇ ਹਵਾਈ ਰੱਖਿਆ ਪ੍ਰਣਾਲੀਆਂ ਸ਼ਾਮਲ ਹਨ, ਖੈਬਰ ਮਿਜ਼ਾਈਲ ਨੂੰ ਰੋਕਣ ਵਿੱਚ ਅਸਫਲ ਰਹੀਆਂ ਹਨ

## ਮੋਦੀ ਵੱਲੋਂ ਈਰਾਨੀ ਰਾਸ਼ਟਰਪਤੀ ਨਾਲ ਫ਼ੋਨ ’ਤੇ ਮੌਜੂਦਾ ਸਥਿਤੀ ਬਾਰੇ ਗੱਲਬਾਤ

ਅਮਰੀਕਾ ਦੀ ਈਰਾਨ ਅਤੇ ਇਜ਼ਰਾਈਲ ਵਿਚਕਾਰ ਚੱਲ ਰਹੀ ਜੰਗ ਐਂਟਰੀ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸਦੀ ਪੁਸ਼ਟੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖੁਦ ਕੀਤੀ ਹੈ। ਦੇਰ ਰਾਤ ਅਮਰੀਕਾ ਨੇ ਈਰਾਨ ਵਿੱਚ 3 ਪ੍ਰਮਾਣੂ ਸਾਈਟਾਂ ’ਤੇ ਹਮਲਾ ਕੀਤਾ। ਇਨ੍ਹਾਂ ਵਿੱਚ ਫੋਰਡੋ, ਨਤਾਨਜ਼ ਅਤੇ ਇਸਫਾਹਨ ਸ਼ਾਮਲ ਹਨ। ਇਸ ਦੌਰਾਨ ਟਰੰਪ ਨੇ ਕਿਹਾ ਕਿ ਸਾਡੇ ਸਾਰੇ ਜਹਾਜ਼ ਈਰਾਨੀ ਹਵਾਈ ਖੇਤਰ ਤੋਂ ਸੁਰੱਖਿਅਤ ਬਾਹਰ ਆ ਗਏ ਹਨ... ਦੁਨੀਆ ਦੀ ਕੋਈ ਹੋਰ ਫੌਜ ਅਜਿਹਾ ਨਹੀਂ ਕਰ ਸਕਦੀ। ਹੁਣ ਸ਼ਾਂਤੀ ਦਾ ਸਮਾਂ ਹੈ। ਇਜ਼ਰਾਈਲ ਨੇ ਹੁਣ ਤੱਕ 10 ਈਰਾਨੀ ਵਿਗਿਆਨੀਆਂ, 3 ਕਮਾਂਡਰਾਂ ਅਤੇ 4 ਸੈਨਿਕਾਂ ਨੂੰ ਮਾਰਨ ਦਾ ਦਾਅਵਾ ਕੀਤਾ ਹੈ।।

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੀ ਚੋਣ 25 ਨੂੰ

ਦਲ (ਬਾਦਲ) ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਨੇਤਾ ਮਨਜੀਤ ਸਿੰਘ ਜੀਕੇ ਭਰਮ ਫੈਲਾ ਰਹੇ ਹਨ। ਹੁਣ ਚੋਣ ਦਾ ਐਲਾਨ ਹੋਣ ਉਪਰੰਤ ਇਸ ਦਾ ਵਿਰੋਧ ਕਰਦੇ ਹੋਏ ਕੋਰਟ ਚਲੇ ਗਏ ਹਨ। ਹਰ ਚਾਰ ਸਾਲਾਂ ਵਿਚ ਹੋਣ ਵਾਲੀਆਂ ਡੀ.ਐਸ.ਜੀ.ਐਮ.ਸੀ. ਦੀਆਂ ਆਮ ਚੋਣਾਂ ਵਿਚ ਸੰਗਤ ਵੋਟਾਂ ਪਾ ਕੇ ਮੈਂਬਰ ਚੁਣਦੀ ਹੈ। ਇਸ ਤੋਂ ਬਾਅਦ ਕਾਰਜਕਾਰੀ ਚੋਣਾਂ ’ਚ ਮੈਂਬਰਾਂ ਦੁਆਰਾ ਡੀਐਸਜੀਐਮਸੀ ਦੇ ਪ੍ਰਧਾਨ ਸਮੇਤ ਪੰਜ ਅਹੁਦੇਦਾਰਾਂ ਦੀ ਚੋਣ ਹੁੰਦੀ ਹੈ।

## ਅਗਲੇ ਸਾਲ ਮਾਰਚ ਤਕ ਕਰ ਦਿੱਤਾ ਜਾਵੇਗਾ ਨਕਸਲਵਾਦ ਦਾ ਖ਼ਾਤਮਾ: ਸ਼ਾਹ

ਤਰੱਕੀ ਸਗੋਂ ਸਮੇਂ ਸਿਰ ਨਿਆਂ ਦੇਣ ’ਤੇ ਵੀ ਕੇਂਦਰਿਤ ਹੈ। ਭਾਰਤੀ ਨਿਆ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, ਭਾਰਤੀ ਸਾਕਸ਼ਯ ਅਧਿਨਿਯਮ ਸਮੇਂ ਸਿਰ ਨਿਆਂ ਯਕੀਨੀ ਬਣਾਏਗਾ।

## ਈਰਾਨ ਤੋਂ 311 ਭਾਰਤੀਆਂ ਨੂੰ ਲੈ ਕੇ ਜਹਾਜ਼ ਦਿੱਲੀ ਪੁੱਜਾ, ਹੁਣ ਤੱਕ 1428 ਲੋਕ ਸੁਰੱਖਿਅਤ ਵਾਪਸ ਆਏ

ਸੀ, ਅਤੇ ਇਹ ਸਪੱਸ਼ਟ ਸੀ ਕਿ ਅਸੀਂ ਈਰਾਨੀ ਪ੍ਰਮਾਣੂ ਪ੍ਰੋਗਰਾਮ ਨੂੰ ਤਬਾਹ ਕਰ ਦਿੱਤਾ ਸੀ। ਇਹ ਧਿਆਨ ਦੇਣ ਯੋਗ ਹੈ ਕਿ ਇਸ ਕਾਰਵਾਈ ਵਿੱਚ ਈਰਾਨੀ ਸੈਨਿਕਾਂ ਜਾਂ ਈਰਾਨੀ ਲੋਕਾਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਸੀ। ਯੁੱਧ ਪ੍ਰਭਾਵਿਤ ਈਰਾਨ ਤੋਂ ਭਾਰਤੀਆਂ ਨੂੰ ਵਾਪਸ ਲਿਆਉਣ ਦੀ ਕਵਾਇਦ ਜਾਰੀ ਹੈ। ਆਪ੍ਰੇਸ਼ਨ ਸਿੰਧੂ ਦੇ ਤਹਿਤ, ਭਾਰਤ ਸਰਕਾਰ ਈਰਾਨ ਵਿੱਚ ਫਸੇ ਭਾਰਤੀਆਂ ਨੂੰ ਸੁਰੱਖਿਅਤ ਵਾਪਸ ਲਿਆ ਰਹੀ ਹੈ। ਐਤਵਾਰ ਸ਼ਾਮ ਨੂੰ, ਈਰਾਨ ਤੋਂ 311 ਭਾਰਤੀਆਂ ਦਾ ਇੱਕ ਹੋਰ ਜੱਥਾ ਦਿੱਲੀ ਪਹੁੰਚਿਆ। ਹੁਣ ਤੱਕ 1428 ਭਾਰਤੀ ਨਾਗਰਿਕਾਂ ਨੂੰ ਈਰਾਨ ਤੋਂ ਸੁਰੱਖਿਅਤ ਭਾਰਤ ਵਾਪਸ ਲਿਆਂਦਾ ਜਾ ਚੁੱਕਾ ਹੈ।

## ਈਰਾਨ ਨਾਲ ਜੰਗ ਨਹੀਂ ਚਾਹੁੰਦਾ ਅਮਰੀਕਾ

ਫੋਰਡੋ, ਨਤਾਨਜ਼ ਅਤੇ ਇਸਫਾਹਾਨ ਵਿੱਚ ਪ੍ਰਮਾਣੂ ਸਥਾਨਾਂ ਨੂੰ ਤਬਾਹ ਕਰਨਾ ਸੀ ਜੋ ਪ੍ਰਾਪਤ ਕਰ ਲਿਆ ਗਿਆ ਹੈ। ਕੇਨ ਨੇ ਕਿਹਾ, ਅੰਤਿਮ ਯੁੱਧ ਦੇ ਨੁਕਸਾਨ ਦਾ ਮੁਲਾਂਕਣ ਕਰਨ ਵਿੱਚ ਕੁਝ ਸਮਾਂ ਲੱਗੇਗਾ, ਪਰ ਸ਼ੁਰੂਆਤੀ ਮੁਲਾਂਕਣ ਦਰਸਾਉਂਦੇ ਹਨ ਕਿ ਤਿੰਨੋਂ ਠਿਕਾਣਿਆਂ ਨੂੰ ਬਹੁਤ ਗੰਭੀਰ ਨੁਕਸਾਨ ਅਤੇ ਤਬਾਹੀ ਹੋਈ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਅਤੇ ਪੂਰੀ ਕਾਰਜਕਾਰਨੀ ਤੋਂ ਤਲਬ ਸ਼ਪੱਸ਼ਟੀਕਰਨ

ਕੁਲਦੀਪ ਸਿੰਘ ਗੜਗੱਜ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਸਾਡੀ ਪੁਕਾਰ ਸੁਣ ਕੇ ਸਿੱਖਾਂ ਦੀ ਪੁਰਤਾਨ ਸੰਸਥਾ ਨੂੰ ਬਚਾਉਣ ਲਈ ਯਤਨ ਕੀਤੇ। ਸ੍ਰ ਅਵਤਾਰ ਸਿੰਘ ਨੇ ਕਿਹਾ ਕਿ ਅਸੀ ਚਾਹੁੰਦੇ ਹਾਂ ਕਿ ਦੀਵਾਨ ਦੇ ਆਹੁਦੇਦਾਰ ਗੁਰਮਤਿ ਦੇ ਗੁਰਮਤ ਦੇ ਆਸ਼ੇ ਜੀਵਾਨਜਾਚ ਵਿਚ ਇਨੇ ਪ੍ਰਪਕ ਹੋਣ ਕਿ ਦੀਵਾਨ ਦੇ ਸਕੂਲਾਂ ਵਿਚ ਪੜ੍ਹ ਰਹੇ ਵਿਦਿਆਰਥੀ ਉਨਾਂ ਨੂੰ ਆਪਣਾ ਰੋਲ ਮਾਡਲ ਮੰਨਣ। ਉਹਨਾਂ ਦੱਸਿਆ ਚੀਫ ਖਾਲਸਾ ਦੀਵਾਨ ਦੇ ਸੰਵਿਧਾਨ ਦੇ ਅਨੁਸਾਰ ਪ੍ਰਧਾਨ ਅਤੇ ਐਗਜੈਕਟਿਵ ਦੇ ਸਾਰੇ ਮੈਂਬਰ ਅੰਮ੍ਰਿਤਧਾਰੀ ਹੋਣ ਲਾਜ਼ਮੀ ਹਨ। ਪਰ ਦੀਵਾਨ ਦੇ ਕਈ ਮੈਂਬਰ ਕੇਸਾਂ ਦੀ ਬੇਅਦਬੀ ਵੀ ਕਰਦੇ ਹਨ ਅਤੇ ਗੁਰੂ ਸਾਹਿਬ ਦੇ ਬਖਸ਼ੇ ਹੋਏ ਕਕਾਰ ਵੀ ਪੂਰੇ ਨਹੀਂ ਪਾਏ ਹੋਏ ਹਨ। ਕਈ ਵਾਰ ਦੀਵਾਨ ਦੇ ਪ੍ਰਧਾਨ ਦੇ ਧਿਆਨ ਵਿੱਚ ਇਨਾਂ ਗੱਲਾਂ ਦੀ ਹਕੀਕਤ ਨੂੰ ਬਿਆਨ ਕੀਤਾ ਗਿਆ ਹੈ ਪਰ ਇਸ ਦੇ ਬਾਵਜੂਦ ਵੀ ਪ੍ਰਧਾਨ ਵੱਲੋਂ ਇਨ੍ਹਾਂ ਗੱਲਾਂ ਨੂੰ ਅਣਗੋਲਿਆ ਕੀਤਾ ਹੋਇਆ ਹੈ। ਇੱਥੇ ਇਹ ਵੀ ਮੰਨਣਾ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਦੀਵਾਨ ਦੇ ਮੈਂਬਰਾਂ ਉੱਪਰ ਕਈ ਤਰ੍ਹਾਂ ਦੀ ਟੀਕਾ ਟਿੱਪਣੀ ਕੀਤੀ ਜਾ ਰਹੀ ਸੀ। ਜਥੇਦਾਰ ਕੁਲਦੀਪ ਕੁਲਦੀਪ ਸਿੰਘ ਗੜਗੱਜ ਤੋਂ ਪਹਿਲੇ ਜੋ ਜਥੇਦਾਰ ਸਾਹਿਬਾਨ ਸਨ ਉਹਨਾਂ ਦੇ ਧਿਆਨ ਵਿੱਚ ਵੀ ਕਈ ਵਾਰ ਅਜਿਹੀਆਂ ਸ਼ਿਕਾਇਤਾਂ ਲਿਆਂਦੀਆਂ ਗਈਆਂ ਸਨ,ਪਰ ਉਹਨਾਂ ਨੇ ਹੁੰਦੇ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।ਹੁਣ ਦੇਖਣਾ ਇਹ ਹੈ ਕਿ ਮੌਜੂਦਾ ਜਥੇਦਾਰ ਕੁਲਦੀਪ ਸਿੰਘ ਗੜਗੱਜ ਆਪਣਾ ਕਿਸ ਤਰ੍ਹਾਂ ਰੋਲ ਅਦਾ ਕਰਨਗੇ।

## ਗੰਨਮੈਨ ਵੱਲੋਂ ਗੋਲ਼ੀਬਾਰੀ ਦਾ ਮਾਮਲਾ ਮਹਿਲਾ ਆਈ.ਏ.ਐਸ. ਅਧਿਕਾਰੀ ਸਮੇਤ ਤਿੰਨ ਵਿਰੁੱਧ ਮਾਮਲਾ ਦਰਜ

ਜਲੰਧਰ ਪੁਲਿਸ ਨੇ ਦੇਰ ਰਾਤ ਆਈ.ਏ.ਐਸ. ਬਬੀਤਾ ਕਲੇਰ, ਨੇਤਾ ਪਤੀ ਸਟੀਫਨ ਕਲੇਰ ਅਤੇ ਗੰਨਮੈਨ ਵਿਰੁਧ ਕੇਸ ਦਰਜ ਕੀਤਾ ਹੈ, ਜਿਸ ਵਿਚੋਂ ਗੰਨਮੈਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਘਟਨਾ ਵਿਚ ਵਰਤੀ ਗਈ ਸਰਕਾਰੀ ਪਿਸਤੌਲ ਉਸ ਤੋਂ ਜ਼ਬਤ ਕਰ ਲਈ ਗਈ ਹੈ।

## ਪ੍ਰਾਪਰਟੀ ਡੀਲਰ ਵੱਲੋਂ ਪਤਨੀ-ਪੁੱਤਰ ਸਣੇ ਗੋਲੀ ਮਾਰ ਕੇ ਖ਼ੁਦਕੁਸ਼ੀ

ਪਰਿਵਾਰ ਪੀਬੀ-65 ਏਐਮ-0082 ਨੰਬਰ ਦੀ ਫਾਰਚੂਨਰ ਗੱਡੀ ਵਿਚ ਸੀ। ਮੌਕੇ ’ਤੇ ਪਹੁੰਚੇ ਮ੍ਰਿਤਕ ਦੇ ਇੱਕ ਰਿਸ਼ਤੇਦਾਰ ਅਮਰਿੰਦਰ ਸਿੰਘ ਨੇ ਦੱਸਿਆ ਕਿ ਸੰਦੀਪ ਸਿੰਘ ਅਤੇ ਉਸ ਦਾ ਪਰਿਵਾਰ ਪਹਿਲਾਂ ਗੁੜਗਾਓਂ ਰਹਿੰਦਾ ਸੀ, ਪਰ ਪਿਛਲੇ ਦੋ ਤਿੰਨ ਸਾਲਾਂ ਤੋਂ ਮੁਹਾਲੀ ਦੇ ਵੇਵ ਅਸਟੇਟ ਵਿਚ ਰਹਿ ਰਹੇ ਸੀ। ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਪੁਲੀਸ ਵੱਲੋਂ ਘਟਨਾ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ। ਘਟਨਾ ਦਾ ਪਤਾ ਲੱਗਦਿਆਂ ਹੀ ਵੇਵ ਅਸਟੇਟ ਵਿਚ ਮ੍ਰਿਤਕਾਂ ਦੇ ਪਰਿਵਾਰ ਦੇ ਗੁਆਂਢੀ ਪੁੱਜ ਗਏ।

## ਸੋਨੀਆ ਗਾਂਧੀ ਦਾ ਵੱਡਾ ਬਿਆਨ ‘ਈਰਾਨ ਪੁਰਾਣਾ ਦੋਸਤ, ਕੇਂਦਰ ਦੀ ਚੁੱਪ ਕਰ ਰਹੀ ਹੈ ਪ੍ਰੇਸ਼ਾਨ’

ਈਰਾਨ ਨੇ ਕਸ਼ਮੀਰ ਦੇ ਮੁੱਦੇ ’ਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ’ਚ ਭਾਰਤ ਦੀ ਆਲੋਚਨਾ ਕਰਨ ਵਾਲੇ ਮਤੇ ਨੂੰ ਰੋਕਣ ’ਚ ਮਦਦ ਕੀਤੀ ਸੀ। ਅਸਲ ’ਚ ਈਰਾਨ ਦਾ ਇਸਲਾਮੀ ਗਣਰਾਜ ਆਪਣੇ ਸਾਬਕਾ ਈਰਾਨ ਦੇ ਸ਼ਾਹ ਰਾਜ ਨਾਲੋਂ ਕਿਤੇ ਵੱਧ ਸਹਿਯੋਗੀ ਰਿਹਾ ਹੈ, ਜੋ 1965 ਅਤੇ 1971 ਦੀ ਜੰਗ ਦੌਰਾਨ ਪਾਕਿਸਤਾਨ ਵੱਲ ਝੁਕਾਅ ਰੱਖਦਾ ਸੀ। ਸੋਨੀਆ ਗਾਂਧੀ ਨੇ ਕਿਹਾ ਕਿ ਪਿਛਲੇ ਕੁਝ ਦਹਾਕਿਆਂ ’ਚ ਭਾਰਤ ਅਤੇ ਇਜ਼ਰਾਈਲ ਦਰਮਿਆਨ ਰਣਨੀਤਕ ਸਬੰਧ ਵੀ ਵਿਕਸਤ ਹੋਏ ਹਨ। ਇਸ ਸਥਿਤੀ ’ਤੇ ਆਉਣ ਨਾਲ ਸਾਡੇ ਦੇਸ਼ ਦੀ ਤਣਾਅ ਘਟਾਉਣ ਅਤੇ ਸ਼ਾਂਤੀ ਬਹਾਲ ਕਰਨ ਦੀ ਨੈਤਿਕ ਜ਼ਿੰਮੇਵਾਰੀ ਅਤੇ ਸ਼ਕਤੀ ’ਚ ਵਾਧਾ ਹੋਇਆ ਹੈ। ਇਹ ਸਿਰਫ਼ ਇਕ ਸਿਧਾਂਤ ਨਹੀਂ ਹੈ। ਲੱਖਾਂ ਭਾਰਤੀ ਨਾਗਰਿਕ ਪੱਛਮੀ ਏਸ਼ੀਆ ’ਚ ਰਹਿ ਰਹੇ ਹਨ ਤੇ ਕੰਮ ਕਰ ਰਹੇ ਹਨ, ਇਸ ਲਈ ਇਸ ਖੇਤਰ ’ਚ ਸ਼ਾਂਤੀ ਨਿਰਮਾਣ ਇਕ ਅਹਿਮ ਰਾਸ਼ਟਰੀ ਮੁੱਦਾ ਹੈ। ਉਨ੍ਹਾਂ ਅਨੁਸਾਰ ਈਰਾਨ ਵਿਰੁੱਧ ਇਜ਼ਰਾਈਲ ਦੇ ਮੌਜੂਦਾ ਹਮਲੇ ਅਜਿਹੇ ਸਮੇਂ ਕੀਤੇ ਗਏ ਹਨ ਜਦੋਂ ਸ਼ਕਤੀਸ਼ਾਲੀ ਪੱਛਮੀ ਦੇਸ਼ਾਂ ਨੇ ਇਸ ਦੇ ਗੈਰ-ਮਨੁੱਖੀ ਕੰਮਾਂ ਨੂੰ ਨਜ਼ਰਅੰਦਾਜ਼ ਕਰ ਕੇ ਇਸ ਦੀ ਹਮਾਇਤ ਕੀਤੀ ਹੈ। ਸੋਨੀਆ ਗਾਂਧੀ ਨੇ ਕਿਹਾ ਕਿ ਕਾਂਗਰਸ 7 ਅਕਤੂਬਰ, 2023 ਨੂੰ ਹਮਾਸ ਵੱਲੋਂ ਕੀਤੇ ਗਏ ਹਮਲਿਆਂ ਦੀ ਸਪੱਸ਼ਟ ਰੂਪ ’ਚ ਨਿੰਦਾ ਕਰਦੀ ਹੈ ਪਰ ਅਸੀਂ ਇਜ਼ਰਾਈਲ ਦੇ ਭਿਆਨਕ ਅਤੇ ਵਹਿਸ਼ੀ ਜਵਾਬ ਵਿਰੁੱਧ ਵੀ ਚੁੱਪ ਨਹੀਂ ਰਹਿ ਸਕਦੇ। ਇਨ੍ਹਾਂ ਹਮਲਿਆਂ ’ਚ 55,000 ਤੋਂ ਵੱਧ ਫਲਸਤੀਨੀ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਪਰਿਵਾਰ, ਆਂਢ-ਗੁਆਂਢ ਤੇ ਇੱਥੋਂ ਤੱਕ ਕਿ ਹਸਪਤਾਲ ਵੀ ਤਬਾਹ ਹੋ ਗਏ ਹਨ। ਗਾਜ਼ਾ ਭੁੱਖਮਰੀ ਦੇ ਕੰਢੇ ’ਤੇ ਹੈ। ਇਸ ਦੇ ਨਾਗਰਿਕ ਜੋ ਦੁੱਖ ਝੱਲ ਰਹੇ ਹਨ, ਨੂੰ ਸ਼ਬਦਾਂ ’ਚ ਬਿਆਨ ਨਹੀਂ ਕੀਤਾ ਜਾ ਸਕਦਾ।

## ਤੇਜਸਵੀ ਦਾ ਦਾਅਵਾ ਚੋਣਾਂ ਤੋਂ ਬਾਅਦ ਨਿਤੀਸ਼ ਕੁਮਾਰ ਨਹੀਂ ਹੋਣਗੇ ਮੁੱਖ ਮੰਤਰੀ

ਚੋਣਾਂ ਵਾਲੇ ਬਿਹਾਰ ਵਿੱਚ ਜਨਤਾ ਦਲ (ਯੂਨਾਈਟਿਡ) ’ਤੇ ਤਿੱਖਾ ਹਮਲਾ ਬੋਲਦੇ ਹੋਏ ਦੋਸ਼ ਲਗਾਇਆ ਕਿ ਖੇਤਰੀ ਪਾਰਟੀ ਦੁਆਰਾ ਵਿਧਾਨ ਸਭਾ ਟਿਕਟਾਂ ਦੀ ਵੰਡ ਵਿੱਚ ਭਾਜਪਾ ਦਾ ਫੈਸਲਾਕੁੰਨ ਪ੍ਰਭਾਵ ਹੋਵੇਗਾ। ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਤੇਜਸਵੀ ਯਾਦਵ ਨੇ ਗੱਠਜੋੜ ਸਰਕਾਰ ਤੇ ਉਸਦੇ ਸ਼ਾਸਨ ਰਿਕਾਰਡ ਨੂੰ ਲੈ ਕੇ ਵੀ ਹਮਲਾ ਕੀਤਾ, ਜਿਸ ਵਿਚ ਪੁੱਛਿਆ ਗਿਆ ਕਿ ਕੀ ਉਸਨੇ ਰਾਜ ਵਿੱਚ ਆਈਟੀ ਪਾਰਕ, ਐਸਈਜ਼ੈਡ (ਵਿਸ਼ੇਸ਼ ਆਰਥਿਕ ਜ਼ੋਨ), ਉਦਯੋਗਿਕ ਕਲੱਸਟਰ, ਸੈਮੀਕੰਡਕਟਰ ਫੈਕਟਰੀਆਂ, ਫੂਡ ਪ੍ਰੋਸੈਸਿੰਗ ਯੂਨਿਟ ਜਾਂ ਵਿਦਿਅਕ ਕੇਂਦਰ ਸਥਾਪਤ ਕੀਤੇ ਹਨ। ਬਿਹਾਰ ਵਿੱਚ ਸੱਤਾਧਾਰੀ ਗੱਠਜੋੜ ਵਿੱਚ ਜੇਡੀ(ਯੂ) ਅਤੇ ਭਾਜਪਾ ਸ਼ਾਮਲ ਹਨ। ਬਿਹਾਰ ਵਿੱਚ ਵਿਰੋਧੀ ਪਾਰਟੀਆਂ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਸਿਹਤ ਸਥਿਤੀ ਬਾਰੇ ਗੱਲ ਕੀਤੀ ਹੈ ਅਤੇ ਤੇਜਸਵੀ ਯਾਦਵ ਨੇ ਆਪਣੀ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਨੂੰ ਨਿਸ਼ਾਨਾ ਵੀ ਬਣਾਇਆ। ਆਰ.ਜੇ.ਡੀ. ਨੇਤਾ ਨੇ ਨਿਤੀਸ਼ ਕੁਮਾਰ ਸਰਕਾਰ ਤੇ ਦੂਰਦਰਸ਼ਨ ਦੀ ਘਾਟ ਦਾ ਦੋਸ਼ ਲਗਾਇਆ। ਅਸੀਂ ਸਰਕਾਰ ਨੂੰ ਆਈ.ਟੀ. ਪਾਰਕਾਂ, ਐਸਈਜ਼ੈਡ (ਵਿਸ਼ੇਸ਼ ਆਰਥਿਕ ਜ਼ੋਨ), ਉਦਯੋਗਿਕ ਕਲੱਸਟਰ, ਉਦਯੋਗਿਕ ਪਾਰਕ, ਸੈਮੀਕੰਡਕਟਰ ਫੈਕਟਰੀਆਂ, ਫੂਡ ਪ੍ਰੋਸੈਸਿੰਗ ਯੂਨਿਟਾਂ, ਟੈਕਸਟਾਈਲ ਹੱਬ, ਵਿਦਿਅਕ ਕੇਂਦਰਾਂ ਅਤੇ ਸਿਹਤ ਸ਼ਹਿਰਾਂ ’ਤੇ ਬੋਲਣ ਲਈ ਮਜਬੂਰ ਕਰਾਂਗੇ। ਇਹ ਸਾਡਾ ਦ੍ਰਿਸ਼ਟੀਕੋਣ ਹੈ। ਸਰਵਪੱਖੀ ਵਿਕਾਸ। ਸਰਕਾਰ ਨੂੰ ਇਨ੍ਹਾਂ ਵਿਸ਼ਿਆਂ ’ਤੇ ਧਿਆਨ ਕੇਂਦਰਿਤ ਕਰਨ ਲਈ ਮਜਬੂਰ ਕੀਤਾ ਜਾਵੇਗਾ, ਉਸਨੇ ਕਿਹਾ। ਨੀਤੀਸ਼ ਕੁਮਾਰ 20 ਸਾਲਾਂ ਤੋਂ ਉੱਥੇ ਸਨ, ਅਤੇ ਪ੍ਰਧਾਨ ਮੰਤਰੀ ਮੋਦੀ ਪਿਛਲੇ 11 ਸਾਲਾਂ ਤੋਂ ਉੱਥੇ ਹਨ। ਉੱਪਰ ਦੱਸੀਆਂ ਚੀਜ਼ਾਂ ਕਿਉਂ ਨਹੀਂ ਸਥਾਪਿਤ ਕੀਤੀਆਂ ਗਈਆਂ? ਪਰ ਜਦੋਂ ਤੇਜਸਵੀ ਆਉਣਗੇ, ਤਾਂ ਉਹ ਇਹ ਸਾਰੇ ਕੰਮ ਪੂਰੇ ਕਰਨਗੇ।

## ਪੰਜਾਬ ’ਚ ਕਬੂਤਰਬਾਜ਼ੀ ’ਤੇ ਲੱਗੀ ਰੋਕ

ਨੂੰ ਪੰਛੀਆਂ ’ਤੇ ਅਪਰਾਧ ਵਜੋਂ ਪਰਭਾਸ਼ਿਤ ਕੀਤਾ ਜਾਵੇ ਅਤੇ ਇਸ ਨੂੰ ਗ਼ੈਰ ਕਾਨੂੰਨੀ ਐਲਾਨਿਆ ਜਾਵੇ। ਪਿਛਲੇ ਦਿਨੀਂ ਕੇਂਦਰ ਦੇ ਇਕ ਬੋਰਡ ਨੇ ਵੀ ਇਸ ਸਬੰਧੀ ਇਹ ਸ਼ਿਫ਼ਾਇਸ਼ ਕੀਤੀ ਸੀ ਕਿ ਕੁਝ ਸੂਬਿਆਂ ਵਿਚ ਲੋਕ ਆਪਣੇ ਸ਼ੌਕ ਬਰਕਰਾਰ ਰੱਖਣ ਲਈ ਪੰਛੀਆਂ ਤੇ ਜਾਨਵਰਾਂ ’ਤੇ ਤਸ਼ੱਦਦ ਕਰਦੇ ਹਨ। ਜਿਸ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਇਸੇ ਲੜੀ ਤਹਿਤ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਨੇ ਠੋਸ ਕਦਮ ਚੁੱਕਦਿਆਂ ਇਹ ਨਿਰਦੇਸ਼ ਦਿੱਤੇ ਹਨ ਕਿ ਅੱਜ ਤੋਂ ਬਾਅਦ ਸੂਬੇ ਵਿਚ ਕਬੂਤਰਬਾਜ਼ੀ ਨੂੰ ਗ਼ੈਰ ਕਾਨੂੰਨੀ ਗਤੀਵਿਧੀ ਵਜੋਂ ਦਰਜ ਕੀਤਾ ਜਾਵੇਗਾ।

## ਪਹਿਲਗਾਮ ਅੱਤਵਾਦੀ ਹਮਲੇ ’ਚ ਵੱਡੀ ਸਫ਼ਲਤਾ ਐਨ.ਆਈ.ਏ. ਵੱਲੋਂ ਲਸ਼ਕਰ-ਏ-ਤੋਇਬਾ ਨਾਲ ਜੁੜੇ ਅੱਤਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ ’ਚ 2 ਗ੍ਰਿਫ਼ਤਾਰ

ਪਨਾਹ ਦੇਣ ਦੇ ਦੋਸ਼ ਵਿਚ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਵਿਚ 26 ਮਾਸੂਮ ਸੈਲਾਨੀ ਮਾਰੇ ਗਏ ਸਨ ਅਤੇ 16 ਹੋਰ ਗੰਭੀਰ ਜ਼ਖ਼ਮੀ ਹੋ ਗਏ ਸਨ। ਜਾਂਚ ਏਜੰਸੀ ਵਲੋਂ ਜਾਰੀ ਇਕ ਬਿਆਨ ਵਿਚ, ਬਟਕੋਟ, ਪਹਿਲਗਾਮ ਦੇ ਪਰਵੇਜ਼ ਅਹਿਮਦ ਜੋਥਰ ਤੇ ਹਿੱਲ ਪਾਰਕ, ਪਹਿਲਗਾਮ ਦੇ ਬਸ਼ੀਰ ਅਹਿਮਦ ਜੋਥਰ ਨੇ ਹਮਲੇ ਵਿਚ ਸ਼ਾਮਲ ਤਿੰਨ ਹਥਿਆਰਬੰਦ ਅੱਤਵਾਦੀਆਂ ਦੀ ਪਛਾਣ ਦਾ ਖੁਲਾਸਾ ਕੀਤਾ ਹੈ ਅਤੇ ਇਹ ਵੀ ਪੁਸ਼ਟੀ ਕੀਤੀ ਹੈ ਕਿ ਉਹ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ (ਐਲ.ਈ.ਟੀ.) ਨਾਲ ਸਬੰਧਤ ਪਾਕਿਸਤਾਨੀ ਨਾਗਰਿਕ ਸਨ। ਐਨ.ਆਈ.ਏ. ਦੀ ਜਾਂਚ ਦੇ ਅਨੁਸਾਰ, ਗ੍ਰਿਫ਼ਤਾਰ ਕੀਤੇ ਗਏ ਪਰਵੇਜ਼ ਅਹਿਮਦ ਅਤੇ ਬਸ਼ੀਰ ਅਹਿਮਦ ਨੇ ਹਮਲੇ ਤੋਂ ਪਹਿਲਾਂ ਜਾਣਬੁੱਝ ਕੇ ਹਿੱਲ ਪਾਰਕ ਵਿਚ ਇਕ ਮੌਸਮੀ ਝੌਂਪੜੀ ਵਿਚ ਤਿੰਨ ਹਥਿਆਰਬੰਦ ਅੱਤਵਾਦੀਆਂ ਨੂੰ ਪਨਾਹ ਦਿਤੀ ਸੀ। ਇਨ੍ਹਾਂ ਦੋਵਾਂ ਨੇ 22 ਅਪ੍ਰੈਲ ਦੀ ਦੁਪਹਿਰ ਨੂੰ ਪਹਿਲਗਾਮ ਆਉਣ ਵਾਲੇ ਸੈਲਾਨੀਆਂ ਨੂੰ ਉਨ੍ਹਾਂ ਦੀ ਧਾਰਮਿਕ ਪਛਾਣ ਦੇ ਆਧਾਰ ’ਤੇ ਚੋਣਵੇਂ ਰੂਪ ਵਿਚ ਮਾਰਨ ਵਾਲੇ ਅੱਤਵਾਦੀਆਂ ਨੂੰ ਖਾਣਾ, ਰਿਹਾਇਸ਼ ਅਤੇ ਲੌਜਿਸਟਿਕਲ ਸਹਾਇਤਾ ਪ੍ਰਦਾਨ ਕੀਤੀ ਸੀ। ਇਹ ਹਮਲਾ ਪਿਛਲੇ ਦਹਾਕੇ ਵਿਚ ਨਾਗਰਿਕਾਂ ’ਤੇ ਸਭ ਤੋਂ ਵੱਡਾ ਅੱਤਵਾਦੀ ਹਮਲਾ ਸੀ।

## ਭਾਰੀ ਮੀਂਹ ਦੇ ਬਾਵਜੂਦ ਭਾਖੜਾ ਤੇ ਪੌਂਗ ਡੈਮਾਂ ’ਚ ਪਾਣੀ ਦਾ ਪੱਧਰ ਘਟਿਆ

ਪਾਣੀ ਦਾ ਲਗਭਗ 60 ਫ਼ੀਸਦੀ ਹਿੱਸਾ ਰਾਜਸਥਾਨ ਨੂੰ ਜਾਂਦਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਦੇ ਸੂਤਰਾਂ ਮੁਕਾਬਕ, 20 ਮਈ ਤੋਂ 15 ਸਤੰਬਰ ਤਕ ਭਾਖੜਾ ਅਤੇ ਪੌਂਗ ਡੈਮਾਂ ਦੇ ਭਰਨ ਦਾ ਸਮਾਂ ਮੰਨਿਆ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਡੈਮਾਂ ਵਿਚ ਆਉਣ ਵਾਲੇ ਪਾਣੀ ਦਾ ਪ੍ਰਵਾਹ ਜ਼ਿਆਦਾ ਹੁੰਦਾ ਹੈ, ਜਿਸ ਨਾਲ ਪਾਣੀ ਦਾ ਪੱਧਰ ਵੱਧਦਾ ਹੈ। ਸਤਲੁਜ ਦਰਿਆ ਦੇ ਕੈਚਮੈਂਟ ਏਰੀਆ ਵਿਚ ਬਰਫ਼ ਪਿਘਲਣ ਕਾਰਨ ਭਾਖੜਾ ਡੈਮ ਵਿਚ ਵਧੇਰੇ ਪਾਣੀ ਆਉਂਦਾ ਹੈ। ਪੌਂਗ ਡੈਮ ਵਿਚ ਬਿਆਸ ਦਰਿਆ ਅਤੇ ਉਸ ਦੀਆਂ ਸਹਾਇਕ ਨਦੀਆਂ ਦਾ ਪਾਣੀ ਆਉਂਦਾ ਹੈ। ਡੈਮ ਭਰਨ ਦਾ ਸਮਾਂ ਹਿਮਾਚਲ ਪ੍ਰਦੇਸ਼ ਵਿਚ ਮਾਨਸੂਨ ਦੀ ਬਾਰਿਸ਼ ਨਾਲ ਜੁੜਿਆ ਹੋਇਆ ਹੈ। ਬੀ.ਬੀ.ਐਮ.ਬੀ. ਅਧਿਕਾਰੀਆਂ ਨੇ ਕਿਹਾ ਕਿ ਹਾਲਾਂਕਿ ਦੋਵੇਂ ਡੈਮਾਂ ਵਿਚ ਪਾਣੀ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ ਘੱਟ ਹੈ ਪਰ ਬਹੁਤ ਕੁੱਝ ਮਾਨਸੂਨ ’ਚ ਹੋਣ ਵਾਲੀ ਬਾਰਿਸ਼ ’ਤੇ ਨਿਰਭਰ ਕਰੇਗਾ।

## ‘ਯੁੱਧ ਨਸ਼ਿਆਂ ਵਿਰੁੱਧ’ ਦੇ 113 ਵੇਂ ਦਿਨ 151 ਨਸ਼ਾ ਤਸਕਰ ਗ੍ਰਿਫ਼ਤਾਰ

ਜਿਸ ਦੇ ਚੱਲਦਿਆਂ ਸੂਬੇ ਭਰ ਵਿੱਚ 98 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 502 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ। ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ’ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 54 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਈਰਾਨ-ਇਜ਼ਰਾਈਲ ਤਣਾਅ ਨੂੰ ਹੱਲ ਕਰਨ ਲਈ ਓ.ਆਈ.ਸੀ. ਨੇ ਬਣਾਇਆ ਸੰਪਰਕ ਸਮੂਹ




ਇਸਤਾਂਬੁਲ, 22 ਜੂਨ, (ਚ.ਨ.ਸ.) : ਇਸਲਾਮਿਕ ਸਹਿਯੋਗ ਸੰਗਠਨ ਨੇ ਐਲਾਨ ਕੀਤਾ ਹੈ ਕਿ ਉਹ ਖੇਤਰੀ ਅਤੇ ਅੰਤਰਰਾਸ਼ਟਰੀ ਪਾਰਟੀਆਂ ਨਾਲ ਨਿਯਮਤ ਸੰਪਰਕ ਸਥਾਪਤ ਕਰਨ ਲਈ ਇੱਕ ਮੰਤਰੀ ਪੱਧਰੀ ਸੰਪਰਕ ਸਮੂਹ ਸਥਾਪਤ ਕਰੇਗਾ ਤਾਂ ਜੋ ਤਣਾਅ ਘਟਾਉਣ ਅਤੇ ਈਰਾਨ ਵਿਰੁੱਧ ਹਮਲੇ ਨੂੰ ਰੋਕਣ ਦੇ ਯਤਨਾਂ ਦਾ ਸਮੱਰਥਨ ਕੀਤਾ ਜਾ ਸਕੇ। ਐਤਵਾਰ ਨੂੰ, ਇਸਤਾਂਬੁਲ ਵਿੱਚ ਓ.ਆਈ.ਸੀ. ਵਿਦੇਸ਼ ਮੰਤਰੀਆਂ ਦੀ ਮੀਟਿੰਗ ਤੋਂ ਬਾਅਦ ਇੱਕ ਸਾਂਝੇ ਐਲਾਨਨਾਮੇ ਚ, 57 ਮੈਂਬਰੀ ਸਮੂਹ ਨੇ ਇਜ਼ਰਾਈਲ ਦੇ ਹਮਲੇ ਦੀ ਨਿੰਦਾ ਕੀਤੀ, ਨਾਲ ਹੀ ਇਜ਼ਰਾਈਲ ਦੇ ਹਮਲਿਆਂ ਨੂੰ ਰੋਕਣ ਦੀ ਤੁਰੰਤ ਲੋੜ ਅਤੇ ਇਸ ਖਤਰਨਾਕ ਵਾਧੇ ਪ੍ਰਤੀ ਉਨ੍ਹਾਂ ਦੀ ਵੱਡੀ ਚਿੰਤਾ’ਤੇ ਜ਼ੋਰ ਦਿੱਤਾ। ਸੰਯੁਕਤ ਬਿਆਨ, ਜਿਸ ਵਿੱਚ ਈਰਾਨ ਵਿਰੁੱਧ ਅਮਰੀਕਾ ਦੇ ਬੰਬਾਂ ਦਾ ਜ਼ਿਕਰ ਨਹੀਂ ਕੀਤਾ ਗਿਆ, ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਸ ਹਮਲੇ ਨੂੰ ਰੋਕਣ ਅਤੇ ਇਜ਼ਰਾਈਲ ਨੂੰ ਕੀਤੇ ਗਏ ਅਪਰਾਧਾਂ ਲਈ ਜਵਾਬਦੇਹ ਬਣਾਉਣ ਲਈ ਰੋਕਥਾਮ ਉਪਾਅ ਕਰਨ ਦੀ ਵੀ ਅਪੀਲ ਕੀਤੀ।

# ਰਮਨ ਅਰੋੜਾ ਬਾਰੇ ਇੱਕ ਹੋਰ ਵੱਡਾ ਖ਼ੁਲਾਸਾ, ਹੁਣ ਭੋਗਪੁਰ ਨਾਲ ਜੁੜੇ ਤਾਰ



ਚੰਡੀਗੜ੍ਹ, 22 ਜੂਨ, (ਚ.ਨ.ਸ.) : ਵਿਧਾਇਕ ਰਮਨ ਅਰੋੜਾ ਨੇ ਜਲੰਧਰ ਹੀ ਨਹੀਂ, ਸਗੋਂ ਭੋਗਪੁਰ ਵਿਚ ਵੀ ਆਪਣਾ ਕਾਫ਼ੀ ਵਧੀਆ ਸੈੱਟਅਪ ਬਣਾਇਆ ਹੋਇਆ ਸੀ। ਜਲੰਧਰ ਦੇ ਵਪਾਰੀ ਅਤੇ ‘ਆਪ’ ਵਰਕਰ ਨੂੰ ਧਮਕਾਉਣ ਵਾਲੇ ਭੋਗਪੁਰ ਦੇ ਨਗਰ ਕੌਂਸਲ ਦੇ ਅਧਿਕਾਰੀ ਨੇ ਵਿਧਾਇਕ ਰਮਨ ਅਰੋੜਾ ਨਾਲ ਮਿਲ ਕੇ ਕਈ ਗੈਰ-ਕਾਨੂੰਨੀ ਕਾਲੋਨੀਆਂ ਕੱਟੀਆਂ। ਇਸ ਤੋਂ ਇਲਾਵਾ ਕਈ ਦੁਕਾਨਾਂ ਅਤੇ ਮਾਰਕੀਟ ਵੀ ਗੈਰ-ਕਾਨੂੰਨੀ ਬਣਾਈਆਂ, ਪਰ ਉਨ੍ਹਾਂ ’ਤੇ ਕਦੀ ਐਕਸ਼ਨ ਇਸ ਲਈ ਨਹੀਂ ਹੋ ਸਕਿਆ, ਕਿਉਂਕਿ ਪੁੱਡਾ ਦੇ ਅਧਿਕਾਰੀਆਂ ਨੂੰ ਰਮਨ ਅਰੋੜਾ ਦਾ ਫੋਨ ਚਲਾ ਗਿਆ ਸੀ।ਅਕਸਰ ਪਾਰਟੀਆਂ ਬਦਲਣ ਵਾਲੇ ਨਗਰ ਕੌਂਸਲ ਦੇ ਪ੍ਰਧਾਨ ਦੇ ਇਲਾਵਾ ਭੋਗਪੁਰ ਦਾ ਹੀ ਰਮਨ ਅਰੋੜਾ ਦਾ ਰਿਸ਼ਤੇਦਾਰ ਇਹ ਸਾਰਾ ਕੰਮ ਵੇਖਦਾ ਸੀ। ਦੱਸਿਆ ਜਾ ਰਿਹਾ ਹੈ ਕਿ ਉੱਥੇ ਵੀ ਰਮਨ ਅਰੋੜਾ ਨੇ ਕਰੋੜਾਂ ਰੁਪਏ ਇਨਵੈਸਟ ਕੀਤੇ ਹੋਏ ਹਨ, ਜੋ ਕਿ ਬਲੈਕਮਨੀ ਸੀ। ਸੂਤਰਾਂ ਦੀ ਮੰਨੀਏ ਤਾਂ ਰਮਨ ਅਰੋੜਾ ਦੀ ਇਨਵੈਸਟਮੈਂਟ ਅਤੇ ਸ਼ਹਿ ਦੇ ਕਾਰਨ ਭੋਗਪੁਰ ਵਿਚ ਵੀ 20 ਕਾਲੋਨੀਆਂ ਕੱਟੀਆਂ ਗਈਆਂ, ਜਦੋਂ ਕਿ ਦੁਕਾਨਾਂ ਅਤੇ ਮਾਰਕੀਟਾਂ ਦੀ ਕੋਈ ਗਿਣਤੀ ਹੀ ਨਹੀਂ ਹੈ। ਜੇਕਰ ਨਗਰ ਕੌਂਸਲ ਦੇ ਅਧਿਕਾਰੀ ਤੋਂ ਵਿਜੀਲੈਂਸ ਪੁੱਛਗਿੱਛ ਕਰੇ ਤਾਂ ਕਈ ਬੇਨਾਮੀ ਜਾਇਦਾਦਾਂ ਸਾਹਮਣੇ ਆ ਸਕਦੀਆਂ ਹਨ, ਜਿਨ੍ਹਾਂ ਵਿੱਚੋਂ ਵਧੇਰੇ ਰਮਨ ਅਰੋੜਾ ਦੀਆਂ ਨਿਕਲ ਸਕਦੀਆਂ ਹਨ। ਸੂਤਰਾਂ ਦੀ ਮੰਨੀਏ ਤਾਂ ਰਮਨ ਅਰੋੜਾ ਨੇ 2023 ਅਤੇ 2024 ਸਾਲ ਦੀ ਦੀਵਾਲੀ ਵਿਚ ਸ਼ਹਿਰ ਵਿਚ ਗੈਰ-ਕਾਨੂੰਨੀ ਢੰਗ ਨਾਲ ਪਟਾਕੇ ਡੰਪ ਕਰਵਾ ਦਿੱਤੇ ਸਨ। ਇਕ ਵਾਰ ਤਾਂ ਕਿਸੇ ਜਾਗਰੂਕ ਸ਼ਹਿਰ ਵਾਸੀ ਨੇ ਇਸ ਦੀ ਸੂਚਨਾ ਮੀਡੀਆ ਨੂੰ ਦਿੱਤੀ, ਜਿਸ ਤੋਂ ਬਾਅਦ ਪੁਲਸ ਤਕ ਜਾਣਕਾਰੀ ਪਹੁੰਚੀ। ਮੌਕੇ ’ਤੇ ਮੀਡੀਆ ਅਤੇ ਪੁਲਿਸ ਦੋਵੇਂ ਪਹੁੰਚ ਗਏ, ਪਰ ਪੁਲਸ ਦੀ ਹਿੰਮਤ ਨਹੀਂ ਪਈ ਕਿ ਟਰੱਕ ਅਤੇ ਗੋਦਾਮ ਨੂੰ ਖੋਲ੍ਹ ਸਕੇ। ਇਹ ਮਾਮਲਾ ਥਾਣਾ ਨੰਬਰ 2 ਅਧੀਨ ਇਲਾਕੇ ਦਾ ਸੀ। ਦੱਸਿਆ ਜਾ ਰਿਹਾ ਹੈ ਕਿ ਰਮਨ ਅਰੋੜਾ ਨੇ ਪਟਾਕੇ ਡੰਪ ਕਰਵਾਉਣ ਲਈ ਲੱਖਾਂ ਰੁਪਏ ਲਏ ਸਨ ਅਤੇ ਪੁਲਿਸ ਨੂੰ ਸਾਫ਼ ਤੌਰ ’ਤੇ ਕਿਹਾ ਸੀ ਕਿ ਉਕਤ ਗੋਦਾਮ ਵਿਚ ਨਾ ਤਾਂ ਰੇਡ ਹੋਣੀ ਚਾਹੀਦੀ ਹੈ ਅਤੇ ਨਾ ਹੀ ਪਟਾਕੇ ਲਿਆਉਣ ਵਾਲੇ ਟਰੱਕਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਇਸੇ ਤਰ੍ਹਾਂ ਸ਼ੇਖਾਂ ਬਾਜ਼ਾਰਾਂ ਦੇ ਪਤੰਗਾਂ ਵਾਲਿਆਂ ਕੋਲੋਂ ਵੀ ਲੱਖਾਂ ਰੁਪਏ ਲੈ ਕੇ ਰਮਨ ਅਰੋੜਾ ਨੇ ਸ਼ਹਿਰ ਵਿਚ ਚਾਈਨਾ ਡੋਰ ਵਿਕਣ ਦਿੱਤੀ ਸੀ। ਇਨ੍ਹਾਂ ਵਿੱਚੋਂ ਇਕ ਪਤੰਗ ਵਾਲੇ ਭਰਾ ਨੇ ਦਿੱਲੀ ਵਿਚ ਚਾਈਨਾ ਡੋਰ ਦੀ ਫੈਕਟਰੀ ਵੀ ਲਾਈ ਹੋਈ ਹੈ, ਜਦਕਿ ਇਕ ਭਰਾ ਮੈਚਾਂ ’ਤੇ ਸੱਟੇ ਦੇ ਨਾਲ-ਨਾਲ ਪਤੰਗਾਂ ਅਤੇ ਚਾਈਨਾ ਡੋਰ ਦਾ ਕੰਮ ਕਰਦਾ ਹੈ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ ‘ਦਰਦੀ’।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਪੰਜਾਬ ਸਰਕਾਰ ਦੀ ਬੱਚਿਆਂ ਦੀ ਸੁਰੱਖਿਆ ਲਈ ਸਖ਼ਤ ਹਦਾਇਤ; ਸੋਸ਼ਲ ਮੀਡੀਆ ਉੱਤੇ ਅਸ਼ਲੀਲ ਸਮੱਗਰੀ ਅਤੇ ਲੱਚਰਤਾ ਵਿਰੁੱਧ ਹੋਵੇਗੀ ਤੁਰੰਤ ਕਾਰਵਾਈ

## ਸੋਸ਼ਲ ਮੀਡੀਆ ਉੱਤੇ ਲੱਚਰਤਾ ਬਰਦਾਸ਼ਤ ਨਹੀਂ : ਡਾ. ਬਲਜੀਤ ਕੌਰ



ਚੰਡੀਗੜ੍ਹ, 22 ਜੂਨ, (ਚ.ਨ.ਸ.) : ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਲੱਚਰ ਅਤੇ ਅਸ਼ਲੀਲ ਸਮੱਗਰੀ ਦੇ ਵੱਧ ਰਹੇ ਰੁਝਾਨ 'ਤੇ ਗੰਭੀਰ ਚਿੰਤਾ ਜਤਾਈ ਹੈ, ਜੋ ਕਿ ਬੱਚਿਆਂ ਦੀ ਮਨੋਵਿਗਿਆਨਕ ਅਤੇ ਸਮਾਜਿਕ ਸਿਹਤ ਲਈ ਸਿੱਧਾ ਖ਼ਤਰਾ ਬਣ ਰਹੀ ਹੈ।

ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਵੱਲੋਂ ਸੋਸ਼ਲ ਮੀਡੀਆ 'ਤੇ ਅਜਿਹੀ ਸਮੱਗਰੀ ਪੋਸਟ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਲਈ ਏ.ਡੀ.ਜੀ.ਪੀ. (ਸਾਇਬਰ ਕ੍ਰਾਈਮ) ਨੂੰ ਜਾਰੀ ਕੀਤੇ ਆਦੇਸ਼ਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਬੱਚਿਆਂ ਦੀ ਰੱਖਿਆ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਡਾ. ਬਲਜੀਤ ਕੌਰ ਨੇ ਵਿਭਾਗ ਦੇ ਸਮੂਹ ਜ਼ਿਲ੍ਹਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ ਪੱਧਰ 'ਤੇ ਸੋਸ਼ਲ ਮੀਡੀਆ ਉੱਤੇ ਚੱਲ ਰਹੀ ਅਜਿਹੀ ਅਸ਼ਲੀਲ ਸਮੱਗਰੀ 'ਤੇ ਨਜ਼ਰ ਰੱਖੀ ਜਾਵੇ। ਜੇਕਰ ਕਿਸੇ ਵੀ ਕਿਸਮ ਦੀ ਸ਼ਿਕਾਇਤ ਜਾਂ ਜਾਣਕਾਰੀ ਮਿਲਦੀ ਹੈ, ਤਾਂ ਤੁਰੰਤ ਪੁਲਿਸ ਅਤੇ ਬਾਲ ਅਧਿਕਾਰ ਕਮਿਸ਼ਨ ਨੂੰ ਜਾਣੂ ਕਰਵਾ ਕੇ ਸਥਾਨਕ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਮਾਪਿਆਂ, ਅਧਿਆਪਕਾਂ ਅਤੇ ਨੌਜਵਾਨਾਂ ਨੂੰ ਸੁਚੇਤ ਕੀਤਾ ਜਾਵੇ।

ਬੱਚਿਆਂ ਲਈ ਸੁਰੱਖਿਅਤ ਵਾਤਾਵਰਣ ਅਤੇ ਉਹਨਾਂ ਦੇ ਸਰਵਪੱਖੀ ਵਿਕਾਸ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਜੋ ਵੀ ਤੱਤ ਬੱਚਿਆਂ ਦੀ ਮਾਨਸਿਕਤਾ ਉੱਤੇ ਮਾੜਾ ਅਸਰ ਪਾਉਂਦੇ ਹਨ, ਉਹਨਾਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਦੋਸ਼ੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਹੋਵੇਗੀ ਅਤੇ ਉਹਨਾਂ ਨੂੰ ਕਾਨੂੰਨੀ ਤੌਰ 'ਤੇ ਉਦਾਹਰਨ ਬਣਾਇਆ ਜਾਵੇਗਾ, ਤਾਂ ਜੋ ਹੋਰ ਕਿਸੇ ਦੀ ਹਿੰਮਤ ਨਾ ਹੋਵੇ ਕਿ ਉਹ ਸੋਸ਼ਲ ਮੀਡੀਆ 'ਤੇ ਅਸ਼ਲੀਲ ਸਮੱਗਰੀ ਪੋਸਟ ਕਰੇ।

ਡਾ. ਬਲਜੀਤ ਕੌਰ ਨੇ ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਕਿ ਸੋਸ਼ਲ ਮੀਡੀਆ ਉੱਤੇ ਅਜਿਹੀ ਸਮੱਗਰੀ ਦੀ ਸਖ਼ਤ ਨਿਗਰਾਨੀ ਕੀਤੀ ਜਾਵੇ ਅਤੇ ਜੋ ਵਿਅਕਤੀ ਅਜਿਹੀ ਸਮੱਗਰੀ ਤਿਆਰ ਜਾਂ ਅਪਲੋਡ ਕਰਦੇ ਹਨ, ਉਨ੍ਹਾਂ ਖ਼ਿਲਾਫ਼ ਬੀ.ਐਨ.ਐਸ. 2023, ਆਈ.ਟੀ. ਐਕਟ 2000 ਅਤੇ ਪੀ.ਓ.ਸੀ.ਸੋ ਐਕਟ 2012 ਅਧੀਨ ਤੁਰੰਤ ਕਾਰਵਾਈ ਕੀਤੀ ਜਾਵੇ।

ਮੰਤਰੀ ਨੇ ਮਾਪਿਆਂ, ਅਧਿਆਪਕਾਂ, ਸਮਾਜਿਕ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਕੋਲ ਅਜਿਹੀ ਸਮੱਗਰੀ ਜਾਂ ਵਿਅਕਤੀਆਂ ਬਾਰੇ ਕੋਈ ਜਾਣਕਾਰੀ ਹੋਵੇ, ਤਾਂ ਬਿਨਾਂ ਦੇਰੀ ਪੁਲਿਸ ਜਾਂ ਬਾਲ ਅਧਿਕਾਰ ਕਮਿਸ਼ਨ ਨੂੰ ਜਾਣੂੰ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਲਈ ਇੱਕ ਸੁਰੱਖਿਅਤ, ਸਿਹਤਮੰਦ ਅਤੇ ਸਕਾਰਾਤਮਕ ਡਿਜ਼ੀਟਲ ਮਾਹੌਲ ਬਣਾਉਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

# ਲੋਕਾਂ ਨੂੰ ਗੁੰਮਰਾਹ ਕਰਨ ਲਈ ਵਿਰੋਧੀ ਧਿਰਾਂ ਕਰ ਰਹੀਆਂ ਨੇ ਮਨਘੜਤ ਬਿਆਨਬਾਜ਼ੀ : ਈ.ਟੀ.ਓ.

ਚੰਡੀਗੜ੍ਹ, 22 ਜੂਨ, (ਚ.ਨ.ਸ.) : ਪੰਜਾਬ ਰਾਜ ਨੂੰ ਵਿਕਸਤ ਕਰਨ ਵਿਚ ਵਿਕਾਸ ਅਥਾਰਟੀਆਂ ਸਬੰਧੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਫ਼ੈਸਲਾ ਅਹਿਮ ਭੂਮਿਕਾ ਨਿਭਾਏਗਾ। ਉਕਤ ਪ੍ਰਗਟਾਵਾ ਇਕ ਪ੍ਰੈੱਸ ਬਿਆਨ ਰਾਹੀਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਇੱਥੇ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਰਾਜ ਦੀਆਂ ਸਾਰੇ ਸਥਾਨਕ ਵਿਕਾਸ ਬੋਰਡਾਂ ਦੇ ਚੇਅਰਮੈਨ ਵਜੋਂ ਮੁੱਖ ਸਕੱਤਰ ਨੂੰ ਨਿਯੁਕਤ ਕਰਨ ਦੇ ਫੈਸਲਾ ਨਾਲ ਸੂਬੇ ਦੇ ਵਿਕਾਸ ਸਬੰਧੀ ਮਾਮਲਿਆਂ ਨੂੰ ਪ੍ਰਵਾਨਗੀ ਮਿਲਣ ਦੀ ਕਾਰਵਾਈ ਵਿਚ ਤੇਜ਼ੀ ਆਵੇਗੀ ਅਤੇ ਆਮ ਲੋਕਾਂ ਨੂੰ ਲਾਭ ਹੋਵੇਗਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਸੂਬੇ ਦੇ ਅਧਿਕਾਰੀਆਂ ਨੇ ਗੁਜਰਾਤ ਸਰਕਾਰ ਵੱਲੋਂ ਅਹਿਮਦਾਬਾਦ ਸ਼ਹਿਰੀ ਵਿਕਾਸ ਅਥਾਰਟੀ, ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਨੋਇਡਾ, ਮੇਰਠ, ਕਾਨਪੁਰ ਅਤੇ ਲਖਨਊ ਵਰਗੀਆਂ ਸ਼ਹਿਰੀ ਯੋਜਨਾਬੰਦੀ ਸੰਸਥਾਵਾਂ ਦੀ ਕਾਰਜਪ੍ਰਣਾਲੀ ਸਬੰਧੀ ਕੀਤੀਆਂ ਗਈ ਤਬਦੀਲੀ ਅਤੇ ਉਨ੍ਹਾਂ ਦੇ ਪ੍ਰਭਾਵਾਂ ਸਬੰਧੀ ਅਧਿਐਨ ਕੀਤਾ ਗਿਆ ਅਤੇ ਇਸ ਮਾਡਲ ਦੇ ਪ੍ਰਭਾਵਾਂ ਨੂੰ ਚੰਗੀ ਤਰ੍ਹਾਂ ਵਾਚਣ ਉਪਰੰਤ ਇਸ ਦੇ ਸਿੱਟਿਆਂ ਸਬੰਧੀ ਸਰਕਾਰ ਨੂੰ ਜਾਣੂ ਕਰਵਾਇਆ ਗਿਆ। ਜਿਸ ਤੋਂ ਬਾਅਦ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ.) ਐਕਟ ਦੀ ਧਾਰਾ 29(3) ਵਿੱਚ ਸੋਧ ਸਬੰਧੀ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਫ਼ੈਸਲੇ ਨਾਲ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ), ਗ੍ਰੇਟਰ ਲੁਧਿਆਣਾ ਡਿਵੈਲਪਮੈਂਟ ਅਥਾਰਟੀ (ਗਲਾਡਾ), ਅਤੇ ਪੰਜਾਬ ਸ਼ਹਿਰੀ ਵਿਕਾਸ ਅਥਾਰਟੀ (ਪੁੱਡਾ) ਵਰਗੀਆਂ ਪ੍ਰਮੁੱਖ ਵਿਕਾਸ ਸੰਸਥਾਵਾਂ ਨਾਲ ਸਬੰਧਤ ਮਾਮਲਿਆਂ ਨੂੰ ਅਧਿਕਾਰੀ ਜਲਦ ਨੇਪਰੇ ਚਾੜ੍ਹਨਗੇ ਜਿਸ ਨਾਲ ਸਿਰਫ ਸੂਬੇ ਦੇ ਲੋਕਾਂ ਨੂੰ ਹੀ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਤਬਦੀਲੀ ਵਿਕਾਸ ਅਥਾਰਟੀਆਂ ਦੀ ਕਾਰਵਾਈ ਨੂੰ ਸੁਚਾਰੂ ਬਣਾਉਣ ਅਤੇ ਸਮੇਂ ਸਿਰ ਫੈਸਲੇ ਲੈਣ ਨੂੰ ਯਕੀਨੀ ਬਣਾਉਣ ਵਿੱਚ ਮੱਦਦ ਕਰੇਗੀ। ਉਨ੍ਹਾਂ ਕਿਹਾ ਕਿ ਸ਼ਕਤੀਆਂ ਦੇ ਵਿਕੇਂਦਰੀਕਰਨ ਦੀ ਦਿਸ਼ਾ ਵਿਚ ਇਕ ਵੱਡਾ ਫੈਸਲਾ ਹੈ।



ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਤੋਂ ਇਲਾਵਾ ਵਿਕਾਸ ਅਥਾਰਟੀਆਂ ਦੀ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਮਾਲ, ਉਦਯੋਗ, ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਹੋਰ ਵਿਭਾਗਾਂ ਨੂੰ ਸ਼ਾਮਲ ਕਰਨ ਦਾ ਫੈਸਲਾ ਵੀ ਅੰਤਰ-ਵਿਭਾਗੀ ਤਾਲਮੇਲ ਨੂੰ ਵਧਾਉਣ ਵਿਚ ਮਦਦਗਾਰ ਸਾਬਤ ਹੋਵੇਗਾ।

ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਸੂਬੇ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਇਸ ਮਾਮਲੇ ਸਬੰਧੀ ਮਨਘੜਤ ਬਿਆਨਬਾਜ਼ੀ ਕਰ ਰਹੀਆਂ ਹਨ।

# ਅਰਦਾਸ ਦੌਰਾਨ ਸਿਆਸੀ ਅਪੀਲਾਂ ਕਰ ਕੇ ਕੀਤੀ ਘੋਰ ਬੇਅਦਬੀ ਦੀ ਦਿੱਲੀ ਕਮੇਟੀ ਤਖ਼ਤਾਂ ਦੇ ਜਥੇਦਾਰਾਂ ਨੂੰ ਸ਼ਿਕਾਇਤ ਕਰੇਗੀ

ਨਵੀਂ ਦਿੱਲੀ, 22 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਅਕਾਲੀ ਆਗੂ ਪਰਮਜੀਤ ਸਿੰਘ ਸਰਨਾ ਵੱਲੋਂ ਅੱਜ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਨਿਸ਼ਾਨ ਸਾਹਿਬ ਦੇ ਨੇੜੇ ਕੀਤੀ ਅਰਦਾਸ ਦੌਰਾਨ ਸਿਆਸੀ ਅਪੀਲਾਂ ਕਰ ਕੇ ਅਰਦਾਸ ਦੀ ਘੋਰ ਬੇਅਦਬੀ ਕੀਤੇ ਜਾਣ ਦੀ ਸ਼ਿਕਾਇਤ ਤਖ਼ਤਾਂ ਦੇ ਜਥੇਦਾਰਾਂ ਨੂੰ ਕਰਕੇ ਪਰਮਜੀਤ ਸਿੰਘ ਸਰਨਾ ਤੇ ਉਹਨਾਂ ਦੇ ਸਾਥੀਆਂ ਖਿਲਾਫ ਕਾਰਵਾਈ ਦੀ ਮੰਗ ਕਰੇਗੀ।

ਅੱਜ ਇੱਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਅੱਜ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਨਿਸ਼ਾਨ ਸਾਹਿਬ ਦੇ ਕੋਲ ਕੀਤੀ ਗਈ ਅਰਦਾਸ ਕੈਮਰਿਆਂ ਅੱਗੇ ਖਲੋਕੇ ਅਜੀਬ ਢੰਗ ਨਾਲ ਕਰਕੇ ਨਵੀਂ ਮਰਿਆਦਾ ਸਥਾਪਿਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਉਹਨਾਂ ਕਿਹਾ ਕਿ ਪਹਿਲੀ ਵਾਰ ਇਹ ਵੇਖਣ ਨੂੰ ਮਿਲਿਆ ਹੈ ਕਿ ਅਰਦਾਸ ਵਿਚ ਨਿਰੋਲ ਸਿਆਸੀ ਤਕਰੀਰ ਕੀਤੀ ਗਈ ਤੇ ਸਿਆਸੀ ਤਾਕਤ ਮੰਗਣ ਵਾਸਤੇ ਗੁਰੂ ਸਾਹਿਬ ਦੇ ਨਾਂ ਦੀ ਦੁਰਵਰਤੋਂ ਕੀਤੀ ਗਈ। ਉਹਨਾਂ ਕਿਹਾ ਕਿ ਇਸ ਵਤੀਰੇ ਤੋਂ ਅਜਿਹਾ ਜਾਪਦਾ ਸੀ ਕਿ ਉਹ ਅਰਦਾਸ ਕਰਨ ਦੀ ਥਾਂ ਚੈਨਲਾਂ ਨੂੰ ਬਾਈਟ ਦੇਣ ਜਾ ਕਿਸੇ ਰੈਲੀ ਨੂੰ ਸੰਬੋਧਨ ਲਈ ਯਤਨਸ਼ੀਲ ਹਨ। ਕਿਉਂਕਿ ਹਰ ਸਿੱਖ ਭਲੀ ਭਾਂਤ ਜਾਣੂੰ ਹੈ ਕਿ ਅਰਦਾਸ ਇਕਾਗਰ ਚਿੱਤ ਹੋ ਕੇ ਕੀਤੀ ਜਾਂਦੀ ਹੈ। ਅੱਜ ਇੱਥੇ ਜਾਰੀ ਕੀਤੇ ਬਿਆਨ ਵਿਚ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਅਰਦਾਸ ਵੇਲੇ ਸਰਦਾਰ ਪਰਮਜੀਤ ਸਿੰਘ ਸਰਨਾ ਕਦੇ ਖੱਬੇ ਤੇ ਕਦੇ ਸੱਜੇ ਵੇਖਦੇ ਰਹੇ। ਉਹਨਾਂ ਕਿਹਾ ਕਿ ਇਹ ਵੀ ਇਕ ਇਤਿਹਾਸਕ ਸੱਚਾਈ ਹੈ ਕਿ ਜਦੋਂ 2022 ਵਿੱਚ ਮੌਜੂਦਾ ਟੀਮ ਦੀ ਚੋਣ ਹੋ ਰਹੀ ਸੀ ਤਾਂ ਉਸ ਵੇਲੇ ਸਾਡੇ 30 ਮੈਂਬਰ ਤੇ ਸਰਨਾ ਟੀਮ ਦੇ 21 ਮੈਂਬਰ ਮੌਕੇ 'ਤੇ ਮੌਜੂਦ ਸਨ ਪਰ ਦੋਵੇਂ ਸਰਨਾ ਭਰਾਵਾਂ ਨੇ ਬੈਲਟ ਬਕਸੇ ਨੂੰ ਜੱਫਾ ਮਾਰਿਆ ਹੋਇਆ ਸੀ। ਉਹਨਾਂ ਕਿਹਾ ਕਿ ਲੋਕਤੰਤਰ ਮੁਤਾਬਕ ਜਿਸਦੇ ਮੈਂਬਰ ਜ਼ਿਆਦਾ ਹਨ, ਟੀਮ ਉਸਦੀ ਬਣਦੀ ਹੈ, ਪਰ ਪਤਾ ਨਹੀਂ ਸਰਨਾ ਭਰਾ ਕਿਸ ਆਸ ਵਿਚ ਸਨ, ਕੀ ਉਹ ਸਮਝਦੇ ਸਨ ਕਿ ਉਹ ਮੈਂਬਰਾਂ ਨੂੰ ਪਸੇ ਲੈ ਕੇ ਵੋਟਾਂ ਪਾ ਦੇਣਗੇ ?

ਉਹਨਾਂ ਕਿਹਾ ਕਿ ਇਸੇ ਤਰੀਕੇ ਉਹਨਾਂ ਦੀ ਟੀਮ ਦੇ ਇਕ ਤੋਂ ਬਾਅਦ ਇਕ ਮੈਂਬਰ ਜਿਨ੍ਹਾਂ ਦਾ ਜ਼ਮੀਰ ਜਿੰਦਾ ਹੈ ਉਨ੍ਹਾਂ ਨੇ ਸਰਨੇ ਭਰਾਵਾਂ ਦੀ ਮੰਦੀ ਸ਼ਬਦਾਵਲੀ, ਹਰ ਵੇਲੇ ਨਾਕਰਾਤਮਕ ਪ੍ਰਚਾਰ ਤੋਂ ਤੰਗ ਆ ਕੇ ਉਨ੍ਹਾਂ ਦਾ ਸਾਥ ਛੱਡ ਕੇ ਮੌਜੂਦਾ ਟੀਮ ਨਾਲ ਆ ਗਏ ਹਨ। ਕਿਉਂਕਿ ਉਹਨਾਂ ਨੇ ਵੇਖ ਲਿਆ ਹੈ ਕਿ ਇਕ ਪਾਸੇ ਸਰਨਾ ਭਰਾ ਹਨ ਜੋ ਹਮੇਸ਼ਾ ਮੰਦੀ ਭਾਸ਼ਾ ਵਰਤਦੇ ਹਨ ਤੇ ਸਿਵਾਏ ਨਿੰਦਾ ਕਰਨ ਦੇ ਕੋਈ ਹੋਰ ਕੰਮ ਨਹੀਂ ਕਰਦੇ, ਜਦੋਂ ਕਿ ਦੂਜੇ ਪਾਸੇ ਕਮੇਟੀ ਦੀ ਮੌਜੂਦਾ ਟੀਮ ਹੈ ਜੋ ਹਰ ਵੇਲੇ ਸੰਗਤ ਦੇ ਸਹਿਯੋਗ ਨਾਲ ਲੋਕਾਂ ਦੀ ਸੇਵਾ ਵਿਚ ਵਿਸ਼ਵਾਸ ਰੱਖਦੀ ਹੈ।

ਉਹਨਾਂ ਕਿਹਾ ਕਿ ਇਹ ਸਭ ਅਟੱਲ ਸੱਚਾਈਆਂ ਹਨ ਤੇ ਸਰਨਾ ਭਰਾਵਾਂ ਨੂੰ ਇਸ ਸੱਚਾਈ ਬਾਰੇ ਆਪਣਾ ਮੂੰਹ ਖੋਲ੍ਹਣਾ ਪਵੇਗਾ। ਉਹਨਾਂ ਕਿਹਾ ਕਿ ਸਮੁੱਚੀ ਸੰਗਤ ਚਾਹੁੰਦੀ ਹੈ ਕਿ ਗੁਰੂ ਘਰਾਂ ਦਾ ਪ੍ਰਬੰਧ ਸੁਚੱਜਾ ਹੋਵੇ, ਸਿਹਤ ਤੇ ਸਿੱਖਿਆ ਦੀਆਂ ਮਿਆਰੀ ਸਹੂਲਤਾਂ ਮਿਲਣ, ਪਰ ਸਰਨਾ ਭਰਾਵਾਂ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਬਲਕਿ ਅੱਜ ਉਹਨਾਂ ਨੇ ਬਾਲਾ ਪ੍ਰੀਤਮ ਦੇ ਅਸਥਾਨ 'ਤੇ ਅੱਜ ਜੋ ਕੀਤਾ, ਉਸਨੂੰ ਵੇਖ ਕੇ ਸੰਗਤ ਹੈਰਾਨ ਹੈ।

# ਪਾਕਿਸਤਾਨ ਆਈ.ਐਸ.ਆਈ. ਨੂੰ ਫ਼ੌਜ ਨਾਲ ਸਬੰਧਤ ਸੰਵੇਦਨਸ਼ੀਲ ਡੇਟਾ ਲੀਕ ਕਰਨ ਲਈ ਇੱਕ ਫ਼ੌਜੀ ਜਵਾਨ ਤੇ ਉਸਦਾ ਸਾਥੀ ਗ੍ਰਿਫ਼ਤਾਰ

## ਆਈ.ਐਸ.ਆਈ. ਹੈਂਡਲਰ ਰਾਣਾ ਜਾਵੇਦ ਦੇ ਸਿੱਧੇ ਸੰਪਰਕ ਵਿੱਚ ਸੀ ਜੰਮੂ ਵਿੱਚ ਤਾਇਨਾਤ ਫ਼ੌਜੀ; ਪੈੱਨ ਡਰਾਈਵ ਰਾਹੀਂ ਭੇਜਦਾ ਸੀ ਖੁਫ਼ੀਆ ਜਾਣਕਾਰੀ : ਡੀ.ਜੀ.ਪੀ.



ਅੰਮ੍ਰਿਤਸਰ, 22 ਜੂਨ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਜਾਸੂਸੀ-ਵਿਰੋਧੀ ਕਾਰਵਾਈ ਕਰਦਿਆਂ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਭਾਰਤੀ ਫ਼ੌਜ ਦੇ ਇੱਕ ਜਵਾਨ ਅਤੇ ਉਸਦੇ ਸਹਿਯੋਗੀ ਨੂੰ ਫੌਜ ਨਾਲ ਸਬੰਧਤ ਸੰਵੇਦਨਸ਼ੀਲ ਡੇਟਾ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐਸ.ਆਈ.) ਨੂੰ ਲੀਕ ਕਰਨ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਐਤਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ਼ ਗੋਪੀ ਫੌਜੀ ਵਾਸੀ ਧਾਰੀਵਾਲ, ਅੰਮ੍ਰਿਤਸਰ, ਜੋ ਮੌਜੂਦਾ ਸਮੇਂ ਭਾਰਤੀ ਫੌਜ ਦੇ ਜਵਾਨ ਵਜੋਂ ਜੰਮੂ ਵਿਖੇ ਤਾਇਨਾਤ ਹੈ ਅਤੇ ਉਸਦੇ ਸਾਥੀ ਸਾਹਿਲ ਮਸੀਹ ਉਰਫ਼ ਸ਼ਾਲੀ, ਜੋ ਕਿ ਅੰਮ੍ਰਿਤਸਰ ਦੇ ਧਾਰੀਵਾਲ ਦਾ ਰਹਿਣ ਵਾਲਾ ਹੈ, ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਗੁਰਪ੍ਰੀਤ ਸਿੰਘ ਪਾਕਿਸਤਾਨੀ ਆਈ.ਐਸ.ਆਈ. ਦੇ ਕਾਰਕੁੰਨਾਂ ਨਾਲ ਸਿੱਧੇ ਸੰਪਰਕ ਵਿੱਚ ਸੀ ਅਤੇ ਇਹ ਸ਼ੱਕ ਹੈ ਕਿ ਉਹ ਪੈੱਨ ਡਰਾਈਵ ਰਾਹੀਂ ਸੰਵੇਦਨਸ਼ੀਲ ਅਤੇ ਖੁਫ਼ੀਆ ਜਾਣਕਾਰੀ ਸਾਂਝੀ ਕਰਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿੱਚ ਸ਼ਾਮਲ ਮੁੱਖ ਆਈ.ਐਸ.ਆਈ. ਹੈਂਡਲਰ ਦੀ ਪਛਾਣ ਰਾਣਾ ਜਾਵੇਦ ਵਜੋਂ ਹੋਈ ਹੈ।

ਡੀਜੀਪੀ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਵਰਚੁਅਲ ਨੰਬਰਾਂ ਵਾਲੇ ਦੋ ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ, ਜਿਨ੍ਹਾਂ ਦੀ ਵਰਤੋਂ ਕਥਿਤ ਤੌਰ 'ਤੇ ਆਈਐਸਆਈ ਦੇ ਕਾਰਕੁੰਨਾਂ ਨਾਲ ਗੱਲਬਾਤ ਕਰਨ ਲਈ ਕੀਤੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਜਾਸੂਸੀ-ਦਹਿਸ਼ਤਗਰਦੀ ਦੇ ਵਿਆਪਕ ਨੈੱਟਵਰਕ ਨੂੰ ਜੜ੍ਹੋਂ ਤਬਾਹ ਕਰਨ ਅਤੇ ਇਸ ਮਾਮਲੇ ਵਿੱਚ ਸਾਰੇ ਸਹਿਯੋਗੀਆਂ ਦੀ ਪਛਾਣ ਕਰਨ ਵਾਸਤੇ ਹੋਰ ਜਾਂਚ ਕੀਤੀ ਜਾ ਰਹੀ ਹੈ।

ਹੋਰ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸ.ਐਸ.ਪੀ.) ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਨੇ ਕਿਹਾ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਉਰਫ਼ ਗੋਪੀ ਫੌਜੀ 2016 ਵਿੱਚ ਫੌਜ ਵਿੱਚ ਭਰਤੀ ਹੋਇਆ ਸੀ ਅਤੇ ਇਹ ਖ਼ਦਸ਼ਾ ਹੈ ਕਿ ਉਸਨੇ ਆਪਣੇ ਆਹੁਦੇ ਦੀ ਦੁਰਵਰਤੋਂ ਕਰਦਿਆਂ ਪੈਨ ਡਰਾਈਵ ਅਤੇ ਡਿਸਕਾਂ ਰਾਹੀਂ ਫੌਜ ਦੀ ਖੁਫ਼ੀਆ ਜਾਣਕਾਰੀ ਜੁਟਾਈ ਅਤੇ ਪਾਕਿਸਤਾਨ ਆਈਐਸਆਈ ਨੂੰ ਲੀਕ ਕੀਤੀ।

ਉਨ੍ਹਾਂ ਕਿਹਾ ਕਿ ਜਾਸੂਸੀ ਨੈੱਟਵਰਕ ਨੂੰ ਕਥਿਤ ਤੌਰ 'ਤੇ ਧਾਰੀਵਾਲ ਦੇ ਇੱਕ ਦੁਬਈ-ਅਧਾਰਤ ਨਸ਼ਾ ਤਸਕਰ, ਅਰਜਨ ਨੇ ਪੰਜ ਮਹੀਨੇ ਪਹਿਲਾਂ ਗੁਰਪ੍ਰੀਤ ਨੂੰ ਆਈਐਸਆਈ ਦੇ ਕਾਰਕੁਨਾਂ ਨਾਲ ਰੂਬਰੂ ਕਰਵਾਇਆ ਸੀ। ਉਨ੍ਹਾਂ ਦੱਸਿਆ ਕਿ ਕਿ ਉਸ ਸਮੇਂ ਤੋਂ, ਗੁਰਪ੍ਰੀਤ ਪਹਿਲਾਂ ਤੋਂ ਨਿਰਧਾਰਤ ਡਰਾਪ ਥਾਵਾਂ ਦੀ ਵਰਤੋਂ ਕਰਕੇ ਆਈਐਸਆਈ ਨੂੰ ਫੌਜ ਦਾ ਸੰਵੇਦਨਸ਼ੀਲ ਡੇਟਾ ਸਰਗਰਮੀ ਨਾਲ ਭੇਜਣ ਕਰਨ ਵਿੱਚ ਜੁਟਿਆ ਸੀ।

ਐਸਐਸਪੀ ਨੇ ਕਿਹਾ ਕਿ ਇਸ ਜਾਸੂਸੀ ਗਤੀਵਿਧੀ ਨੂੰ ਅੰਜਾਮ ਦੇਣ ਬਦਲੇ, ਦੋਸ਼ੀ ਗੁਰਪ੍ਰੀਤ ਨੂੰ ਬੜੇ ਗੁੰਝਲਦਾਰ ਨੈੱਟਵਰਕ ਰਾਹੀਂ ਇਵਜ਼ਾਨਾ ਮਿਲ ਰਿਹਾ ਸੀ, ਜਿਸ ਵਿੱਚ ਦੋਸਤਾਂ, ਰਿਸ਼ਤੇਦਾਰਾਂ ਅਤੇ ਵਿਦੇਸ਼ੀ ਸਹਿਯੋਗੀਆਂ ਦੇ ਬੈਂਕ ਖਾਤਿਆਂ ਨੂੰ ਵਰਤਿਆ ਜਾਂਦਾ ਸੀ ਤਾਂ ਜੋ ਇਸ ਗਤੀਵਿਧੀ ਦਾ ਕਿਸੇ ਨੂੰ ਨਾ ਪਤਾ ਲੱਗੇ। ਖੁਫੀਆ ਇਤਲਾਹ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਗੁਰਪ੍ਰੀਤ ਅਤੇ ਉਸਦੇ ਸਾਥੀ ਸਾਹਿਲ ਮਸੀਹ ਨੂੰ ਉਦੋਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਹ ਹੋਰ ਸੰਵੇਦਨਸ਼ੀਲ ਡੇਟਾ ਲੀਕ ਕਰਨ ਦੀ ਤਾਕ ਵਿੱਚ ਸਨ।

ਉਨ੍ਹਾਂ ਕਿਹਾ ਕਿ ਵਿਆਪਕ ਗਠਜੋੜ ਦਾ ਪਰਦਾਫਾਸ਼ ਕਰਨ ਅਤੇ ਹੋਰ ਸਾਜ਼ਿਸ਼ਕਾਰਾਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।

ਇਸ ਸਬੰਧੀ ਅੰਮ੍ਰਿਤਸਰ ਦਿਹਾਤੀ ਦੇ ਪੁਲਿਸ ਸਟੇਸ਼ਨ ਲੋਪੋਕੇ ਵਿਖੇ 21.06.2025 ਨੂੰ ਆਫੀਸ਼ੀਅਲ ਸੀਕਰਟ ਐਕਟ ਦੀ ਧਾਰਾ 3, 5, ਅਤੇ 9 ਅਤੇ ਬੀਐਨਐਸ ਦੀ ਧਾਰਾ 3(5) ਦੇ ਤਹਿਤ ਐਫਆਈਆਰ ਨੰਬਰ 140 ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਈਰਾਨ ਦਾ ਪਲਟਵਾਰ ! ਕੂਟਨੀਤੀ ਖ਼ਤਮ, ਹਰ ਪੱਧਰ 'ਤੇ ਦਿੱਤਾ ਜਾਵੇਗਾ ਅਮਰੀਕੀ ਹਮਲੇ ਦਾ ਜਵਾਬ



ਤੇਹਰਾਨ, 22 ਜੂਨ, (ਚ.ਨ.ਸ.) : ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਅਮਰੀਕਾ ਵੱਲੋਂ ਈਰਾਨ ਦੇ ਪ੍ਰਮਾਣੂ ਸਥਾਨਾਂ 'ਤੇ ਕੀਤੇ ਗਏ ਹਮਲਿਆਂ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਅਮਰੀਕਾ ਨੂੰ 'ਪੂਰੀ ਤਰ੍ਹਾਂ ਜ਼ਿੰਮੇਵਾਰ' ਠਹਿਰਾਉਂਦੇ ਹੋਏ ਉਨ੍ਹਾਂ ਕਿਹਾ ਕਿ ਹੁਣ ਕੋਈ ਕੂਟਨੀਤਕ ਵਿਕਲਪ ਨਹੀਂ ਬਚਿਆ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਈਰਾਨ ਵੱਲੋਂ ਕੋਈ ਬਦਲਾ ਲਿਆ ਜਾਂਦਾ ਹੈ, ਤਾਂ ਦੋਸ਼ ਵਾਸ਼ਿੰਗਟਨ 'ਤੇ ਹੋਵੇਗਾ।

ਅਰਾਘਚੀ ਦੀ ਸਖ਼ਤ ਚੇਤਾਵਨੀ: ਤੁਰਕੀ ਦੇ ਇਸਤਾਂਬੁਲ ਸ਼ਹਿਰ ਵਿੱਚ ਮੀਡੀਆ ਨਾਲ ਗੱਲ ਕਰਦੇ ਹੋਏ ਅਰਾਘਚੀ ਨੇ ਕਿਹਾ, ਅਮਰੀਕਾ ਨੇ ਸਾਰੀਆਂ ਲਕਸ਼ਮਣ ਰੇਖਾਵਾਂ ਪਾਰ ਕਰ ਲਈਆਂ ਹਨ। ਪ੍ਰਮਾਣੂ ਸਥਾਨਾਂ 'ਤੇ ਹਮਲਾ ਕਰਕੇ, ਉਨ੍ਹਾਂ ਨੇ ਆਖਰੀ ਅਤੇ ਸਭ ਤੋਂ ਖਤਰਨਾਕ ਰੇਖਾ ਪਾਰ ਕਰ ਲਈ ਹੈ। ਅਰਾਘਚੀ ਦੇ ਅਨੁਸਾਰ, ਹੁਣ ਜਦੋਂ ਵਾਸ਼ਿੰਗਟਨ ਨੇ ਈਰਾਨ ਦੇ ਪ੍ਰਮਾਣੂ ਬੁਨਿਆਦੀ ਢਾਂਚੇ 'ਤੇ ਸਿੱਧਾ ਹਮਲਾ ਕਰ ਦਿੱਤਾ ਹੈ ਤਾਂ ਈਰਾਨ ਕੋਲ ਆਪਣਾ ਬਚਾਅ ਕਰਨ ਤੋਂ ਇਲਾਵਾ ਕੋਈ ਹੋਰ ਵਿਕਲਪ ਨਹੀਂ ਬਚਿਆ ਹੈ।

ਕੂਟਨੀਤੀ ਦਾ ਦਰਵਾਜ਼ਾ ਬੰਦ ਹੋ ਗਿਆ। ਈਰਾਨੀ ਵਿਦੇਸ਼ ਮੰਤਰੀ ਨੇ ਮੰਨਿਆ ਕਿ ਆਮ ਤੌਰ 'ਤੇ ਕੂਟਨੀਤੀ ਦੇ ਦਰਵਾਜ਼ੇ ਖੁੱਲ੍ਹੇ ਰਹਿਣੇ ਚਾਹੀਦੇ ਹਨ, ਪਰ ਮੌਜੂਦਾ ਸਥਿਤੀ ਵਿੱਚ ਉਹ ਦਰਵਾਜ਼ਾ ਵੀ ਬੰਦ ਹੋ ਗਿਆ ਹੈ। ਉਨ੍ਹਾਂ ਕਿਹਾ, ਇਸ ਅਮਰੀਕੀ ਪ੍ਰਸ਼ਾਸਨ ਨੂੰ ਆਪਣੀ ਜੰਗਬਾਜ਼ੀ ਅਤੇ ਅਰਾਜਕਤਾ ਦੇ ਖ਼ਤਰਨਾਕ ਅਤੇ ਦੂਰਗਾਮੀ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ।

ਅਰਾਘਚੀ ਪੁਤਿਨ ਨਾਲ ਮੁਲਾਕਾਤ ਕਰਨਗੇ : ਅਰਾਘਚੀ ਨੇ ਇਹ ਵੀ ਕਿਹਾ ਕਿ ਉਹ ਐਤਵਾਰ ਸ਼ਾਮ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਮਿਲਣ ਲਈ ਮਾਸਕੋ ਰਵਾਨਾ ਹੋਣਗੇ। ਮੰਨਿਆ ਜਾ ਰਿਹਾ ਹੈ ਕਿ ਦੋਵੇਂ ਨੇਤਾ ਇਸ ਗੰਭੀਰ ਸਥਿਤੀ 'ਤੇ ਚਰਚਾ ਕਰਨਗੇ ਅਤੇ ਸੰਭਾਵਿਤ ਫੌਜੀ ਅਤੇ ਰਣਨੀਤਕ ਸਹਿਯੋਗ ਬਾਰੇ ਫੈਸਲਾ ਲੈ ਸਕਦੇ ਹਨ।

# ਸਰਨਾ ਨੂੰ ਝਟਕਾ, ਦਿੱਲੀ ਗੁਰਦੁਆਰਾ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਜੱਗਾ ਸਾਥੀਆਂ ਸਮੇਤ ਅਕਾਲੀ ਦਲ ਦਿੱਲੀ ਸਟੇਟ 'ਚ ਹੋਏ ਸ਼ਾਮਲ

## ਬੀਬੀ ਹਰਜਿੰਦਰ ਕੌਰ ਜੱਗਾ ਨੂੰ ਪਾਰਟੀ ਤੇ ਕਮੇਟੀ 'ਚ ਪੂਰਨ ਮਾਣ ਸਤਿਕਾਰ ਦਿੱਤਾ ਜਾਵੇਗਾ : ਕਾਲਕਾ, ਕਾਹਲੋਂ



ਨਵੀਂ ਦਿੱਲੀ, 22 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਦੀ ਸਿੱਖ ਸਿਆਸਤ ਵਿਚ ਪਰਮਜੀਤ ਸਿੰਘ ਸਰਨਾ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਵਾਰਡ ਨੰਬਰ 45 ਖੁਰੇਜੀ ਖਾਸ ਤੋਂ ਉਹਨਾਂ ਦੇ ਕਰੀਬੀ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਸਰਦਾਰਨੀ ਹਰਜਿੰਦਰ ਕੌਰ ਜੱਗਾ ਤੇ ਮਰਹੂਮ ਸਰਦਾਰ ਜਗਤਾਰ ਸਿੰਘ ਜੱਗਾ ਦੇ ਭਰਾ ਸਰਦਾਰ ਸਤਨਾਮ ਸਿੰਘ ਆਪਣੇ ਸੈਂਕੜੇ ਸਾਥੀਆਂ ਸਮੇਤ ਕਮੇਟੀ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਹਾਜ਼ਰੀ ਵਿਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿਚ ਸ਼ਾਮਲ ਹੋ ਗਏ। ਉਹਨਾਂ ਦੇ ਅਕਾਲੀ ਦਲ ਦਿੱਲੀ ਸਟੇਟ ਵਿਚ ਸ਼ਾਮਲ ਹੋਣ ਨਾਲ ਯਮੁਨਾ ਪਾਰ ਇਲਾਕੇ ਵਿਚ ਪਰਮਜੀਤ ਸਿੰਘ ਸਰਨਾ ਦੀ ਟੀਮ ਦਾ ਮੁਕੰਮਲ ਸਫਾਇਆ ਹੋ ਗਿਆ ਹੈ। ਉਹ ਇਕਲੌਤੇ ਮੈਂਬਰ ਸਨ ਜੋ ਸਰਨਾ ਗਰੁੱਪ ਦੇ ਨਾਲ ਸਨ। ਕਿਉਂਕਿ ਬਾਕੀ ਮੈਂਬਰ ਪਹਿਲਾਂ ਹੀ ਉਸਦਾ ਸਾਥ ਛੱਡ ਗਏ ਹਨ ਤੇ ਹੁਣ ਬੀਬੀ ਹਰਜਿੰਦਰ ਕੌਰ ਜੱਗਾ ਨੇ ਵੀ ਉਹਨਾਂ ਦਾ ਸਾਥ ਛੱਡ ਗਏ ਹਨ।

ਉਹਨਾਂ ਨੂੰ ਪਾਰਟੀ ਵਿਚ ਸ਼ਾਮਲ ਹੋਣ 'ਤੇ ਜੀ ਆਇਆਂ ਕਹਿੰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਪਰਮਜੀਤ ਸਿੰਘ ਸਰਨਾ ਨੇ ਪਿਛਲੇ ਲੰਬੇ ਸਮੇਂ ਤੋਂ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਨੂੰ ਮੰਦਾ ਚੰਗਾ ਬੋਲਿਆ ਤੇ ਉਹਨਾਂ ਤੋਂ ਸਿੱਖ ਮੁੱਦਿਆਂ ਤੋਂ ਜਵਾਬ ਤਲਬੀ ਕੀਤੀ, ਪਰ ਜਦੋਂ ਉਹ ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਹਾਰ ਗਏ ਤਾਂ ਉਹਨਾਂ ਨੇ ਪੰਜਾਬ ਦੀ ਉਸੇ ਲੀਡਰਸ਼ਿਪ ਨਾਲ ਹੱਥ ਮਿਲਾ ਲਏ ਜਿਸਨੂੰ ਮੰਦਾ ਚੰਗਾ ਬੋਲਦੇ ਸਨ।

ਉਹਨਾਂ ਕਿਹਾ ਕਿ ਮਰਹੂਮ ਸਰਦਾਰ ਜਗਤਾਰ ਸਿੰਘ ਜੱਗਾ ਨੇ ਪੰਥ ਪ੍ਰਤੀ ਬਹੁਤ ਲਾਮਿਸਾਲ ਸੇਵਾਵਾਂ ਕੀਤੀਆਂ ਸਨ। ਦਿੱਲੀ ਦੀ ਸੰਗਤ ਨੇ ਉਹਨਾਂ ਦੀ ਸੇਵਾ ਦਾ ਖਿਆਲ ਰੱਖਦਿਆਂ ਹੀ ਬੀਬੀ ਹਰਜਿੰਦਰ ਕੌਰ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਸੀ। ਉਹਨਾਂ ਕਿਹਾ ਕਿ ਹੁਣ ਬੀਬੀ ਹਰਜਿੰਦਰ ਕੌਰ ਤੇ ਉਹਨਾਂ ਦੇ ਭਰਾ ਸਰਦਾਰ ਸਤਨਾਮ ਮਿਲ ਕੇ ਸੰਗਤਾਂ ਦੀ ਸੇਵਾ ਕਰ ਰਹੇ ਹਨ।

ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਆਖਿਆ ਕਿ ਦਿੱਲੀ ਦੀ ਸੰਗਤ ਵੱਲੋਂ ਦਿੱਤੀ ਸੇਵਾ ਝੋਲੀ ਪਾਉਣ ਮਗਰੋਂ ਕਮੇਟੀ ਦੀ ਮੌਜੂਦਾ ਟੀਮ ਨੇ ਨਾ ਸਿਰਫ ਗੁਰਦੁਆਰਾ ਪ੍ਰਬੰਧਨ ਦੀ ਮੁੱਢਲੀ ਜ਼ਿੰਮੇਵਾਰੀ ਵਿਚ ਵੱਡਾ ਸੁਧਾਰ ਲਿਆਉਂਦਾ ਹੈ, ਬਲਕਿ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਸੰਗਤਾਂ ਵਾਸਤੇ ਲਾਮਿਸਾਲ ਸੇਵਾਵਾਂ ਸ਼ੁਰੂ ਕੀਤੀਆਂ ਹਨ। ਜਿੱਥੇ ਪਹਿਲਾਂ ਐਮ ਆਰ ਆਈ/ਸੀ ਟੀ ਸਕੈਨ ਸਿਰਫ 50 ਰੁਪਏ ਵਿਚ ਹੋ ਰਹੇ ਸਨ, ਮੁਫਤ ਡਾਇਲਸਿਸ ਦੀ ਸੇਵਾ ਚਲ ਰਹੀ ਸੀ, ਹੁਣ ਪੈਟ ਸਕੈਨ ਦੀ ਸਹੂਲਤ ਬਜ਼ਾਰ ਦੇ ਮੁਕਾਬਲੇ ਨਿਗੂਣੀਆਂ ਦਰਾਂ 'ਤੇ ਕੀਤੇ ਜਾ ਰਹੇ ਹਨ ਅਤੇ ਬਾਲਾ ਸਾਹਿਬ ਹਸਪਤਾਲ ਵਿਚ 50 ਬੈੱਡਾਂ ਦਾ ਹਸਪਤਾਲ ਸ਼ੁਰੂ ਹੋ ਗਿਆ ਹੈ, ਜਿੱਥੇ ਅਤਿ ਆਧੁਨਿਕ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਤੇ ਲੋੜਵੰਦਾਂ ਵਾਸਤੇ ਓ ਪੀ ਡੀ ਸੇਵਾਵਾਂ ਮੁਫਤ ਹਨ।

ਉਹਨਾਂ ਕਿਹਾ ਕਿ ਇਸ ਸੇਵਾ ਨੂੰ ਵੇਖਦਿਆਂ ਹੀ ਅੱਜ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਦੇ ਸਾਥੀ ਉਹਨਾਂ ਨੂੰ ਛੱਡ ਕੇ ਤਕਰੀਬਨ ਸਾਰੇ ਹੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿਚ ਸ਼ਾਮਲ ਹੋ ਗਏ ਹਨ।

ਉਹਨਾਂ ਕਿਹਾ ਕਿ ਬੀਬੀ ਹਰਜਿੰਦਰ ਕੌਰ ਨੂੰ ਜਲਦੀ ਹੀ ਪਾਰਟੀ ਤੇ ਕਮੇਟੀ ਵਿਚ ਵੱਡੀ ਜ਼ਿੰਮੇਵਾਰੀ ਦਿੱਤੀ ਜਾਵੇਗੀ।

ਇਸ ਮੌਕੇ ਦਿੱਤੇ ਮਾਣ ਸਤਿਕਾਰ ਲਈ ਬੀਬੀ ਹਰਜਿੰਦਰ ਕੌਰ ਨੇ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਵੀ ਮੌਜੂਦਾ ਟੀਮ ਦੀ ਸੇਵਾ ਤੋਂ ਪ੍ਰਭਾਵਤ ਹੋ ਕੇ ਪਾਰਟੀ ਵਿਚ ਸ਼ਾਮਲ ਹੋਏ ਹਨ ਤੇ ਭਰੋਸਾ ਦੁਆਉਂਦੇ ਹਨ ਕਿ ਜੋ ਵੀ ਜ਼ਿੰਮੇਵਾਰੀ ਉਹਨਾਂ ਨੂੰ ਸੌਂਪੀ ਜਾਵੇਗੀ, ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਪਾਠਕ ਆਪਣੇ ਹਾਕਰ ਤੋਂ
ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਮੀਂਹ ਨੇ ਦਿੱਲੀ ਦਾ ਏਅਰਪੋਰਟ ਕੀਤਾ ਪਾਣੀ-ਪਾਣੀ, ਕਰੋੜਾਂ ਦੀ ਲਾਗਤ ਨਾਲ ਕੀਤਾ ਗਿਆ ਸੀ ਤਿਆਰ



ਨਵੀਂ ਦਿੱਲੀ, 22 ਜੂਨ, (ਚ.ਨ.ਸ.) : ਦਿੱਲੀ ਦੇ ਏਅਰਪੋਰਟ 'ਚ ਇੱਕ ਨਵਾਂ ਟਰਮੀਨਲ ਦੇ ਹਾਲ ਹੀ ਵਿੱਚ ਬਹੁਤ ਧੂਮਧਾਮ ਨਾਲ ਉਦਘਾਟਨ ਕੀਤੇ ਗਏ ਬੁਨਿਆਦੀ ਢਾਂਚੇ ਦੀ ਇੱਕ ਹੈਰਾਨ ਕਰਨ ਵਾਲੀ ਅਸਫਲਤਾ ਵਿੱਚ, ਕੁਝ ਕੁ ਬਾਰਿਸ਼ਾਂ ਤੋਂ ਬਾਅਦ ਹੀ ਲੀਕ ਹੋਣਾ ਸ਼ੁਰੂ ਹੋ ਗਿਆ ਹੈ। ਯਾਤਰੀਆਂ ਨੇ ਛੱਤਾਂ ਵਿੱਚੋਂ ਪਾਣੀ ਵਗਣ ਦੀ ਰਿਪੋਰਟ ਦਿੱਤੀ, ਜਿਸ ਨਾਲ ਇੱਕ ਅਜਿਹੀ ਸਹੂਲਤ ਵਿੱਚ ਖਤਰਨਾਕ ਹਾਲਾਤ ਪੈਦਾ ਹੋ ਗਏ, ਜਿਸ ਨੂੰ ਵਿਸ਼ਵ ਪੱਧਰੀ ਕਿਹਾ ਜਾਂਦਾ ਸੀ। ਜਨਤਕ ਸੁਰੱਖਿਆ ਲਈ ਇਸ ਸਪੱਸ਼ਟ ਅਣਦੇਖੀ ਅਤੇ ਟੈਕਸਦਾਤਾਵਾਂ ਦੇ ਪੈਸੇ ਦੀ ਦੁਰਵਰਤੋਂ ਨੇ ਦੇਸ਼ ਭਰ ਵਿੱਚ ਰੋਸ ਪੈਦਾ ਕਰ ਦਿੱਤਾ ਹੈ। ਨਾਗਰਿਕ ਸਪੱਸ਼ਟ ਨਜ਼ਰ ਵਿੱਚ ਭ੍ਰਿਸ਼ਟਾਚਾਰ ਵਜੋਂ ਲੇਬਲ ਕੀਤੇ ਜਾਣ ਵਾਲੇ ਜਵਾਬਦੇਹੀ ਦੀ ਮੰਗ ਕਰ ਰਹੇ ਹਨ। ਪਹਿਲੀ ਬਾਰਿਸ਼ ਵਿੱਚ ਇੱਕ ਨਵਾਂ ਟਰਮੀਨਲ ਕਿਵੇਂ ਢਹਿ ਸਕਦਾ ਹੈ ? ਕਰੋੜਾਂ ਰੁਪਏ ਕਿੱਥੇ ਗਏ ? ਇਸ ਪ੍ਰੋਜੈਕਟ 'ਤੇ ਕਿਸਨੇ ਦਸਤਖਤ ਕੀਤੇ ? ਕੀ ਇਹ ਭਖਦੇ ਸਵਾਲ ਉਠਾਏ ਜਾ ਰਹੇ ਹਨ। ਮਾਹਿਰ ਠੇਕੇਦਾਰਾਂ, ਆਰਕੀਟੈਕਟਾਂ ਅਤੇ ਅਧਿਕਾਰੀਆਂ ਦੀ ਸੁਤੰਤਰ ਜਾਂਚ ਦੀ ਮੰਗ ਕਰ ਰਹੇ ਹਨ। ਹਵਾਈ ਅੱਡਾ ਅਥਾਰਟੀ ਅਤੇ ਸਿਵਲ ਏਵੀਏਸ਼ਨ ਮੰਤਰਾਲਾ ਹੁਣ ਤੱਕ ਚੁੱਪ ਰਿਹਾ ਹੈ, ਜਿਸ ਨਾਲ ਜਨਤਕ ਗੁੱਸੇ ਨੂੰ ਹੋਰ ਵੀ ਵਧਾਇਆ ਜਾ ਰਿਹਾ ਹੈ। ਇਹ ਸਿਰਫ਼ ਇੱਕ ਨਿਰਮਾਣ ਨੁਕਸ ਨਹੀਂ ਹੈ – ਇਹ ਜਨਤਕ ਵਿਸ਼ਵਾਸ ਨਾਲ ਧੋਖਾ ਹੈ। ਜੇਕਰ ਹੁਣ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ, ਤਾਂ ਅਸੀਂ ਆਪਣੇ ਦੇਸ਼ ਵਿੱਚ ਸੁਰੱਖਿਆ, ਗੁਣਵੱਤਾ ਅਤੇ ਸ਼ਾਸਨ ਬਾਰੇ ਕੀ ਸੁਨੇਹਾ ਦੇ ਰਹੇ ਹਾਂ ?

# ਤਕਨੀਕੀ ਸਮੱਸਿਆ ਕਾਰਨ ਚੰਡੀਗੜ੍ਹ ਤੋਂ ਲਖਨਊ ਜਾਣ ਵਾਲੀ ਇੰਡੀਗੋ ਦੀ ਉਡਾਣ ਰੱਦ

## 177 ਯਾਤਰੀਆਂ ਨੂੰ ਜਹਾਜ਼ ਵਿੱਚੋਂ ਉਤਾਰਿਆ




ਨਵੀਂ ਦਿੱਲੀ, 22 ਜੂਨ (ਚ.ਨ.ਸ.) ਚੰਡੀਗੜ੍ਹ ਦੇ ਹਵਾਈ ਅੱਡੇ 'ਤੇ ਇੰਡੀਗੋ ਦੇ ਹਵਾਈ ਜਹਾਜ਼ ਵਿਚ ਤਕਨੀਕੀ ਖਰਾਬੀ ਆਉਣ ਤੋਂ ਬਾਅਦ ਚੰਡੀਗੜ੍ਹ ਤੋਂ ਲਖਨਊ ਜਾਣ ਵਾਲੀ ਇੰਡੀਗੋ ਦੀ ਉਡਾਣ ਨੂੰ ਅੱਜ ਰੱਦ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਇੰਡੀਗੋ ਦੀ ਫਲਾਈਟ 65 146 ਨੇ ਚੰਡੀਗੜ੍ਹ ਤੋਂ ਰਵਾਨਾ ਹੋਣਾ ਸੀ, ਪਰ ਤਕਨੀਕੀ ਸਮੱਸਿਆ ਆਉਣ ਕਾਰਨ ਇਹਤਿਆਤ ਵਜੋਂ ਜਹਾਜ਼ 'ਚ ਸਵਾਰ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਉਤਾਰ ਲਿਆ ਗਿਆ। ਇਹ ਉਡਾਣ ਉਸ ਵੇਲੇ ਰੱਦ ਕੀਤੀ ਗਈ, ਜਦੋਂ ਜਹਾਜ਼ ਵਿਚ 177 ਯਾਤਰੀ ਸਵਾਰ ਹੋ ਚੁੱਕੇ ਸਨ। ਉਸ ਵੇਲੇ ਪਾਇਲਟ ਨੇ ਦੇਖਿਆ ਕਿ ਉਡਾਣ ਵਿਚ ਤਕਨੀਕੀ ਸਮੱਸਿਆ ਹੈ ਜਿਸ ਕਾਰਨ ਉਨ੍ਹਾਂ ਉਡਾਣ ਨੂੰ ਰੱਦ ਕਰਨ ਦਾ ਫੈਸਲਾ ਕੀਤਾ। ਜ਼ਿਕਰਯੋਗ ਹੈ ਕਿ ਇਸ ਮਹੀਨੇ ਵਿਚ ਇੰਡੀਗੋ ਦੀ ਚੌਥੀ ਉਡਾਣ ਵਿਚ ਤਕਨੀਕੀ ਸਮੱਸਿਆ ਆਈ ਹੈ।

# ਲੀਡਜ਼ ਟੈਸਟ: ਇੰਗਲੈਂਡ ਪਹਿਲੀ ਵਾਰੀ 'ਚ 465 ਦੌੜਾਂ 'ਤੇ ਆਲਆਊਟ

## ਬੁਮਰਾਹ ਨੇ 14ਵੀਂ ਵਾਰ ਪੰਜ ਵਿਕਟਾਂ ਹਾਸਲ ਕੀਤੀਆਂ; ਭਾਰਤ ਨੂੰ 6 ਦੌੜਾਂ ਦੀ ਲੀਡ



ਲੀਡਜ਼, 22 ਜੂਨ, (ਚ.ਨ.ਸ.) : ਇੱਥੇ ਭਾਰਤ ਤੇ ਇੰਗਲੈਂਡ ਖ਼ਿਲਾਫ਼ ਖੇਡੇ ਜਾ ਰਹੇ ਟੈਸਟ ਮੈਚ ਵਿੱਚ ਅੱਜ ਇੰਗਲੈਂਡ ਦੀ ਟੀਮ 465 ਦੌੜਾਂ 'ਤੇ ਆਲ ਆਊਟ ਹੋ ਗਈ। ਇਸ ਨਾਲ ਭਾਰਤ ਨੂੰ ਪਹਿਲੀ ਪਾਰੀ ਵਿਚ ਛੇ ਦੌੜਾਂ ਦੀ ਲੀਡ ਮਿਲ ਗਈ ਹੈ। ਭਾਰਤੀ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੇ ਸ਼ਾਨਦਾਰ ਗੇਂਦਬਾਜ਼ੀ ਕੀਤੀ ਤੇ 14ਵੀਂ ਵਾਰ ਪੰਜ ਵਿਕਟਾਂ ਹਾਸਲ ਕੀਤੀਆਂ। ਭਾਰਤ ਨੇ ਪਹਿਲੀ ਪਾਰੀ ਵਿਚ 471 ਦੌੜਾਂ ਬਣਾਈਆਂ ਸਨ। ਇਸ ਤੋਂ ਪਹਿਲਾਂ ਇੰਗਲੈਂਡ ਨੇ ਤੀਜੇ ਦਿਨ ਤਿੰਨ ਵਿਕਟਾਂ ਦੇ ਨੁਕਸਾਨ ਨਾਲ 209 ਦੌੜਾਂ ਤੋਂ ਅੱਗੇ ਖੇਡਣਾ ਸ਼ੁਰੂ ਕੀਤਾ। ਇਸ ਤੋਂ ਬਾਅਦ ਓਲੀ ਪੋਪ 106, ਹੈਰੀ 99 ਤੇ ਬੇਨ ਡਕੇਟ 62 ਦੌੜਾਂ ਬਣਾ ਕੇ ਆਊਟ ਹੋਏ। ਇਸ ਤੋਂ ਇਲਾਵਾ ਜੈਮੀ ਸਮਿੱਥ ਨੇ 40 ਤੇ ਕ੍ਰਿਸ ਵੋਕਸ ਨੇ 38 ਦੌੜਾਂ ਬਣਾਈਆਂ। ਜਸਪ੍ਰੀਤ ਨੇ ਪੰਜ, ਪ੍ਰਸਿੱਧ ਕ੍ਰਿਸ਼ਨਾ ਨੇ ਤਿੰਨ ਤੇ ਮੁਹੰਮਦ ਸਿਰਾਜ ਨੇ ਦੋ ਵਿਕਟਾਂ ਹਾਸਲ ਕੀਤੀਆਂ।

# ਨੰਗਲ ਦੇ ਨੇੜੇ ਪਿੰਡ ਬ੍ਰਹਮੋਤੀ ਵਿਖੇ ਦੋ ਨੌਜਵਾਨਾਂ ਦੀ ਡੁੱਬਣ ਕਾਰਨ ਮੌਤ

ਨੰਗਲ, 22 ਜੂਨ, (ਚ.ਨ.ਸ.) : ਨੰਗਲ ਦੇ ਨਜ਼ਦੀਕੀ ਪਿੰਡ ਬ੍ਰਹਮੋਤੀ ਵਿਖੇ ਦੇਰ ਸ਼ਾਮ ਦੋ ਨੌਜਵਾਨ ਦੇ ਡੁੱਬਣ ਦੀ ਖਬਰ ਸਨਸਨੀ ਵਾਂਗ ਫੈਲ ਗਈ, ਜਦੋਂ ਦੋ ਨੌਜਵਾਨ ਜਿਨ੍ਹਾਂ ਦੀ ਉਮਰ ਕਰੀਬ 20 ਸਾਲ ਦੇ ਕਰੀਬ ਸੀ ਬਰਮੋਤੀ ਮੰਦਰ ਵਿੱਚ ਮੱਥਾ ਟੇਕ ਕੇ ਬਣੀ ਗੋਬਿੰਦ ਸਾਗਰ ਝੀਲ ਦੇ 'ਚ ਇਸ਼ਨਾਨ ਕਰਨ ਲਈ ਗਏ ਤਾਂ ਪਾਣੀ ਡੂੰਘਾ ਹੋਣ ਕਾਰਨ ਉਨ੍ਹਾਂ ਦੀ ਮੌਕੇ 'ਤੇ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਵਾਸੀ ਸ਼ਾਮ ਸਿੰਘ ਨੇ ਦੱਸਿਆ ਕਿ ਅਸੀਂ ਆਰਤੀ ਦੇ ਲਈ ਮੰਦਰ ਦੇ ਮਹਾਤਮਾ ਜੀ ਕੋਲ ਬੈਠੇ ਹੋਏ ਸੀ ਕਿ ਇੱਕ ਵਿਅਕਤੀ ਨੇ ਸਾਨੂੰ ਇੱਕਦਮ ਦੱਸਿਆ ਕਿ ਇੱਕ ਨੌਜਵਾਨ ਝੀਲ ਦੇ ਵਿੱਚ ਡੁੱਬ ਰਿਹਾ ਹੈ ਤੇ ਜਦੋਂ ਅਸੀਂ ਜਾ ਕੇ ਦੇਖਿਆ ਤਾਂ ਡੁੱਬ ਰਹੇ ਵਿਅਕਤੀ ਨੂੰ ਜਦੋਂ ਇੱਕ ਉਸਦਾ ਸਾਥੀ ਹੱਥ ਫੜ ਕੇ ਬਾਹਰ ਕੱਢਣ ਦੀ ਕੋਸ਼ਿਸ਼ ਕਰਦਾ ਸੀ ਤਾਂ ਕੋਸ਼ਿਸ਼ ਕਰਨ ਵਾਲਾ ਵੀ ਨਾਲ ਡੁੱਬ ਗਿਆ। ਇਸ ਦੌਰਾਨ ਇਕ ਵਿਅਕਤੀ ਦੀ ਕੰਡੀਸ਼ਨ ਜ਼ਿਆਦਾ ਖਰਾਬ ਹੋ ਗਈ ਤੇ ਦੂਜਾ ਡੁੱਬਿਆ ਹੋਇਆ ਨੌਜਵਾਨ ਜੋ ਕਿ ਮਹਿਤਪੁਰ ਦਾ ਸੀ ਉਸ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਦੂਜੇ ਲਾਪਤਾ ਦੀ ਭਾਲ ਅਜੇ ਜਾਰੀ ਹੈ।

## ਸੰਪਾਦਕੀ

# ਪਾਣੀ ਦਾ ਨਿੱਘਰਦਾ ਪੱਧਰ ਚਿੰਤਾਜਨਕ

ਪੰਜਾਬ ਜਿਸਨੂੰ ਪੰਜ ਦਰਿਆਵਾਂ ਦੀ ਧਰਤੀ ਸਮਝਿਆ ਜਾਂਦਾ ਹੈ। ਅੱਜ ਦੇ ਦੌਰ ਵਿਚ ਪਾਣੀ ਦੇ ਖ਼ੌਫ਼ਨਾਕ ਪੱਧਰ ਦਾ ਸਾਹਮਣਾ ਕਰ ਰਿਹਾ ਹੈ। ਪਹਿਲੀ ਗੱਲ ਤਾਂ ਇਹ ਕਿ ਹੁਣ ਇਹ ਪੰਜਾਂ ਦਰਿਆਵਾਂ ਦੀ ਧਰਤੀ ਨਹੀਂ ਰਿਹਾ। ਦੇਸ਼ ਦੀ ਵੰਡ ਮੌਕੇ ਦਰਿਆ ਵੀ ਦੋ ਹਿੱਸਿਆਂ ਵਿਚ ਵੰਡੇ ਗਏ। ਅੱਧਾ ਹਿੱਸਾ ਪਾਕਿਸਤਾਨ ਅਤੇ ਅੱਧਾ ਹਿੱਸਾ ਹਿੰਦੁਸਤਾਨ ਵਾਲੇ ਪਾਸੇ ਵੰਡਿਆ ਗਿਆ। ਦੇਸ਼ ਦੀ ਵੰਡ ਹੋਈ ਤਾਂ ਮੁਲਕ ਅੰਨ ਦੀ ਭਾਰੀ ਕਿੱਲਤ ਦਾ ਸ਼ਿਕਾਰ ਸੀ ਅਤੇ ਉਸਨੂੰ ਅੰਨ ਦੀ ਪੂਰਤੀ ਲਈ ਹੋਰਨਾਂ ਮੁਲਕਾਂ ਉਪਰ ਨਿਰਭਰ ਹੋਣਾ ਪੈ ਰਿਹਾ ਸੀ। ਉਹ ਮੁਲਕ ਆਪਣੀ ਕ੍ਰੰਸੀ ਦੇ ਹਿਸਾਬ ਨਾਲ ਅਤਿ ਨੀਵੇਂ ਦਰਜੇ ਦੀ ਕੁਆਲਟੀ ਹਿੰਦੁਸਤਾਨ ਨੂੰ ਮੁਹੱਈਆ ਕਰਵਾਉਂਦੇ ਸਨ। ਫਿਰ ਦੇਸ਼ ਨੇ ਅੰਨ ਖੇਤਰ ਵਿਚ ਆਤਮ ਨਿਰਭਰ ਹੋਣ ਲਈ ਹਰੀ ਕ੍ਰਾਂਤੀ ਦਾ ਨਾਅਰਾ ਦਿੱਤਾ ਅਤੇ ਇਸ ਨੂੰ ਸਭ ਤੋਂ ਵੱਧ ਗੰਭੀਰਤਾ ਨਾਲ ਪੰਜਾਬ ਦੇ ਕਿਸਾਨਾਂ ਨੇ ਲਿਆ। ਬਦਲੇ ਵਿਚ ਸਰਕਾਰ ਨੇ ਸਸਤੇ ਕਰਜ਼ੇ, ਆਧੁਨਿਕ ਮਸ਼ੀਨਰੀ, ਬੀਜਾਂ ਅਤੇ ਕੀਟਨਾਸ਼ਕ ਮੁਹੱਈਆ ਕਰਵਾਉਣੇ ਸ਼ੁਰੂ ਕੀਤੇ। ਪੰਜਾਬੀ ਕਿਸਾਨਾਂ ਨੇ ਧੜਾਧੜ ਲੋਨ ਲੈ ਕੇ ਆਪਣਾ ਝਾੜ ਵਧਾਉਣ ਦਾ ਰਾਹ ਚੁਣਿਆ ਤੇ ਨਤੀਜਨ ਦੇਸ਼ ਅੰਨ ਦੇ ਖੇਤਰ ਵਿਚ ਆਤਮ ਨਿਰਭਰ ਹੋ ਗਿਆ। ਜੈ ਜਵਾਨ ਜੈ ਕਿਸਾਨ ਦਾ ਨਾਅਰਾ ਵੀ ਉਸ ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਦਿੱਤਾ। ਪਰ ਸਮਾਂ ਪਾ ਕੇ ਮੁਲਕ ਭਾਵੇਂ ਅੰਨ ਦੇ ਖੇਤਰ ਵਿਚ ਆਤਮ ਨਿਰਭਰ ਹੋ ਗਿਆ ਪਰ ਪੰਜਾਬ ਦੇ ਕਿਸਾਨਾਂ ਨੂੰ ਇਸਦਾ ਮਹਿੰਗਾ ਮੁੱਲ ਤਾਰਨਾ ਪਿਆ ਅਤੇ ਅੱਜ ਵੀ ਤਾਰ ਰਹੇ ਹਨ। ਜਦੋਂ ਦੇਸੀ ਨਰਮੇ ਨੂੰ ਅਮਰੀਕਨ ਸੁੰਡੀ ਨੇ ਤਬਾਹ ਕਰ ਦਿੱਤਾ ਤਾਂ ਮਾਲਵੇ ਦੇ ਕਿਸਾਨਾਂ ਨੂੰ ਮਜਬੂਰਨ ਝੋਨੇ ਦੀ ਫਸਲ ਵੱਲ ਪਰਤਣਾ ਪਿਆ। ਝੋਨੇ ਦੀ ਖਪਤ ਪੰਜਾਬ ਵਿਚ ਨਾਂ ਮਾਤਰ ਹੈ ਅਤੇ ਚਾਵਲ ਪੰਜਾਬੀਆਂ ਦੀ ਖੁਰਾਕ ਦਾ ਹਿੱਸਾ ਨਹੀਂ ਹੈ। ਪਰ ਝੋਨੇ 'ਤੇ ਐਮ.ਐਸ.ਪੀ ਹੋਣ ਕਾਰਨ ਪੰਜਾਬੀ ਕਿਸਾਨ ਇਸਦੀ ਕਾਸ਼ਤ ਕਰਦੇ ਹਨ। ਕਿਉਂਕਿ ਝੋਨੇ ਨੂੰ ਪਾਣੀ ਦੀ ਬੇਹੱਦ ਲੋੜ ਹੁੰਦੀ ਹੈ ਤੇ ਹਰ ਸਾਲ ਪੰਜਾਬ ਅੰਦਰ ਪਾਣੀ ਦਾ ਪੱਧਰ ਗਰਕਦਾ ਚਲਾ ਗਿਆ। ਝੋਨੇ ਵਾਲੇ ਖੇਤ ਬਣਾਉਣ ਲਈ ਰੁੱਖਾਂ ਦੀ ਬੇਕਦਰੀ ਨਾਲ ਕਟਾਈ ਕੀਤੀ ਗਈ। ਨਤੀਜਾ ਇਹ ਨਿਕਲਿਆ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤਕ ਨੀਵਾਂ ਹੋ ਗਿਆ ਹੈ। ਪਹਿਲਾਂ ਪਟੇ ਵਾਲੀਆਂ ਮੋਟਰਾਂ, ਫਿਰ ਪੱਖੇ ਵਾਲੀਆਂ ਤੇ ਹੁਣ ਮੱਛੀ ਮੋਟਰਾਂ ਵੀ ਪਾਣੀ ਕੱਢਣ ਲਈ ਇੱਕ ਦੋ ਸਾਲ ਹੋਰ ਕੰਮ ਕਰਨਗੀਆਂ। ਭਾਵੇਂ ਹੁਣ ਕਿਸਾਨ ਇਸ ਨੂੰ ਗੰਭੀਰਤਾ ਨਾਲ ਲੈਣ ਲੱਗ ਰਹੇ ਹਨ ਤੇ ਪੂਸਾ-44 ਜਿਹੀਆਂ ਲੰਮੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਤੋਂ ਤੌਬਾ ਕਰ ਚੁੱਕੇ ਹਨ ਪਰ ਹਾਲੇ ਵੀ ਇਸ ਖੇਤਰ ਵਿਚ ਹੋਰ ਵਧੇਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਖੇਤੀ ਵਿਭਾਗ ਅਤੇ ਸਰਕਾਰੀ ਪੱਧਰ ਦੀਆਂ ਕਾਰਵਾਈਆਂ ਮਹਿਜ਼ ਗੱਗਲੂਆਂ ਤੋਂ ਮਿੱਟੀ ਝਾੜਨ ਦੇ ਤੁਲ ਹਨ। ਜੇਕਰ ਸਰਕਾਰ ਅਤੇ ਖੇਤੀ ਵਿਭਾਗ ਗੰਭੀਰਤਾ ਨਾਲ ਇਸ ਮਸਲੇ ਨੂੰ ਵਿਚਾਰੇ ਤਾਂ ਕਿਸਾਨਾਂ ਦਾ ਝੋਨੇ ਤੋਂ ਛੁਟਕਾਰਾ ਸੰਭਵ ਹੈ। ਕੁਝ ਕਿਸਾਨਾਂ ਨੇ ਕੱਦੂ ਕਰਨ ਦੀ ਬਜਾਏ ਝੋਨੇ ਦੀ ਸਿੱਧੀ ਬਿਜਾਈ ਕਰਨੀ ਸ਼ੁਰੂ ਕੀਤੀ ਹੈ। ਦੇਰ ਨਾਲ ਬੀਜੀਆਂ ਅਤੇ ਜਲਦੀ ਪੱਕਣ ਵਾਲੀਆਂ ਕਿਸਮਾਂ ਵੀ ਲਗਾਉਣੀਆਂ ਸ਼ੁਰੂ ਕੀਤੀਆਂ ਹਨ ਪਰ ਹਾਲੇ ਇਸ ਖੇਤਰ ਵਿਚ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਸੱਚਾਈ ਤਾਂ ਇਹ ਹੈ ਕਿ ਸਰਕਾਰਾਂ ਦੀ ਬੇਪ੍ਰਵਾਹੀ ਕਾਰਨ ਕਿਸਾਨ ਛੋਲੇ, ਕਮਾਦ, ਮਸਰ ਅਤੇ ਹੋਰਨਾਂ ਪ੍ਰਚੱਲਿਤ ਫਸਲਾਂ ਤੋਂ ਦੂਰ ਹੋ ਗਏ। ਸੱਚਾਈ ਇਹ ਵੀ ਹੈ ਕਿ ਨੇੜ ਭਵਿੱਖ ਵਿਚ ਪੰਜਾਬੀ ਕਿਸਾਨ ਨੂੰ ਫਿਰ ਤੋਂ ਇਨ੍ਹਾਂ ਫ਼ਸਲਾਂ ਵੱਲ ਪਰਤਣਾ ਹੀ ਪਵੇਗਾ। ਸਾਡੀ ਜਾਚੇ ਸਰਕਾਰ ਅਤੇ ਖੇਤੀ ਯੂਨੀਵਰਸਿਟੀ ਦੇ ਮਾਹਰਾਂ ਨੂੰ ਕਿਸਾਨ ਭਰਾਵਾਂ ਨੂੰ ਝੋਨੇ ਦੀ ਫਸਲ ਦੀ ਬਜਾਏ ਹੋਰਨਾਂ ਫ਼ਸਲਾਂ ਵੱਲ ਆਕਰਸ਼ਤ ਕਰਨ ਲਈ ਵਿਸ਼ੇਸ਼ ਤਵੱਜੋ ਦੇਣੀ ਚਾਹੀਦੀ ਹੈ। ਬਦਲਵੀਆਂ ਫ਼ਸਲਾਂ ਉਪਰ ਐਮ.ਐਸ.ਪੀ. ਅਤੇ ਉਨ੍ਹਾਂ ਦੇ ਢੁੱਕਵੇਂ ਮੰਡੀਕਰਨ ਦੀ ਵਿਵਸਥਾ ਵੀ ਯਕੀਨੀ ਬਣਾਉਣੀ ਚਾਹੀਦੀ ਹੈ। ਤਾਂ ਹੀ ਕਿਸਾਨ ਝੋਨੇ ਦੀ ਫ਼ਸਲ ਦਾ ਤਿਆਗ ਕਰਨਗੇ ਅਤੇ ਪੰਜਾਬ ਵੀ ਬੰਜਰ ਹੋਣ ਤੋਂ ਬਚ ਸਕੇਗਾ।

-ਜਗਜੀਤ ਸਿੰਘ ਦਰਦੀ

# ਅਮਰੀਕਾ ਵੱਲੋਂ ਈਰਾਨ ਦੇ ਐਟਮੀ ਸਥਾਨਾਂ 'ਤੇ ਹਮਲਾ

## ☛ ਮੱਧ-ਪੂਰਬ ਵਿੱਚ ਨਵੀਂ ਜੰਗ ਦੀ ਸ਼ੁਰੂਆਤ
## ☛ ਹੁਣ ਸ਼ਾਂਤੀ :ਟਰੰਪ, ਇਸ ਦੀ ਸਜ਼ਾ ਦੇਵਾਂਗੇ: ਖ਼ਾਮਨੇਈ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ



ਆਖ਼ਰਕਾਰ ਅਮਰੀਕਾ, ਈਰਾਨ ਇਜ਼ਰਾਈਲ ਦੇ ਇਸ ਖਾੜੀ ਯੁੱਧ ਵਿੱਚ ਕੁੱਦ ਗਿਆ ਹੈ, ਉਸਨੇ ਅਚਾਨਕ ਈਰਾਨ 'ਤੇ ਹਮਲਾ ਕਰ ਦਿੱਤਾ ਹੈ ਅਤੇ ਪਰਮਾਣੂ ਥਾਵਾਂ 'ਤੇ ਹਮਲਾ ਕਰਕੇ ਉਸ ਨੂੰ ਤਬਾਹ ਕਰਨ ਦਾ ਦਾਅਵਾ ਕੀਤਾ ਹੈ।

ਅਮਰੀਕਾ ਵੱਲੋਂ ਇਹ ਹਮਲਾ 21-22 ਜੂਨ ਦੀ ਰਾਤ ਇਰਾਨ ਦੇ ਤਿੰਨ ਮੁੱਖ ਐਟਮੀ ਸਥਾਨਾਂ 'ਤੇ ਕੀਤੇ ਹਮਲੇ ਮੱਧ-ਪੂਰਬ ਨੂੰ ਇਕ ਨਵੇਂ ਸੰਘਰਸ਼ ਵਿੱਚ ਧੱਕ ਸਕਦੇ ਹਨ। Fordow, Natanz ਅਤੇ Isfahan ਸਥਿਤ ਨਿਊਕਲੀਅਰ ਢਾਂਚਿਆਂ 'ਤੇ 2-2 ਬੰਬਰ ਜਹਾਜ਼ਾਂ, GBU-EG ਬੰਕਰ ਬਸਟਰ ਬੰਬਾਂ ਅਤੇ Tomahawk ਮਿਸਾਈਲਾਂ ਰਾਹੀਂ ਹਮਲੇ ਕੀਤੇ ਗਏ ਹਨ।

ਇਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਕਿ ਇਹ ਹਮਲੇ ਈਰਾਨ ਦੇ ਨਿਊਕਲੀਅਰ ਖ਼ਤਰੇ ਨੂੰ ਸਦੀ ਦਾ ਸਭ ਤੋਂ ਵੱਡਾ ਜਵਾਬ ਹਨ। ਟਰੰਪ ਨੇ ਕਿਹਾ ਕਿ Fordow ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ ਅਤੇ ਬਾਕੀ ਦੋ ਢਾਂਚੇ ਵੀ ਅਣਉਪਯੋਗੇ ਹੋ ਗਏ ਹਨ।

**ਈਰਾਨ ਤੇ ਅਮਰੀਕਾ ਦਾ ਹਮਲਾ:** ਖਾੜੀ ਯੁੱਧ ਦੀਆਂ ਅਗਲੀਆਂ ਸੰਭਾਵਨਾਵਾਂ ਅੱਜ ਮੱਧ-ਪੂਰਬ ਇੱਕ ਵਾਰ ਫ਼ਿਰ ਖਤਰਨਾਕ ਚੌਰਾਹੇ 'ਤੇ ਖੜਾ ਹੈ। 21 ਜੂਨ 2025 ਦੀ ਰਾਤ ਨੂੰ ਅਮਰੀਕਾ ਨੇ ਈਰਾਨ ਦੇ ਕੁੱਝ ਮੁੱਖ ਐਟਮੀ ਠਿਕਾਣਿਆਂ 'ਤੇ ਹਮਲਾ ਕਰ ਦਿੱਤਾ। ਇਹ ਹਮਲਾ ਈਰਾਨ ਵੱਲੋਂ ਇਜ਼ਰਾਈਲ ਵਿਰੁੱਧ ਕਈ ਹਫ਼ਤਿਆਂ ਤੋਂ ਚੱਲ ਰਹੀ ਡ੍ਰੋਨ ਅਤੇ ਮਿਜ਼ਾਈਲ ਕਾਰਵਾਈ ਦੇ ਬਾਅਦ ਹੋਇਆ ਹੈ।

ਅਮਰੀਕਾ ਨੇ ਇਲਜ਼ਾਮ ਲਾਇਆ ਹੈ ਕਿ ਈਰਾਨ ਨੇ ਇਜ਼ਰਾਈਲ ਦੇ ਸੈਨਾ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ। ਉਧਰ ਈਰਾਨ ਨੇ ਦਾਅਵਾ ਕੀਤਾ ਹੈ ਕਿ ਉਹ ਸਿਰਫ਼ ਇਜ਼ਰਾਈਲ ਦੀ ਅੱਗੇ ਵਧਦੀ ਸੈਨਿਕ ਕਾਰਵਾਈ ਦਾ ਜਵਾਬ ਦੇ ਰਹੇ ਹਨ।

ਇਸ ਹਮਲੇ ਦੀ ਵਿਸਥਾਰ ਵਿੱਚ ਪੈਂਟਾਗਨ ਮੁਤਾਬਕ, ਅਮਰੀਕੀ ਜੈਟਾਂ ਨੇ ਈਰਾਨ ਦੇ ਨਤਾਂਜ਼ ਅਤੇ ਫੋਰਦੋ ਅਣੂ ਊਰਜਾ ਸੈਂਟਰਾਂ ਤੇ ਟੋਮਾਹੌਕ ਅਤੇ ਜੇਡੀਏਐਮ ਮਿਸਾਈਲਾਂ ਨਾਲ ਹਮਲੇ ਕੀਤੇ। ਈਰਾਨੀ ਮੀਡੀਆ ਨੇ ਦੱਸਿਆ ਕਿ ਇਨ੍ਹਾਂ ਹਮਲਿਆਂ ਵਿੱਚ ਕਈ ਵਿਗਿਆਨੀ ਅਤੇ ਸੁਰੱਖਿਆ ਕਰਮਚਾਰੀ ਹਲਾਕ ਹੋਏ ਹਨ।

ਉਧਰ ਈਰਾਨ ਨੇ ਫੌਜੀ ਜਵਾਬ ਵਿੱਚ ਖੁਲ੍ਹੇ ਤੌਰ 'ਤੇ ਐਲਾਨ ਕੀਤਾ ਕਿ ਇਹ ਹਮਲੇ ਯੁੱਧ ਦਾ ਐਲਾਨ ਹਨ। ਇਸ ਨਾਲ ਖਾੜੀ ਯੁੱਧ ਦੀ ਚਿੰਤਾ ਹੋਰ ਵੱਧ ਗਈ ਹੈ। ਸਾਊਦੀ ਅਰਬ, ਯੂਏਈ, ਕਤਰ, ਅਤੇ ਓਮਾਨ ਵਰਗੇ ਖਾੜੀ ਦੇ ਦੇਸ਼ ਅੱਜ ਤੱਕ ਚੁੱਪ ਹਨ ਪਰ ਉਨ੍ਹਾਂ ਦੀਆਂ ਤੇਲ ਲਾਈਨਾਂ ਤੇ ਸੁਰੱਖਿਆ ਨੂੰ ਲੈ ਕੇ ਚਿੰਤਾ ਵੱਧ ਗਈ ਹੈ।

ਅੱਜ ਯੂਐਨ ਸੁਰੱਖਿਆ ਕੌਂਸਲ ਨੇ ਵੀ ਆਪਣੀ ਹੰਗਾਮੀ ਬੈਠਕ ਬੁਲਾਈ ਹੈ। ਰੂਸ ਅਤੇ ਚੀਨ ਨੇ ਅਮਰੀਕਾ ਦੀ ਨਿੰਦਿਆ ਕੀਤੀ ਹੈ ਅਤੇ ਬਿਨਾਂ ਯੂਐਨ ਮਨਜ਼ੂਰੀ ਦੇ ਹਮਲਾ ਕਰਨਾ ਅੰਤਰਰਾਸ਼ਟਰੀ ਕਾਨੂੰਨ ਦਾ ਉਲੰਘਣ ਦੱਸਿਆ ਹੈ।

ਭਵਿੱਖ ਦੀ ਸੰਭਾਵਨਾ ਅਨੁਸਾਰ ਇੱਕ ਨਵਾਂ ਖਾੜੀ ਯੁੱਧ ਸ਼ੁਰੂ ਹੋ ਗਿਆ ਹੈ। ਇਸ ਹਮਲੇ ਦੇ ਬਾਅਦ ਇਹ ਸੰਭਾਵਨਾ ਕਾਫੀ ਵੱਧ ਗਈ ਹੈ ਕਿ ਖਾੜੀ ਖੇਤਰ ਇੱਕ ਨਵੇਂ ਯੁੱਧ ਦੀ ਪਕੜ ਵਿੱਚ ਆ ਸਕਦਾ ਹੈ।

ਇਥੇ ਮਹੱਤਵਪੂਰਣ ਸਵਾਲ ਇਹ ਹੈ ਕਿ ਈਰਾਨ ਕਿਵੇਂ ਜਵਾਬ ਦੇਵੇਗਾ।

ਈਰਾਨ ਨੇ ਹੁਣ ਤੱਕ ਜੋ ਬਿਆਨ ਦਿੱਤੇ ਹਨ ਅਤੇ ਲੈਬਨਾਨ, ਸੀਰੀਆ ਅਤੇ ਈਰਾਕ 'ਚ ਆਪਣੇ ਮਿਲੀਸ਼ੀਆ ਗਠਜੋੜਾਂ ਨੂੰ ਤੈਅ ਕਰ ਲਿਆ ਹੈ।

**ਉਧਰ ਅਮਰੀਕਾ ਦਾ ਅਗਲਾ ਕਦਮ ਕੀ ਹੋਵੇਗਾ?**

ਅਮਰੀਕਾ ਨੇ ਆਪਣੀ ਹਮਲਾਵਰ ਸੈਨਾ ਨੂੰ ਖਾੜੀ ਵਿੱਚ ਵਧਾ ਦਿੱਤਾ ਹੈ। ਯੁੱਧ ਜਹਾਜ਼, ਜਹਾਜ਼ ਰਾਹੀਂ ਰੋਕਟ ਲਾਂਚਰ ਅਤੇ ਸਪੈਸ਼ਲ ਫੋਰਸ ਦੀ ਤੈਨਾਤੀ ਹੋ ਰਹੀ ਹੈ। ਪਰ ਇਜ਼ਰਾਈਲ ਦੀ ਭੂਮਿਕਾ ਵਿਚ ਇਜ਼ਰਾਈਲ ਇਸ ਸੰਘਰਸ਼ ਦੇ ਕੇਂਦਰ ਵਿੱਚ ਹੈ ਅਤੇ ਹੋ ਸਕਦਾ ਹੈ ਕਿ ਇਹ ਹਮਲਾ ਇਜ਼ਰਾਈਲ ਦੇ ਦਬਾਅ ਕਾਰਨ ਹੋਇਆ ਹੋਵੇ।

ਸਮੁੱਚੇ ਘਟਨਾ ਚੱਕਰ ਦੀ ਸਥਿਤੀ 'ਤੇ ਵਿਚਾਰ ਕਰਦਿਆਂ ਹੋਇਆਂ ਭਾਰਤ ਨੂੰ ਵੀ ਹੁਣ ਸੋਚਣਾ ਹੋਵੇਗਾ ਕਿ ਭਾਰਤ 'ਤੇ ਕਿੰਨਾ ਹੋਵੇਗਾ। ਭਾਰਤ ਦੀ ਜ਼ਰੂਰਤ ਅਨੁਸਾਰ ਤੇਲ ਆਯਾਤ 'ਤੇ ਭਾਰੀ ਨਿਰਭਰਤਾ ਹੈ। ਏਥੇ ਯੁੱਧ ਹੋਣ ਦੀ ਸਥਿਤੀ ਵਿੱਚ ਤੇਲ ਦੀਆਂ ਕੀਮਤਾਂ ਤੇ ਭਾਰਤੀ ਵਪਾਰ 'ਤੇ ਭਾਰੀ ਅਸਰ ਪੈ ਸਕਦਾ ਹੈ।

ਇਹ ਹਮਲਾ ਸਿਰਫ ਈਰਾਨ-ਅਮਰੀਕਾ ਸੰਘਰਸ਼ ਨਹੀਂ, ਬਲਕਿ ਪੂਰੇ ਖਾੜੀ ਖੇਤਰ ਦੀ ਸਥਿਰਤਾ ਨੂੰ ਖ਼ਤਰੇ 'ਚ ਪਾ ਸਕਦਾ ਹੈ। ਦੋਵੇਂ ਪਾਸਿਆਂ ਦੀ ਹਾਲਤ ਅਤੇ ਰਾਜਨੀਤਿਕ ਫੈਸਲੇ ਆਉਣ ਵਾਲੇ ਦਿਨਾਂ ਵਿੱਚ ਇਸ ਖੇਤਰ ਦੀ ਦਿਸ਼ਾ ਤੈਅ ਕਰਨਗੇ।

ਉਧਰ ਈਰਾਨੀ ਜਵਾਬ ਅਤੇ ਉਕਸਾਊ ਈਰਾਨ ਨੇ ਤੁਰੰਤ ਇਜ਼ਰਾਈਲ ਉੱਤੇ 200 ਤੋਂ ਵੱਧ ਮਿਜ਼ਾਈਲਾਂ ਚਲਾਈਆਂ। ਹਿਜਬੁੱਲਾਹ ਨੇ ਲੈਬਨਾਨ ਤੋਂ ਹਮਲੇ ਕੀਤੇ, ਜਦਕਿ ਕੁਝ ਰਾਕਟ ਸੀਰੀਆ ਰਾਹੀਂ ਵੀ ਆਏ। ਖਾੜੀ ਯੁੱਧ ਵਿੱਚ ਅਮਰੀਕਾ ਦਾ ਇਸ ਤਰ੍ਹਾਂ ਆ ਜਾਣਾ ਅਸਲ ਵਿੱਚ ਇਹ ਉਸ ਦੀ ਹੰਕਾਰੀ ਪੂਰਤੀ 'ਤੇ ਟਰੰਪ ਦੀ ਸਨਕ ਦਾ ਹੀ ਨਤੀਜਾ ਹੈ ਪਰੰਤੂ ਇਹ ਯੁੱਧ ਕਿਸ ਤਰ੍ਹਾਂ ਨਵੀਂ ਪੈਂਤੜਾਬੰਦੀ ਅਤੇ ਖ਼ਤਰੇ ਦਾ ਕਾਰਨ ਬਣੇਗਾ।

ਹੁਣ ਇਹ ਵਿਸ਼ਵ ਯੁੱਧ ਵਾਸਤੇ ਇੱਕ ਆਧਾਰ ਹੋ ਸਕਦਾ ਹੈ ਕਿਉਂਕਿ ਰੂਸ ਅਤੇ ਅਮਰੀਕਾ ਨੇ ਇਸ ਨੂੰ ਬਰਬਰ ਕਦਮ ਕਿਹਾ ਹੈ ਪ੍ਰੰਤੂ ਇੱਕ ਗੱਲ ਸਾਫ਼ ਹੈ ਕਿ ਇਸ ਵਿੱਚ ਈਰਾਨ ਦਾ ਬੇਹੱਦ ਨੁਕਸਾਨ ਅਤੇ ਇਜ਼ਰਾਈਲ ਦੀ ਘਬਰਾਹਟ ਇਸਦੀ ਇੱਕ ਅਸਲੀਅਤ ਹੈ।

# ਸਿੰਧੂ ਪਾਣੀ ਵੰਡ, ਇੱਕ ਗੰਭੀਰ ਸਮੱਸਿਆ, ਬਿਰਤਾਂਤ ਸਿਰਜਣਾ ਨੂੰ ਸਮਝਣ ਦੀ ਲੋੜ

ਬਘੇਲ ਸਿੰਘ ਧਾਲੀਵਾਲ
99142-58142



**ਇੱਥੇ ਇੱਕ ਹੋਰ ਵੀ ਮਹੱਤਵਪੂਰਨ ਗੱਲ ਸਾਂਝੀ ਕਰਨੀ ਬਣਦੀ ਹੈ ਕਿ ਕੇਂਦਰ ਵਿੱਚ ਭਾਵੇਂ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਪੰਜਾਬ ਦੇ ਪ੍ਰਤੀ ਉਹਨਾਂ ਦੀ ਸੋਚ ਇੱਕੋ ਜਿਹੀ ਹੀ ਰਹਿੰਦੀ ਹੈ,ਬਲਕਿ ਸਮੇਂ ਦੀ ਸਰਕਾਰ ਪਹਿਲੀਆਂ ਸਰਕਾਰਾਂ ਤੋਂ ਵੱਧ ਨਫਰਤ ਤੇ ਕਰੂਰਤਾ ਨਾਲ ਪੇਸ਼ ਆਉਂਦੀ ਹੈ। ਪੰਜਾਬ ਰਾਜ ਪੁਨਰਗਠਨ ਐਕਟ 1966 ਮੁਤਾਬਕ ਹਰਿਆਣਾ, ਪੰਜਾਬ ਦੇ ਤਿੰਨਾਂ ਦਰਿਆਵਾਂ ਰਾਵੀ, ਬਿਆਸ ਤੇ ਸਤਲੁਜ ਲਈ ਉਵੇਂ ਹੀ ਨਾਨ ਰਿਪੇਰੀਅਨ ਰਾਜ ਬਣ ਗਿਆ, ਜਿਵੇਂ ਪੰਜਾਬ ਜਮੁਨਾ ਲਈ ਨਾਨ ਰਿਪੇਰੀਅਨ ਹੈ। ਉਪਰੋਕਤ ਤਿੰਨਾਂ ਦਰਿਆਵਾਂ 'ਚੋਂ ਕੋਈ ਵੀ ਹਰਿਆਣੇ ਦੇ ਨਾਲ ਨਹੀਂ ਲੱਗਦਾ ਹੈ ਪਰ ਇਨ੍ਹਾਂ ਦਰਿਆਵਾਂ ਦੇ ਵਿਕਾਸ ਦਾ ਪੂਰਾ ਨਿਯੰਤਰਨ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਸੌਂਪ ਕੇ ਕੇਂਦਰ ਨੇ ਆਪਣੇ ਅਧਿਕਾਰ ਵਿੱਚ ਲੈ ਲਿਆ ਹੋਇਆ ਹੈ। 1976 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖਾਂ ਤੋਂ ਐਮਰਜੰਸੀ ਦੌਰਾਨ ਲਾਏ ਮੋਰਚੇ ਦਾ ਬਦਲਾ ਲੈਣ ਲਈ ਹਰਿਆਣਾ ਅਤੇ ਦਿੱਲੀ ਤੋਂ ਇਲਾਵਾ 8 ਮਿਲੀਅਨ ਏਕੜ ਫੁੱਟ ਪਾਣੀ ਰਾਜਸਥਾਨ ਵਰਗੇ ਸੂਬੇ ਨੂੰ ਦੇ ਦਿੱਤਾ, ਜਿਸਦਾ ਪੰਜਾਬ ਦੇ ਪਾਣੀਆਂ ਨਾਲ ਦੂਰ ਦਾ ਵੀ ਸਬੰਧ ਨਹੀਂ ਸੀ। ਇੱਥੇ ਇਹ ਦੱਸਣਾ ਬਣਦਾ ਹੈ ਕਿ ਨਰਬਦਾ ਟ੍ਰਿਬਿਊਨਲ ਨੇ ਰਾਜਸਥਾਨ ਨੂੰ ਨਾਨ ਰਿਪੇਰੀਅਨ ਸੂਬਾ ਹੋਣ ਕਰਕੇ ਨਰਬਦਾ ਵਿਚੋਂ ਪਾਣੀ ਲੈਣ ਦੇ ਉਹਨਾਂ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਸੀ, ਪਰ ਪੰਜਾਬ ਨਾਲ ਬੇਗਾਨਗੀ ਤੇ ਧੱਕੇ ਦੀਆਂ ਹੱਦਾਂ ਨੂੰ ਪਾਰ ਕੀਤਾ ਗਿਆ। ਤਤਕਾਲੀ ਪ੍ਰਧਾਨ ਮੰਤਰੀ ਨੇ ਕਿਸੇ ਕਨੂੰਨ ਦੀ ਪ੍ਰਵਾਹ ਨਾ ਕਰਦਿਆਂ ਰਾਜਸਥਾਨ ਨੂੰ ਕੁੱਲ ਪਾਣੀ ਵਿਚੋਂ ਅੱਧਾ ਪਾਣੀ ਦੇ ਦਿੱਤਾ। ਅਜਿਹਾ ਹੀ ਮੌਜੂਦਾ ਸਮੇਂ ਵਿੱਚ ਵੀ ਚੱਲ ਰਿਹਾ ਹੈ।**

ਸਿੰਧੂ ਨਦੀ ਦੇ ਪਾਣੀ ਵੰਡ ਦੇ ਮੁੱਦੇ 'ਤੇ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦਾ ਪੰਜਾਬ ਦੇ ਸਬੰਧ 'ਚ ਆਇਆ ਬਿਆਨ ਬੇਹੱਦ ਚਿੰਤਾਜਨਕ ਹੈ। ਇਹ ਦੋ ਸੂਬਿਆਂ 'ਚ ਕੁੜੱਤਣ ਪੈਦਾ ਕਰਨ ਲਈ ਸਤਲੁਜ ਯਮਨਾ ਸੰਪਰਕ ਨਹਿਰ ਤੋਂ ਵੀ ਵੱਧ ਖਤਰਨਾਕ ਸਾਬਤ ਹੋ ਸਕਦਾ ਹੈ, ਜਿਸ ਦਾ ਨੁਕਸਾਨ ਕਿਸੇ ਹੋਰ ਨੂੰ ਨਹੀਂ ਬਲਕਿ ਪੰਜਾਬੀ ਤੇ ਕਸ਼ਮੀਰੀ ਲੋਕਾਂ ਨੂੰ ਹੋਵੇਗਾ। ਪਾਣੀਆਂ ਦੇ ਮਾਮਲੇ 'ਚ ਪੰਜਾਬ ਪਹਿਲਾਂ ਹੀ ਵੱਡੇ ਨੁਕਸਾਨ ਝੱਲੀ ਬੈਠਾ ਹੈ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ ਦੇ ਪਾਣੀਆਂ ਦੀ ਲੁੱਟ ਦਾ ਮੁੱਢ ਬੰਨਦਿਆਂ ਗੈਰ ਰਿਪੇਰੀਅਨ ਸੂਬੇ ਰਾਜਸਥਾਨ ਨੂੰ ਵਾਧੂ ਪਾਣੀ ਦੇਕੇ ਪੰਜਾਬ ਨਾਲ ਵੱਡਾ ਅਨਿਆਂ ਕੀਤਾ ਸੀ। ਇੱਕ ਇੱਕ ਕਰਕੇ ਪੰਜਾਬ ਦੇ ਕੁਦਰਤੀ ਅਤੇ ਗੈਰ ਕੁਦਰਤੀ ਸੋਮਿਆਂ ਸਮੇਤ ਬਿਜਲੀ ਡੈਮਾਂ ਦਾ ਪ੍ਰਬੰਧ ਖੋਹ ਕੇ ਪੰਜਾਬ ਨੂੰ ਇਹ ਅਹਿਸਾਸ ਕਰਵਾਇਆ ਗਿਆ ਕਿ ਪੰਜਾਬ ਭਾਰਤ ਦਾ ਹਿੱਸਾ ਹੋ ਕੇ ਵੀ ਉਹ ਸਹੂਲਤਾਂ ਦਾ ਹੱਕਦਾਰ ਨਹੀਂ ਹੋਵੇਗਾ ਜਿਹੜੀਆਂ ਭਾਰਤ ਦੇ ਹੋਰ ਸੂਬਿਆਂ ਨੂੰ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਅਜਿਹੀਆਂ ਬੇ ਇਨਸਾਫੀਆਂ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਲਗਾਤਾਰ ਝੱਲਦਾ ਆ ਰਿਹਾ ਹੈ। ਪੰਜਾਬ ਨਾਲ ਬੇ ਇਨਸਾਫੀਆਂ ਦਾ ਦੌਰ ਏਥੇ ਹੀ ਖਤਮ ਨਹੀਂ ਹੋਇਆ ਸਗੋਂ ਪੰਜਾਬ ਨੂੰ ਅਲੱਗ ਅਲੱਗ ਕਰਨ ਦੀ ਨੀਅਤ ਨਾਲ ਗੁਆਂਢੀ ਸੂਬੇ ਹਰਿਆਣੇ ਨਾਲ ਪਾਣੀਆਂ ਦੇ ਮਾਮਲੇ ਵਿੱਚ ਉਲਝਾ ਕੇ ਰੱਖਿਆ ਹੋਇਆ ਹੈ ਤਾਂ ਕਿ ਪੰਜਾਬ ਅਤੇ ਹਰਿਆਣਾ ਆਪਣੇ ਹੱਕਾਂ ਲਈ ਕਦੇ ਵੀ ਇਕੱਠੇ ਹੋਕੇ ਕੇਂਦਰ ਲਈ ਮੁਸੀਬਤ ਨਾ ਬਣ ਸਕਣ। ਪੰਜਾਬ ਅਤੇ ਹਰਿਆਣੇ ਦਰਮਿਆਨ ਤਣਾਅ ਪੂਰਨ ਸਬੰਧਾਂ ਨੂੰ ਬਣਾਈ ਰੱਖਣ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 8 ਅਪ੍ਰੈਲ 1982 ਨੂੰ ਕਪੂਰੀ ਦੇ ਅਸਥਾਨ 'ਤੇ ਸਤਲੁਜ ਯਮੁਨਾ ਸੰਪਰਕ ਨਹਿਰ ਦੀ ਨੀਂਹ ਰੱਖੀ ਗਈ,ਜਿਹੜੀ ਭਾਵੇਂ ਪੰਜਾਬ ਦੀ ਗੈਰਤਮੰਦੀ ਨੇ ਪੂਰੀ ਤਾਂ ਨਹੀਂ ਹੋਣ ਦਿੱਤੀ,ਪਰ ਪੰਜਾਬ ਅਤੇ ਹਰਿਆਣੇ ਦੇ ਸਬੰਧਾਂ ਵਿੱਚ ਇੱਕ ਕੁੜੱਤਣ ਭਰੀ ਤਰੇੜ ਹਮੇਸ਼ਾ ਲਈ ਬਣਾ ਦਿੱਤੀ। ਇਹ ਮੁੱਦਾ ਕੇਂਦਰ ਦੇ ਅਜਿਹਾ ਫਿੱਟ ਬੈਠਦਾ ਹੈ ਕਿ ਕੇਂਦਰ ਸਰਕਾਰ ਹਮੇਸ਼ਾ ਹੀ ਪੰਜਾਬ ਅਤੇ ਹਰਿਆਣੇ ਨੂੰ ਇਸ ਨਹਿਰ ਦੇ ਜ਼ਰੀਏ ਆਹਮੋ ਸਾਹਮਣੇ ਰੱਖਦੀ ਆਈ ਹੈ। ਕਿਸਾਨੀ ਅੰਦੋਲਨ ਦੌਰਾਨ ਦੋਵਾਂ ਸੂਬਿਆਂ ਦੇ ਲੋਕਾਂ ਨੇ ਇਸ ਮਸਲੇ ਦੀ ਜੜ ਨੂੰ ਸਮਝਣ ਵਿੱਚ ਕਾਫੀ ਹੱਦ ਤੱਕ ਸਫਲਤਾ ਵੀ ਹਾਸਲ ਕੀਤੀ ਪਰ ਇਸ ਦੇ ਬਾਵਜੂਦ ਇਹ ਅਜਿਹਾ ਮੁੱਦਾ ਹੈ, ਜਿਸ ਨਾਲ ਦੋਵਾਂ ਸੂਬਿਆਂ ਵਿੱਚ ਕੁੜੱਤਣ ਬਣੀ ਰਹਿੰਦੀ ਹੈ। ਇੱਥੇ ਇੱਕ ਹੋਰ ਵੀ ਮਹੱਤਵਪੂਰਨ ਗੱਲ ਸਾਂਝੀ ਕਰਨੀ ਬਣਦੀ ਹੈ ਕਿ ਕੇਂਦਰ ਵਿੱਚ ਭਾਵੇਂ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਪੰਜਾਬ ਦੇ ਪ੍ਰਤੀ ਉਹਨਾਂ ਦੀ ਸੋਚ ਇੱਕੋ ਜਿਹੀ ਹੀ ਰਹਿੰਦੀ ਹੈ,ਬਲਕਿ ਸਮੇਂ ਦੀ ਸਰਕਾਰ ਪਹਿਲੀਆਂ ਸਰਕਾਰਾਂ ਤੋਂ ਵੱਧ ਨਫਰਤ ਤੇ ਕਰੂਰਤਾ ਨਾਲ ਪੇਸ਼ ਆਉਂਦੀ ਹੈ। ਪੰਜਾਬ ਰਾਜ ਪੁਨਰਗਠਨ ਐਕਟ 1966 ਮੁਤਾਬਕ ਹਰਿਆਣਾ, ਪੰਜਾਬ ਦੇ ਤਿੰਨਾਂ ਦਰਿਆਵਾਂ ਰਾਵੀ, ਬਿਆਸ ਤੇ ਸਤਲੁਜ ਲਈ ਉਵੇਂ ਹੀ ਨਾਨ ਰਿਪੇਰੀਅਨ ਰਾਜ ਬਣ ਗਿਆ ਜਿਵੇਂ ਪੰਜਾਬ ਜਮੁਨਾ ਲਈ ਨਾਨ ਰਿਪੇਰੀਅਨ ਹੈ। ਉਪਰੋਕਤ ਤਿੰਨਾਂ ਦਰਿਆਵਾਂ 'ਚੋਂ ਕੋਈ ਵੀ ਹਰਿਆਣੇ ਦੇ ਨਾਲ ਨਹੀਂ ਲੱਗਦਾ ਹੈ ਪਰ ਇਨ੍ਹਾਂ ਦਰਿਆਵਾਂ ਦੇ ਵਿਕਾਸ ਦਾ ਪੂਰਾ ਨਿਯੰਤਰਨ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਸੌਂਪ ਕੇ ਕੇਂਦਰ ਨੇ ਆਪਣੇ ਅਧਿਕਾਰ ਵਿੱਚ ਲੈ ਲਿਆ ਹੋਇਆ ਹੈ। 1976 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖਾਂ ਤੋਂ ਐਮਰਜੰਸੀ ਦੌਰਾਨ ਲਾਏ ਮੋਰਚੇ ਦਾ ਬਦਲਾ ਲੈਣ ਲਈ ਹਰਿਆਣਾ ਅਤੇ ਦਿੱਲੀ ਤੋਂ ਇਲਾਵਾ 8 ਮਿਲੀਅਨ ਏਕੜ ਫੁੱਟ ਪਾਣੀ ਰਾਜਸਥਾਨ ਵਰਗੇ ਸੂਬੇ ਨੂੰ ਦੇ ਦਿੱਤਾ, ਜਿਸਦਾ ਪੰਜਾਬ ਦੇ ਪਾਣੀਆਂ ਨਾਲ ਦੂਰ ਦਾ ਵੀ ਸਬੰਧ ਨਹੀਂ ਸੀ। ਇੱਥੇ ਇਹ ਦੱਸਣਾ ਬਣਦਾ ਹੈ ਕਿ ਨਰਬਦਾ ਟ੍ਰਿਬਿਊਨਲ ਨੇ ਰਾਜਸਥਾਨ ਨੂੰ ਨਾਨ ਰਿਪੇਰੀਅਨ ਸੂਬਾ ਹੋਣ ਕਰਕੇ ਨਰਬਦਾ ਵਿਚੋਂ ਪਾਣੀ ਲੈਣ ਦੇ ਉਹਨਾਂ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਸੀ, ਪਰ ਪੰਜਾਬ ਨਾਲ ਬੇਗਾਨਗੀ ਤੇ ਧੱਕੇ ਦੀਆਂ ਹੱਦਾਂ ਨੂੰ ਪਾਰ ਕੀਤਾ ਗਿਆ। ਤਤਕਾਲੀ ਪ੍ਰਧਾਨ ਮੰਤਰੀ ਨੇ ਕਿਸੇ ਕਨੂੰਨ ਦੀ ਪ੍ਰਵਾਹ ਨਾ ਕਰਦਿਆਂ ਰਾਜਸਥਾਨ ਨੂੰ ਕੁੱਲ ਪਾਣੀ ਵਿਚੋਂ ਅੱਧਾ ਪਾਣੀ ਦੇ ਦਿੱਤਾ। ਅਜਿਹਾ ਹੀ ਮੌਜੂਦਾ ਸਮੇਂ ਵਿੱਚ ਵੀ ਚੱਲ ਰਿਹਾ ਹੈ। ਮੌਜੂਦਾ ਸਰਕਾਰਾਂ ਨੇ ਉਨ੍ਹਾਂ ਤੋਂ ਵੀ ਅੱਗੇ ਕਦਮ ਪੁੱਟਦਿਆਂ ਬਿਜਲੀ, ਪਾਣੀਆਂ ਤੇ ਡੈਮਾਂ ਤੋਂ ਪੰਜਾਬ ਦੇ ਅਧਿਕਾਰ ਬਿਲਕੁਲ ਹੀ ਖਤਮ ਕਰ ਦਿੱਤੇ ਹਨ। ਇਥੇ ਹੀ ਬੱਸ ਨਹੀਂ ਪੰਜਾਬ ਦੀ ਰਾਜਧਾਨੀ ਬਣਾਉਣ ਲਈ ਪੰਜਾਬ ਦੇ ਘੁੱਗ ਵਸਦੇ ਪਿੰਡਾਂ ਨੂੰ ਉਜਾੜ ਕੇ ਬਣਾਏ ਚੰਡੀਗੜ੍ਹ ਨੂੰ ਵੀ ਪੰਜਾਬ ਨੂੰ ਨਹੀਂ ਦਿੱਤਾ ਗਿਆ। 2011 ਦੀ ਜਨਗਣਨਾ ਦੇ ਅਨੁਸਾਰ ਚੰਡੀਗੜ੍ਹ ਦੀ ਕੁੱਲ ਵਸੋਂ ਦਾ 95.11 ਫੀਸਦੀ ਸਿੱਖੀ ਧਰਮ ਨੂੰ ਮੰਨਣ ਵਾਲਿਆਂ ਦੀ ਵਸੋਂ ਦਾ ਹੋਣ ਦੇ ਬਾਵਜੂਦ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣ ਦੇ ਮਨਸੂਬੇ ਘੜੇ ਜਾ ਚੁੱਕੇ ਹਨ। ਪੰਜਾਬ ਦੀ ਗੈਰਤਮੰਦੀ ਜਿਹੜੀ ਹਮੇਸ਼ਾ ਹੀ ਕੇਂਦਰ ਨੂੰ ਕੰਡੇ ਵਾਂਗ ਚੁੱਭਦੀ ਰਹੀ ਹੈ, ਉਹਦੇ ਤੋਂ ਭੈਅ ਭੀਤ ਹੋਣ ਕਰਕੇ ਹੀ ਕੇਂਦਰ ਕਦੇ ਨਹੀਂ ਚਾਹੁੰਦਾ ਕਿ ਪੰਜਾਬ ਦੇ ਕਿਸੇ ਵੀ ਗੁਆਂਢੀ ਮੁਲਕ ਜਾਂ ਸੂਬੇ ਨਾਲ ਚੰਗੇ ਸਬੰਧ ਬਣ ਸਕਣ, ਇਹੋ ਕਾਰਨ ਹੈ ਕਿ 1947 ਵਿੱਚ ਪੰਜਾਬ ਦੀ ਵੰਡ ਕਰਕੇ ਸਿੱਖ ਹਿੰਦੂ ਤੇ ਮੁਸਲਮਾਨਾਂ ਦੇ ਦੰਗੇ ਕਰਵਾਏ ਗਏ, ਉਸ ਤੋਂ ਬਾਅਦ 1966 'ਚ ਮੁੜ ਪੰਜਾਬ ਦੀ ਵੰਡ ਸਮੇਂ ਨਵੇਂ ਹੋਂਦ 'ਚ ਆਏ ਹਿਮਾਚਲ ਤੇ ਹਰਿਆਣੇ ਨਾਲ ਵੀ ਪੰਜਾਬ ਦੇ ਸਬੰਧਾਂ 'ਚ ਕਿਸੇ ਨਾ ਕਿਸੇ ਬਹਾਨੇ ਕੁੜੱਤਣ ਘੋਲੀ ਜਾਂਦੀ ਰਹੀ ਹੈ। ਹਰਿਆਣੇ ਨਾਲ ਪਾਣੀਆਂ ਦੇ ਝਗੜੇ ਨੂੰ ਸਿਖਰਾਂ 'ਤੇ ਪਹੁੰਚਾਉਣ ਤੋਂ ਬਾਅਦ ਹੁਣ ਸਿੰਧ ਦੀ ਪਾਣੀ ਵੰਡ ਦੇ ਮਾਮਲੇ ਵਿੱਚ ਜੰਮੂ ਕਸ਼ਮੀਰ ਅਤੇ ਪੰਜਾਬ ਆਹਮੋ ਸਾਹਮਣੇ ਹੁੰਦੇ ਦਿਖਾਈ ਦਿੰਦੇ ਹਨ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁਲਾ ਦਾ ਬਿਆਨ ਇਸ ਖਦਸ਼ੇ ਨੂੰ ਸੱਚ ਕਰਦਾ ਪ੍ਰਤੀਤ ਹੁੰਦਾ ਹੈ। ਉਹਨਾਂ ਵੱਲੋਂ ਖਾਸ ਤੌਰ 'ਤੇ ਪੰਜਾਬ ਦਾ ਜ਼ਿਕਰ ਕਰਕੇ ਸਿੰਧ ਜਲ ਸਮਝੌਤੇ ਦੀ ਗੱਲ ਕਰਨਾ ਸਪੱਸ਼ਟ ਕਰਦਾ ਹੈ ਕਿ ਕੇਂਦਰ ਨੇ ਪੰਜਾਬ ਦੇ ਲੋਕਾਂ ਵੱਲੋਂ ਅਣ ਸੁਖਾਵੇਂ ਹਾਲਾਤਾਂ ਸਮੇਂ ਜੰਮੂ ਕਸ਼ਮੀਰ ਦੇ ਲੋਕਾਂ ਦੀ ਕੀਤੀ ਜਾਂਦੀ ਹਿਫ਼ਾਜ਼ਤ ਨੂੰ ਚੁਣੌਤੀ ਵਜੋਂ ਲੈ ਲਿਆ ਹੈ। ਪਾਣੀ ਵੰਡ ਦੀ ਇਹ ਸਾਜਿਸ਼ ਜਿੱਥੇ ਪੰਜਾਬ ਨੂੰ ਸਿੰਧ ਪਾਣੀ ਵੰਡ ਤਹਿਤ ਮਿਲਣ ਵਾਲੇ ਹਿੱਸੇ ਨੂੰ ਰੋਕਣ ਲਈ ਚੰਡੀਗੜ੍ਹ ਵਾਂਗ ਮੁੱਦਾ ਬਣਾ ਕੇ ਲਟਕਾ ਸਕਦੀ ਹੈ, ਓਥੇ ਜੰਮੂ ਕਸ਼ਮੀਰ ਨਾਲ ਪੰਜਾਬ ਦੇ ਸਬੰਧਾਂ 'ਚ ਤਣਾਅ ਵੀ ਪੈਦਾ ਕਰੇਗੀ। ਸੋ ਉਪਰੋਕਤ ਬਿਰਤਾਂਤ ਜਿਹੜੇ ਇੱਕ ਤੀਰ ਨਾਲ ਦੋ ਦੋ ਨਿਸ਼ਾਨੇ ਫੁੰਡਣ ਲਈ ਸਿਰਜੇ ਜਾ ਰਹੇ ਹਨ, ਉਹਨਾਂ ਨੂੰ ਸੁਹਿਰਦਤਾ ਨਾਲ ਸਮਝਣ ਦੀ ਲੋੜ ਹੈ। ਪੰਜਾਬ ਸਮੇਤ ਗੁਆਂਢੀ ਸੂਬਿਆਂ ਦੇ ਲੋਕਾਂ ਨੂੰ ਵੀ ਆਪਸੀ ਪ੍ਰੇਮ ਤੇ ਭਾਈਚਾਰਿਆਂ ਦੀਆਂ ਸਦੀਵੀ ਸਾਂਝਾਂ ਨੂੰ ਧਿਆਨ 'ਚ ਰੱਖਦੇ ਹੋਏ ਅਜਿਹੀਆਂ ਸਾਜ਼ਿਸ਼ਾਂ ਤੋਂ ਬਚਣ ਦੀ ਲੋੜ ਹੈ, ਜਿਹੜੀਆਂ ਭਾਈਚਾਰਕ ਸਾਂਝਾਂ 'ਚ ਦਰਾੜ ਪੈਦਾ ਕਰਦੀਆਂ ਹੋਣ।



## 'ਕੌਮਾਂਤਰੀ ਓਲੰਪਿਕ ਖੇਡਾਂ ਦਿਵਸ' 'ਤੇ ਵਿਸ਼ੇਸ਼

# ਵਿਸ਼ਵ ਦਾ ਸਭ ਤੋਂ ਵੱਡਾ 'ਖੇਡ ਮਹਾਂਕੁੰਭ' ਹਨ 'ਓਲੰਪਿਕ ਖੇਡਾਂ'

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ,
ਮੋ:97816-46008

ਸੰਸਾਰ ਭਰ ਵਿਚ ਪ੍ਰਸਿੱਧ ਅਮਰੀਕੀ ਤੈਰਾਕ ਅਤੇ ਨੌਂ ਵਾਰ ਓਲੰਪਿਕ ਮੈਡਲ ਜਿੱਤਣ ਵਿਚ ਸਫ਼ਲ ਰਹੇ ਮਾਰਕ ਸਪਿੱਟਜ਼ ਦੇ ਆਖੇ ਇਹ ਬੋਲ ਕੇਵਲ ਓਲੰਪਿਕ ਮੁਕਾਬਲਿਆਂ 'ਚ ਭਾਗ ਲੈਣ ਵਾਲੇ ਖਿਡਾਰੀਆਂ ਲਈ ਹੀ ਨਹੀਂ ਸਗੋਂ ਹਰੇਕ ਖੇਡ ਮੁਕਾਬਲੇ ਵਿਚ ਭਾਗ ਲੈਣ ਵਾਲੇ ਖਿਡਾਰੀਆਂ 'ਤੇ ਲਾਗੂ ਹੁੰਦੇ ਹਨ। ਇਹ ਇਕ ਸਰਬ ਪ੍ਰਵਾਨਿਤ ਤੱਥ ਹੈ ਕਿ ਓਲੰਪਿਕ ਖੇਡਾਂ ਸੰਸਾਰ ਭਰ ਦੇ ਖਿਡਾਰੀਆਂ ਲਈ ਹਰ ਚਾਰ ਸਾਲ ਬਾਅਦ ਆਉਣ ਵਾਲਾ 'ਖੇਡ ਮਹਾਂਕੁੰਭ' ਹਨ। ਹਰੇਕ ਮੁਲਕ ਦੇ ਸਿਰਮੌਰ ਖਿਡਾਰੀਆਂ ਦਾ ਇਹ ਸੁਫ਼ਨਾ ਹੁੰਦਾ ਹੈ ਕਿ ਓਲੰਪਿਕ ਖੇਡਾਂ ਲਈ ਕੁਆਲੀਫ਼ਾਈ ਵੀ ਕਰਨ ਤੇ ਓਲੰਪਿਕ ਮੁਕਾਬਲਿਆਂ ਵਿਚ ਕੋਈ ਨਾ ਕੋਈ ਤਗ਼ਮਾ ਵੀ ਹਾਸਿਲ ਕਰਨ। ਅਨੇਕਾਂ ਖਿਡਾਰੀ ਇਨ੍ਹਾਂ ਮਹਾਂ-ਮੁਕਾਬਲਿਆਂ ਦੌਰਾਨ ਆਪਣੇ ਸੁਫ਼ਨੇ ਸਾਕਾਰ ਕਰਨ ਤੇ ਇਤਿਹਾਸ ਰਚਣ ਵਿਚ ਸਫ਼ਲ ਰਹਿੰਦੇ ਹਨ ਤੇ ਆਪਣਾ ਤੇ ਆਪਣੇ ਮੁਲਕ ਦਾ ਨਾਂ ਸੰਸਾਰ ਭਰ ਵਿਚ ਰੌਸ਼ਨ ਕਰ ਜਾਂਦੇ ਹਨ, ਜਦੋਂ ਕਿ ਕੁਝ ਇਕ ਸਿਰਕੱਢ ਖਿਡਾਰੀ ਵੱਖੋ-ਵੱਖ ਕਾਰਨਾਂ ਕਰਕੇ ਆਪਣੀ ਕਾਬਲੀਅਤ ਦਾ ਸਹੀ ਮੁਜ਼ਾਹਰਾ ਨਹੀਂ ਕਰ ਪਾਉਂਦੇ ਹਨ ਤੇ ਇਨ੍ਹਾਂ ਮੁਕਾਬਲਿਆਂ ਦੌਰਾਨ ਆਪਣੇ ਸੁਫ਼ਨਿਆਂ ਨੂੰ ਚਕਨਾਚੂਰ ਹੁੰਦਿਆਂ ਵੇਖ਼ਦੇ ਹਨ।

23 ਜੂਨ ਨੂੰ 'ਕੌਮਾਂਤਰੀ ਓਲੰਪਿਕ ਦਿਵਸ' ਹੈ ਤੇ ਸੰਨ 1948 ਤੋਂ ਲੈ ਕੇ ਹੁਣ ਤੱਕ ਇਹ ਦਿਵਸ ਹਰ ਸਾਲ ਦੁਨੀਆਂ ਭਰ 'ਚ ਬੜੇ ਜੋਸ਼ੋ-ਖ਼ਰੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ 23 ਜੂਨ ਦੇ ਹੀ ਦਿਨ ਮਨਾਏ ਜਾਣ ਪਿੱਛੇ ਕਾਰਨ ਇਹ ਹੈ ਕਿ 23 ਜੂਨ,1894 ਨੂੰ ਪੈਰਿਸ ਦੇ ਸੋਰਬੌਰਨ ਵਿਖੇ 'ਕੌਮਾਂਤਰੀ ਓਲੰਪਿਕ ਕਮੇਟੀ' ਦੀ ਸਥਾਪਨਾ ਕੀਤੀ ਗਈ ਸੀ ਤੇ ਉਸ ਮਹਾਨ ਦਿਨ ਨੂੰ ਯਾਦਗਾਰ ਬਣਾਉਣ ਲਈ ਸੰਨ 1947 ਵਿਚ ਸਵੀਡਨ ਦੇ ਸਟਾਕਹੋਮ ਸ਼ਹਿਰ ਵਿਚ ਹੋਈ 'ਕੌਮਾਂਤਰੀ ਓਲੰਪਿਕ ਕਮੇਟੀ' ਦੀ ਇਕੱਤਰਤਾ ਦੌਰਾਨ ਡਾ. ਜੋਸਫ਼ ਗਰੱਸ ਨੇ ਸੁਝਾਅ ਪੇਸ਼ ਕੀਤਾ ਸੀ ਅਤੇ ਸੰਨ 1948 ਵਿਚ ਸੇਂਟ ਮੌਰਟਿਜ਼ ਵਿਖੇ ਹੋਈ ਕੌਮਾਂਤਰੀ ਓਲੰਪਿਕ ਕਮੇਟੀ ਦੀ ਮੀਟਿੰਗ ਵਿਚ ਉਕਤ ਸੁਝਾਅ ਨੂੰ ਪ੍ਰਵਾਨ ਕਰਦਿਆਂ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਹਰ ਸਾਲ 23 ਜੂਨ ਦੇ ਦਿਨ 'ਕੌਮਾਂਤਰੀ ਓਲੰਪਿਕ ਦਿਵਸ' ਦੁਨੀਆਂ ਭਰ ਵਿਚ ਮਨਾਇਆ ਜਾਵੇਗਾ। ਸੰਨ 1948 ਵਿਚ ਜਦੋਂ ਪਹਿਲੀ ਵਾਰ ਇਹ ਦਿਵਸ ਮਨਾਇਆ ਗਿਆ ਸੀ ਤਾਂ ਉਦੋਂ 'ਯੂਨਾਨ, ਆਸਟ੍ਰੇਲੀਆ, ਪੁਰਤਗਾਲ, ਕਨੇਡਾ, ਸਵਿਟਜ਼ਰਲੈਂਡ, ਵੈਨੇਜ਼ੂਏਲਾ, ਬਰਤਾਨੀਆ, ਉਰੂਗੁਏ ਤੇ ਬੈਲਜੀਅਮ' ਆਦਿ ਕੁੱਲ ਨੌਂ ਦੇਸ਼ਾਂ ਨੇ ਇਸ ਦਿਵਸ ਨੂੰ ਵੱਡੇ ਪੱਧਰ 'ਤੇ ਮਨਾਇਆ ਸੀ। ਇਸ ਦਿਵਸ ਨੂੰ ਮਨਾਏ ਜਾਣ ਦੇ ਮੂਲ ਮੰਤਵਾਂ ਵਿਚ 'ਓਲੰਪਿਕ ਖੇਡਾਂ ਦੇ ਇਤਿਹਾਸ ਪ੍ਰਤੀ ਜਾਗਰੂਕਤਾ ਫੈਲਾਉਣਾ, ਖੇਡਾਂ ਪ੍ਰਤੀ ਲੋਕਾਂ ਨੂੰ ਆਕਰਸ਼ਿਤ ਕਰਨਾ, ਖਿਡਾਰੀਆਂ ਦੀ ਮਦਦ ਤੇ ਸਨਮਾਨ ਲਈ ਪ੍ਰੇਰਿਤ ਕਰਨਾ, ਖੇਡਾਂ ਰਾਹੀਂ ਹਾਂ-ਪੱਖੀ ਮੁਕਾਬਲੇਬਾਜ਼ੀ ਨੂੰ ਉਤਸ਼ਾਹਿਤ ਕਰਨਾ ਤੇ ਵੱਖ-ਵੱਖ ਮਜ਼ਹਬਾਂ ਤੇ ਮੁਲਕਾਂ ਨਾਲ ਸਬੰਧਤ ਖਿਡਾਰੀਆਂ ਦਰਮਿਆਨ ਆਪਸੀ ਪ੍ਰੇਮ, ਏਕਤਾ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਨਾ' ਆਦਿ ਜਿਹੇ ਮਹੱਤਵਪੂਰਨ ਮੰਤਵ ਸ਼ਾਮਲ ਹਨ। ਇਸ ਦਿਨ ਦੁਨੀਆਂ ਭਰ ਅੰਦਰ ਵੱਖ-ਵੱਖ ਖੇਡ ਜਥੇਬੰਦੀਆਂ ਵੱਲੋਂ ਆਮ ਲੋਕਾਂ ਨੂੰ ਤੇ ਉੱਭਰਦੇ ਖਿਡਾਰੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਹਿੱਤ ਦੌੜਾਂ, ਸੈਮੀਨਾਰ, ਸੰਗੀਤਕ ਸਮਾਗਮ ਜਾਂ ਫਿਰ ਹੋਰ ਕਈ ਪ੍ਰਕਾਰ ਦੇ ਖੇਡ ਮੁਕਾਬਲੇ ਆਦਿ ਆਯੋਜਿਤ ਕੀਤੇ ਜਾਂਦੇ ਹਨ।

ਸਾਲ 2024 ਵਿਚ 26 ਜੁਲਾਈ ਤੋਂ 11 ਅਗਸਤ ਤੱਕ ਪੈਰਿਸ ਵਿਖੇ ਆਯੋਜਿਤ ਕੀਤੀਆਂ ਗਈਆਂ ਓਲੰਪਿਕ ਖੇਡਾਂ ਲਈ ਚੁਣਿਆ ਗਿਆ ਥੀਮ ਸੀ-'ਗੇਮਜ਼ ਵਾਈਡ ਓਪਨ' ਭਾਵ 'ਖੇਡਾਂ ਦਾ ਪਿੜ ਖੁੱਲ੍ਹ ਗਿਆ ਹੈ। ਇਨ੍ਹਾ ਖੇਡਾਂ ਲਈ ਤਿਆਰ ਕੀਤੇ ਗਏ ਮੁੱਖ ਗੀਤ ਦਾ ਸਿਰਲੇਖ 'ਪਰੇਡ' ਸੀ, ਜਿਸਨੂੰ ਵਿਕਟਰ ਲੀ ਮਨਸੇ ਨੇ ਕੰਪੋਜ਼ ਕੀਤਾ ਸੀ ਤੇ ਇਸ ਵਿਚ ਫ਼ਰਾਂਸ ਦੇ 'ਕੌਮੀ ਆਰਕੈਸਟਰਾ' ਦਾ ਵੱਡਾ ਸੰਗੀਤਕ ਯੋਗਦਾਨ ਸ਼ਾਮਲ ਸੀ। ਇਨ੍ਹਾਂ ਖੇਡਾਂ ਲਈ 32 ਖੇਡਾਂ ਦੇ 329 ਮੁਕਾਬਲਿਆਂ 'ਚ 10,500 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ ਸੀ। ਇਥੇ ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਸੀ ਕਿ ਭਾਗ ਲੈਣ ਵਾਲੇ ਸਮੂਹ ਖਿਡਾਰੀਆਂ ਦੀ ਪਰੇਡ ਸੇਨ ਦਰਿਆ ਵਿਚ ਕਿਸ਼ਤੀਆਂ 'ਤੇ ਕੱਢੀ ਗਈ ਸੀ। ਇਸ ਵਾਰ ਇਕ ਹੋਰ ਰੌਚਕ ਗੱਲ ਇਹ ਵਾਪਰੀ ਸੀ ਕਿ ਇਸ ਵਾਰ ਮਹਿਲਾ ਤੇ ਪੁਰਸ਼ ਖਿਡਾਰੀਆਂ ਦੇ ਮੈਡਲ ਈਵੈਂਟਾਂ ਦੀ ਸੰਖਿਆ ਲਗਭਗ ਬਰਾਬਰ ਰੱਖੀ ਗਈ ਸੀ। ਪੈਰਿਸ ਓਲੰਪਿਕ ਖੇਡਾਂ ਵਿਚ ਅਮਰੀਕਾ 40 ਸੋਨ ਤਗ਼ਮਿਆਂ ਸਮੇਤ 126 ਤਗ਼ਮੇ ਹਾਸਿਲ ਕਰਕੇ ਪਹਿਲੇ ਸਥਾਨ 'ਤੇ ਰਿਹਾ ਸੀ ਜਦੋਂ ਕਿ 40 ਸੋਨ ਤਗ਼ਮਿਆਂ ਸਮੇਤ ਕੁੱਲ 91 ਤਗ਼ਮੇ ਹਾਸਲ ਕਰਕੇ ਚੀਨ ਨੂੰ ਮੈਡਲ ਸੂਚੀ 'ਚ ਦੂਜਾ ਸਥਾਨ ਹਾਸਿਲ ਹੋਇਆ ਸੀ। ਸੰਨ 1904, 1932, 1984 ਤੋਂ ਬਾਅਦ 1996 ਵਿਚ ਓਲੰਪਿਕ ਖੇਡਾਂ ਦੇ ਆਯੋਜਨ ਦਾ ਸ਼ਰਫ਼ ਹਾਸਿਲ ਕਰਕੇ ਸੰਯੁਕਤ ਰਾਜ ਅਮਰੀਕਾ ਦੁਨੀਆਂ ਦਾ ਪਹਿਲਾ ਦੇਸ਼ ਬਣ ਗਿਆ ਸੀ, ਜਿਸਨੇ ਹੁਣ ਤੱਕ ਚਾਰ ਵਾਰ ਇਨ੍ਹਾਂ ਖੇਡ ਮੁਕਾਬਲਿਆਂ ਦੀ ਮੇਜ਼ਬਾਨੀ ਕੀਤੀ ਹੈ। ਸੰਨ 1900, 1924 ਤੇ 2024 ਵਿਚ ਓਲੰਪਿਕ ਮੁਕਾਬਲਿਆਂ ਦੀ ਮੇਜ਼ਬਾਨੀ ਕਰਵਾ ਕੇ ਫ਼ਰਾਂਸ ਅਤੇ ਸੰਨ 1908, 1948 ਤੇ 2012 ਦੀਆਂ ਓਲੰਪਿਕ ਖੇਡਾਂ ਆਪਣੇ ਮੁਲਕ ਵਿਚ ਕਰਵਾ ਕੇ ਯੂ.ਕੇ. ਜਿਹੇ ਮੁਲਕ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਲਈ ਸਾਂਝੇ ਤੌਰ 'ਤੇ ਸੰਸਾਰ ਭਰ ਵਿਚ ਦੂਜੇ ਸਥਾਨ 'ਤੇ ਹਨ। ਸਾਬਕਾ ਓਲੰਪੀਅਨ ਤੇ 'ਕੌਮਾਂਤਰੀ ਓਲੰਪਿਕ ਕਮੇਟੀ' ਦੇ ਨੌਂਵੇਂ ਮੁਖੀ ਸ੍ਰੀ ਥੱਮਸ ਬੈਚ ਦੀ ਅਗਵਾਈ ਵਿਚ ਕਰਵਾਈਆਂ ਜਾਣ ਵਾਲੀਆਂ ਇਹ ਆਖ਼ਰੀ ਓਲੰਪਿਕ ਖੇਡਾਂ ਸਨ ਕਿਉਂਕਿ ਇਸ ਤੋਂ ਬਾਅਦ ਉਨ੍ਹਾਂ ਨੇ ਉਕਤ ਕਮੇਟੀ ਦੇ ਮੁਖੀ ਦਾ ਅਹੁਦਾ ਤਿਆਗ ਦਿੱਤਾ ਸੀ। ਉਨ੍ਹਾਂ ਨੂੰ 12 ਸਾਲ ਤੱਕ ਇਹ ਅਹੁਦਾ ਸੰਭਾਲਣ ਦਾ ਮਾਣ ਹਾਸਲ ਹੋਇਆ ਸੀ। ਉਨ੍ਹਾਂ ਤੋਂ ਬਾਅਦ 20 ਮਾਰਚ,2025 ਨੂੰ ਇਸ ਵੱਕਾਰੀ ਅਹੁਦੇ ਲਈ ਜਿੰਬਾਬਵੇ ਦੀ ਨਾਮਵਰ ਤੈਰਾਕ ਤੇ ਰਾਜਨੇਤਾ ਕਰਸਟੀ ਕੋਵੈਂਟਰੀ ਦੀ ਚੋਣ ਕਰ ਲਈ ਗਈ ਸੀ। ਜ਼ਿਕਰਯੋਗ ਹੈ ਕਿ ਇਸ ਮਹੱਤਵਪੂਰਨ ਅਹੁਦੇ ਲਈ ਚੁਣੀ ਜਾਣ ਵਾਲੀ ਇਹ ਪਹਿਲੀ ਮਹਿਲਾ ਤੇ ਪਹਿਲੀ ਹੀ ਅਫ਼ਰੀਕੀ ਹਸਤੀ ਵੀ ਹੈ। ਓਲੰਪਿਕ ਖੇਡਾਂ ਨਾਲ ਜੁੜੀਆਂ ਕਈ ਰੌਚਕ ਜਾਣਕਾਰੀਆਂ ਦੀ ਜੇ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ 776 ਈਸਾਪੂਰਵ ਯੂਨਾਨ ਦੇ ਓਲੰਪੀਆ ਪਿੰਡ ਵਿਖੇ ਸ਼ੁਰੂ ਹੋਈਆਂ, ਇਹ ਖੇਡਾਂ 393 ਈਸਵੀ ਤੱਕ ਚੱਲਦੀਆਂ ਰਹੀਆਂ ਸਨ। 'ਆਧੁਨਿਕ ਓਲੰਪਿਕ ਖੇਡਾਂ' ਦੀ ਅਰੰਭਤਾ ਸੰਨ 1896 'ਚ ਯੂਨਾਨ ਦੇ ਹੀ ਇਤਿਹਾਸਕ ਸ਼ਹਿਰ ਏਥਨਜ਼ ਵਿਖੇ ਹੋਈ ਸੀ। ਸੰਨ 1900 ਵਿਚ ਹੋਈਆਂ ਓਲੰਪਿਕ ਖੇਡਾਂ ਵਿਚ ਪਹਿਲੀ ਵਾਰ ਮਹਿਲਾ ਖਿਡਾਰੀਆਂ ਨੂੰ ਭਾਗ ਲੈਣ ਦੀ ਇਜਾਜ਼ਤ ਮਿਲੀ ਸੀ। 'ਪੰਜ ਛੱਲਿਆਂ' ਦੇ ਚਿੰਨ੍ਹ ਵਾਲਾ 'ਓਲੰਪਿਕ ਝੰਡਾ' ਸੰਨ 1914 ਵਿਚ ਪ੍ਰਵਾਨ ਕੀਤਾ ਗਿਆ ਸੀ ਪਰ ਇਸਨੂੰ ਪਹਿਲੀ ਵਾਰ ਲਹਿਰਾਉਣ ਦੀ ਰਸਮ ਸੰਨ 1920 ਵਿਚ ਹੋਈਆਂ 'ਬਰਲਿਨ ਓਲੰਪਿਕ ਖੇਡਾਂ' ਦੌਰਾਨ ਅਦਾ ਕੀਤੀ ਗਈ ਸੀ। ਇਸ ਝੰਡੇ ਵਿਚਲੇ ਪੰਜ ਛੱਲੇ ਵਿਸ਼ਵ ਦੇ ਵੱਡੇ ਹਿੱਸੇ ਨੂੰ ਕਵਰ ਕਰਦੇ ਪੰਜ ਮਹਾਂਦੀਪਾਂ 'ਅਫ਼ਰੀਕਾ, ਅਮਰੀਕਾ, ਏਸ਼ੀਆ, ਯੂਰਪ ਤੇ ਓਸ਼ਨੀਆ' ਦੇ ਪ੍ਰਤੀਕ ਮੰਨੇ ਜਾਂਦੇ ਹਨ ਤੇ ਇਸ ਚਿੰਨ੍ਹ ਦੀ ਪੇਸ਼ਕਸ਼ ਸ੍ਰੀ ਪੀ.ਡੀ. ਕਿਊਬਰਟਨ ਨੇ ਕੀਤੀ ਸੀ ਜਦੋਂ ਕਿ ਇਸ ਚਿੰਨ੍ਹ ਦੀ ਘਾੜਤ ਉਸਦੇ ਇਕ ਪਾਦਰੀ ਮਿੱਤਰ ਹੈਨਰੀ ਡਿਡੌਨ' ਨੇ ਸੰਨ 1891 ਵਿਚ ਘੜੀ ਸੀ। ਸੰਨ 1920 ਵਿਚ ਹੀ ਇਨ੍ਹਾਂ ਖੇਡ ਮੁਕਾਬਲਿਆਂ ਵੇਲੇ 'ਓਲੰਪਿਕ ਸਹੁੰ ਚੁੱਕਣ' ਦੀ ਰਸਮ ਸ਼ਾਮਿਲ ਕੀਤੀ ਗਈ ਸੀ ਜਦੋਂ ਕਿ ਓਲੰਪਿਕ ਮਸ਼ਾਲ ਬਾਲਣ ਦੀ ਸ਼ੁਰੂਆਤ ਸੰਨ 1936 ਵਿਚ ਕੀਤੀ ਗਈ ਸੀ। 20 ਜੁਲਾਈ, 1936 ਨੂੰ ਯੂਨਾਨ ਦੇ ਓਲੰਪਿਆ ਨਾਮਕ ਸਥਾਨ 'ਤੇ ਇਹ ਮਸ਼ਾਲ ਬਾਲੀ ਗਈ ਸੀ ਤੇ ਉਥੋਂ ਫਿਰ ਬਰਲਿਨ ਵਿਖੇ ਲਿਆਂਦੀ ਗਈ ਸੀ। ਓਲੰਪਿਕ ਖੇਡਾਂ ਦੇ ਟੀ.ਵੀ.ਪ੍ਰਸਾਰਨ ਦੀ ਅਰੰਭਤਾ ਸੰਨ 1936 'ਚ ਬਰਲਿਨ ਵਿਖੇ ਹੋਈਆਂ 'ਸਮਰ ਓਲੰਪਿਕ ਖੇਡਾਂ' ਰਾਹੀਂ ਹੋਈ ਸੀ ਪਰ ਇਹ ਪ੍ਰਸਾਰਨ ਕੇਵਲ ਸਥਾਨਕ ਲੋਕਾਂ ਲਈ ਹੀ ਉਪਲਬਧ ਕਰਵਾਇਆ ਗਿਆ ਸੀ ਜਦੋਂ ਕਿ ਸੰਨ 1956 ਵਿਚ ਇਟਲੀ ਵਿਖੇ ਕਰਵਾਈਆਂ ਗਈਆਂ ਓਲੰਪਿਕ ਖੇਡਾਂ ਦਾ ਪ੍ਰਸਾਰਨ ਪਹਿਲੀ ਵਾਰ ਕੌਮਾਂਤਰੀ ਪੱਧਰ 'ਤੇ ਕੀਤਾ ਗਿਆ ਸੀ। ਸੰਨ 1986 ਵਿਚ 'ਕੌਮਾਂਤਰੀ ਓਲੰਪਿਕ ਕਮੇਟੀ ਨੇ ਫ਼ੈਸਲਾ ਕੀਤਾ ਸੀ ਕਿ ਗਰਮੀਆਂ ਅਤੇ ਸਰਦੀਆਂ ਦੇ ਓਲੰਪਿਕ ਖੇਡ ਮੁਕਾਬਲੇ ਵੱਖ-ਵੱਖ ਕਰਵਾਏ ਜਾਣਗੇ ਤੇ ਸੰਨ 1994 ਤੋਂ ਓਲੰਪਿਕ ਖੇਡਾਂ ਨੂੰ 'ਸਮਰ ਓਲੰਪਿਕਸ' ਤੇ 'ਵਿੰਟਰ ਓਲੰਪਿਕਸ' ਸਿਰਲੇਖਾਂ ਹੇਠ ਹਰ ਦੋ ਸਾਲ ਬਾਅਦ ਕਰਵਾਏ ਜਾਣ ਦੀ ਪ੍ਰੰਪਰਾ ਦਾ ਅਰੰਭ ਹੋਇਆ ਸੀ। ਸੰਨ 1992 ਉਹ ਆਖ਼ਰੀ ਸਾਲ ਸੀ ਜਦੋਂ 'ਸਮਰ ਓਲੰਪਿਕਸ' ਤੇ 'ਵਿੰਟਰ ਓਲੰਪਿਕਸ' ਇੱਕੋ ਹੀ ਸਾਲ ਅੰਦਰ ਕਰਵਾਈਆਂ ਗਈਆਂ ਸਨ। ਪਹਿਲੀ ਤੇ ਦੂਜੀ ਸੰਸਾਰ ਜੰਗ ਦੇ ਚਲਦਿਆਂ ਕ੍ਰਮਵਾਰ ਸੰਨ 1916, 1940 ਤੇ 1944 ਵਿਚ ਓਲੰਪਿਕ ਖੇਡ ਮੁਕਾਬਲੇ ਨਹੀਂ ਕਰਵਾਏ ਗਏ ਸਨ ਜਦੋਂ ਕਿ ਸੰਸਾਰ ਵਿਚ ਚੱਲਦੀ 'ਠੰਡੀ ਜੰਗ' ਦੇ ਕਾਰਨ ਵੱਖ-ਵੱਖ ਮੁਲਕਾਂ ਵੱਲੋਂ ਇਨ੍ਹਾਂ ਖੇਡਾਂ ਦੇ ਕੀਤੇ ਬਾਈਕਾਟ ਦੇ ਚਲਦਿਆਂ ਸੰਨ 1980 ਅਤੇ 1984 ਦੀਆਂ ਓਲੰਪਿਕ ਖੇਡਾਂ ਦੌਰਾਨ ਬਹੁਤ ਹੀ ਸੀਮਿਤ ਜਿਹੇ ਆਕਾਰ 'ਚ ਕਰਵਾਈਆਂ ਗਈਆਂ ਸਨ। ਇਸੇ ਤਰ੍ਹਾਂ ਕੋਵਿਡ-19 ਭਾਵ ਕੋਰੋਨਾ ਵਾਇਰਸ ਦੇ ਫ਼ੈਲਣ ਕਰਕੇ ਸਾਲ 2020 ਵਿੱਚ ਹੋਣ ਵਾਲੀਆਂ ਓਲੰਪਿਕ ਖੇਡਾਂ ਨੂੰ ਸਾਲ 2021 ਤੱਕ ਲਈ ਮੁਲਤਵੀ ਕਰ ਦਿੱਤਾ ਗਿਆ ਸੀ। ਖ਼ਰਚੇ ਪੱਖੋਂ ਜੇਕਰ ਮਹਿੰਗੀਆਂ ਸਾਬਿਤ ਹੋਈਆਂ ਓਲੰਪਿਕ ਖੇਡਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਭ ਤੋਂ ਵੱਧ ਖ਼ਰਚਾ ਸੰਨ 2014 ਦੀਆਂ 'ਵਿੰਟਰ ਓਲੰਪਿਕ ਖੇਡਾਂ' ਉੱਤੇ ਹੋਇਆ ਸੀ ਜੋ ਕਿ ਤਕਰੀਬਨ 51 ਬਿਲੀਅਨ ਅਮਰੀਕੀ ਡਾਲਰ ਭਾਵ 5100 ਕਰੋੜ ਰੁਪਏ ਸੀ ਜਦੋਂ ਕਿ ਸਭ ਤੋਂ ਖ਼ਰਚੀਲੀਆਂ 'ਸਮਰ ਓਲੰਪਿਕ ਖੇਡਾਂ' ਚੀਨ ਦੇ ਬੀਜਿੰਗ ਵਿਖੇ ਸੰਨ 2008 ਵਿਚ ਹੋਈਆਂ ਸਨ ਜਿਨ੍ਹਾਂ 'ਤੇ ਤਕਰੀਬਨ 4400 ਕਰੋੜ ਰੁਪਏ ਖ਼ਰਚ ਹੋਏ ਸਨ। ਸਾਲ 2024 ਵਿਚ ਹੋਈਆਂ ਪੈਰਿਸ ਓਲੰਪਿਕ ਖੇਡਾਂ 'ਤੇ ਲਗਭਗ 945 ਕਰੋੜ ਰੁਪਏ ਖ਼ਰਚ ਹੋਣ ਦਾ ਅੰਦਾਜ਼ਾ ਦੱਸਿਆ ਗਿਆ ਹੈ। ਜ਼ਿਕਰਯੋਗ ਹੈ ਕਿ ਓਲੰਪਿਕ ਖੇਡਾਂ ਲਈ ਪ੍ਰਵਾਨਿਤ ਭਾਸ਼ਾਵਾਂ ਅੰਗਰੇਜ਼ੀ ਤੇ ਫ਼ਰੈਂਚ ਹਨ। ਬੜਾ ਹੀ ਦਿਲਚਸਪ ਤੱਥ ਹੈ ਕਿ ਹੁਣ ਤੱਕ ਅਮਰੀਕਾ ਦੇ ਐਡੀ ਐਗਨ ਤੇ ਸਵੀਡਨ ਦੇ ਗਿੱਲਜ਼ ਗ੍ਰਾਫ਼ਸਟਰੋਮ ਨਾਮਕ ਕੇਵਲ ਦੋ ਹੀ ਅਜਿਹੇ ਅਥਲੀਟ ਹੋਏ ਹਨ, ਜਿਨ੍ਹਾਂ ਨੇ 'ਵਿੰਟਰ ਓਲੰਪਿਕਸ' ਭਾਵ 'ਸਰਦੀਆਂ ਦੀਆਂ ਓਲੰਪਿਕ ਖੇਡਾਂ' ਤੇ 'ਸਮਰ ਓਲੰਪਿਕਸ' ਭਾਵ 'ਗਰਮੀਆਂ ਦੀਆਂ ਓਲੰਪਿਕ ਖੇਡਾਂ' ਭਾਵ ਦੋਵਾਂ ਮਹਾਂਮੁਕਾਬਲਿਆਂ ਵਿਚ ਹੀ ਸੋਨ ਤਗ਼ਮੇ ਜਿੱਤ ਕੇ ਇਤਿਹਾਸ ਦੇ ਪੰਨਿਆਂ 'ਤੇ ਆਪਣੇ ਨਾਂ ਦਰਜ ਕਰਵਾਏ ਹਨ। ਜ਼ਿਕਰਯੋਗ ਹੈ ਕਿ ਅਗਲੀਆਂ 'ਸਮਰ ਓਲੰਪਿਕ ਖੇਡਾਂ' ਹੁਣ 14 ਤੋਂ 30 ਜੁਲਾਈ, 2028 ਤੱਕ ਅਮਰੀਕਾ ਵਿਖੇ ਕਰਵਾਈਆਂ ਜਾਣਗੀਆਂ ਜਦੋਂ ਕਿ 'ਵਿੰਟਰ ਓਲੰਪਿਕਸ' ਦੇ ਗਹਿਗੱਚ ਮੁਕਾਬਲੇ 6 ਤੋਂ 22 ਫ਼ਰਵਰੀ, 2026 ਤੱਕ ਇਟਲੀ ਵਿਖੇ ਕਰਵਾਏ ਜਾਣਗੇ।



# ਮਾਝਾ-ਦੁਆਬਾ
ਆਸ ਪਾਸ

## ਈ.ਟੀ.ਓ. ਨੇ ਵਿਧਾਨ ਸਭਾ ਹਲਕਾ ਵਿਖੇ 2 ਕਰੋੜ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ



ਅੰਮ੍ਰਿਤਸਰ, 22 ਜੂਨ, (ਬਬਲੂ ਮਹਾਜਨ) : ਪਿਛਲੇ ਕਰੀਬ ਸਾਢੇ ਤਿੰਨ ਸਾਲਾਂ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਮੁੜ ਲੀਹਾਂ 'ਤੇ ਲਿਆਂਦਾ ਹੈ ਅਤੇ ਆਉਂਦੇ ਸਾਲਾਂ ਦੌਰਾਨ ਵੀ ਸੂਬੇ ਦੇ ਵਿਕਾਸ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਹਲਕਾ ਜੰਡਿਆਲਾ ਵਿਖੇ ਕਰੀਬ 2 ਕਰੋੜ ਰੁਪਏ ਦੀ ਲਾਗਤ ਨਾਲ ਹੁਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਉਪਰੰਤ ਕੀਤਾ।

ਕੈਬਿਨਟ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਜੰਡਿਆਲਾ ਹਲਕੇ ਨੂੰ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਕੋਈ ਵੀ ਪਿੰਡ ਵਿਕਾਸ ਪੱਖੋਂ ਸੱਖਣਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ ਤਾਂ ਜੋ ਸੂਬੇ ਦੀ ਤਰੱਕੀ ਦੀ ਰਫਤਾਰ ਨੂੰ ਵਧਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਕਿਸੇ ਦੇਸ਼ ਦੇ ਅਰਥਵਿਵਸਥਾ ਵਿਚ ਸਭ ਤੋਂ ਵੱਡਾ ਯੋਗਦਾਨ ਸੜਕਾਂ ਦਾ ਹੁੰਦਾ ਹੈ, ਜੇਕਰ ਸੜਕਾਂ ਠੀਕ ਹਨ ਤਾਂ ਜਿੱਥੇ ਵਪਾਰ ਵਿਚ ਵਾਧਾ ਹੁੰਦਾ ਹੈ, ਉੱਥੇ ਹੀ ਸੜਕੀ ਦੁਰਘਟਨਾਵਾਂ ਤੋਂ ਵੀ ਬਚਾਓ ਰਹਿੰਦਾ ਹੈ।

ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਪਿੰਡ ਸਰਜਾ ਵਿਖੇ 63.58 ਲੱਖ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਹਾਲ ਦੀ ਉਸਾਰੀ ਕੀਤੀ ਜਾਵੇਗੀ ਅਤੇ ਇਸ ਦੇ ਨਾਲ ਹੀ 73.78 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਸਰਜਾ ਵਿਖੇ ਹੀ ਛੱਪੜ ਦੀ ਰਿਟੇਨਿੰਗ ਵਾਲ਼ ਦੀ ਵੀ ਮੁੜ ਉਸਾਰੀ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਲੋਕਾਂ ਦੀ ਬੜੇ ਚਿਰਾਂ ਤੋਂ ਮੰਗ ਸੀ ਕਿ ਪਿੰਡ ਬੰਡਾਲਾ ਦੇ ਸ਼ਮਸ਼ਾਨ ਘਾਟ ਦੀ ਮੁਰੰਮਤ ਕਰਵਾਈ ਜਾਵੇ । ਇਸ ਲਈ 38.93 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਬੰਡਾਲਾ ਦੇ ਸ਼ਮਸ਼ਾਨ ਘਾਟ ਦੀ ਮੁਰੰਮਤ ਕੀਤੀ ਜਾਵੇਗੀ, ਜਿਸ ਵਿੱਚ ਨਵੀਂ ਚਾਰ ਦੀਵਾਰੀ ਇੰਟਰਲਾਕਿੰਗ ਟਾਈਲਜ਼,ਨਵੇਂ ਵਰਾਂਡੇ ਦੀ ਉਸਾਰੀ ਅਤੇ ਨਵੇਂ ਵਾਸ਼ਰੂਮ ਵੀ ਬਣਾਏ ਜਾਣਗੇ।

ਕੈਬਿਨਟ ਮੰਤਰੀ ਨੇ ਦੱਸਿਆ ਕਿ ਇਹ ਸਾਰੇ ਵਿਕਾਸ ਆਉਂਦੇ 6 ਮਹੀਨਿਆਂ ਵਿਚ ਪੂਰੇ ਕੀਤੇ ਜਾਣਗੇ । ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਗੁਣਵਤਾ ਵਿਚ ਕੋਈ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਪਿੰਡ ਵਾਸੀਆਂ ਨੂੰ ਕਿਹਾ ਕਿ ਜੇਕਰ ਉਹ ਵਿਕਾਸ ਦੇ ਕੰਮ ਵਿਚ ਕੋਈ ਊਣਤਾਈ ਦੇਖਣ ਤਾਂ ਮੇਰੇ ਧਿਆਨ ਵਿਚ ਲਿਆਉਣ,ਉਸੇ ਸਮੇਂ ਹੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕਾਰਜਾਂ ਨੂੰ ਸਮੇ ਸਿਰ ਮੁਕੰਮਲ ਕਰਨ ਲਈ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਲੋਕਾਂ ਨੂੰ ਹਰ ਸਹੂਲਤ ਦੇਣ ਲਈ ਵਚਨਬੱਧ ਹੈ ਅਤੇ ਇਸੇ ਤਹਿਤ ਲੋਕਾਂ ਨੂੰ ਤਹਿਸੀਲਾਂ ਵਿੱਚੋਂ ਹੁੰਦੀ ਖਜਰ ਖ਼ੁਆਰੀ ਤੋਂ ਬਚਾਉਣ ਲਈ ਈ ਜਮ੍ਹਾਂਬੰਦੀ ਆਨਲਾਈਨ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ ।ਜਿਸ ਨਾਲ ਲੋਕ ਘਰ ਬੈਠੇ ਹੀ ਆਪਣੇ ਘਰ ਪਲਾਟ ਆਦਿ ਦੀ ਜਮ੍ਹਾਂਬੰਦੀ ਪ੍ਰਾਪਤ ਕਰ ਸਕਣਗੇ, ਇੰਤਕਾਲ ਕਰਵਾ ਸਕਣਗੇ। ਜਿਸ ਨਾਲ ਉਹਨਾਂ ਨੂੰ ਤਹਿਸੀਲਾਂ ਦੇ ਚੱਕਰ ਮਾਰਨੇ ਨਹੀਂ ਪੈਣਗੇ।

## ਨਸ਼ਾ ਵੇਚਣ ਵਾਲਿਆਂ ਦੀਆਂ ਜ਼ਮਾਨਤਾਂ ਕਰਵਾਉਣ ਵਾਲਿਆਂ ਦੇ ਨਾਂ ਜਨਤਕ ਕਰੇਗਾ ਨਸ਼ਾ ਮੁਕਤੀ ਮੋਰਚਾ : ਸੋਨੀਆ ਮਾਨ

### 1 ਜੁਲਾਈ ਤੋਂ ਸ਼ੁਰੂ ਹੋਵੇਗਾ ਯੁੱਧ ਨਸ਼ਿਆਂ ਵਿਰੁੱਧ ਦਾ ਅਗਲਾ ਪੜਾਅ



ਅੰਮ੍ਰਿਤਸਰ, 22 ਜੂਨ, (ਬਬਲੂ ਮਹਾਜਨ) : ਨਸ਼ਾ ਮੁਕਤੀ ਮੋਰਚਾ ਦੇ ਕੋਆਰਡੀਨੇਟਰ ਮੈਡਮ ਸੋਨੀਆ ਮਾਨ ਨੇ ਅੰਮ੍ਰਿਤਸਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਿਹੜੇ ਵੀ ਲੋਕ ਨਸ਼ਾ ਵੇਚਣ ਵਾਲੇ ਵਿਅਕਤੀਆਂ ਦੀ ਸਿਫਾਰਿਸ਼ ਲਈ ਪੁਲਿਸ ਕੋਲ ਜਾਣਗੇ ਜਾਂ ਉਹਨਾਂ ਦੀਆਂ ਅਦਾਲਤ ਵਿੱਚ ਜ਼ਮਾਨਤਾਂ ਦੇਣਗੇ, ਦੇ ਨਾਮ ਜਨਤਕ ਕੀਤੇ ਜਾਣਗੇ ਅਤੇ ਲੋਕਾਂ ਨੂੰ ਅਜਿਹੇ ਲੋਕਾਂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਲੋਕਾਂ ਵੱਲੋਂ ਵੱਡਾ ਸਾਥ ਮਿਲ ਰਿਹਾ ਹੈ ਅਤੇ ਇਸ ਦਾ ਅਗਲਾ ਪੜਾਅ ਇੱਕ ਜੁਲਾਈ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਅੱਜ ਇਸ ਸਬੰਧੀ ਨਸ਼ਾ ਮੁਕਤੀ ਮੋਰਚਾ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੋਨੀਆ ਮਾਨ ਨੇ ਦੱਸਿਆ ਕਿ ਮੋਰਚੇ ਨੂੰ ਪਿੰਡ ਪੱਧਰ ਉੱਤੇ ਮਜਬੂਤ ਕਰਨ ਲਈ ਨਵੀਆਂ ਨਿਯੁਕਤੀਆਂ ਵੀ ਛੇਤੀ ਕੀਤੀਆਂ ਜਾ ਰਹੀਆਂ ਹਨ। ਉਹਨਾਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਪੁਲਿਸ, ਆਮ ਲੋਕਾਂ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਮਿਲ ਰਹੇ ਸਹਿਯੋਗ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਬਿਮਾਰੀ ਨੂੰ ਮੁੱਢੋਂ ਪੁੱਟਣ ਲਈ ਸਾਰਿਆਂ ਨੂੰ ਇੱਕ ਟੀਮ ਵਰਕ ਦੇ ਤੌਰ 'ਤੇ ਕੰਮ ਕਰਨਾ ਜ਼ਰੂਰੀ ਹੈ ਅਤੇ ਖੁਸ਼ੀ ਵਾਲੀ ਗੱਲ ਹੈ ਕਿ ਸਾਰੀਆਂ ਧਿਰਾਂ ਨਸ਼ੇ ਦੀ ਅਲਾਮਤ ਨੂੰ ਹਟਾਉਣ ਲਈ ਇੱਕ ਹੋ ਕੇ ਕੰਮ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਇਸ ਤੋਂ ਪਹਿਲੀਆਂ ਸਰਕਾਰਾਂ ਨੇ ਨਸ਼ੇ ਵਿਰੁੱਧ ਗੰਭੀਰਤਾ ਨਹੀਂ ਵਿਖਾਈ, ਜਿਸ ਕਾਰਨ ਇਸ ਅਲਾਮਤ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਸੀ, ਜਿਸ ਨੂੰ ਹੁਣ ਖਤਮ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਪਾਰਟੀ ਦੋਨੋਂ ਮਿਲ ਕੇ ਕੰਮ ਕਰ ਰਹੇ ਹਨ ।

ਉਹਨਾਂ ਆਮ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਨਸ਼ੇ ਦੇ ਰੋਗੀਆਂ ਨਾਲ ਹਮਦਰਦੀ ਨਾਲ ਪੇਸ਼ ਆਉਣ, ਕਿਉਂਕਿ ਇਹ ਅਪਰਾਧੀ ਨਹੀਂ ਬਲਕਿ ਨਸ਼ਾ ਲੈਣ ਦੇ ਰੋਗੀ ਹਨ। ਉਹਨਾਂ ਕਿਹਾ ਕਿ ਸਾਡੀ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰਾਂ ਅਤੇ ਮੁੜ ਵਸੇਬਾ ਕੇਂਦਰਾਂ ਵਿੱਚ ਅਜਿਹੇ ਰੋਗੀਆਂ ਦੇ ਮੁਫ਼ਤ ਇਲਾਜ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਜੋ ਵੀ ਵਿਅਕਤੀ ਇਸ ਦਾ ਰੋਗੀ ਹੈ ਉਸ ਨੂੰ ਇਹਨਾਂ ਕੇਂਦਰਾਂ ਵਿੱਚ ਲਿਆਓ ਅਤੇ ਇਲਾਜ ਕਰਵਾਓ।

ਉਹਨਾਂ ਨਾਲ ਇਸ ਮੌਕੇ ਨਸ਼ਾ ਮੁਕਤੀ ਮੋਰਚਾ ਦੇ ਆਗੂ ਦੀਕਸ਼ਤ ਧਵਨ, ਕੁਲਦੀਪ ਸਿੰਘ ਮੱਤੇਵਾਲ, ਹੁਸਨ ਪ੍ਰੀਤ, ਹਨੀ, ਯੁਵਰਾਜ ਅਤੇ ਹੋਰ ਆਗੂ ਵੀ ਹਾਜ਼ਰ ਸਨ।

## 'ਆਪ' ਦੇ ਨਵ-ਨਿਯੁਕਤ ਅਹੁਦੇਦਾਰਾਂ ਦਾ ਹੋਇਆ ਸਨਮਾਨ ਸਮਾਰੋਹ



ਅੰਮ੍ਰਿਤਸਰ, 22 ਜੂਨ, (ਬਬਲੂ ਮਹਾਜਨ) : ਬੀਤੇ ਦਿਨੀਂ ਆਮ ਆਦਮੀ ਪਾਰਟੀ ਵੱਲੋਂ ਆਪਣੇ ਜ਼ਿਲ੍ਹੇ ਦੇ ਸੰਗਠਨਾਤਮਕ ਢਾਂਚੇ ਵਿੱਚ ਬਦਲਾਅ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਪੁਰਾਣੇ ਆਗੂ ਜਸਕਰਨ ਸਿੰਘ ਬਾਂਦੇਸ਼ਾ ਨੂੰ ਲੋਕ ਸਭਾ ਇੰਚਾਰਜ ਅਤੇ ਨੌਜਵਾਨ ਆਗੂ ਚੇਅਰਮੈਨ ਪਨਸਪ ਪ੍ਰਭਬੀਰ ਸਿੰਘ ਬਰਾੜ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ। ਇਹਨਾਂ ਨਿਯੁਕਤੀਆਂ ਤੋਂ ਬਾਅਦ ਆਮ ਆਦਮੀ ਪਾਰਟੀ ਜ਼ਿਲ੍ਹਾ ਦਫਤਰ ਵਿਖੇ ਵਰਕਰਾਂ ਵੱਲੋਂ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਹਲਕਾ ਦੱਖਣੀ ਤੋਂ ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿੱਝਰ, ਹਲਕਾ ਕੇਂਦਰੀ ਤੋਂ ਵਿਧਾਇਕ ਡਾਕਟਰ ਅਜੇ ਗੁਪਤਾ, ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਚੇਅਰਮੈਨ ਇੰਪਰੂਵਮੈਂਟ ਟਰੱਸਟ ਕਰਮਜੀਤ ਸਿੰਘ ਰਿੰਟੂ, ਡਿਪਟੀ ਮੇਅਰ ਪ੍ਰਿਅੰਕਾ ਸ਼ਰਮਾ ਸਮੇਤ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਲੋਕ ਸਭਾ ਇੰਚਾਰਜ ਜਸਕਰਨ ਸਿੰਘ ਬੰਦੇਸ਼ਾ ਅਤੇ ਜ਼ਿਲ੍ਹਾ ਪ੍ਰਧਾਨ ਪ੍ਰਭਬੀਰ ਸਿੰਘ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਦੇ ਵਿੱਚ ਤਿੰਨ ਸਾਲ ਤੋਂ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਕੰਮ ਕਰ ਰਹੀ ਹੈ ਅਤੇ ਸਰਕਾਰ ਦੇ ਕੀਤੇ ਹੋਏ ਚੰਗੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਸੰਗਠਨ ਕਰਦਾ ਹੈ। ਸਰਕਾਰ ਅਤੇ ਲੋਕਾਂ ਦੇ ਵਿਚਾਲੇ ਸੰਗਠਨ ਇੱਕ ਪੁੱਲ ਦੇ ਤੌਰ 'ਤੇ ਕਰਦਾ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਆਮ ਆਦਮੀ ਪਾਰਟੀ ਦੇ ਸੰਗਠਨ ਨੂੰ ਹੋਰ ਮਜਬੂਤ ਕੀਤਾ ਜਾਵੇਗਾ ਅਤੇ ਪਾਰਟੀ ਨਾਲ ਜੁੜੇ ਹੋਏ ਹਰ ਇੱਕ ਵਰਕਰ ਨੂੰ ਉਸ ਦਾ ਬਣਦਾ ਮਾਣ ਸਨਮਾਨ ਦਵਾਉਣਾ ਉਹਨਾਂ ਦੀ ਜ਼ਿੰਮੇਵਾਰੀ ਹੋਵੇਗੀ। ਇਸ ਮੌਕੇ ਐਸੀ ਲੈਂਡ ਡਿਵੈਲਪਮੈਂਟ ਬੋਰਡ ਦੇ ਡਾਇਰੈਕਟਰ ਰਵਿੰਦਰ ਹੰਸ, ਜਿਲਾ ਜਨਰਲ ਸਕੱਤਰ ਮੁਖਵਿੰਦਰ ਸਿੰਘ ਵਿਰਦੀ, ਜ਼ਿਲ੍ਹਾ ਐਸਸੀ ਵਿੰਗ ਪ੍ਰਧਾਨ ਡਾਕਟਰ ਇੰਦਰਪਾਲ, ਚੇਅਰਮੈਨ ਬਲਜੀਤ ਰਿੰਕੂ, ਜ਼ਿਲ੍ਹਾ ਯੂਥ ਪ੍ਰਧਾਨ ਕੌਂਸਲਰ ਭਗਵੰਤ ਸਿੰਘ ਕਵਲ, ਕੌਂਸਲਰ ਵਿਰਾਟ ਦੇਵਗਨ, ਮੈਂਬਰ ਏਡੀਏ ਕੁਨਾਲ ਧਵਨ, ਜੋਇੰਟ ਸੈਕਟਰੀ ਯੂਥ ਵਿੰਗ ਪੰਜਾਬ ਨਵਜੋਤ ਗਰੋਵਰ, ਸੀਨੀਅਰ ਆਗੂ ਸਤਪਾਲ ਸੋਖੀ, ਟਰਸਟੀ ਇੰਪਰੂਵਮੈਂਟ ਟਰੱਸਟ ਮਨਦੀਪ ਸਿੰਘ ਮੌਂਗਾ, ਸੀਨੀਅਰ ਆਗੂ ਮਾਸਟਰ ਮੋਹਨ ਲਾਲ, ਤ੍ਰਲੋਕੀ ਨਾਥ ਸਤਨਾਮ ਸਿੰਘ ਮਠਾਰੂ, ਡੈਂਟਲ ਕੌਂਸਲ ਮੈਂਬਰ ਹਰਪ੍ਰੀਤ ਸਿੰਘ ਬੇਦੀ, ਗੁਰਪ੍ਰੀਤ ਕਟਾਰੀਆ, ਗੁਲਜ਼ਾਰ ਬਿੱਟੂ, ਕੇਵਲ ਅਟਵਾਲ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਪੰਜਾਬ ਐਂਡ ਸਿੰਧ ਬੈਂਕ ਦਾ 118ਵਾਂ ਸਥਾਪਨਾ ਦਿਵਸ 24 ਜੂਨ ਨੂੰ



ਅੰਮ੍ਰਿਤਸਰ, 22 ਜੂਨ, (ਬਬਲੂ ਮਹਾਜਨ) : ਪੰਜਾਬ ਐਂਡ ਸਿੰਧ ਬੈਂਕ ਦਾ 118ਵਾਂ ਸਥਾਪਨਾ ਦਿਵਸ 24 ਜੂਨ ਨੂੰ ਮਨਾਇਆ ਜਾ ਰਿਹਾ ਹੈ। ਪੰਜਾਬ ਐਂਡ ਸਿੰਧ ਬੈਂਕ ਅੰਮ੍ਰਿਤਸਰ ਦੇ ਜੋਨਲ ਮੈਨੇਜਰ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਐਂਡ ਸਿੰਧ ਬੈਂਕ ਦਾ 118ਵਾਂ ਸਥਾਪਨਾ ਦਿਵਸ ਇਸ ਸਬੰਧ ਵਿੱਚ ਅੱਜ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ ਹੈ, ਜਿਸ ਦੇ ਭੋਗ 24 ਜੂਨ ਨੂੰ ਸਵੇਰੇ 7 ਵਜੇ ਪਾਏ ਜਾਣਗੇ ਅਤੇ ਬਾਅਦ ਦੁਪਹਿਰ ਠੰਢੇ-ਮਿੱਠੇ ਜਲ ਦੀ ਛਬੀਲ ਅਤੇ ਲੰਗਰ ਵਰਤਾਇਆ ਜਾਏਗਾ। ਇਸ ਮੌਕੇ ਚੀਫ ਮੈਨੇਜਰ ਚੰਦਰਪਾਲ, ਸੀਨੀਅਰ ਮੈਨੇਜਰ ਸੁਖਪ੍ਰੀਤ ਸਿੰਘ, ਵਿਸ਼ਵਦੀਪ ਸਿੰਘ, ਰਜਿੰਦਰ ਸਿੰਘ, ਮੋਹਿਤ ਅਰੋੜਾ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਦਿਹਾਤੀ ਪੁਲਿਸ ਅੰਮ੍ਰਿਤਸਰ ਵੱਲੋਂ 6 ਕਿੱਲੋ 235 ਗ੍ਰਾਮ ਹੈਰੋਇਨ ਸਮੇਤ 4 ਦੋਸ਼ੀ ਕਾਬੂ



ਜੰਡਿਆਲਾ ਗੁਰੂ, 22 ਜੂਨ (ਰਾਮ ਸ਼ਰਨਜੀਤ ਸਿੰਘ): ਮਾਣਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਮਾਣਯੋਗ ਡੀ.ਜੀ.ਪੀ. ਪੰਜਾਬ ਦੀਆਂ ਹਦਾਇਤਾਂ ਅਨੁਸਾਰ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਵੱਡੀ ਕਾਮਯਾਬੀ ਹਾਸਿਲ ਕਰਦਿਆਂ ਸਤਿੰਦਰ ਸਿੰਘ ਆਈ.ਪੀ.ਐਸ., ਡੀ.ਆਈ.ਜੀ ਬਾਰਡਰ ਰੇਂਜ ਅਤੇ ਮਨਿੰਦਰ ਸਿੰਘ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੀ ਅਗਵਾਈ ਹੇਠ ਸਪੈਸ਼ਲ ਸੈੱਲ ਅੰਮ੍ਰਿਤਸਰ ਦਿਹਾਤੀ ਵੱਲੋਂ ਦੋ ਵੱਖ-ਵੱਖ ਆਪਰੇਸ਼ਨਾਂ ਦੌਰਾਨ 6 ਕਿੱਲੋ 235 ਗ੍ਰਾਮ ਹੈਰੋਇਨ, 2 PXE ਪਿਸਟਲ (30 ਬੋਰ), 1 ਦੇਸੀ ਪਿਸਟਲ (30 ਬੋਰ), 4 ਜਿੰਦਾ ਰੌਂਦ (30 ਬੋਰ) ਅਤੇ 10,000 ਡਰੱਗ ਮਨੀ ਅਤੇ 3 ਮੋਬਾਈਲ ਫੋਨ ਸਮੇਤ 4 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ।ਇਸ ਸਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਸ਼੍ਰੀ ਮਨਿੰਦਰ ਸਿੰਘ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਨੇ ਦੱਸਿਆ ਕਿ ਸਪੈਸ਼ਲ ਸੈੱਲ ਵੱਲੋਂ ਪੁਲ ਬਰਸਾਤੀ ਨਾਲਾ ਪਿੰਡ ਬਰਾੜ ਵਿਖੇ ਚੈਕਿੰਗ ਕੀਤੀ ਜਾ ਰਹੀ ਸੀ, ਕਿ ਪਿੰਡ ਬਰਾੜ ਸਾਈਡ ਮੋਟਰਸਾਈਕਲ ਸਵਾਰ ਦੋ ਨੌਜਵਾਨ ਆਉਂਦੇ ਦਿਖਾਈ ਦਿੱਤੇ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਅਤੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਜੋ ਸਪੈਸ਼ਲ ਸੈੱਲ ਦੀ ਟੀਮ ਵੱਲੋਂ ਮੁਸਤੈਦੀ ਨਾਲ ਕੰਮ ਕਰਦਿਆਂ ਉਕਤ ਮੋਟਰਸਾਈਕਲ ਸਵਾਰ ਨੌਜਵਾਨਾਂ ਨੂੰ ਕਾਬੂ ਕਰ ਲਿਆ ਤੇ ਨਾਮ/ਪਤਾ ਪੁੱਛਣ 'ਤੇ ਉਹਨਾਂ ਆਪਣਾ ਨਾਮ ਲਵਪ੍ਰੀਤ ਸਿੰਘ ਉਰਫ ਲਵ ਅਤੇ ਬਲਵਿੰਦਰ ਸਿੰਘ ਉਰਫ ਬੋਬੀ ਦੱਸਿਆ। ਜੋ ਤਲਾਸ਼ੀ ਕਰਨ 'ਤੇ ਉਕਤ ਨੌਜਵਾਨਾਂ ਕੋਲੋਂ 06 ਕਿੱਲੋ 150 ਗ੍ਰਾਮ ਹੈਰੋਇਨ, 1 PXE ਪਿਸਟਲ (30 ਬੋਰ), 4 ਜਿੰਦਾ ਰੌਂਦ (30 ਬੋਰ), 10,000 ਡਰੱਗ ਮਨੀ ਅਤੇ ਇੱਕ ਮੋਬਾਈਲ ਫੋਨ ਬ੍ਰਾਮਦ ਹੋਇਆ। ਜਿਸ ਸਬੰਧੀ ਉਕਤ ਦੋਸ਼ੀਆਂ ਖਿਲਾਫ ਥਾਣਾ ਲੋਪੋਕੇ ਵਿਖੇ ਮੁਕੱਦਮਾ ਨੰ. 139 ਮਿਤੀ 20-06-2025 ਜੁਰਮ 21-3/25/27-1/61/85 ਐਨ.ਡੀ.ਪੀ.ਐਸ, 25-54-59 ਅਸਲਾ ਐਕਟ ਤਹਿਤ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ। ਏਸੇ ਤਰ੍ਹਾਂ ਇੱਕ ਹੋਰ ਮਾਮਲੇ ਵਿੱਚ ਸਪੈਸ਼ਲ ਸੈੱਲ ਦੀ ਟੀਮ ਵੱਲੋਂ ਗਸ਼ਤ ਦੌਰਾਨ ਡਿਫੈਂਡ ਡਰੇਨ ਤੋਂ ਗੁਰਪ੍ਰੀਤ ਸਿੰਘ ਉਰਫ ਗੋਪੀ ਅਤੇ ਵਿਸ਼ਾਲ ਸਿੰਘ ਉਰਫ ਟੂਪਾ ਨੂੰ 01 PXE ਪਿਸਟਲ (30 ਬੋਰ), 01 ਦੇਸੀ ਪਿਸਟਲ (30 ਬੋਰ), 85 ਗ੍ਰਾਮ ਹੈਰੋਇਨ ਅਤੇ 02 ਮੋਬਾਈਲ ਫੋਨ ਸਮੇਤ ਗ੍ਰਿਫਤਾਰ ਕੀਤਾ ਗਿਆ, ਜਿਸ ਸਬੰਧੀ ਉਕਤ ਦੋਸ਼ੀਆ ਖਿਲਾਫ ਥਾਣਾ ਘਰਿੰਡਾ ਵਿਖੇ ਮੁਕੱਦਮਾ ਨੰ. 182 ਮਿਤੀ 20-06-2025 ਜੁਰਮ 21 ਐਨ.ਡੀ.ਪੀ.ਐਸ, 25 ਅਸਲਾ ਐਕਟ ਥਾਣਾ ਘਰਿੰਡਾ ਤਹਿਤ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਕੋਲੋ ਪੁੱਛਗਿੱਛ ਜਾਰੀ ਹੈ। ਜੋ ਦੋਸ਼ੀਆਂ ਦੇ ਫਾਰਵਰਡ ਅਤੇ ਬੈਕਵਰਡ ਲਿੰਕਾਂ ਨੂੰ ਖੰਘਾਲ ਕੇ ਸਪਲਾਈ ਰੂਟਾ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ। ਇਸ ਤੋਂ ਇਲਾਵਾ ਉਕਤ ਗ੍ਰਿਫਤਾਰ ਦੋਸ਼ੀਆ ਦੀ ਕਾਲੀ ਕਮਾਈ ਨਾਲ ਬਣਾਈ ਪ੍ਰਾਪਰਟੀ ਨੂੰ ਚੈੱਕ ਕੀਤਾ ਜਾ ਰਿਹਾ ਹੈ।

## ਪਤੀ-ਪਤਨੀ ਇੱਕ ਹੋਰ ਔਰਤ ਨਾਲ ਮਿਲਕੇ ਕਰਦੇ ਸੀ ਨਸ਼ੇ ਦਾ ਕਾਰੋਬਾਰ, ਪੁਲਿਸ ਨੇ ਕੀਤੇ ਕਾਬੂ



ਅੰਮ੍ਰਿਤਸਰ, 22 ਜੂਨ, (ਬਬਲੂ ਮਹਾਜਨ) : ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤਾਹਿਤ ਵਿੱਢੀ ਮੁਹਿੰਮ ਦੌਰਾਨ ਥਾਣਾਂ ਸਦਰ ਅੰਮ੍ਰਿਤਸਰ ਦੀ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦ ਇਕ ਪਤੀ ਪਤਨੀ ਨੂੰ ਇਕ ਹੋਰ ਔਰਤ ਸਮੇਤ ਉਸ ਸਮੇਂ ਕਾਬੂ ਕੀਤਾ ਜਦ ਉਹ ਵੇਚਣ ਵਾਸਤੇ ਚਿੱਟੇ ਦੀਆਂ ਪੁੜੀਆਂ ਬਣਾ ਰਹੇ ਸਨ।ਜਿਸ ਸਬੰਧੀ ਜਾਣਕਾਰੀ ਦੇਂਦਿਆਂ ਇਕ ਪੱਤਰਕਾਰ ਸੰਮੇਲਨ ਦੌਰਾਨ ਏ.ਡੀ.ਸੀ.ਪੀ ਸਿਟੀ-2 ਹਰਪਾਲ ਸਿੰਘ ਨੇ ਦੱਸਿਆ ਕਿ ਫੜੇ ਗਏ ਦੋਸ਼ੀਆਂ ਦੀ ਪਹਿਚਾਣ 1.ਹਰਪ੍ਰੀਤ ਸਿੰਘ ਉਰਫ ਹਰਪ੍ਰਤਾਪ ਸਿੰਘ ਹੈਪੀ ਪੁੱਤਰ ਰਣਜੀਤ ਸਿੰਘ ਵਾਸੀ ਮਕਾਨ ਨੰਬਰ 691, ਗਲੀ ਨੰਬਰ 04, ਨੇੜੇ ਡੂੰਮ ਦਾ ਗੁਰਦੁਆਰਾ, ਸੰਧੂ ਕਲੋਨੀ, ਬਟਾਲਾ ਰੋਡ, ਅੰਮ੍ਰਿਤਸਰ, 2. ਪ੍ਰਿਅੰਕਾ ਪਤਨੀ ਹਰਪ੍ਰੀਤ ਸਿੰਘ ਉਰਫ ਹਰਪ੍ਰਤਾਪ ਸਿੰਘ ਹੈਪੀ ਵਾਸੀ ਮਕਾਨ ਨੰਬਰ 691, ਗਲੀ ਨੰਬਰ 04, ਨੇੜੇ ਡੂੰਮ ਦਾ ਗੁਰਦੁਆਰਾ, ਸੰਧੂ ਕਲੋਨੀ, ਬਟਾਲਾ ਰੋਡ, ਅੰਮ੍ਰਿਤਸਰ,3.ਸਿਲਪਾ ਪਤਨੀ ਲੇਟ ਸਿਕੰਦਰ ਵਾਸੀ ਮਕਾਨ ਨੰਬਰ 616, ਗਲੀ ਨੰਬਰ 04, ਨੇੜੇ ਡੂੰਮ ਦਾ ਗੁਰਦੁਆਰਾ, ਸੰਧੂ ਕਲੋਨੀ, ਬਟਾਲਾ ਰੋਡ, ਅੰਮ੍ਰਿਤਸਰ ਵਜੋ ਹੋਈ ਹੈ। ਜਿੰਨਾ ਪਾਸੋ 260 ਗ੍ਰਾਮ ਹੈਰਇਨ ਤੇ 5290 ਰੁਪਏ ਡਰੱਗ ਮਨੀ ਬ੍ਰਾਮਦ ਹੋਈ ਹੈ।ਗ੍ਰਿਫ਼ਤਾਰ ਤਿੰਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਬਾਰੀਕੀ ਨਾਲ ਪੁੱਛਗਿੱਛ ਕਰਕੇ ਬੈਕਵਡਰ ਤੇ ਫਾਰਵਰਡ ਲਿੰਕ ਬਾਰੇ ਤਹਿ ਤੱਕ ਜਾਂਚ ਕੀਤੀ ਜਾਵੇਗੀ।ਇਸ ਸਮੇਂ ਉਨ੍ਹਾਂ ਨਾਲ ਥਾਣਾ ਸਦਰ ਦੇ ਐਸ.ਐਚ.ਓ ਇੰਸ: ਹਰਸੰਦੀਪ ਸਿੰਘ ਵੀ ਹਾਜ਼ਰ ਸਨ।

## ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਮਾਲਕੀ ਵਾਲੇ ਕੁਝ ਪਲਾਟ ਵੇਚਣ ਦਾ ਮਾਮਲਾ :

### ਦਿੱਲੀ ਕਮੇਟੀ ਸੰਗਤਾਂ ਨੂੰ ਕਰ ਰਹੀ ਹੈ ਗੁੰਮਰਾਹ : ਸ਼੍ਰੋਮਣੀ ਕਮੇਟੀ



ਅੰਮ੍ਰਿਤਸਰ, 22 ਜੂਨ, (ਗੁਰਦਿਆਲ ਸਿੰਘ) : ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਸਾਹਿਬ ਦੀ ਮਾਲਕੀ ਵਾਲੇ ਕੁਝ ਪਲਾਟ ਵੇਚਣ ਦੇ ਮਾਮਲੇ 'ਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਬੇਲੋੜੀ ਬਿਆਨਬਾਜ਼ੀ ਕਰਕੇ ਸੰਗਤਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਹੇ ਹਨ। ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਅਸੀਂ ਪਹਿਲਾਂ ਵੀ ਸਪੱਸ਼ਟ ਕਰ ਚੁੱਕੇ ਹਾਂ ਕਿ ਗੁਰਦੁਆਰਾ ਸਾਹਿਬ ਦੀ ਵਰਤੋਂ ਵਿਚ ਨਾ ਆ ਰਹੀ ਹੋਣ ਅਤੇ ਲੋਕਾਂ ਵੱਲੋਂ ਕਬਜ਼ੇ ਕਰਨ ਕਰਕੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਤੰਗ ਗਲੀਆਂ ਵਿਚ ਛੋਟੇ ਪਲਾਟਾਂ ਦੇ ਰੂਪ ਵਿਚ ਕੁਝ ਜਗ੍ਹਾ ਨੂੰ ਨਿਯਮਾਂ ਅਨੁਸਾਰ ਜਾਇਦਾਦ ਸਬ-ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਵੇਚਣ ਦਾ ਫੈਸਲਾ ਕੀਤਾ ਸੀ। ਇਸ ਬਾਰੇ ਇਸ਼ਤਿਹਾਰ ਲਗਾ ਕੇ ਕਈ ਵਾਰ ਖੁੱਲ੍ਹੀ ਬੋਲੀ ਰੱਖੀ ਸੀ, ਜਿਸ ਵਿੱਚ ਸਭ ਤੋਂ ਵੱਧ ਬੋਲੀ ਦੇਣ ਵਾਲੇ ਨੂੰ ਇਹ ਜਗ੍ਹਾ ਵੇਚੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਜਗ੍ਹਾ ਦੀ ਕੀਮਤ ਨੂੰ ਲੈ ਕੇ ਕੁਝ ਲੋਕਾਂ ਵੱਲੋਂ ਸੰਗਤਾਂ ਨੂੰ ਲਗਾਤਾਰ ਗੁੰਮਰਾਹ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ 16 ਲੱਖ ਦੀ ਜਗ੍ਹਾ ਨੂੰ 60 ਲੱਖ ਦੀ ਪ੍ਰਚਾਰਨਾਂ ਨਰੋਲ ਸਿਆਸੀ ਬਿਆਨਬਾਜ਼ੀ ਹੈ। ਜੇਕਰ ਦਿੱਲੀ ਕਮੇਟੀ ਚਾਹੇ ਤਾਂ 60 ਲੱਖ ਦੀ ਲੈ ਸਕਦੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਹਮੇਸ਼ਾ ਹੀ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਅਤੇ ਅਜਿਹਾ ਕੋਈ ਵੀ ਕਾਰਜ ਨਹੀਂ ਕਰਦੀ, ਜਿਸ ਨਾਲ ਸਿੱਖ ਮਨਾਂ ਨੂੰ ਠੇਸ ਪਹੁੰਚੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਗੁਰਦੁਆਰਾ ਸਾਹਿਬ ਦੀ ਕੋਈ ਜਾਇਦਾਦ ਜੋ ਵਰਤੋਂ ਵਿੱਚ ਨਾ ਆ ਰਹੀ ਹੋਵੇ ਨੂੰ ਵੇਚਿਆ ਜਾਂਦਾ ਹੈ ਤਾਂ ਉਸ ਪੈਸੇ ਨਾਲ ਗੁਰਦੁਆਰਾ ਸਾਹਿਬ ਦੀ ਹੋਰ ਜਾਇਦਾਦ ਖਰੀਦ ਕਰ ਲਈ ਜਾਂਦੀ ਹੈ।

ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ ਭਾਵੇਂ ਸਿੱਖ ਸੰਸਥਾ ਨੇ ਨਿਯਮਾਂ ਅਨੁਸਾਰ ਇਹ ਜਾਇਦਾਦ ਖੁੱਲ੍ਹੀ ਬੋਲੀ ਰਾਹੀਂ ਵੇਚੀ ਸੀ, ਪ੍ਰੰਤੂ ਇਸ ਉੱਤੇ ਬੇਲੋੜੇ ਵਿਵਾਦ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਇਸ ਬੋਲੀ ਨੂੰ ਰੱਦ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਦੇ ਅਹੁਦੇਦਾਰ ਇਸ ਮਾਮਲੇ ਨੂੰ ਸਿਆਸੀ ਤੌਰ 'ਤੇ ਤੂਲ ਨਾ ਦੇਣ। ਆਪਣੀ ਸਿਆਸਤ ਚਮਕਾਉਣ ਲਈ ਸਿੱਖ ਸੰਸਥਾਵਾਂ ਖਿਲਾਫ਼ ਤੱਥਾਂ ਰਹਿਤ ਬਿਆਨਬਾਜ਼ੀ ਕਰਨੀ ਜ਼ੁੰਮੇਵਾਰ ਆਹੁਦੇ 'ਤੇ ਬੈਠੇ ਵਿਅਕਤੀਆਂ ਨੂੰ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਸੰਗਤਾਂ ਨੂੰ ਵੀ ਅਜਿਹੀ ਅਧਾਰਹੀਣ ਤੇ ਗੁੰਮਰਾਹਕੁੰਨ ਬਿਆਨਬਾਜ਼ੀ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

## ਪਾਕਿਸਤਾਨ ਵਿੱਚ ਹਿੰਦੂ ਤੇ ਸਿੱਖ ਭਾਈਚਾਰਾ ਸੁਰੱਖਿਅਤ ਨਹੀਂ : ਪ੍ਰੋ. ਸਰਚਾਂਦ ਸਿੰਘ ਖਿਆਲਾ



ਅੰਮ੍ਰਿਤਸਰ, 22 ਜੂਨ, (ਗੁਰਦਿਆਲ ਸਿੰਘ) : ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪਾਕਿਸਤਾਨ ਵਿੱਚ ਹਿੰਦੂ ਤੇ ਸਿੱਖ ਹੀ ਨਹੀਂ ਸਗੋਂ ਬਲੋਚ ਭਾਈਚਾਰਾ ਵੀ ਸੁਰੱਖਿਅਤ ਨਹੀਂ ਹੈ। ਹਾਲ ਹੀ ਵਿੱਚ ਸਿੰਧ ਪ੍ਰਾਂਤ ਵਿੱਚ ਹਿੰਦੂ ਭਾਈਚਾਰੇ ਦੀਆਂ ਤਿੰਨ ਕੁੜੀਆਂ ਅਤੇ ਉਹਨਾਂ ਦੇ ਚਚੇਰੇ ਭਰਾ ਨੂੰ ਜਬਰੀ ਧਰਮ ਪਰਿਵਰਤਨ ਕਰਨ ਤੋਂ ਸਖ਼ਤ ਵਿਰੋਧ ਤੋਂ ਬਾਅਦ ਬਚਾਇਆ ਗਿਆ। ਇਸ ਤੋਂ ਪਹਿਲਾਂ ਮੁਸਲਿਮ ਲੜਕੀ ਨਾਲ ਪ੍ਰੇਮ ਸੰਬੰਧਾਂ ਦੇ ਚੱਲਦੇ ਪਿੰਡ ਰਸੂਲ ਸ਼ਾਹ ਦੇ ਇੱਕ ਹਿੰਦੂ ਨੌਜਵਾਨ ਲੇਖਰਾਜ ਦੀ ਦਰੱਖਤ ਨਾਲ ਲਟਕੀ ਲਾਸ਼ ਮਿਲੀ। ਪਾਕਿਸਤਾਨ ਵਿੱਚ ਹਿੰਦੂ ਕੁੜੀਆਂ ਦੇ ਅਗਵਾ, ਜਬਰੀ ਧਰਮ ਪਰਿਵਰਤਨ, ਜਬਰ ਜਨਾਹ ਅਤੇ ਜਬਰੀ ਵਿਆਹ ਦੀਆਂ ਵਾਪਰਦੀਆਂ ਘਟਨਾਵਾਂ ਕਾਰਨ ਘੱਟ ਗਿਣਤੀਆਂ ਦੀ ਗਿਣਤੀ ਜਿੱਥੇ 15 ਫ਼ੀਸਦੀ ਸੀ ਹੁਣ ਕੇਵਲ ਚਾਰ ਫ਼ੀਸਦੀ ਤੋਂ ਵੀ ਘੱਟ ਰਹਿ ਗਈ ਹੈ। ਇਸੇ ਤਰਾਂ ਸੂਬਾ ਬਲੋਚਿਸਤਾਨ ਵਿੱਚ ਬਲੋਚ ਭਾਈਚਾਰੇ ਨਾਲ ਜਬਰ ਜ਼ੁਲਮ ਦੀ ਇੰਤਹਾ ਹੋ ਚੁੱਕੀ ਹੈ। ਪਾਕਿਸਤਾਨੀ ਫ਼ੌਜ ਅਤੇ ਆਈ ਐਸ ਆਈ ਦੁਆਰਾ ਮਾਰੇ ਗਏ ਬਲੋਚਿਸਤਾਨੀਆਂ ਪ੍ਰਤੀ ਨਿਆਂ ਲੈਣ ਲਈ ਲੱਖਾਂ ਹੀ ਬਲੋਚ ਲੋਕ ਵਾਰ ਵਾਰ ਸੜਕਾਂ ਦੇ ਉੱਤਰ ਰਹੇ ਹਨ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਕਸ਼ਮੀਰ ਦੇ ਪਹਿਲਗਾਮ 'ਚ ਪਾਕਿਸਤਾਨ ਦੁਆਰਾ ਸਪਾਂਸਰ ਅੱਤਵਾਦੀਆਂ ਵੱਲੋਂ ਕੀਤੀ ਗਈ ਕਾਰਵਾਈ ਉਪਰੰਤ ਭਾਰਤ ਵੱਲੋਂ ਕੀਤੇ ਗਏ ਆਪ੍ਰੇਸ਼ਨ ਸਿੰਧੂਰ ਦੌਰਾਨ ਭਾਰਤ ਦੀ ਪ੍ਰਭਾਵਸ਼ਾਲੀ ਸਥਿਤੀ ਤੋਂ ਘਬਰਾਈ ਹੋਈ ਪਾਕਿਸਤਾਨੀ ਫ਼ੌਜ ਦੀ ਪਹਿਲਕਦਮੀ ਨਾਲ ਦੋਵਾਂ ਦੇਸ਼ਾਂ ਦੇ ਡੀ ਜੀ ਐੱਮ ਓ ਪੱਧਰ 'ਤੇ ਹੋਈ ਗੱਲਬਾਤ ਨਾਲ ਸੰਭਵ ਹੋਈ ਜੰਗਬੰਦੀ, ਲਈ ਪਾਕਿਸਤਾਨ ਨੇ ਆਪਣੀ ਨਮੋਸ਼ੀ ਨੂੰ ਛੁਪਾਉਣ ਅਤੇ ਆਪਣੇ ਵੱਕਾਰ ਨੂੰ ਬਚਾਉਣ ਲਈ ਇਸ ਜੰਗਬੰਦੀ ਦਾ ਸਿਹਰਾ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਿਚੋਲਗੀ ਦੇ ਸਿਰ ਬੰਨ੍ਹਣ ਦੇ ਮਕਸਦ ਨਾਲ ਪਾਕਿਸਤਾਨ ਵੱਲੋਂ ਜੰਗ ਨੂੰ ਪਰਮਾਣੂ ਪੱਧਰ ਦੇ ਲੈ ਜਾਣ ਤੋਂ ਰੋਕਣ ਦੀ ਅਖੌਤੀ ਭੂਮਿਕਾ ਲਈ ਰਾਸ਼ਟਰਪਤੀ ਟਰੰਪ ਦਾ ਨਾਮ ਸਾਲ 2026 ਲਈ ਨੋਬਲ ਸ਼ਾਂਤੀ ਪੁਰਸਕਾਰ ਲਈ ਪ੍ਰਸਤਾਵਿਤ ਕੀਤਾ ਅਤੇ ਇਸ ਪੁਰਸਕਾਰ ਲਈ ਟਰੰਪ ਨੂੰ ਅਸਲੀ ਹੱਕਦਾਰ ਦੱਸਿਆ ਗਿਆ।

## ਸੰਤ ਬਾਬਾ ਸੱਜਣ ਸਿੰਘ ਇੰਗਲੈਂਡ ਫੇਰੀ ਦੌਰਾਨ ਤਰਨਪ੍ਰੀਤ ਸਿੰਘ ਔਲਖ ਜੇਠੂਵਾਲ ਦੇ ਗ੍ਰਹਿ ਵਿਖੇ ਪੁੱਜੇ



ਤਰਸਿੱਕਾ, 22 ਜੂਨ, ( ਦਵਿੰਦਰ ਸਿੰਘ ਤਰਸਿੱਕਾ) : ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਛੇਵੀਂ ਪਾਤਿਸ਼ਾਹੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਮੱਤੇਵਾਲ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਜੋ ਇੰਗਲੈਂਡ ਦੀ ਧਰਤੀ ਤੇ ਧਰਮ ਪ੍ਰਚਾਰ ਲਈ ਆਏ ਹੋਏ ਹਨ ਅਤੇ ਸੰਗਤਾਂ ਸੰਤ ਬਾਬਾ ਸੱਜਣ ਸਿੰਘ ਜੀ ਨੂੰ ਅਥਾਹ ਪਿਆਰ ਦੇ ਰਹੀਆਂ ਹਨ ,ਇਸੇ ਤਰ੍ਹਾਂ ਜਿਲਾ ਅੰਮ੍ਰਿਤਸਰ ਨਾਲ ਸੰਬੰਧਤ ਪਿੰਡ ਜੇਠੂਵਾਲ ਦੇ ਵਸਨੀਕ ਰਣਜੀਤ ਸਿੰਘ ਔਲਖ ਦੇ ਸਪੁੱਤਰ ਤਰਨਪ੍ਰੀਤ ਸਿੰਘ ਔਲਖ ਦੇ ਸੱਦੇ ਤੇ ਸੰਤ ਬਾਬਾ ਸੱਜਣ ਸਿੰਘ ਆਪਣੇ ਹੋਰ ਸੇਵਾਦਾਰ ਸਾਥੀਆਂ ਨਾਲ ਉਹਨਾਂ ਦੇ ਗ੍ਰਹਿ ਸਾਊਥ ਹਾਲ ਵਿਖੇ ਪਹੁੰਚੇ। ਇੱਥੇ ਪਹੁੰਚਣ ਤੇ ਤਰਨਪ੍ਰੀਤ ਸਿੰਘ ਤੇ ਉਹਨਾਂ ਤੇ ਪਰਿਵਾਰ ਵੱਲੋਂ ਸੰਤ ਬਾਬਾ ਸੱਜਣ ਸਿੰਘ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਤਰਨਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਬਾਬਾ ਜੀ ਦੇ ਦਰਸ਼ਨ ਦੀਦਾਰੇ ਕਰਕੇ ਉਨ੍ਹਾਂ ਦੀ ਰੂਹ ਨੂੰ ਸਕੂਨ ਮਿਲਿਆ ਹੈ। ਸੰਤ ਬਾਬਾ ਸੱਜਣ ਸਿੰਘ ਹੁਰਾਂ ਨੇ ਗੁਰੂ ਕਾ ਲੰਗਰ ਛਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਮਸ਼ੇਰ ਸਿੰਘ ਵਿਰਕ, ਗੁਰਸ਼ਰਨ ਸਿੰਘ ਸੰਧੂ, ਬੀਬਾ ਅਰਪਿੰਦਰ ਕੌਰ ਔਲਖ, ਹਰਪਾਲ ਸਿੰਘ ਅਤੇ ਹੋਰ ਗੁਰੂ ਘਰ ਦੇ ਸੇਵਾਦਾਰ ਵੀ ਹਾਜਰ ਸਨ ।

## ਕਾਂਗਰਸ ਨੇ ਦੀਨਾਨਗਰ ਵਿਖੇ ਕੀਤੀ 'ਸੰਵਿਧਾਨ ਬਚਾਓ' ਰੈਲੀ



ਦੀਨਾਨਗਰ, 22 ਜੂਨ, (ਡਾ.ਰਮੇਸ਼ ਸਰੰਗਲ) : ਭਾਰਤ ਦੇ ਲੋਕਤੰਤਰ ਅਤੇ ਸੰਵਿਧਾਨ ਦੀ ਰੱਖਿਆ ਨੂੰ ਲੈ ਕੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਂਗਰਸ ਪਾਰਟੀ ਵੱਲੋਂ ਦੀਨਾਨਗਰ ਦੇ ਤਾਜ ਹੈਰੀਟੇਜ ਵਿਖੇ ਸੰਵਿਧਾਨ ਬਚਾਓ ਰੈਲੀ ਕੀਤੀ ਗਈ। ਜਿਸਦੀ ਅਗਵਾਈ ਹਲਕਾ ਵਿਧਾਇਕ ਅਰੁਣਾ ਚੌਧਰੀ ਨੇ ਕੀਤੀ। ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਲੋਕਸਭਾ ਮੈਂਬਰ ਸੁਖਵਿੰਦਰ ਸਿੰਘ ਰੰਧਾਵਾ, ਪੰਜਾਬ ਪ੍ਰਧਾਨ ਰਾਜਾ ਵੜਿੰਗ, ਸੁਜਾਨਪੁਰ ਦੇ ਵਿਧਾਇਕ ਨਰੇਸ਼ ਪੁਰੀ, ਸੀਨੀਅਰ ਆਗੂ ਅਸ਼ੋਕ ਅਸ਼ੋਕ ਚੌਧਰੀ, ਯਥ਼ ਆਗੂ ਅਭਿਨਵ ਚੌਧਰੀ, ਨਗਰ ਕੌਂਸਲ ਦੇ ਪ੍ਰਧਾਨ ਬਲਜੀਤ ਸਿੰਘ ਪਾਹੜਾ, ਹਲਕਾ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਰਮਨ ਬੱਬਰ ਸ਼ਾਮਲ ਹੋਏ। ਇਸ ਮੌਕੇ ਵੱਡੀ ਸੰਖਿਆ ਵਿੱਚ ਵਰਕਰਾਂ ਦਾ ਇਕੱਠ ਵੇਖਣ ਨੂੰ ਮਿਲਿਆ।

ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇ ਮਨਸੂਬਿਆਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਵਾਂਗੇ। ਇਹ ਸੰਵਿਧਾਨ ਭੀਮ ਰਾਓ ਅੰਬੇਦਕਰ ਜੀ ਦੀ ਲੰਮੀ ਮਿਹਨਤ ਤੇ ਜੱਦੋ-ਜਹਿਦ ਉਪਰੰਤ ਬਣਕੇ ਤਿਆਰ ਹੋਇਆ ਸੀ, ਪਰ ਮੋਦੀ ਸਰਕਾਰ ਨੂੰ ਇਹ ਹਜ਼ਮ ਨਹੀਂ ਹੋ ਰਿਹਾ। ਇਸ ਪਿੱਛੇ ਬਹੁਤ ਵੱਡਾ ਰਾਜ ਛੁਪਿਆ ਹੈ ਕਿ ਕੇਂਦਰ ਦੀ ਸਰਕਾਰ ਇਸ ਨੂੰ ਕਿਉਂ ਬਦਲਣ 'ਤੇ ਤੁਲੀ ਹੋਈ ਹੈ। ਉਨ੍ਹਾਂ ਭਗਵੰਤ ਮਾਨ ਸਰਕਾਰ ਉੱਪਰ ਪੰਜਾਬ ਦੇ ਖਜ਼ਾਨੇ ਦੀ ਦੁਰਵਰਤੋਂ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਕਾਰਨ ਪੰਜਾਬ ਤਿੰਨ ਸਾਲ 'ਚ ਸਵਾ ਚਾਰ ਲੱਖ ਕਰੋੜ ਦਾ ਕਰਜ਼ਾਈ ਹੋ ਗਿਆ ਹੈ, ਜਦ ਕਿ ਸਰਕਾਰ ਨੇ 2500 ਰੁਪਏ ਪੈਨਸ਼ਨ ਅਤੇ ਔਰਤਾਂ ਲਈ ਇੱਕ ਹਜ਼ਾਰ ਰੁਪਏ ਮਹੀਨੇ ਦਾ ਵਾਅਦਾ ਹਾਲੇ ਪੂਰਾ ਕਰਨਾ ਹੈ।

ਪੰਜਾਬ ਪ੍ਰਧਾਨ ਰਾਜਾ ਵੜਿੰਗ ਨੇ ਰੈਲੀ ਦੌਰਾਨ ਭਾਸ਼ਣ ਦਿੰਦਿਆਂ ਕੇਂਦਰ ਸਰਕਾਰ ਉੱਤੇ ਗੰਭੀਰ ਦੋਸ਼ ਲਾਉਂਦੇ ਕਿਹਾ ਕਿ ਦੇਸ਼ ਦੇ ਸੰਵਿਧਾਨ ਨੂੰ ਗੰਭੀਰ ਖ਼ਤਰਾ ਦਰਪੇਸ਼ ਹੈ। ਉਨ੍ਹਾਂ ਆਰੋਪ ਲਾਏ ਕਿ ਸਰਕਾਰੀ ਤੰਤਰਾਂ ਜਿਵੇਂ ਕਿ ਈ.ਡੀ., ਇਨਕਮ ਟੈਕਸ ਅਤੇ ਹੋਰ ਜਾਂਚ ਏਜੰਸੀਆਂ ਦਾ ਗਲਤ ਇਸਤੇਮਾਲ ਕਰਕੇ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਲੋਕ ਵੱਡੀ ਗਿਣਤੀ ਵਿੱਚ ਕਾਂਗਰਸ ਪਾਰਟੀ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਭਾਰਤ ਵਿੱਚ ਸੰਵਿਧਾਨ ਦੀ ਰਾਖੀ ਸਭ ਤੋਂ ਵੱਡੀ ਲੋੜ ਬਣੀ ਹੋਈ ਹੈ। ਅਸੀਂ ਬਾਬਾ ਸਾਹਿਬ ਅੰਬੇਡਕਰ ਵੱਲੋਂ ਬਣਾਏ ਸੰਵਿਧਾਨ ਦੀ ਰਾਖੀ ਲਈ ਲੜਾਈ ਲੜ ਰਹੇ ਹਾਂ। ਉਨ੍ਹਾਂ ਲੋਕਾਂ ਨੂੰ ਸੰਵਿਧਾਨ ਬਚਾਉਣ ਦੀ ਅਪੀਲ ਕੀਤੀ।

ਲੋਕਸਭਾ ਮੈਂਬਰ ਸੁਖਵਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਆਰਐੱਸਐੱਸ ਦੇ ਭਗਵੇਂ ਏਜੰਡੇ ਨੂੰ ਮੁਲਕ ਭਰ ਅੰਦਰ ਲਾਗੂ ਕਰ ਰਹੀ ਕੇਂਦਰ ਦੀ ਭਾਜਪਾ ਸਰਕਾਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸੰਵਿਧਾਨ ਦੀ ਲੋਕਤੰਤਰੀ ਆਤਮਾ ਨੂੰ ਖਤਮ ਕਰ ਰਹੀ ਹੈ, ਜਿਸ ਕਰਕੇ ਭਾਰਤੀ ਲੋਕਤੰਤਰ ਖਤਰੇ ਵਿੱਚ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵੀ ਤਿੱਖੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ ਜਿੱਥੇ ਮੋਦੀ ਸਰਕਾਰ ਆਪਣੀਆਂ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਲਈ ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਰਗੀਆਂ ਕੇਂਦਰੀ ਏਜੰਸੀਆਂ ਦੀ ਵਰਤੋਂ ਕਰ ਰਹੀ ਹੈ, ਉੱਥੇ ਭਗਵੰਤ ਮਾਨ ਆਪਣੇ ਵਿਰੋਧੀਆਂ ਦੀ ਜ਼ੁਬਾਨਬੰਦੀ ਲਈ ਵਿਜੀਲੈਂਸ ਤੇ ਪੁਲੀਸ ਦੀ ਖੁੱਲ੍ਹ ਕੇ ਦੁਰਵਰਤੋਂ ਕਰ ਰਹੇ ਹਨ।

ਅਰੁਣਾ ਚੌਧਰੀ ਨੇ ਕਿਹਾ ਕਿ ਮੌਜੂਦਾ ਕੇਂਦਰ ਸਰਕਾਰ ਸੰਵਿਧਾਨਿਕ ਸੰਸਥਾਵਾਂ ਦੀ ਅਣਦੇਖੀ ਕਰ ਰਹੀ ਹੈ ਅਤੇ ਲੋਕਤੰਤਰ ਨੂੰ ਖਤਰੇ ਵਿੱਚ ਪਾ ਰਹੀ ਹੈ। ਉਨਾਂ ਕੇਂਦਰ ਸਰਕਾਰ 'ਤੇ ਆਰੋਪ ਲਾਏ ਕਿ ਉਹ ਸੰਵਿਧਾਨ ਦੀਆਂ ਵਿਆਖਿਆਵਾਂ ਨੂੰ ਆਪਣੀ ਸਹੂਲਤ ਅਨੁਸਾਰ ਤੋੜ ਮਰੋੜ ਰਹੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਸਿਰਫ ਇਕ ਕਾਗਜ਼ ਦਾ ਟੁਕੜਾ ਨਹੀਂ, ਸਗੋਂ ਇਹ ਸਾਨੂੰ ਸਾਡੇ ਹੱਕ, ਆਜ਼ਾਦੀ ਅਤੇ ਆਜ਼ਾਦੀ ਨਾਲ ਜੀਣ ਦਾ ਅਧਿਕਾਰ ਦਿੰਦਾ ਹੈ। ਉਨ੍ਹਾਂ ਆਗਾਹ ਕੀਤਾ ਕਿ ਜੇ ਸੰਵਿਧਾਨ ਖਤਮ ਹੋਇਆ ਤਾਂ ਆਮ ਜਨਤਾ ਦੇ ਹੱਕ ਵੀ ਖਤਮ ਹੋ ਜਾਣਗੇ। ਉਨ੍ਹਾਂ ਭਵਿੱਖ ਵਿੱਚ ਵੀ ਅਜਿਹੀਆਂ ਰੈਲੀਆਂ ਅਤੇ ਜਨਅੰਦੋਲਨ ਜਾਰੀ ਰਹਿਣਗੇ, ਤਾਂ ਜੋ ਦੇਸ਼ ਵਿੱਚ ਗਣਤੰਤਰਿਕ ਵਿਵਸਥਾ ਨੂੰ ਮਜ਼ਬੂਤ ਕੀਤਾ ਜਾ ਸਕੇ। ਸਭ ਮਿਲਾ ਕੇ, 'ਸੰਵਿਧਾਨ ਬਚਾਓ ਰੈਲੀ' ਇੱਕ ਸੂਚਿਤ ਅਤੇ ਜ਼ਿੰਮੇਵਾਰ ਪ੍ਰਯਾਸ ਸੀ ਜੋ ਕਿ ਸੰਵਿਧਾਨਿਕ ਮੁੱਲਾਂ ਦੀ ਰੱਖਿਆ ਲਈ ਕੀਤਾ ਗਿਆ। ਇਹ ਰੈਲੀ ਸਿਰਫ਼ ਇੱਕ ਰਾਜਨੀਤਿਕ ਘੋਸ਼ਣਾ ਨਹੀਂ ਸੀ, ਸਗੋਂ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਵੀ ਸੀ ਕਿ ਉਹ ਆਪਣੇ ਅਧਿਕਾਰਾਂ ਦੀ ਪਹਿਚਾਨ ਕਰਨ ਅਤੇ ਉਨ੍ਹਾਂ ਦੀ ਰੱਖਿਆ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ 'ਤੇ ਨਗਰ ਕੌਂਸਲ ਦੇ ਪ੍ਰਧਾਨ ਨੀਟੂ ਚੌਹਾਨ, ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਵਾਈਸ ਪ੍ਰਧਾਨ ਬਾਬਾ ਪ੍ਰਵੀਨ, ਸਰਪੰਚ ਸੱਤ ਪਾਲ ਸੈਣੀ, ਸਾਬਕਾ ਸਰਪੰਚ ਹਰਜਿੰਦਰ ਸਿੰਘ, ਕੌਂਸਲਰ ਰਾਮ ਲਾਲ, ਪਰਮਜੀਤ ਕੌਰ, ਬਲਕਾਰ ਚੰਦ ਅਵਾਂਖਾ, ਰੰਮੀ ਠਾਕੁਰ, ਪ੍ਰਸੋਤਮ ਚੌਤਾ, ਵਰਿੰਦਰ ਨੌਸ਼ਹਿਰਾ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸੀ ਵਰਕਰਾਂ ਨੇ ਭਾਗ ਲਿਆ।

# ਖੱਬੇ-ਪੱਖੀ ਪਾਰਟੀਆਂ ਅਮਰੀਕਾ ਵੱਲੋਂ ਈਰਾਨ 'ਤੇ ਬੰਬਾਰੀ ਦੀ ਸਖ਼ਤ ਨਿੰਦਾ

ਲੁਧਿਆਣਾ, 22 ਜੂਨ (ਰਵਿੰਦਰ ਸਿੰਘ ਨਿੱਝਰ): ਨਵੀਂ ਦਿੱਲੀ ਤੋਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਭਾਰਤੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਲਿਬਰੇਸ਼ਨ, ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਅਤੇ ਫਾਰਵਰਡ ਬਲਾਕ ਵੱਲੋਂ ਜਾਰੀ ਕੀਤਾ ਗਿਆ ਸਾਂਝਾ ਬਿਆਨ ਈਰਾਨ 'ਤੇ ਅਮਰੀਕੀ ਬੰਬਾਰੀ ਦੀ ਨਿੰਦਾ ਕਰਦਾ ਹੈ। ਇਹ ਈਰਾਨ ਦੀ ਪ੍ਰਭੂਸੱਤਾ ਅਤੇ ਸੰਯੁਕਤ ਰਾਸ਼ਟਰ ਚਾਰਟਰ ਦੀ ਘੋਰ ਉਲੰਘਣਾ ਹੈ ਅਤੇ ਇਹ ਵਿਸ਼ਵਵਿਆਪੀ ਤਣਾਅ ਨੂੰ ਵਧਾਏਗਾ, ਪੱਛਮੀ ਏਸ਼ੀਆ ਨੂੰ ਅਸਥਿਰ ਕਰੇਗਾ ਅਤੇ ਗੰਭੀਰ ਆਰਥਿਕ ਨਤੀਜੇ ਭੁਗਤੇਗਾ। ਅਮਰੀਕਾ ਅਤੇ ਇਜ਼ਰਾਈਲ ਇਹ ਦਾਅਵਾ ਕਰਕੇ ਆਪਣੇ ਹਮਲਿਆਂ ਨੂੰ ਜਾਇਜ਼ ਠਹਿਰਾ ਰਹੇ ਹਨ ਕਿ ਈਰਾਨ ਪ੍ਰਮਾਣੂ ਹਥਿਆਰ ਵਿਕਸਤ ਕਰਨ ਦੀ ਕਗਾਰ 'ਤੇ ਹੈ। ਹਾਲਾਂਕਿ, ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਆਈਏਈਏ) ਦੇ ਡਾਇਰੈਕਟਰ-ਜਨਰਲ, ਰਾਫੇਲ ਗ੍ਰੋਸੀ ਨੇ 19 ਜੂਨ ਨੂੰ ਕਿਹਾ ਹੈ: "ਸਾਡੇ ਕੋਲ ਪ੍ਰਮਾਣੂ ਹਥਿਆਰ ਵਿੱਚ ਜਾਣ ਲਈ ਇੱਕ ਯੋਜਨਾਬੱਧ ਦਾ ਕੋਈ ਸਬੂਤ ਨਹੀਂ ਸੀ"। ਇੱਥੋਂ ਤੱਕ ਕਿ ਅਮਰੀਕੀ ਖੁਫੀਆ ਏਜੰਸੀਆਂ ਨੇ ਵੀ ਸਵੀਕਾਰ ਕੀਤਾ ਕਿ ਉਨ੍ਹਾਂ ਕੋਲ ਇਸ ਗੱਲ ਦੇ ਠੋਸ ਸਬੂਤ ਨਹੀਂ ਹਨ ਕਿ ਈਰਾਨ ਪ੍ਰਮਾਣੂ ਹਥਿਆਰ ਵਿਕਸਤ ਕਰ ਰਿਹਾ ਸੀ। ਇਸ ਤੋਂ ਇਲਾਵਾ, ਈਰਾਨ ਪ੍ਰਮਾਣੂ ਗੈਰ-ਪ੍ਰਸਾਰ ਸੰਧੀ (ਐਨਪੀਟੀ) ਦਾ ਹਸਤਾਖਰ ਕਰਨ ਵਾਲਾ ਬਣਿਆ ਹੋਇਆ ਹੈ। ਇਨ੍ਹਾਂ ਤੱਥਾਂ ਦੇ ਬਾਵਜੂਦ, ਇਜ਼ਰਾਈਲ ਨੇ 12 ਜੂਨ ਨੂੰ ਈਰਾਨ 'ਤੇ ਹਮਲਾ ਕੀਤਾ ਤਾਂ ਜੋ ਈਰਾਨ ਅਤੇ ਅਮਰੀਕਾ ਵਿਚਕਾਰ ਕਿਸੇ ਵੀ ਸੰਭਾਵੀ ਗੱਲਬਾਤ ਨੂੰ ਸਾਬੋਤਾਜ ਕੀਤਾ ਜਾ ਸਕੇ। ਹੁਣ, ਅਮਰੀਕਾ ਇਸ ਹਮਲੇ ਵਿੱਚ ਇਜ਼ਰਾਈਲ ਨਾਲ ਜੁੜ ਗਿਆ ਹੈ, ਭਾਵੇਂ ਰਾਸ਼ਟਰਪਤੀ ਟਰੰਪ ਨੇ ਗੱਲਬਾਤ ਲਈ ਦੋ ਹਫ਼ਤਿਆਂ ਦੀ ਮੋਹਲਤ ਦਿੱਤੀ ਸੀ। ਅਮਰੀਕਾ ਨੇ ਈਰਾਨ 'ਤੇ ਬੰਕਰ-ਬਸਟਿੰਗ ਬੰਬ ਸੁੱਟਣ ਲਈ ਬੀ-2 ਸਟੀਲਥ ਬੰਬਾਰ ਤਾਇਨਾਤ ਕੀਤੇ, ਇਰਾਕ 'ਤੇ ਹਮਲੇ ਨੂੰ ਦੁਹਰਾ ਪੇਸ਼ ਕੀਤਾ, ਜੋ ਕਿ ਇਸੇ ਤਰ੍ਹਾਂ ਦੇ ਗੈਰ-ਪ੍ਰਮਾਣਿਤ ਦਾਅਵਿਆਂ 'ਤੇ ਵੀ ਸ਼ੁਰੂ ਕੀਤਾ ਗਿਆ ਸੀ ਜੋ ਬਾਅਦ ਵਿੱਚ ਝੂਠੇ ਸਾਬਤ ਹੋਏ ਸਨ। ਇਹ ਵਿਡੰਬਨਾ ਹੈ ਕਿ ਅਮਰੀਕਾ, ਇੱਕੋ ਇੱਕ ਦੇਸ਼ ਜਿਸਨੇ ਕਦੇ ਵੀ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕੀਤੀ ਹੈ - ਦੂਜੇ ਵਿਸ਼ਵ ਯੁੱਧ ਦੇ ਅੰਤ ਵਿੱਚ ਜਾਪਾਨ ਗੱਲਬਾਤ ਲਈ ਤਿਆਰ ਹੋਣ ਦੇ ਬਾਵਜੂਦ-ਹੁਣ ਪ੍ਰਮਾਣੂ ਹਥਿਆਰਾਂ ਦੇ ਖ਼ਤਰੇ ਬਾਰੇ ਰੌਲਾ ਕਰ ਰਿਹਾ ਹੈ। ਅਮਰੀਕੀ ਹਮਲਾ, ਪੂਰੀ ਸੰਭਾਵਨਾ ਵਿੱਚ, ਟਕਰਾਅ ਨੂੰ ਬਹੁਤ ਵਧਾ ਦੇਵੇਗਾ, ਜਿਸਦੇ ਵਿਸ਼ਵਵਿਆਪੀ ਸ਼ਾਂਤੀ ਅਤੇ ਆਮ ਲੋਕਾਂ ਦੀ ਰੋਜ਼ੀ-ਰੋਟੀ ਲਈ ਵਿਨਾਸ਼ਕਾਰੀ ਪ੍ਰਭਾਵ ਪੈਣਗੇ - ਖਾਸ ਕਰਕੇ ਭਾਰਤ ਵਰਗੇ ਦੇਸ਼ਾਂ ਵਿੱਚ, ਜੋ ਤੇਲ ਦੀ ਦਰਾਮਦ ਅਤੇ ਪ੍ਰਵਾਸੀ ਮਜ਼ਦੂਰੀ ਦੇ ਮੌਕਿਆਂ ਲਈ ਪੱਛਮੀ ਏਸ਼ੀਆ 'ਤੇ ਬਹੁਤ ਨਿਰਭਰ ਕਰਦੇ ਹਨ।

# ਖ਼ਾਲਸਾ ਕਾਲਜ 'ਲੜਕੀਆਂ' ਵਿਖੇ 14 ਗੇੜ੍ਹਾਂ 'ਚ ਹੋਵੇਗੀ ਵੋਟਾਂ ਦੀ ਗਿਣਤੀ



ਆਈ.ਏ.ਐਸ ਅਤੇ ਜ਼ਿਲ੍ਹਾ ਚੋਣ ਅਫ਼ਸਰ (ਡੀ.ਈ.ਓ) ਹਿਮਾਂਸ਼ੂ ਜੈਨ ਨੇ ਸੁਚਾਰੂ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਪ੍ਰਬੰਧਾਂ ਦਾ ਨਿਰੀਖਣ ਕੀਤਾ।

ਲੁਧਿਆਣਾ, 22 ਜੂਨ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ): ਖ਼ਾਲਸਾ ਕਾਲਜ (ਲੜਕੀਆਂ) ਲੁਧਿਆਣਾ ਵਿੱਚ ਵੋਟਾਂ ਦੀ ਗਿਣਤੀ ਸੋਮਵਾਰ ਸਵੇਰੇ 8 ਵਜੇ ਸ਼ੁਰੂ ਹੋਵੇਗੀ ਅਤੇ ਇਸ ਨੂੰ ਪੂਰਾ ਕਰਨ ਲਈ 14 ਗੇੜ ਹੋਣਗੇ। ਐਤਵਾਰ ਨੂੰ ਜਨਰਲ ਆਬਜ਼ਰਵਰ ਰਾਜੀਵ ਕੁਮਾਰ ਅਧਿਕਾਰੀਆਂ ਨਾਲ ਪ੍ਰੀਖਿਆ ਹਾਲ ਦਾ ਜਾਇਜ਼ਾ ਲਿਆ, ਜਿਸ ਵਿੱਚ ਵੋਟਾਂ ਦੀ ਗਿਣਤੀ ਲਈ 14 ਟੇਬਲ ਅਤੇ ਪੋਸਟਲ ਬੈਲਟ ਅਤੇ ਇਲੈਕਟ੍ਰਾਨਿਕਲੀ ਟ੍ਰਾਂਸਮਿਟੇਡ ਪੋਸਟਲ ਬੈਲਟ ਸਿਸਟਮ (ਈ.ਟੀ.ਪੀ.ਬੀ.ਐਸ) ਵੋਟਾਂ ਲਈ ਨਿਰਧਾਰਤ ਦੋ ਵਾਧੂ ਟੇਬਲ ਲਗਾਏ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਕਾਲਜ ਦੇ ਆਡੀਟੋਰੀਅਮ ਵਿੱਚ ਸਥਿਤ ਮੀਡੀਆ ਸੈਂਟਰ ਦਾ ਵੀ ਮੁਲਾਂਕਣ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਨੇ ਕਾਉਂਟਿੰਗ ਸੈਂਟਰ 'ਤੇ ਤਕਨੀਕੀ ਪ੍ਰਣਾਲੀ ਤਾਇਨਾਤੀ ਦੇ ਨਾਲ ਮਜ਼ਬੂਤ ਸੁਰੱਖਿਆ ਸਮੇਤ ਵਿਆਪਕ ਉਪਾਅ ਲਾਗੂ ਕੀਤੇ ਹਨ। ਸਾਰੇ ਸਬੰਧਤ ਹਿੱਸੇਦਾਰਾਂ ਦੀ ਸਹੂਲਤ ਲਈ ਪਾਰਕਿੰਗ ਪ੍ਰਬੰਧਾਂ ਨੂੰ ਅਨੁਕੂਲ ਬਣਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਆਬਜ਼ਰਵਰ ਅਤੇ ਜ਼ਿਲ੍ਹਾ ਚੋਣ ਅਫ਼ਸਰ ਨੇ ਪੁਸ਼ਟੀ ਕੀਤੀ ਕਿ ਗਿਣਤੀ ਪ੍ਰਕਿਰਿਆ ਵਿੱਚ ਸੁਰੱਖਿਅਤ, ਸੰਗਠਿਤ ਅਤੇ ਅਨੁਕੂਲ ਮਾਹੌਲ ਵਿੱਚ ਕੀਤੀ ਜਾਵੇਗੀ ਜੋ ਕਿ ਚੋਣ ਮਿਆਰਾਂ ਦੇ ਨਾਲ ਮੇਲ ਖਾਂਦਾ ਹੈ ਅਤੇ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# 9 ਜੁਲਾਈ ਦੀ ਆਮ ਹੜਤਾਲ ਦੀ ਤਿਆਰੀ ਵਜੋਂ ਸਾਂਝੀ ਟਰੇਡ ਯੂਨੀਅਨ ਕਨਵੈਨਸ਼ਨ 29 ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ



ਲੁਧਿਆਣਾ, 22 ਜੂਨ (ਰਵਿੰਦਰ ਸਿੰਘ ਨਿੱਝਰ): ਕੇਂਦਰ ਸਰਕਾਰ ਦੀਆਂ ਮਜ਼ਦੂਰ ਮੁਲਾਜ਼ਮ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਲੈ ਕੇ ਦੇਸ਼ ਭਰ ਵਿੱਚ 9 ਜੁਲਾਈ ਨੂੰ ਆਮ ਹੜਤਾਲ ਹੋ ਰਹੀ ਹੈ ਜਿਸ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੇਂਡੂ ਭਾਰਤ ਨੂੰ ਬੰਦ ਕਰਕੇ ਸਮਰਥਨ ਕੀਤਾ ਜਾ ਰਿਹਾ ਹੈ। ਇਸ ਲੜੀ ਦੇ ਤਹਿਤ ਲੁਧਿਆਣਾ ਵਿਖੇ ਵਿਸ਼ਾਲ ਰੈਲੀ ਦਾ ਆਯੋਜਨ ਕਰਨ ਦੀ ਤਿਆਰੀ ਵਜੋਂ 29 ਜੂਨ ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਸਾਰੀਆਂ ਟ੍ਰੇਡ ਯੂਨੀਅਨ ਸਾਂਝੀ ਕਨਵੈਨਸ਼ਨ ਕਰ ਰਹੀਆਂ ਹਨ, ਜਿਸ ਵਿੱਚ ਸਬੰਧਤ ਯੂਨੀਅਨਾਂ ਅਤੇ ਆਜ਼ਾਦ ਫੈਡਰੇਸ਼ਨ ਦੇ ਆਗੂ ਵੀ ਸ਼ਾਮਿਲ ਹੋਣਗੇ। ਅੱਜ ਯੂਨੀਅਨ ਦੀ ਸਾਂਝੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ। ਇਸ ਵਿਚ ਪੰਜਾਬ ਦੀ ਕੈਬਨਿਟ ਵੱਲੋਂ ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਅਸਟੈਬਲਿਸ਼ਮੈਂਟ ਐਕਟ 1958 ਵਿੱਚ ਮਜ਼ਦੂਰਾਂ ਅਤੇ ਮੁਲਾਜ਼ਮ ਵਿਰੋਧੀ ਸੋਧਾਂ ਦੇ ਵਿਰੁੱਧ ਪੰਜਾਬ ਸਰਕਾਰ ਦੇ ਵਿਰੁੱਧ ਰੋਸ ਪਰਗਟ ਕੀਤਾ ਜਾਵੇਗਾ ਅਤੇ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਵਿੱਚ ਸੋਧ ਕਰਕੇ 20 ਤੱਕ ਕਾਮਿਆਂ ਵਾਲੀਆਂ ਫੈਕਟਰੀਆਂ ਅਤੇ ਦੁਕਾਨਾਂ ਨੂੰ ਰਜਿਸਟਰੇਸ਼ਨ ਲਾਜ਼ਮੀ ਕਰਨ, ਮਜ਼ਦੂਰਾਂ ਦੀ ਦਿਹਾੜੀ ਅੱਠ ਤੋਂ ਵਧਾ ਕੇ ਜੋ 12 ਘੰਟੇ ਕੀਤੀ ਗਈ ਹੈ, ਉਸ ਨੂੰ ਦੁਬਾਰਾ ਅੱਠ ਘੰਟੇ ਦੀ ਕਰਨ ਅਤੇ ਘੱਟੋ ਘੱਟ ਉਜਰਤ ਜੋ ਪਿਛਲੇ 12 ਸਾਲ ਤੋਂ ਨਹੀਂ ਵਧਾਈ ਗਈ, ਉਸ ਨੂੰ ਬਿਨਾਂ ਕਿਸੇ ਦੇਰੀ ਦੇ ਵਧਾਉਣ ਦੀ ਮੰਗ ਕੀਤੀ ਜਾਵੇਗੀ। ਮੀਟਿੰਗ ਤੋਂ ਬਾਅਦ ਬਿਆਨ ਜਾਰੀ ਕਰਨ ਵਾਲਿਆਂ ਵਿੱਚ ਏਟਕ ਵੱਲੋਂ ਵਿਜੇ ਕੁਮਾਰ, ਚਮਕੌਰ ਸਿੰਘ, ਸੀਟੂ ਵੱਲੋਂ ਸੁਖਮਿੰਦਰ ਸਿੰਘ ਲੋਟੇ, ਰਾਮ ਲਾਲ, ਸੀਟੀਯੂ ਪੰਜਾਬ ਵੱਲੋਂ ਜਗਦੀਸ਼ ਚੰਦ, ਪਰਮਜੀਤ ਸਿੰਘ, ਇੰਟਕ ਵੱਲੋਂ ਐਡਵੋਕੇਟ ਸਰਬਜੀਤ ਸਿੰਘ ਸਰਹਾਲੀ, ਗੁਰਜੀਤ ਸਿੰਘ ਜਗਪਾਲ ਅਤੇ ਸਮਰ ਬਹਾਦਰ, ਰਾਮ ਪ੍ਰਿਤ, ਤਹਿਸੀਲਦਾਰ, ਬਲਰਾਮ ਅਤੇ ਭੋਲਾ ਯਾਦਵ ਸ਼ਾਮਲ ਸਨ।

# ਅਕਾਲੀ ਦਲ 'ਵਾਰਿਸ ਪੰਜਾਬ ਦੇ' ਪਾਰਟੀ ਨੂੰ ਮਜ਼ਬੂਤ ਕਰਨ ਲਈ ਪਿੰਡ ਪਮਾਲ 'ਚ ਬਣਾਈ ਕਮੇਟੀ



ਜਗਰਾਓਂ, 22 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਪੰਥ ਬਚਾਓ, ਪੰਜਾਬ ਬਚਾਓ ਦਾ ਨਾਅਰਾ ਲੈ ਕੇ ਹੋਂਦ ਵਿੱਚ ਆਏ ਅੱਜ ਅਕਾਲੀ ਦਲ 'ਵਾਰਿਸ ਪੰਜਾਬ ਦੇ' ਜ਼ਿਲ੍ਹਾ ਲੁਧਿਆਣਾ ਦਿਹਾਤੀ ਜਗਰਾਓਂ ਦੀ ਮੀਟਿੰਗ ਪਿੰਡ ਪਮਾਲ ਵਿਖੇ ਛਛਪਾਲ ਸਿੰਘ ਪਮਾਲ ਸੀਨੀਅਰ ਆਗੂ ਜੀ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਮਲਕੀਤ ਸਿੰਘ ਬੌਰ ਮੈਂਬਰ ਜ਼ਿਲ੍ਹਾ ਕਾਰਜਕਾਰਨੀ, ਬਲਰਾਜ ਸਿੰਘ ਧਾਲੀਵਾਲ ਮੈਂਬਰ ਜ਼ਿਲ੍ਹਾ ਕਾਰਜਕਾਰਨੀ, ਰਜਿੰਦਰ ਸਿੰਘ ਜਵੱਦੀ, ਅਤੇ ਕਮਲਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸਮੁੱਚੇ ਪਿੰਡ ਪਮਾਲ ਵੱਲੋਂ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਨੂੰ ਸਹਿਯੋਗ ਦਿੱਤਾ ਗਿਆ। ਪਿੰਡ ਦੇ ਮੌਜੂਦਾ ਸਰਪੰਚ ਬਲਵਿੰਦਰ ਸਿੰਘ, ਜਸਵਿੰਦਰ ਸਿੰਘ ਜੱਗੀ ਸਾਬਕਾ ਸਰਪੰਚ, ਖੁਸ਼ਵਿੰਦਰਪਾਲ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ, ਬਲਬੀਰ ਸਿੰਘ ਪ੍ਰਧਾਨ ਕੋ-ਆਪਰੇਟਿਵ ਸੁਸਾਇਟੀ, ਹਰਜਿੰਦਰ ਸਿੰਘ ਘੁਮਾਣ ਪ੍ਰਧਾਨ ਅਤੇ ਹੋਰ ਨਗਰ ਨਿਵਾਸੀ ਅਤੇ ਨੌਜਵਾਨ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ। ਉਨ੍ਹਾਂ ਸਭ ਨੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਸ੍ਰੀ ਖੰਡੂਰ ਸਾਹਿਬ ਨੂੰ ਪੂਰਾ ਸਹਿਯੋਗ ਦੇਣ ਦਾ ਐਲਾਨ ਕੀਤਾ। ਜ਼ਿਲ੍ਹਾ ਪੱਧਰ ਮੈਂਬਰੀ ਕਮੇਟੀ ਵੱਲੋਂ ਪਿੰਡ ਪਮਾਲ ਦੀ 15 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਧਿਕਾਰੀਆਂ ਦੁਆਰਾ ਕਿਹਾ ਕਿ ਪੰਜਾਬ ਦੇ ਅਧਿਕਾਰਾਂ ਤੇ ਕਿਸਾਨੀ ਹੱਕਾਂ ਦੀ ਰਾਖੀ ਲਈ ਅਕਾਲੀ ਦਲ ਵਾਰਸ ਪੰਜਾਬ ਦੇ ਚਟਾਨ ਵਾਂਗ ਖੜਾ ਹੈ। ਉਹਨਾਂ ਕਿਹਾ ਕਿ ਸਰਕਾਰ 'ਅਕਾਲੀ ਦਲ ਵਾਰਸ ਪੰਜਾਬ ਦੇ' ਦੀ ਦਿਨ ਦੁੱਗਣੀ ਰਾਤ ਚੌਗੁਣੀ ਵਧ ਰਹੀ ਤਾਕਤ ਤੋਂ ਘਬਰਾਈ ਹੋਈ ਹੈ। ਇਸ ਮੌਕੇ ਪਹੁੰਚੇ ਸਾਰੇ ਨੁਮਾਇੰਦਿਆਂ ਨੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਰਕਾਰ ਵੱਲੋਂ ਮੁੜ ਲਾਏ ਐਨਐਸਏ ਦੀ ਨਿਖੇਧੀ ਕੀਤੀ ਅਤੇ ਇਸ ਨੂੰ ਹਟਾਉਣ ਦੀ ਮੰਗ ਕੀਤੀ। ਜ਼ਿਲ੍ਹਾ ਲੁਧਿਆਣਾ ਦੇ ਪਿੰਡਾਂ ਵਿੱਚ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਸਾਰੇ ਅਹੁਦੇਦਾਰ ਜੀਅ ਜਾਨ ਨਾਲ ਮਿਹਨਤ ਕਰ ਰਹੇ ਹਨ।



ਗੋਲਡਨ ਪਾਰਕ ਜਨਤਾ ਨਗਰ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਉਂਦੇ ਹੋਏ ਵਾਰਡ ਨੰਬਰ 42 ਦੇ ਕੌਂਸਲਰ ਜਗਮੀਤ ਸਿੰਘ ਨੋਨੀ, ਸਮਾਜ ਸੇਵਕ ਮਨੂੰ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਠੁਕਰਾਲ, ਯੋਗਾ ਟੀਚਰ ਮਨੋਰਮਾ ਸੱਗਰਵਾਲ, ਦਰਸ਼ਨ ਸਿੰਘ ਪੰਨੂ, ਵਿਨੋਦ ਸ਼ਰਮਾ, ਮਨੋਜ ਕੁਮਾਰ, ਤੇਜਬੀਰ ਸਿੰਘ, ਸਤਿੰਦਰ ਸਿੰਘ ਟੋਨੀ, ਹਰਭਜਨ ਸਿੰਘ, ਨਿਰਮਲ ਸਿੰਘ, ਅਸ਼ੋਕ ਗਰਗ, ਨਵਨੀਤ ਮਹਿਤਾ, ਅਰਵਿੰਦਰ ਪ੍ਰਧਾਨ, ਸੁਖਦੇਵ ਕੌਰ, ਕੁਲਵਿੰਦਰ ਕੌਰ, ਇੰਦਰਜੀਤ ਕੌਰ, ਪਰਮਜੀਤ ਕੌਰ, ਆਸ਼ਾ ਰਾਣੀ, ਮਨੀਸ਼ਾ ਸ਼ਰਮਾ ਅਤੇ ਹਰਜਿੰਦਰ ਕੌਰ ਆਦਿ।
ਤਸਵੀਰ ਤੇ ਵੇਰਵਾ-ਰਵਿੰਦਰ ਸਿੰਘ ਨਿੱਝਰ

# ਪੱਛਮੀ ਹਲਕੇ ਅਤੇ ਇਸ ਦੇ 3 ਕਿਲੋਮੀਟਰ ਨਾਲ ਲੱਗਦੇ ਖੇਤਰ 'ਚ ਅੱਜ ਡਰਾਈ ਡੇਅ ਐਲਾਨਿਆ




ਲੁਧਿਆਣਾ, 22 ਜੂਨ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ): ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 54 ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ, 2023 (ਬੀ.ਐਨ.ਐਸ.ਐਸ) ਦੀ ਧਾਰਾ 163 ਅਧੀਨ ਪ੍ਰਾਪਤ ਸ਼ਕਤੀ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਮੈਜਿਸਟਰੇਟ ਹਿਮਾਂਸ਼ੂ ਜੈਨ ਨੇ 23 ਜੂਨ ਨੂੰ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਮਾਲ ਸੀਮਾ ਅਤੇ ਇਸ ਦੇ 3 ਕਿਲੋਮੀਟਰ ਦੇ ਨਾਲ ਲੱਗਦੇ ਖੇਤਰ ਵਿੱਚ ਡਰਾਈ ਡੇਅ ਘੋਸ਼ਿਤ ਕੀਤਾ ਹੈ। ਹਿਮਾਂਸ਼ੂ ਜੈਨ ਨੇ ਦੇਸੀ ਸ਼ਰਾਬ ਅਤੇ ਅੰਗਰੇਜ਼ੀ ਸ਼ਰਾਬ ਦੇ ਠੇਕਿਆਂ ਨੂੰ ਬੰਦ ਕਰਨ ਦੇ ਹੁਕਮ ਵੀ ਦਿੱਤੇ ਹਨ। ਇਸ ਤੋਂ ਇਲਾਵਾ ਕੋਈ ਵੀ ਹੋਟਲ, ਰੈਸਟੋਰੈਂਟ, ਕਲੱਬ, ਬਾਰ ਅਤੇ ਹੋਰ ਅਦਾਰੇ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਮਾਲ ਸੀਮਾ ਅਤੇ ਸਬੰਧਤ ਹਲਕੇ ਦੇ 3 ਕਿਲੋਮੀਟਰ ਦੇ ਨਾਲ ਲੱਗਦੇ ਖੇਤਰ ਵਿੱਚ ਸ਼ਰਾਬ ਸਟੋਰ, ਵੇਚ, ਪਰੋਸ ਨਹੀਂ ਸਕਦੇ। ਕਿਸੇ ਵੀ ਵਿਅਕਤੀ ਦੁਆਰਾ ਚਲਾਏ ਜਾ ਰਹੇ ਸ਼ਰਾਬ ਦੀਆਂ ਦੁਕਾਨਾਂ, ਹੋਟਲ, ਰੈਸਟੋਰੈਂਟ ਅਤੇ ਕਲੱਬ ਭਾਵੇਂ ਉਹਨਾਂ ਨੂੰ ਸ਼ਰਾਬ ਰੱਖਣ ਅਤੇ ਸਪਲਾਈ ਕਰਨ ਲਈ ਵੱਖ-ਵੱਖ ਸ਼੍ਰੇਣੀਆਂ ਦੇ ਲਾਇਸੈਂਸ ਜਾਰੀ ਕੀਤੇ ਗਏ ਹੋਣ ਉਹਨਾਂ ਨੂੰ ਵੀ 23 ਜੂਨ ਨੂੰ ਦਿਨ ਦੌਰਾਨ ਉਪਰੋਕਤ ਸਮੇਂ ਦੌਰਾਨ ਸ਼ਰਾਬ ਪਰੋਸਣ ਦੀ ਆਗਿਆ ਨਹੀਂ ਹੈ। ਹਿਮਾਂਸ਼ੂ ਜੈਨ ਨੇ ਇਹਨਾਂ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦਾ ਵੀ ਆਦੇਸ਼ ਦਿੱਤਾ ਹੈ। ਨਿਰਧਾਰਤ ਸਮੇਂ ਦੌਰਾਨ ਨਿਰਧਾਰਤ ਖੇਤਰਾਂ ਵਿੱਚ ਸ਼ਰਾਬ ਪੀਣ ਵਾਲੇ ਪਦਾਰਥਾਂ ਦੀ ਵਿਕਰੀ, ਵੰਡ ਅਤੇ ਸੇਵਨ 'ਤੇ ਪਾਬੰਦੀ ਲਗਾਈ ਹੈ। ਸਾਰੇ ਸਬੰਧਤ ਅਧਿਕਾਰੀਆਂ ਅਤੇ ਅਦਾਰਿਆਂ ਨੂੰ ਇਹਨਾਂ ਪਾਬੰਦੀਆਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਖੇਤੀਬਾੜੀ ਮੰਤਰੀ ਖੁੱਡੀਆਂ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਸਨਮਾਨਤ



ਲੁਧਿਆਣਾ, 22 ਜੂਨ (ਰਵਿੰਦਰ ਸਿੰਘ ਨਿੱਝਰ): ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਗੁਰਦੁਆਰਾ ਬਾਬਾ ਦੀਪ ਸਿੰਘ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਉਚੇਚੇ ਤੌਰ 'ਤੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ। ਉਨ੍ਹਾਂ ਇਸ ਮੌਕੇ ਗੁਰਬਾਣੀ ਦਾ ਮਨੋਹਰ ਕੀਰਤਨ ਸਰਵਣ ਕੀਤਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸ. ਖੁੱਡੀਆਂ ਨੂੰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਅਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸ. ਖੁੱਡੀਆਂ ਨੇ ਕਿਹਾ ਕਿ ਮੇਰੀ ਇਸ ਗੁਰੂ ਘਰ ਵਿੱਚ ਬੇਹੱਦ ਸ਼ਰਧਾ ਹੈ। ਉਨ੍ਹਾਂ ਕਿਹਾ ਕਿ ਉਹ ਜਦ ਵੀ ਲੁਧਿਆਣੇ ਆਉਂਦੇ ਹਨ ਤਾਂ ਇਸ ਗੁਰੂ ਘਰ ਵਿੱਚ ਜ਼ਰੂਰ ਹਾਜ਼ਰੀ ਭਰ ਕੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂਆਂ ਦੁਆਰਾ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ। ਇਸ ਉਪਰੰਤ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਟਰੱਸਟੀ ਅਮਰਜੀਤ ਸਿੰਘ ਟਿੱਕਾ, ਨਵਪ੍ਰੀਤ ਸਿੰਘ ਬਿੰਦਰਾ ਅਤੇ ਜਨਰਲ ਸਕੱਤਰ ਸੁਖਵਿੰਦਰ ਪਾਲ ਸਿੰਘ ਸਰਨਾ ਆਦਿ ਵੀ ਹਾਜ਼ਰ ਸਨ।

# ਪੁਲਿਸ ਵੱਲੋਂ ਲੁਧਿਆਣਾ 'ਦਿਹਾਤੀ' ਅਧੀਨ ਪੈਂਦੇ ਨਸ਼ਾ ਪ੍ਰਭਾਵਿਤ ਪਿੰਡਾਂ, ਮੁਹੱਲਿਆਂ 'ਚ 'ਯੁੱਧ ਨਸ਼ਿਆਂ ਵਿਰੁੱਧ' ਆਪ੍ਰੇਸ਼ਨ ਕੀਤਾ



ਜਗਰਾਓਂ, 22 ਜੂਨ (ਦਵਿੰਦਰ ਜੈਨ): ਡਾਕਟਰ ਅੰਕੁਰ ਗੁਪਤਾ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ(ਦਿਹਾਤੀ) ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਮਾਨਯੋਗ ਪੰਜਾਬ ਸਰਕਾਰ ਅਤੇ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਚੰਡੀਗੜ੍ਹ ਜੀ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਨਸ਼ਾ ਵੇਚਣ/ਸਪਲਾਈ ਕਰਨ ਵਾਲੇ ਸਮੱਗਲਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਅੱਜ ਮਿਤੀ 22.06.2025 ਨੂੰ ਸਵੇਰੇ 07:30 ਤੋਂ 09:30 ਵਜੇ ਤੱਕ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਅਧੀਨ ਪੈਂਦੇ ਨਸ਼ਾ ਪ੍ਰਭਾਵਿਤ ਪਿੰਡਾਂ/ਮੁਹੱਲਿਆਂ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਅਪਰੇਸ਼ਨ ਕੀਤਾ ਗਿਆ। ਇਸ ਅਪ੍ਰੇਸ਼ਨ ਦੌਰਾਨ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੇ ਪਿੰਡਾਂ/ਮੁਹੱਲਿਆਂ ਦੀ ਘੇਰਾਬੰਦੀ ਕਰਕੇ ਸਰਚ ਕੀਤੀ ਗਈ। ਇਸ ਮੌਕੇ 1 ਐਸ ਪੀ ਸਾਹਿਬ, ਡੀ ਐੱਸ ਪੀ ਸਿਟੀ ਸਮੇਤ ਹੋਰ 3 ਡੀ ਐੱਸ ਪੀ, 120 ਐਨ ਜੀ ਓ ਕੁਲ 125 ਹਾਜਰ ਸਨ। ਇਸ ਆਪ੍ਰੇਸ਼ਨ ਦੌਰਾਨ ਪੁਲਿਸ ਪਾਰਟੀਆਂ ਵੱਲੋਂ ਥਾਣਾ ਸਿੱਧਵਾਂ ਬੇਟ ਦੇ ਪਿੰਡ ਸਲੇਮਪੁਰਾ ਸਿੱਧਵਾਂ ਬੇਟ ਦੇ ਅੰਦਰ ਪੈਂਦੇ, ਸੁਧਾਰ ਦੇ ਪਿੰਡ 111, tUsw ਥਾਣਾ ਜੋਧਾਂ ਦੇ ਪਿੰਡ ਨਵਕਮੱਡਵਾਲ, ਗੁੱਜਰਵਾਲ, ਥਾਣਾ ਸਿਟੀ ਰਾਏਕੋਟ ਦੇ ਮੁਹੱਲਾ ਗੁਰੂ ਨਾਨਕਪੁਰਾ, ਸਦਰ ਰਾਏਕੋਟ ਦੇ ਪਿੰਡ johlw, burj hrl isMG ਥਾਣਾ ਹਠੂਰ ਦੇ ਪਿੰਡ ਚਕਰ, ਮੱਲਾ, ਰਸੂਲਪੁਰ ਅਤੇ ਥਾਣਾ ਸਿਟੀ ਦੇ ਜਗਰਾਓਂ ਮਾਈ ਜੀਨਾ ਦੀ ਚੈਕਿੰਗ ਕੀਤੀ ਗਈ ਹੈ। ਇਸਤੋਂ ਇਲਾਵਾ ਅਪ੍ਰੇਸ਼ਨ ਦੌਰਾਨ ਮਾੜੇ ਕਿਰਦਾਰ ਵਾਲੇ/ਆਦੀ ਵਿਅਕਤੀਆਂ ਦੇ ਘਰਾਂ ਦੀ ਵੀ ਵਿਸ਼ੇਸ਼ ਤੌਰ ਤੇ ਚੈਕਿੰਗ ਕੀਤੀ ਗਈ। ਇਸ ਅਪ੍ਰੇਸ਼ਨ ਦੌਰਾਨ ਹੇਠ ਲਿਖੇ ਅਨੁਸਾਰ ਪ੍ਰਾਪਤੀਆਂ ਕੀਤੀਆਂ ਗਈਆਂ ਹਨ :- ਕੁੱਲ ਦਰਜ ਮੁਕੱਦਮੇ ਕੀਤੇ 06,. ਗ੍ਰਿਫਤਾਰ ਦੋਸ਼ੀ ਕੀਤੇ ਗਏ 08, ਬ੍ਰਾਮਦਗੀ 06 ਗ੍ਰਾਮ ਹੈਰੋਇਨ, 170 ਨਸ਼ੀਲੀਆਂ ਗੋਲੀਆਂ, 01 ਲਾਇਟਰ ਪੰਨੀ ਤੇ 10 ਰੁਪਏ ਦਾ ਨੋਟ ਇਸ ਤੋਂ ਇਲਾਵਾ 75 ਸ਼ੱਕੀ ਵਿਅਕਤੀ ਦੀ ਚੈਕਿੰਗ ਕੀਤੀ ਗਈ।

# ਪੰਜਾਬ ਕਬੱਡੀ ਐਸੋਸੀਏਸ਼ਨ ਦੀ ਲੁਧਿਆਣਾ ਟੀਮ ਨੇ ਪਹਿਲੀ ਵਾਰ ਗੋਲਡ ਮੈਡਲ ਜਿੱਤਿਆ



ਲੁਧਿਆਣਾ, 22 ਜੂਨ (ਰਵਿੰਦਰ ਸਿੰਘ ਨਿੱਝਰ/ਵਿਸ਼ਾਲ ਸ਼ਰਮਾ/ਕਰਨੈਲ ਸਿੰਘ ਐੱਮ.ਏ.): ਪੰਜਾਬ ਕਬੱਡੀ ਐਸੋਸੀਏਸ਼ਨ ਵਲੋਂ ਇੰਡੋਰ ਸਟੇਡੀਅਮ ਮੋਗਾ ਵਿਖੇ ਅੰਡਰ 18 ਦੇ ਕਰਵਾਏ ਗਏ ਕਬੱਡੀ ਕੱਪ ਵਿਚ ਵੱਖ ਵੱਖ ਜ਼ਿਲ੍ਹਿਆਂ ਦੀਆਂ ਟੀਮਾਂ ਨੇ ਹਿੱਸਾ ਲਿਆ। ਜਿਸ ਵਿਚ ਲੁਧਿਆਣਾ ਦੀ ਕਬੱਡੀ ਟੀਮ ਦੇ ਖਿਡਾਰੀਆਂ ਨੇ ਚੰਗਾ ਪ੍ਰਦਰਸ਼ਨ ਕਰਦੇ ਹੋਏ, ਪਹਿਲੀ ਬਾਰ ਲੁਧਿਆਣਾ ਕਬੱਡੀ ਐਸੋਸੀਏਸ਼ਨ ਦੀ ਟੀਮ ਗੋਲਡ ਮੈਡਲ ਜਿੱਤ ਕੇ ਲੁਧਿਆਣਾ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਆਲ ਇੰਡੀਆ ਕਬੱਡੀ ਐਸੋਸੀਏਸ਼ਨ ਦੇ ਸਾਬਕਾ ਚੇਅਰਮੈਨ ਅਤੇ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸ. ਗੁਰਮੇਲ ਸਿੰਘ ਪਹਿਲਵਾਨ ਦੀ ਅਗਵਾਈ ਹੇਠ ਲੁਧਿਆਣਾ ਪਹੁੰਚੀ ਟੀਮ ਦਾ ਸਨਮਾਨ ਕੀਤਾ ਅਤੇ ਵਧਾਈ ਦਿੱਤੀ ਗਈ। ਇਸ ਮੌਕੇ ਬੈਸਟ ਰੇਡਰ ਸਿਮਰਨਜੋਤ ਸਿੰਘ ਪਿੰਡ ਰਣੀਆਂ, ਜਾਫੀ ਮੀਆਂਕ ਜਮਾਲਪੁਰ, ਜਸ਼ਨਪ੍ਰੀਤ ਸਿੰਘ ਹੰਬੜਾਂ, ਮੁਸਤਫਾ ਹੰਬੜਾਂ, ਨਿਖਡ ਜਮਾਲਪੁਰ, ਵਿਕਾਸ ਜਮਾਲਪੁਰ, ਅਜੀਤ ਤਿਵਾੜੀ ਗਿਆਸਪੁਰਾ, ਸ਼ੁਭਮ ਜਮਾਲਪੁਰ, ਅਦਿੱਤਿਆ ਤਾਜਪੁਰ, ਯੁਵਰਾਜ ਗਿਆਸਪੁਰਾ, ਇੰਦਰਜੀਤ ਬਾਂਸਲ ਸਲੇਮ ਟਾਬਰੀ ਖਿਡਾਰੀਆਂ ਤੋਂ ਇਲਾਵਾ ਕਬੱਡੀ ਐਸੋਸੀਏਸਨ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਮਾਸਕੋ, ਅਤੇ ਜੰਗ ਸਿੰਘ ਪਹਿਲਵਾਨ, ਅਸ਼ੋਕ ਸ਼ਰਮਾਂ ਯੂ.ਕੇ, ਕਰਨੈਲ ਸਿੰਘ, ਨਿਰੰਜਨ ਕੁਮਾਰ, ਸਾਗਰ, ਰਾਜ ਕੁਮਾਰ ਆਦਿ ਹਾਜ਼ਰ ਸਨ।

# ਸ਼ਹਿਰ ਦੇ ਆਰਕੀਟੈਕਟ ਜਿਊਰੀ 'ਚ ਸ਼ਾਮਲ ਹੋਏ



ਲੁਧਿਆਣਾ, 22 ਜੂਨ (ਵਿਸ਼ਾਲ ਸ਼ਰਮਾ): ਚੰਡੀਗੜ੍ਹ ਵਿੱਚ ਆਈਡੀਈਸੀ (ਇਨਫਰਾਸਟਰਕਚਰ, ਡਿਵੈਲਪਮੈਂਟ, ਆਰਕੀਟੈਕਚਰ ਅਤੇ ਕੰਸਟਰਕਸ਼ਨ) ਵੱਲੋਂ ਆਯੋਜਿਤ 'ਇੰਟੈਲੀਜੈਂਟ ਸੀਰੀਜ਼ 2025' ਦੇ 50ਵੇਂ ਐਡੀਸ਼ਨ ਵਿੱਚ ਪ੍ਰਮੁੱਖ ਆਰਕੀਟੈਕਟ ਸੰਜੇ ਗੋਇਲ ਜਿਊਰੀ ਵਿੱਚ ਸਨ। ਆਈਡੀਈਸੀ ਇੰਟੈਲੀਜੈਂਸ ਸੀਰੀਜ਼ ਭਾਰਤ ਅਤੇ ਮੱਧ ਪੂਰਬ ਦੇ ਪੇਸ਼ੇਵਰਾਂ ਨੂੰ ਗਿਆਨ ਦਾ ਆਦਾਨ-ਪ੍ਰਦਾਨ ਕਰਨ, ਨਵੀਨਤਾ ਦੀ ਪੜਚੋਲ ਕਰਨ ਅਤੇ ਉਦਯੋਗ ਦੇ ਰੁਝਾਨਾਂ 'ਤੇ ਚਰਚਾ ਕਰਨ ਲਈ ਜੋੜਨ ਵਾਲੀ ਇੱਕ ਪ੍ਰਮੁੱਖ ਕਾਨਫਰੰਸ ਹੈ।

ਇਹ ਤਕਨੀਕੀ ਚਰਚਾਵਾਂ, ਪ੍ਰੋਜੈਕਟ ਪੇਸ਼ਕਾਰੀਆਂ, ਪ੍ਰਭਾਵਸ਼ਾਲੀ ਸਮੱਗਰੀ ਅਤੇ ਨੈੱਟਵਰਕਿੰਗ ਲਈ ਇੱਕ ਗਤੀਸ਼ੀਲ ਪਲੇਟਫਾਰਮ ਵਜੋਂ ਕੰਮ ਕਰਦਾ ਹੈ, ਜਦੋਂ ਕਿ ਨਿਰਮਾਤਾਵਾਂ ਨੂੰ ਉਸਾਰੀ ਉਦਯੋਗ ਵਿੱਚ ਤਰੱਕੀ ਨੂੰ ਅੱਗੇ ਵਧਾਉਣ ਵਾਲੀਆਂ ਨਵੀਨਤਾਕਾਰੀ ਸਮੱਗਰੀ ਅਤੇ ਤਕਨਾਲੋਜੀਆਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ। ਜਿਊਰੀ ਦੇ ਹੋਰ ਆਰਕੀਟੈਕਟ ਰੇਣੂ ਖੰਨਾ, ਕਪਿਲ ਸੇਤੀਆ, ਮਨਮੋਹਨ ਖੰਨਾ, ਕਨਿਕਾ ਬਾਂਸਲ, ਸਿਧਾਰਥ ਵਿਗ, ਸੁਨੀਲ ਦੀਵਾਨ, ਸਰਵਦੀਪ ਬਸੂਰ, ਸਪਨਾ ਪ੍ਰਭਾਕਰ ਅਤੇ ਅੰਮ੍ਰਿਤ ਪੰਵਾਰ ਸਨ। ਆਈਡੀਈਸੀ ਇੱਕ ਸ਼ਾਨਦਾਰ ਪਲੇਟਫਾਰਮ ਹੈ ਜਿੱਥੇ ਸਹਿਯੋਗੀ ਯਤਨਾਂ ਦਾ ਜਸ਼ਨ ਮਨਾਇਆ ਜਾਂਦਾ ਹੈ। ਬੁਲਾਰਿਆਂ ਵਿੱਚ ਸੁਮਿਤ ਥਾਪਾ, ਸਿਮਰਨ ਬੋਪਾਰਾਏ ਅਤੇ ਸਵਾਤੀ ਸਿੰਘ ਸ਼ਾਮਲ ਸਨ।

# ਮਾਲਵਾ ਸੈਂਟਰਲ ਕਾਲਜ ਆ.ਫ ਐਜੂਕੇਸ਼ਨ ਫਾਰ ਵੂਮੈਨ ਨੇ ਯੋਗ ਦਿਵਸ ਮਨਾਇਆ



ਲੁਧਿਆਣਾ, 22 ਜੂਨ (ਵਿਸ਼ਾਲ ਸ਼ਰਮਾ): ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ, ਲੁਧਿਆਣਾ ਨੇ 21 ਜੂਨ, 2025 ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ। ਕਾਲਜ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਸ਼੍ਰੀਮਤੀ ਜਸਵੀਰ ਕੌਰ, ਸਹਾਇਕ ਪ੍ਰੋਫੈਸਰ, ਸਵਾਨੀ ਗੰਗਾ ਗਿਰੀ ਜਨਤਾ ਗਰਲਜ਼ ਕਾਲਜ, ਰਾਏਕੋਟ ਦੀ ਅਗਵਾਈ ਹੇਠ ਵੱਖ-ਵੱਖ ਯੋਗ ਆਸਣ ਕੀਤੇ, ਜੋ ਸਾਡੇ ਕਾਲਜ ਦੀ ਸਾਬਕਾ ਵਿਦਿਆਰਥੀ ਹੈ। ਕਾਲਜ ਦੀ ਕਾਰਜਕਾਰੀ ਪ੍ਰਿੰਸੀਪਲ ਡਾ. ਤ੍ਰਿਪਤਾ ਨੇ ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ ਕਿਹਾ ਕਿ ਦੁਨੀਆ ਭਰ ਦੇ ਲੱਖਾਂ ਲੋਕਾਂ ਦੇ ਵੱਖ-ਵੱਖ ਯੋਗ ਗਤੀਵਿਧੀਆਂ ਅਤੇ ਸਮਾਗਮਾਂ ਵਿੱਚ ਹਿੱਸਾ ਲੈਣ ਦੇ ਨਾਲ, ਅੰਤਰਰਾਸ਼ਟਰੀ ਯੋਗ ਦਿਵਸ ਇਸ ਪ੍ਰਾਚੀਨ ਅਭਿਆਸ ਦੀ ਵਿਸ਼ਵਵਿਆਪੀ ਅਪੀਲ ਅਤੇ ਪਰਿਵਰਤਨਸ਼ੀਲ ਸ਼ਕਤੀ ਦੀ ਯਾਦ ਦਿਵਾਉਂਦਾ ਹੈ।

# ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਭੁਪਿੰਦਰ ਸਿੰਘ ਨੂੰ ਲੁਧਿਆਣਾ ਸ਼ਹਿਰੀ ਦਾ ਨਵਾਂ ਪ੍ਰਧਾਨ ਥਾਪਿਆ

## ਬੇਸ਼ਕੀਮਤੀ ਜ਼ਮੀਨਾਂ ਹੜੱਪਣ ਦਾ ਕਾਰਜ ਮਿਹਨਤਕਸ਼ ਕਿਸਾਨਾਂ ਦਾ ਵੱਡਾ ਉਜਾੜਾ : ਜਥੇਦਾਰ ਨਿਮਾਣਾ



ਲੁਧਿਆਣਾ, 22 ਜੂਨ (ਕਰਨੈਲ ਸਿੰਘ ਐੱਮ.ਏ.): ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਇੱਕ ਅਜਿਹੀ ਜੱਥੇਬੰਦੀ ਹੈ, ਜਿਸ ਨੇ ਹਮੇਸ਼ਾਂ ਕਿਸਾਨੀ ਹੱਕਾਂ ਦੀ ਰਾਖੀ ਕਰਦਿਆਂ ਹੋਇਆਂ ਪੰਜਾਬ ਤੇ ਪੰਜਾਬੀਅਤ ਦੀ ਆਵਾਜ਼ ਨੂੰ ਬੁਲੰਦ ਕਰਕੇ ਹਰ ਸੰਘਰਸ਼ ਵਿੱਚ ਆਪਣਾ ਮੋਹਰੀ ਰੋਲ ਅਦਾ ਕੀਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਕਿਸਾਨ ਭਰਾਵਾਂ ਦੀ ਸੱਚੀ ਹਮਦਰਦ ਜੱਥੇਬੰਦੀ ਬਣ ਕੇ ਵਿਚਰੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜਥੇ. ਤਰਨਜੀਤ ਸਿੰਘ ਨਿਮਾਣਾ ਨੇ ਨਿਊ ਸੁਭਾਸ਼ ਨਗਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿਸ ਤੇਜ਼ੀ ਢੰਗ ਨਾਲ ਸ਼ਹਿਰੀ ਵਿਕਾਸ ਦੇ ਪ੍ਰੋਜੈਕਟ ਅਧੀਨ ਜ਼ਿਲ੍ਹਿਆਂ ਅੰਦਰ ਸਮੇਤ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਕਿਸਾਨਾਂ ਦੀਆਂ ਬੇਸ਼ਕੀਮਤੀ ਜ਼ਮੀਨਾਂ ਹੜੱਪਣ ਦਾ ਕਾਰਜ ਸ਼ੁਰੂ ਕੀਤਾ ਹੈ, ਉਹ ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਦਾ ਵੱਡਾ ਉਜਾੜਾ ਹੈ, ਜਿਸ ਨੂੰ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਕਦਾਚਿਤ ਵੀ ਬਰਦਾਸ਼ਤ ਨਹੀਂ ਕਰੇਗੀ ਅਤੇ ਇਸ ਮੁੱਦੇ 'ਤੇ ਆਪਣਾ ਜ਼ੋਰਦਾਰ ਸੰਘਰਸ਼ ਕਰੇਗੀ। ਇਸ ਦੌਰਾਨ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਦਿਆਂ ਹੋਇਆਂ ਭੁਪਿੰਦਰ ਸਿੰਘ ਨੂੰ ਯੂਨੀਅਨ ਦੀ ਲੁਧਿਆਣਾ ਸ਼ਹਿਰੀ ਇਕਾਈ ਦਾ ਨਵਾਂ ਪ੍ਰਧਾਨ ਥਾਪਣ ਦਾ ਰਸਮੀ ਤੌਰ 'ਤੇ ਐਲਾਨ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਨਵੀਂ ਜੱਥੇਬੰਦਕ ਟੀਮ ਚੁਣਨ ਦੇ ਅਧਿਕਾਰ ਦਿੱਤੇ ਤਾਂ ਕਿ ਯੂਨੀਅਨ ਦੀ ਲੁਧਿਆਣਾ ਸ਼ਹਿਰੀ ਇਕਾਈ ਨੂੰ ਹੋਰ ਮਜ਼ਬੂਤੀ ਪ੍ਰਦਾਨ ਕੀਤੀ ਜਾ ਸਕੇ। ਇਸ ਮੌਕੇ ਭਾਈ ਮਨਜੀਤ ਸਿੰਘ ਬੁਟਾਹਰੀ ਮੈਂਬਰ ਕੋਰ ਕਮੇਟੀ, ਸਰਪੰਚ ਮਨਜੀਤ ਸਿੰਘ ਤੂਰ (ਬਾਜੜਾ) ਮੈਂਬਰ ਕੋਰ ਕਮੇਟੀ, ਬਲਦੇਵ ਸਿੰਘ ਸੰਧੂ ਕੌਮੀ ਮੀਤ ਪ੍ਰਧਾਨ, ਪ੍ਰਿੰਸੀਪਲ ਜਸਪਾਲ ਸਿੰਘ, ਭਾਈ ਮਨਜੀਤ ਸਿੰਘ ਪਠਾਨਕੋਟ, ਮਲਵਿੰਦਰ ਸਿੰਘ ਕੌਮੀ ਪ੍ਰਚਾਰ ਸਕੱਤਰ, ਗੁਰਦੀਪ ਸਿੰਘ, ਦੀਦਾਰ ਸਿੰਘ, ਗੁਰਜੰਟ ਸਿੰਘ ਅਤੇ ਹੋਰ ਬਹੁਤ ਸਾਰੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ।



ਆਮ ਆਦਮੀ ਪਾਰਟੀ ਦੀ ਹਾਈਕਮਾਂਡ ਵੱਲੋਂ ਨਵ ਨਿਯੁਕਤ ਕੀਤੇ ਜ਼ਿਲ੍ਹਾ ਲੁਧਿਆਣਾ ਦੇ ਸ਼ਹਿਰੀ ਪ੍ਰਧਾਨ ਸ੍ਰ ਸਤਿੰਦਰ ਸਿੰਘ ਖੰਗੂੜਾ ਦਾ ਸਨਮਾਨ ਕਰਦੇ ਹੋਏ ਪਾਰਟੀ ਦੇ ਆਗੂ ਅਤੇ ਵਰਕਰ। ਵੇਰਵਾ - ਵਿਸ਼ਾਲ ਸ਼ਰਮਾ

# ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ




ਲੁਧਿਆਣਾ, 22 ਜੂਨ (ਵਿਸ਼ਾਲ ਸ਼ਰਮਾ): ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਦੇ ਐੱਨ.ਐੱਸ.ਐੱਸ. ਯੂਨਿਟ, ਈਕੋ ਕਲੱਬ ਅਤੇ ਫਿਜ਼ੀਕਲ ਐਜੂਕੇਸ਼ਨ ਵਿਭਾਗ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। ਅੱਜ ਦੇ ਇਸ ਵਿਸ਼ੇਸ਼ ਦਿਨ ਯੋਗਾ ਫਾਰ ਵਨ ਅਰਥ ਵਨ ਹੈਲਥ ਦੇ ਮੌਕੇ ਵਿਦਿਆਰਥਣਾਂ ਨੇ ਫਿਜ਼ੀਕਲ ਐਜੂਕੇਸ਼ਨ ਵਿਭਾਗ ਦੇ ਪ੍ਰੋ. ਹਰਮਨਜੋਤ ਕੌਰ ਦੀ ਅਗਵਾਈ ਵਿੱਚ ਯੋਗ ਆਸਨ ਕੀਤੇ। ਯੋਗ ਆਸਣ ਕਰਨ ਦੇ ਨਾਲ ਸਰੀਰਕ ਤੰਦਰੁਸਤੀ ਦੇ ਨਾਲ ਨਾਲ ਮਾਨਸਿਕ ਅਰਾਮ ਤੇ ਸੰਤੁਸ਼ਟੀ ਮਿਲਦੀ ਹੈ ਇਸ ਤਰ੍ਹਾਂ ਦੀ ਜੀਵਨ ਸ਼ੈਲੀ ਮਨੁੱਖ ਨੂੰ ਸ਼ਾਂਤਮਈ ਜੀਵਨ ਜਿਉਣ ਵਿੱਚ ਸਹਾਈ ਹੁੰਦੀ ਹੈ। ਤੰਦਰੁਸਤ ਸਰੀਰ ਅਤੇ ਤਾਕਤਵਰ ਦਿਮਾਗ ਦੇ ਨਾਲ ਹੀ ਸੋਹਣੇ ਸਮਾਜ ਦੀ ਸਿਰਜਣਾ ਸੰਭਵ ਹੁੰਦੀ ਹੈ। ਕਾਲਜ ਪ੍ਰਿੰਸੀਪਲ ਡਾ. ਅਜੀਤ ਕੌਰ ਨੇ ਪ੍ਰੋ. ਕਿਰਨ ਬਾਲਾ, ਡਾ. ਹਰਬਿੰਦਰ ਕੌਰ, ਪ੍ਰੋ. ਹਿਨਾ ਅਤੇ ਪ੍ਰੋ. ਹਰਮਨਜੋਤ ਕੌਰ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਨਾਲ ਹੀ ਵਿਦਿਆਰਥਣਾਂ ਵੱਲੋਂ ਅੱਜ ਦੇ ਦਿਨ ਨੂੰ ਮਨਾਉਣ ਲਈ ਉਹਨਾਂ ਦੀ ਹੱਲਾਸ਼ੇਰੀ ਨੂੰ ਹੋਰ ਵਧਾਉਂਦੇ ਉਹਨਾਂ ਨੂੰ ਪ੍ਰੇਰਿਤ ਕਰਦੇ ਕਿਹਾ ਕਿ ਸਰੀਰਕ ਤੰਦਰੁਸਤੀ ਨੂੰ ਕਾਇਮ ਰੱਖਣਾ ਮਨੁੱਖ ਦਾ ਪਹਿਲਾ ਕਰਮ ਹੈ, ਯੋਗ ਆਸਨ ਇਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਆਓ ਯੋਗ ਆਸਨ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਈਏ।

# ਯੁੱਧ ਨਸ਼ਿਆਂ ਵਿਰੁੱਧ ਤਹਿਤ ਪੁਲਿਸ ਵੱਲੋਂ ਜੰਗੀ ਪੱਧਰ 'ਤੇ ਸਰਚ ਆਪ੍ਰੇਸ਼ਨ

## ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਹੁਣ ਨਹੀਂ ਰੁਕੇਗੀ : ਐਸ.ਐਸ.ਪੀ.



ਜਗਰਾਓਂ, 22 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਪੰਜਾਬ ਸਰਕਾਰ ਅਤੇ ਡੀਜੀਪੀ ਪੰਜਾਬ ਦੀ ਅਗਵਾਈ ਵਿੱਚ ਅੱਜ ਜ਼ਿਲ੍ਹਾ ਲੁਧਿਆਣਾ ਦਿਹਾਤੀ ਐਸਐਸਪੀ ਡਾਕਟਰ ਅੰਕਰ ਗੁਪਤਾ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਲੁਧਿਆਣਾ ਦਿਹਾਤੀ ਦੇ ਪਿੰਡਾਂ ਵਿੱਚ ਸਰਚ ਅਭਿਆਨ ਚਲਾਇਆ ਗਿਆ। ਐਸਪੀ ਹਰਕਮਲ ਕੌਰ, ਡੀਐਸਪੀ (ਡੀ) ਇੰਦਰਜੀਤ ਸਿੰਘ ਬੋਪਾਰਾਏ, ਡੀਐਸਪੀ ਜਸਜੋਤ ਸਿੰਘ ਦੀ ਅਗਵਾਈ ਹੇਠ ਥਾਣਾ ਸਦਰ ਦੇ ਮੁੱਖ ਅਫਸਰ ਸੁਰਜੀਤ ਸਿੰਘ, ਥਾਣਾ ਸਿਟੀ ਦੇ ਮੁੱਖ ਅਫ਼ਸਰ ਵਰਿੰਦਰਪਾਲ ਸਿੰਘ ਉੱਪਲ ਅਤੇ ਬੱਸ ਸਟੈਂਡ ਚੌਕੀ ਇੰਚਾਰਜ ਸੁਖਵਿੰਦਰ ਸਿੰਘ ਅਤੇ ਭਾਰੀ ਪੁਲਿਸ ਫੋਰਸ ਨਾਲ ਸਰਚ ਅਭਿਆਨ ਚਲਾਇਆ ਗਿਆ। ਇਹ ਸਰਚ ਅਭਿਆਨ ਸਵੇਰੇ 9 ਵਜੇ ਤੋਂ 11:30 ਵਜੇ ਤੱਕ ਚਲਾਇਆ ਗਿਆ। ਇਸ ਮੁਹਿਮ ਦੇ ਤਹਿਤ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਕੇ ਉਹਨਾਂ ਤੋਂ ਪੁੱਛਗਿਛ ਕੀਤੀ ਗਈ। ਜੋ ਨਸ਼ਿਆਂ ਦੇ ਕਾਰੋਬਾਰ ਕਰਦੇ ਹਨ ਉਹਨਾਂ ਦੇ ਘਰਾਂ 'ਤੇ ਰੇਡ ਕੀਤੀ ਗਈ। ਥਾਂ ਥਾਂ 'ਤੇ ਨਾਕਾਬੰਦੀ ਕਰਕੇ ਸ਼ੱਕੀ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਐਸਐਸਪੀ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦੇ ਤਹਿਤ ਨਸ਼ਿਆਂ ਨੂੰ ਠੱਲ ਪਾਉਣਾ, ਨਸ਼ਿਆਂ ਦੀ ਰੋਕਥਾਮ ਕਰਨਾ ਅਤੇ ਮਾੜੇ ਅਨਸਰਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਨਾ ਹੈ। ਉਹਨਾਂ ਕਿਹਾ ਕਿ ਸਾਡਾ ਮਕਸਦ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ। ਇਸ ਮੌਕੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਕਿਹਾ ਕਿ ਜੋ ਨਸ਼ਿਆਂ ਦੀ ਤਸਕਰੀ ਕਰਦੇ ਹਨ ਉਹਨਾਂ ਉੱਪਰ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਨਸ਼ਿਆਂ ਦੀ ਰੋਕਥਾਮ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ। ਜਿੱਥੇ ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰਕੇ ਉਹਨਾਂ ਤੋਂ ਪੁੱਛਗਿੱਛ ਕੀਤੀ ਗਈ ਉੱਥੇ ਸਮੱਗਲਰਾਂ ਦੇ ਘਰ ਰੇਡ ਵੀ ਕੀਤੀ ਗਈ।

## ਨਸ਼ਾ ਤਸਕਰਾਂ ਨੂੰ ਸਖ਼ਤ ਤਾੜਨਾ, ਨਹੀਂ ਤਾਂ ਚੱਲਣਗੇ ਬੁਲਡੋਜ਼ਰ : ਐਸ.ਐਸ.ਪੀ.

*ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ। ਉਹਨਾਂ ਕਿਹਾ ਕਿ ਜੋ ਸਰਚ ਅਭਿਆਨ ਚਲਾਇਆ ਗਿਆ ਹੈ ਉਸ ਵਿੱਚ ਕਈ ਵਿਅਕਤੀਆਂ ਉੱਪਰ ਕੇਸ ਦਰਜ ਕੀਤਾ ਗਿਆ ਹੈ ਅਤੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਉਹਨਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੁਹਿੰਮ ਦੇ ਤਹਿਤ ਭਾਰੀ ਮਾਤਰਾ ਵਿਚ ਹੈਰੋਇਨ, ਨਸ਼ੀਲੀਆਂ ਗੋਲੀਆਂ ਅਤੇ ਡਰੱਗ ਮਨੀ ਬਰਾਮਦ ਹੋਈ। ਸ਼ੱਕੀ ਵਹੀਕਲਾਂ ਦੀ ਚੈਕਿੰਗ ਕੀਤੀ ਗਈ ਅਤੇ ਬਿਨਾਂ ਕਾਗਜ਼ਾਤ ਵਹੀਕਲਾਂ ਦੇ ਚਲਾਨ ਕੀਤੇ ਗਏ। ਉਹਨਾਂ ਕਿਹਾ ਕਿ ਇਹ ਸਰਚ ਅਭਿਆਨ ਆਉਣ ਵਾਲੇ ਦਿਨਾਂ ਵਿੱਚ ਲਗਾਤਾਰ ਜਾਰੀ ਰਹੇਗਾ ਅਤੇ ਨਸ਼ਾ ਸਮੱਗਲਰਾਂ ਉੱਪਰ ਕਾਰਵਾਈ ਜਾਰੀ ਰਹੇਗੀ।*

# ਵੋਟ ਗਿਣਤੀ ਸਟਾਫ਼ ਦੀ ਦੂਜੀ ਰੈਂਡਮਾਈਜ਼ੇਸ਼ਨ



ਲੁਧਿਆਣਾ, 22 ਜੂਨ (ਵਿਸ਼ਾਲ ਸ਼ਰਮਾ): ਵੋਟ ਗਿਣਤੀ ਸਟਾਫ਼ ਦੀ ਦੂਜੀ ਰੈਂਡਮਾਈਜ਼ੇਸ਼ਨ ਐਤਵਾਰ ਨੂੰ ਜਨਰਲ ਆਬਜ਼ਰਵਰ ਰਾਜੀਵ ਕੁਮਾਰ ਅਤੇ ਜ਼ਿਲ੍ਹਾ ਚੋਣ ਅਫ਼ਸਰ (ਡੀ.ਈ.ਓ) ਹਿਮਾਂਸ਼ੂ ਜੈਨ ਦੀ ਨਿਗਰਾਨੀ ਹੇਠ ਸਫਲਤਾਪੂਰਵਕ ਕੀਤੀ ਗਈ। ਹੋਰ ਵੇਰਵੇ ਦਿੰਦੇ ਹੋਏ ਜ਼ਿਲ੍ਹਾ ਚੋਣ ਅਫ਼ਸਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਵੋਟ ਗਿਣਤੀ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ 72 ਕਾਊਂਟਿੰਗ ਸਟਾਫ਼ ਮੈਂਬਰਾਂ ਨੂੰ ਰੈਂਡਮਾਈਜ਼ ਕੀਤਾ ਗਿਆ ਸੀ। ਰੈਂਡਮਾਈਜ਼ੇਸ਼ਨ ਦਾ ਉਦੇਸ਼ 23 ਜੂਨ ਨੂੰ ਹੋਣ ਵਾਲੀਆਂ ਵੋਟਾਂ ਦੀ ਗਿਣਤੀ ਲਈ ਕਰਮਚਾਰੀਆਂ ਨੂੰ ਕੁਸ਼ਲਤਾ ਨਾਲ ਵੰਡਣਾ ਹੈ। ਕੁੱਲ 24 ਕਾਊਂਟਿੰਗ ਸੁਪਰਵਾਈਜ਼ਰ, 24 ਕਾਊਂਟਿੰਗ ਸਹਾਇਕ ਅਤੇ 24 ਮਾਈਕ੍ਰੋ-ਆਬਜ਼ਰਵਰ ਤਾਇਨਾਤ ਕੀਤੇ ਜਾਣਗੇ। ਹਰੇਕ ਕਾਊਂਟਿੰਗ ਟੀਮ ਵਿੱਚ ਇੱਕ ਸੁਪਰਵਾਈਜ਼ਰ, ਇੱਕ ਸਹਾਇਕ ਅਤੇ ਇੱਕ ਮਾਈਕ੍ਰੋ-ਆਬਜ਼ਰਵਰ ਸ਼ਾਮਲ ਹੋਣਗੇ। ਹਿਮਾਂਸ਼ੂ ਜੈਨ ਨੇ ਅੱਗੇ ਕਿਹਾ ਕਿ ਕਾਊਂਟਿੰਗ ਸਟਾਫ਼ ਲਈ ਅੰਤਿਮ ਰੈਂਡਮਾਈਜ਼ੇਸ਼ਨ ਕੱਲ੍ਹ ਸਵੇਰੇ ਕੀਤੀ ਜਾਵੇਗੀ। ਉਨ੍ਹਾਂ ਨੇ ਕਾਊਂਟਿੰਗ ਪ੍ਰਕਿਰਿਆ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।

# ਮੁੰਡੀਆਂ ਵੱਲੋਂ ਸਾਹਨੇਵਾਲ ਹਲਕੇ 'ਚ ਆਮ ਆਦਮੀ ਕਲੀਨਿਕ ਬੱਸ ਸੇਵਾ ਦਾ ਆਗਾਜ਼




ਲੁਧਿਆਣਾ, 22 ਜੂਨ (ਵਿਸ਼ਾਲ ਸ਼ਰਮਾ): ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਵਿਧਾਨ ਸਭਾ ਹਲਕਾ ਸਾਹਨੇਵਾਲ ਲਈ ਇੱਕ ਮੋਬਾਇਲ ਸਿਹਤ ਸੰਭਾਲ ਪਹਿਲਕਦਮੀ ਤਹਿਤ ਆਮ ਆਦਮੀ ਕਲੀਨਿਕ ਬੱਸ ਸੇਵਾ ਦੀ ਸ਼ੁਰੂਆਤ ਕੀਤੀ। ਇਹ ਨਵੀਨਤਾਕਾਰੀ ਕਲੀਨਿਕ ਆਨ ਵਹੀਲਜ਼ ਇੱਕ ਨਿਰਧਾਰਤ ਸਮਾਂ-ਸਾਰਣੀ ਅਨੁਸਾਰ ਰੋਜ਼ਾਨਾ ਪਿੰਡਾਂ ਅਤੇ ਵਾਰਡਾਂ ਦਾ ਦੌਰਾ ਕਰੇਗਾ ਜਿਸ ਨਾਲ ਵਿਸ਼ਵ ਪੱਧਰੀ ਡਾਕਟਰੀ ਸੇਵਾਵਾਂ ਸਿੱਧੇ ਲੋਕਾਂ ਦੇ ਦਰਵਾਜ਼ਿਆਂ 'ਤੇ ਪਹੁੰਚ ਜਾਣਗੀਆਂ। ਡਾਕਟਰ ਅਤੇ ਪੈਰਾਮੈਡਿਕਸ ਨਾਲ ਲੈਸ ਬੱਸ ਰਾਹੀਂ ਮੁਫ਼ਤ ਦਵਾਈਆਂ ਅਤੇ ਡਾਇਗਨੌਸਟਿਕ ਟੈਸਟ ਕੀਤੇ ਜਾਣਗੇ, ਜਿਸ ਵਿੱਚ ਬਜ਼ੁਰਗਾਂ ਅਤੇ ਬਿਮਾਰੀ ਕਾਰਨ ਆਉਣ-ਜਾਣ ਤੋਂ ਅਸਮਰੱਥ ਲੋਕਾਂ ਦੀ ਸੇਵਾ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਹ ਪਹਿਲਕਦਮੀ ਪੰਜਾਬ ਸਰਕਾਰ ਦੀ ਆਪਣੇ ਨਾਗਰਿਕਾਂ ਨੂੰ ਮੁਫਤ ਵਿੱਚ ਉੱਚ ਪੱਧਰੀ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਸ਼ੁਰੂਆਤ 2022 ਦੀਆਂ ਚੋਣਾਂ ਦੌਰਾਨ ਲੋਕਾਂ ਨੂੰ ਸਭ ਤੋਂ ਵਧੀਆ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਕੀਤੇ ਗਏ ਇੱਕ ਮੁੱਖ ਵਾਅਦੇ ਨੂੰ ਪੂਰਾ ਕਰਦੀ ਹੈ। ਉਨ੍ਹਾਂ ਲੋਕਾਂ ਲਈ ਸਿਹਤ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਸਰਕਾਰ ਦੀ ਸਮਰਪਣ ਭਾਵਨਾ ਦੀ ਪੁਸ਼ਟੀ ਕਰਦਿਆਂ ਕਿਹਾ 'ਅਸੀਂ ਹੁਣ ਹਰ ਵਾਅਦੇ ਨੂੰ ਕਦਮ-ਦਰ-ਕਦਮ ਪੂਰਾ ਕਰ ਰਹੇ ਹਾਂ'। ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਵਿੱਚ ਵਿਸ਼ਵ ਪੱਧਰੀ ਸਿਹਤ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਅਤੇ ਸੁਹਿਰਦ ਯਤਨ ਕਰ ਰਹੀ ਹੈ।

# ਜਵੱਦੀ ਟਕਸਾਲ ਵਿਖੇ ਹਫ਼ਤਾਵਾਰੀ ਨਾਮ ਸਿਮਰਨ ਸਮਾਗਮ



ਲੁਧਿਆਣਾ, 22 ਜੂਨ (ਕਰਨੈਲ ਸਿੰਘ ਐੱਮ.ਏ.): ਗੁਰਬਾਣੀ ਪ੍ਰਚਾਰ ਪਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਹੋਇਆ। ਜਿਸ ਵਿੱਚ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਫ਼ਰਮਾਇਆ ਕਿ ਸਿਮਰਨ ਮਨੁੱਖ ਨੂੰ ਜਿੱਥੇ ਕਾਦਰ ਨਾਲ ਜੋੜਦਾ ਹੈ, ਉੱਥੇ ਨਿਸ਼ਕਾਮ ਸੇਵਾ ਕਾਦਰ ਦੀ ਕੁਦਰਤ ਨਾਲ ਜੋੜਦੀ ਹੈ। ਇਸ ਲਈ ਸਿਮਰਨ ਦੁਆਰਾ ਗਿਆਨ-ਬੋਧ ਪ੍ਰਾਪਤ ਕਰੀਏ, ਜਿਸਦੇ ਚਾਨਣ ਵਿੱਚ ਨਿਸ਼ਕਾਮ ਸੇਵਾ ਰਾਹੀਂ ਪ੍ਰਾਕਿਰਤਕ ਫਰਜ਼ ਵੀ ਨਿਭਾਈਏ। ਜਿਵੇਂ ਇਸ ਬ੍ਰਹਿਮੰਡ ਦੀ ਹਰ ਜਾਨਦਾਰ ਅਤੇ ਬੇਜਾਨ ਸ਼ੈਅ ਇਸ ਬ੍ਰਹਿਮੰਡ ਨੂੰ ਚੱਲਦਿਆਂ ਰੱਖਣ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ। ਬੂਟੇ ਉੱਗਦੇ ਨੇ, ਪਲਦੇ-ਪੁੰਗਰਦੇ ਨੇ, ਫੁੱਲ-ਫਲ ਦਿੰਦੇ ਨੇ ਅਤੇ ਬ੍ਰਹਮੰਡ ਨੂੰ ਚੱਲਦਿਆਂ ਰੱਖਣ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਇਸ ਸਮੁੱਚੇ ਬ੍ਰਹਿਮੰਡ ਵਿੱਚ ਇੱਕ ਵੀ ਅਜਿਹੀ ਚੀਜ਼ ਨਹੀਂ ਜਿਹੜੀ ਇਸ ਬ੍ਰਹਿਮੰਡ ਵਿੱਚ ਆਪਣਾ ਨਿਸ਼ਚਿਤ ਯੋਗਦਾਨ ਨਾ ਪਾ ਰਹੀ ਹੋਵੇ। ਫੁੱਲ ਖਿੜ ਕੇ ਜਿੱਥੇ ਆਪ ਵਿਗਸਦਾ ਹੈ ਉੱਥੇ ਖੇੜਾ, ਸੁਹੱਪਣ ਤੇ ਮਹਿਕ ਦੂਜਿਆਂ ਨੂੰ ਵੀ ਵੰਡਦਾ ਹੈ। ਗੁਰਮਤਿ ਦਾ ਸਿਮਰਨ, ਸੇਵਾ ਅਤੇ ਕੁਰਬਾਨੀ ਦਾ ਸਿਧਾਂਤ ਕੁਦਰਤ ਦੀ ਇਸੇ ਨਿਯਮਾਂਵਲੀ ਨਾਲ ਮੇਲ ਖਾਂਦਾ ਹੈ। ਬਾਬਾ ਜੀ ਨੇ ਦੱਸਿਆ ਕਿ ਅਜੋਕੀ ਵਿੱਦਿਆ ਜਿੱਥੇ ਆਪ ਜੀਵੋ ਤੇ ਹੋਰਨਾਂ ਨੂੰ ਜੀਣ ਦੇਵੋ ਦੇ ਸਿਧਾਂਤ ਤੱਕ ਅੱਪੜੀ ਹੈ, ਉੱਥੇ ਗੁਰਮਤਿ ਚਾਨਣ ਨੇ ਦੂਜਿਆਂ ਲਈ ਜੀਣ-ਥੀਣ ਦੇ ਸਿਧਾਂਤ ਰਾਹੀਂ ਕੁਦਰਤ ਦੀ ਨਿਯਮਾਵਲੀ ਦਾ ਸਦੀਵੀ ਰਾਹ ਵਿਖਾਇਆ ਹੈ। ਸਿੱਖ ਨੇ ਸਿਮਰਨ ਕਰਨਾ ਹੈ, ਕਿਰਤ ਕਰਨੀ ਹੈ, ਪਰ ਕਿਸੇ ਦਾ ਹੱਕ ਨਹੀਂ ਮਾਰਨਾ ਸਗੋਂ ਆਪਣੀ ਕਮਾਈ ਵਿਚੋਂ ਵੀ ਵੰਡ ਕੇ ਛਕਣਾ ਹੈ। ਸਰਬੱਤ ਦਾ ਭਲਾ ਅਤੇ ਸੇਵਾ ਕਰਨੀ, ਆਪਣੇ ਪਰਾਏ ਦੇ ਹੱਕਾਂ ਦੀ ਰਾਖੀ ਕਰਨੀ। ਬਾਬਾ ਜੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਆਪਣੇ ਮਹਾਨ ਬੇਮਿਸਾਲ ਅਤੇ ਗੌਰਵਸ਼ਾਲੀ ਵਿਰਸੇ ਨੂੰ ਸੰਭਾਲਣ 'ਚ ਕਸਰ ਨਾ ਛੱਡੀਏ।

## ਪਿਛਲੇ ਕੁਝ ਦਹਾਕਿਆਂ ਦੌਰਾਨ ਭਾਰਤ ਤੇ ਇਜ਼ਰਾਈਲ ਦਰਮਿਆਨ ਰਣਨੀਤਕ ਸਬੰਧ ਵਿਕਸਿਤ ਹੋਏ: ਸੋਨੀਆ ਗਾਂਧੀ

ਨਵੀਂ ਦਿੱਲੀ, 22 ਜੂਨ (ਚ.ਨ.ਸ): ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਦੋਸ਼ ਲਾਇਆ ਹੈ ਕਿ ਮੋਦੀ ਸਰਕਾਰ ਨੇ ਗਾਜ਼ਾ ਦੀ ਸਥਿਤੀ ਅਤੇ ਇਜ਼ਰਾਈਲ-ਈਰਾਨ ਫੌਜੀ ਟਕਰਾਅ 'ਤੇ ਚੁੱਪ ਰਹਿ ਕੇ ਭਾਰਤ ਦੇ ਸਿਧਾਂਤਕ ਸਟੈਂਡ ਤੇ ਕਦਰਾਂ-ਕੀਮਤਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਹੈ। ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਸ਼ਨੀਵਾਰ ਇਕ ਲੇਖ 'ਚ ਕਿਹਾ ਕਿ ਸਰਕਾਰ ਨੂੰ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤੇ ਪੱਛਮੀ ਏਸ਼ੀਆ 'ਚ ਗੱਲਬਾਤ ਨੂੰ ਉਤਸ਼ਾਹਿਤ ਕਰਨ ਲਈ ਉਪਲਬਧ ਹਰ ਕੂਟਨੀਤਕ ਪਲੇਟਫਾਰਮ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਮੋਦੀ ਸਰਕਾਰ ਦੀ ਵਿਦੇਸ਼ ਨੀਤੀ 'ਤੇ ਸਵਾਲ ਉਠਾਏ ਤੇ ਦੋਸ਼ ਲਾਇਆ ਕਿ ਇਸ ਨੇ ਇਜ਼ਰਾਈਲ ਅਤੇ ਫਲਸਤੀਨ ਦੇ ਰੂਪ 'ਚ 2 ਦੇਸ਼ਾਂ ਵਾਲੇ ਹੱਲ ਨਾਲ ਸਬੰਧਤ ਭਾਰਤ ਦੇ ਸਿਧਾਂਤਕ ਸਟੈਂਡ ਨੂੰ ਛੱਡ ਦਿੱਤਾ ਹੈ। ਈਰਾਨ ਭਾਰਤ ਦਾ ਲੰਬੇ ਸਮੇਂ ਤੋਂ ਦੋਸਤ ਰਿਹਾ ਹੈ। ਡੂੰਘੀ ਸੱਭਿਅਤਾ ਵਾਲੇ ਸਬੰਧਾਂ ਨਾਲ ਉਹ ਸਾਡੇ ਨਾਲ ਜੁੜਿਆ ਹੋਇਆ ਹੈ। ਜੰਮੂ-ਕਸ਼ਮੀਰ ਸਮੇਤ ਅਹਿਮ ਮੌਕਿਆਂ 'ਤੇ ਉਸ ਦੀ ਮਜ਼ਬੂਤ ਹਮਾਇਤ ਦਾ ਇਤਿਹਾਸ ਰਿਹਾ ਹੈ। ਉਨ੍ਹਾਂ ਨੋਟ ਕੀਤਾ ਕਿ 1994 'ਚ ਈਰਾਨ ਨੇ ਕਸ਼ਮੀਰ ਦੇ ਮੁੱਦੇ 'ਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ 'ਚ ਭਾਰਤ ਦੀ ਆਲੋਚਨਾ ਕਰਨ ਵਾਲੇ ਮਤੇ ਨੂੰ ਰੋਕਣ 'ਚ ਮਦਦ ਕੀਤੀ ਸੀ। ਅਸਲ 'ਚ ਈਰਾਨ ਦਾ ਇਸਲਾਮੀ ਗਣਰਾਜ ਆਪਣੇ ਸਾਬਕਾ ਈਰਾਨ ਦੇ ਸ਼ਾਹ ਰਾਜ ਨਾਲੋਂ ਕਿਤੇ ਵੱਧ ਸਹਿਯੋਗੀ ਰਿਹਾ ਹੈ, ਜੋ 1965 ਅਤੇ 1971 ਦੀ ਜੰਗ ਦੌਰਾਨ ਪਾਕਿਸਤਾਨ ਵੱਲ ਝੁਕਾਅ ਰੱਖਦਾ ਸੀ। ਸੋਨੀਆ ਗਾਂਧੀ ਨੇ ਕਿਹਾ ਕਿ ਪਿਛਲੇ ਕੁਝ ਦਹਾਕਿਆਂ 'ਚ ਭਾਰਤ ਅਤੇ ਇਜ਼ਰਾਈਲ ਦਰਮਿਆਨ ਰਣਨੀਤਕ ਸਬੰਧ ਵੀ ਵਿਕਸਤ ਹੋਏ ਹਨ। ਇਸ ਸਥਿਤੀ 'ਤੇ ਆਉਣ ਨਾਲ ਸਾਡੇ ਦੇਸ਼ ਦੀ ਤਣਾਅ ਘਟਾਉਣ ਅਤੇ ਸ਼ਾਂਤੀ ਬਹਾਲ ਕਰਨ ਦੀ ਨੈਤਿਕ ਜ਼ਿੰਮੇਵਾਰੀ ਅਤੇ ਸ਼ਕਤੀ 'ਚ ਵਾਧਾ ਹੋਇਆ ਹੈ। ਇਹ ਸਿਰਫ਼ ਇਕ ਸਿਧਾਂਤ ਨਹੀਂ ਹੈ। ਲੱਖਾਂ ਭਾਰਤੀ ਨਾਗਰਿਕ ਪੱਛਮੀ ਏਸ਼ੀਆ 'ਚ ਰਹਿ ਰਹੇ ਹਨ ਤੇ ਕੰਮ ਕਰ ਰਹੇ ਹਨ, ਇਸ ਲਈ ਇਸ ਖੇਤਰ 'ਚ ਸ਼ਾਂਤੀ ਨਿਰਮਾਣ ਇਕ ਅਹਿਮ ਰਾਸ਼ਟਰੀ ਮੁੱਦਾ ਹੈ। ਉਨ੍ਹਾਂ ਅਨੁਸਾਰ ਈਰਾਨ ਵਿਰੁੱਧ ਇਜ਼ਰਾਈਲ ਦੇ ਮੌਜੂਦਾ ਹਮਲੇ ਅਜਿਹੇ ਸਮੇਂ ਕੀਤੇ ਗਏ ਹਨ ਜਦੋਂ ਸ਼ਕਤੀਸ਼ਾਲੀ ਪੱਛਮੀ ਦੇਸ਼ਾਂ ਨੇ ਇਸ ਦੇ ਗੈਰ-ਮਨੁੱਖੀ ਕੰਮਾਂ ਨੂੰ ਨਜ਼ਰਅੰਦਾਜ਼ ਕਰ ਕੇ ਇਸ ਦੀ ਹਮਾਇਤ ਕੀਤੀ ਹੈ। ਸੋਨੀਆ ਗਾਂਧੀ ਨੇ ਕਿਹਾ ਕਿ ਕਾਂਗਰਸ 7 ਅਕਤੂਬਰ, 2023 ਨੂੰ ਹਮਾਸ ਵੱਲੋਂ ਕੀਤੇ ਗਏ ਹਮਲਿਆਂ ਦੀ ਸਪੱਸ਼ਟ ਰੂਪ 'ਚ ਨਿੰਦਾ ਕਰਦੀ ਹੈ ਪਰ ਅਸੀਂ ਇਜ਼ਰਾਈਲ ਦੇ ਭਿਆਨਕ ਅਤੇ ਵਹਿਸ਼ੀ ਜਵਾਬ ਵਿਰੁੱਧ ਵੀ ਚੁੱਪ ਨਹੀਂ ਰਹਿ ਸਕਦੇ। ਇਨ੍ਹਾਂ ਹਮਲਿਆਂ 'ਚ 55,000 ਤੋਂ ਵੱਧ ਫਲਸਤੀਨੀ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਪਰਿਵਾਰ, ਆਂਢ-ਗੁਆਂਢ ਤੇ ਇੱਥੋਂ ਤੱਕ ਕਿ ਹਸਪਤਾਲ ਵੀ ਤਬਾਹ ਹੋ ਗਏ ਹਨ। ਗਾਜ਼ਾ ਭੁੱਖਮਰੀ ਦੇ ਕੰਢੇ 'ਤੇ ਹੈ। ਇਸ ਦੇ ਨਾਗਰਿਕ ਜੋ ਦੁੱਖ ਝੱਲ ਰਹੇ ਹਨ, ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।



## ਭਾਰਤ-ਪਾਕਿ ਯੁੱਧ ਦੌਰਾਨ ਟਰੰਪ ਦੀ ਵਿਚੋਲਗੀ ਨੇ ਇੱਕ ਵੱਡੀ ਜੰਗ ਨੂੰ ਟਾਲਣ 'ਚ ਮਦਦ ਕੀਤੀ

ਇਸਲਾਮਾਬਾਦ, 22 ਜੂਨ (ਚ.ਨ.ਸ): ਪਾਕਿਸਤਾਨ ਸਰਕਾਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ 2026 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ। ਪਾਕਿਸਤਾਨ ਦਾ ਕਹਿਣਾ ਹੈ ਕਿ ਭਾਰਤ-ਪਾਕਿਸਤਾਨ ਯੁੱਧ ਦੌਰਾਨ ਟਰੰਪ ਦੀਆਂ ਕੂਟਨੀਤਕ ਪਹਿਲਕਦਮੀਆਂ ਤੇ ਵਿਚੋਲਗੀ ਨੇ ਇੱਕ ਵੱਡੀ ਜੰਗ ਨੂੰ ਟਾਲਣ ਵਿੱਚ ਮਦਦ ਕੀਤੀ। ਪਾਕਿਸਤਾਨ ਸਰਕਾਰ ਨੇ ਆਪਣੇ ਅਧਿਕਾਰਤ ਬਿਆਨ ਵਿੱਚ ਕਿਹਾ ਕਿ ਟਰੰਪ ਨੇ ਨਵੀਂ ਦਿੱਲੀ ਅਤੇ ਇਸਲਾਮਾਬਾਦ ਦੋਵਾਂ ਨਾਲ ਗੱਲ ਕਰਕੇ ਜੰਗਬੰਦੀ ਵਿੱਚ ਮੁੱਖ ਭੂਮਿਕਾ ਨਿਭਾਈ। ਇਸ ਨਾਲ ਦੋ ਪ੍ਰਮਾਣੂ ਸ਼ਕਤੀਆਂ ਵਿਚਕਾਰ ਜੰਗ ਦੀ ਸੰਭਾਵਨਾ ਟਲ ਗਈ। ਪਾਕਿਸਤਾਨ ਨੇ ਕਸ਼ਮੀਰ ਮੁੱਦੇ 'ਤੇ ਟਰੰਪ ਦੀ ਵਿਚੋਲਗੀ ਦੀ ਪੇਸ਼ਕਸ਼ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਜਦੋਂ ਤੱਕ ਕਸ਼ਮੀਰ ਦਾ ਹੱਲ ਨਹੀਂ ਹੁੰਦਾ, ਉਦੋਂ ਤੱਕ ਖੇਤਰ ਵਿੱਚ ਸਥਾਈ ਸ਼ਾਂਤੀ ਨਹੀਂ ਹੋ ਸਕਦੀ। ਹਾਲਾਂਕਿ, ਟਰੰਪ ਨੇ ਕਿਹਾ ਕਿ ਮੈਂ ਜਿੰਨੀਆਂ ਮਰਜ਼ੀ ਜੰਗਾਂ ਰੋਕਾਂ, ਮੈਂ ਜੋ ਵੀ ਕਰ ਲਵਾਂ, ਮੈਨੂੰ ਨੋਬਲ ਨਹੀਂ ਮਿਲੇਗਾ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਟਾਲਣ ਅਤੇ ਰੂਸ-ਯੂਕਰੇਨ ਅਤੇ ਈਰਾਨ-ਇਜ਼ਰਾਈਲ ਵਰਗੇ ਵਿਵਾਦਾਂ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਪਰ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਨਹੀਂ ਮਿਲੇਗਾ। ਟਰੰਪ ਨੇ ਸ਼ੁੱਕਰਵਾਰ ਨੂੰ ਟਰੁਥ ਸੋਸ਼ਲ 'ਤੇ ਪੋਸਟ ਕਰਦੇ ਹੋਏ ਲਿਖਿਆ, 'ਮੈਂ ਜੋ ਵੀ ਕਰ ਲਵਾਂ, ਮੈਨੂੰ ਨੋਬਲ ਸ਼ਾਂਤੀ ਪੁਰਸਕਾਰ ਨਹੀਂ ਮਿਲੇਗਾ। ਮੈਂ ਕਾਂਗੋ-ਰਵਾਂਡਾ ਯੁੱਧ ਨੂੰ ਰੋਕਣ ਲਈ ਸ਼ਾਂਤੀ ਸਮਝੌਤੇ ਦੀ ਦਲਾਲ ਬਣਨ ਲਈ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਕੰਮ ਕੀਤਾ। ਇਹ ਇੱਕ ਖੂਨੀ ਸੰਘਰਸ਼ ਸੀ ਜੋ ਦਹਾਕਿਆਂ ਤੱਕ ਚੱਲਿਆ।'



## ਇਜ਼ਰਾਈਲ ਨੇ ਈਰਾਨ ਦੇ ਤਿੰਨ ਹੋਰ ਫ਼ੌਜੀ ਕਮਾਂਡਰਾਂ ਨੂੰ ਹਵਾਈ ਹਮਲਿਆਂ ਦਾ ਨਿਸ਼ਾਨਾ ਬਣਾਇਆ

ਤਲ ਅਵੀਵ, 22 ਜੂਨ (ਚ.ਨ.ਸ.): ਜੰਗ ਦੇ ਨੌਵੇਂ ਦਿਨ ਸ਼ਨਿੱਚਰਵਾਰ ਨੂੰ ਇਜ਼ਰਾਈਲ ਨੇ ਈਰਾਨ ਦੇ ਤਿੰਨ ਹੋਰ ਫ਼ੌਜੀ ਕਮਾਂਡਰਾਂ ਨੂੰ ਹਵਾਈ ਹਮਲਿਆਂ ਦਾ ਨਿਸ਼ਾਨਾ ਬਣਾਇਆ। ਇਸ ਤੋਂ ਇਲਾਵਾ ਇਜ਼ਰਾਈਲ ਨੇ ਈਰਾਨੀ ਪਰਮਾਣੂ ਟਿਕਾਣਿਆਂ 'ਤੇ ਵੀ ਹਮਲੇ ਕੀਤੇ। ਇਸ ਦੌਰਾਨ ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਦੀ ਪ੍ਰਮੁੱਖ ਯੂਰਪੀ ਦੇਸ਼ਾਂ ਦੇ ਹਮਰੁਤਬਿਆਂ ਨਾਲ ਹੋਈ ਗੱਲਬਾਤ ਬੇਸਿੱਟਾ ਰਹੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ-ਇਜ਼ਰਾਈਲ ਜੰਗ 'ਚ ਯੂਰਪੀ ਦੇਸ਼ ਕੁਝ ਨਹੀਂ ਕਰ ਸਕਦੇ। ਅਮਰੀਕਾ ਪਰਮਾਣੂ ਮਸਲੇ 'ਤੇ ਈਰਾਨ ਨਾਲ ਗੱਲਬਾਤ ਲਈ ਤਿਆਰ ਹੈ ਪਰ ਈਰਾਨ ਨੇ ਇਸ ਦੇ ਲਈ ਪਹਿਲਾਂ ਇਜ਼ਰਾਈਲੀ ਹਮਲੇ ਰੋਕੇ ਜਾਣ ਦੀ ਸ਼ਰਤ ਰੱਖੀ ਹੈ। ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟ ਕਾਟਜ਼ ਨੇ ਕਿਹਾ ਕਿ ਜਿਨ੍ਹਾਂ ਈਰਾਨੀ ਫ਼ੌਜੀ ਕਮਾਂਡਰਾਂ ਨੂੰ ਮਾਰਿਆ ਗਿਆ ਹੈ, ਉਨ੍ਹਾਂ 'ਚੋਂ ਇਕ ਕੁਦਜ਼ ਫੋਰਸ ਦੇ ਜਨਰਲ ਸਈਦ ਇਕਾਦੀ ਸਨ ਤੇ ਦੂਜੇ ਰੈਵੋਲਿਊਸ਼ਨਰੀ ਗਾਰਡ ਕਾਰਪਸ (ਆਈਆਰਜੀਸੀ) ਦੇ ਓਵਰਸੀਜ਼ ਬ੍ਰਾਂਚ ਦੇ ਮੁਖੀ ਬੇਨਹਮ ਸ਼ਰੀਆਰੀ ਸਨ। ਹਮਾਸ, ਹਿਜ਼ਬੁੱਲਾ, ਹਾਊਤੀ ਸਮੇਤ ਦੁਨੀਆ ਦੇ ਸਾਰੇ ਈਰਾਨ ਹਮਾਇਤੀ ਸੰਗਠਨਾਂ ਨੂੰ ਫ਼ੌਜੀ ਮਦਦ ਦੇਣ ਦਾ ਕੰਮ ਸ਼ਰੀਆਰੀ ਜ਼ਰੀਏ ਹੁੰਦਾ ਸੀ। ਇਸੇ ਤਰ੍ਹਾਂ ਕੁਦਜ਼ ਫੋਰਸ ਈਰਾਨ ਦੇ ਹਿੱਤ ਵਾਲੇ ਵਿਸ਼ੇਸ਼ ਕਾਰਜਾਂ 'ਤੇ ਕੰਮ ਕਰਦੀ ਹੈ। ਕਾਟਜ਼ ਨੇ ਕਿਹਾ ਕਿ ਦੋਵਾਂ ਕਮਾਂਡਰਾਂ ਨੂੰ ਮਾਰਨਾ ਇਜ਼ਰਾਈਲੀ ਖ਼ੁਫ਼ੀਆ ਸੰਗਠਨ ਤੇ ਹਵਾਈ ਫ਼ੌਜ ਦੀ ਵੱਡੀ ਕਾਮਯਾਬੀ ਹੈ। ਇਜਾਦੀ 'ਤੇ ਅਮਰੀਕਾ ਤੇ ਬਰਤਾਨੀਆ ਨੇ ਪਾਬੰਦੀ ਲਗਾਈ ਹੋਈ ਸੀ। ਇਜ਼ਰਾਈਲੀ ਈਰਾਨ ਦੇ ਸਰਬਉੱਚ ਆਗੂ ਅਲੀ ਖਮੈਨੀ ਦੇ ਨਜ਼ਦੀਕੀ ਸਹਿਯੋਗੀ ਅਲੀ ਸ਼ਾਮਖਾਨੀ ਵੀ ਇਜ਼ਰਾਈਲੀ ਹਮਲੇ 'ਚ ਜ਼ਖ਼ਮੀ ਹੋਏ ਹਨ। ਈਰਾਨ ਦੇ ਸਰਕਾਰੀ ਮੀਡੀਆ ਨੇ ਕਿਹਾ ਹੈ ਕਿ 13 ਜੂਨ ਤੋਂ ਜਾਰੀ ਇਜ਼ਰਾਈਲੀ ਹਮਲਿਆਂ 'ਚ ਹੁਣ ਤੱਕ ਕੁੱਲ 430 ਈਰਾਨੀ ਮਾਰੇ ਗਏ ਤੇ 3500 ਜ਼ਖ਼ਮੀ ਹੋਏ ਹਨ। ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀ ਅਮਰੀਕੀ ਸੰਸਥਾ ਦਾ ਦਾਅਵਾ ਹੈ ਕਿ ਈਰਾਨ 'ਚ ਮਿਰਤਕਾਂ ਦੀ ਅਸਲੀ ਗਿਣਤੀ ਇਸ ਤੋਂ ਜ਼ਿਆਦਾ ਹੈ। ਇਸ ਦੌਰਾਨ ਈਰਾਨ ਦੇ ਇਸ਼ਫਹਾਨ ਪਰਮਾਣੂ ਪਲਾਂਟ 'ਤੇ ਇਜ਼ਰਾਈਲ ਨੇ ਮੁੜ ਹਮਲਾ ਕੀਤਾ ਪਰ ਇੱਥੋਂ ਵਿਕਰਨਾਂ ਫੈਲਣ ਦੀ ਸੂਚਨਾ ਨਹੀਂ ਹੈ। ਈਰਾਨ ਦੇ ਸਿਹਤ ਮੰਤਰੀ ਮੁਹੰਮਦ ਰੇਜ਼ਾ ਜਫਰਕੰਦੀ ਨੇ ਕਿਹਾ ਕਿ ਨੌਂ ਦਿਨ ਦੇ ਹਮਲਿਆਂ 'ਚ ਇਜ਼ਰਾਈਲ ਨੇ ਈਰਾਨ ਦੇ ਤਿੰਨ ਹਸਪਤਾਲਾਂ ਤੇ ਛੇ ਐਂਬੂਲੈਂਸਾਂ ਨੂੰ ਨਿਸ਼ਾਨਾ ਬਣਾਇਆ। ਇਨ੍ਹਾਂ ਹਮਲਿਆਂ 'ਚ ਦੋ ਸਿਹਤ ਕਾਮੇ ਤੇ ਇਕ ਬੱਚਾ ਮਾਰਿਆ ਗਿਆ। ਫ਼ੌਜ ਨੇ ਕਿਹਾ ਕਿ ਉਸ ਨੇ ਆਈਆਰਜੀਸੀ ਦੀ ਡ੍ਰੋਨ ਬ੍ਰਿਗੇਡ ਦੇ ਮੁਖੀ ਅਮੀਨਪੁਰ ਜੁਡਾਕੀ ਨੂੰ ਵੀ ਹਵਾਈ ਹਮਲੇ 'ਚ ਮਾਰ ਦਿੱਤਾ ਹੈ। ਰੈਵੋਲਿਊਸ਼ਨਰੀ ਗਾਰਡ ਨੇ ਮੰਨਿਆ ਹੈ ਕਿ ਖੁਰਮਾਬਾਦ 'ਚ ਹੋਏ ਇਜ਼ਰਾਈਲੀ ਹਮਲੇ 'ਚ ਉਸ ਦੇ ਪੰਜ ਮੈਂਬਰ ਮਾਰੇ ਗਏ ਹਨ।



## ਭਾਜਪਾ ਘੱਟ ਗਿਣਤੀ ਸੈੱਲ ਦੇ ਆਗੂ ਦੀ ਘਰ 'ਚੋਂ ਹੀ ਲਾਸ਼ ਮਿਲੀ

ਕੋਲਕਾਤਾ, 22 ਜੂਨ (ਚ.ਨ.ਸ): ਪੱਛਮੀ ਬੰਗਾਲ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਹੁਗਲੀ ਜ਼ਿਲ੍ਹੇ ਦੇ ਗੋਘਾਟ ਪਿੰਡ 'ਚ ਭਾਜਪਾ ਘੱਟ ਗਿਣਤੀ ਸੈੱਲ ਦੇ ਆਗੂ ਐੱਸ.ਕੇ. ਬਕੀਬੁਰ (35) ਦੀ ਸ਼ਨੀਵਾਰ ਘਰ 'ਚ ਹੀ ਲਾਸ਼ ਮਿਲੀ ਹੈ। ਉਨ੍ਹਾਂ ਦੀ ਲਾਸ਼ ਘਰ 'ਚ ਪੱਖੇ ਨਾਲ ਲਟਕਦੀ ਹੋਈ ਮਿਲੀ, ਜਦਕਿ ਉਨ੍ਹਾਂ ਦੇ ਦੋਵੇਂ ਹੱਥ ਬੰਨ੍ਹੇ ਹੋਏ ਸਨ। ਇਸ ਹਾਲਤ 'ਚ ਆਗੂ ਦੀ ਲਾਸ਼ ਮਿਲਣ ਤੋਂ ਬਾਅਦ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਛਾ ਗਿਆ ਹੈ। ਇਸ ਖ਼ਬਰ ਦੇ ਸਾਹਮਣੇ ਆਉਂਦਿਆਂ ਹੀ ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ, ਜਿਸ ਮਗਰੋਂ ਲਾਸ਼ ਨੂੰ ਪੋਸਟਮਾਰਟਮ ਲਈ ਹਸਪਤਾਲ ਲਿਜਾਇਆ ਗਿਆ। ਹੁਗਲੀ ਦਿਹਾਤੀ ਜ਼ਿਲ੍ਹੇ ਦੇ ਵਧੀਕ ਪੁਲਿਸ ਸੁਪਰਡੈਂਟ ਕ੍ਰਿਸ਼ਨਾ ਰਾਏ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਇਹ ਖ਼ੁਦਕੁਸ਼ੀ ਦਾ ਮਾਮਲਾ ਹੈ ਕਿਉਂਕਿ ਬਕੀਬੁਰ ਦੇ ਮੋਬਾਈਲ ਫੋਨ 'ਤੇ ਇਕ ਸੁਸਾਈਡ ਨੋਟ ਮਿਲਿਆ ਹੈ। ਉੱਥੇ ਹੀ ਭਾਜਪਾ ਆਗੂਆਂ 'ਚ ਇਸ ਘਟਨਾ ਮਗਰੋਂ ਗੁੱਸਾ ਦੇਖਿਆ ਜਾ ਰਿਹਾ ਹੈ। ਭਾਜਪਾ ਦੇ ਪੁਰਸ਼ੂਰਾ ਤੋਂ ਵਿਧਾਇਕ ਬਿਮਨ ਘੋਸ਼ ਨੇ ਦੋਸ਼ ਲਾਇਆ ਕਿ ਇਹ ਖ਼ੁਦਕੁਸ਼ੀ ਦਾ ਮਾਮਲਾ ਨਹੀਂ ਹੈ, ਸਗੋਂ ਬਕੀਬੁਰ ਦਾ ਯੋਜਨਾਬੱਧ ਤਰੀਕੇ ਨਾਲ ਕਤਲ ਕੀਤਾ ਗਿਆ ਹੈ। ਫਿਲਹਾਲ ਸਚਾਈ ਕੀ ਹੈ, ਇਹ ਤਾਂ ਪੁਲਿਸ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗਾ।



## ਸਾਬਕਾ ਮੰਤਰੀ ਰਣਦੀਪ ਸਿੰਘ ਦੀ ਅਗਵਾਈ 'ਚ ਕੰਜਾਰੀ ਦੇ ਕਈ ਪਰਿਵਾਰ 'ਆਪ' ਦਾ ਪੱਲਾ ਛੱਡ ਕੇ 'ਕਾਂਗਰਸ' 'ਚ ਸ਼ਾਮਲ

ਅਮਲੋਹ, 22 ਜੂਨ (ਜਸਵੰਤ ਸਿੰਘ): ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਸਾਬਕਾ ਕੈਬਨਿਟ ਮੰਤਰੀ ਰਣਦੀਪ ਸਿੰਘ ਨਾਭਾ ਦੀਆਂ ਲੋਕ ਨੀਤੀਆਂ ਤੋਂ ਪ੍ਰਭਾਵਿਤ ਹੁੰਦੇ ਹੋਏ ਪਿੰਡ ਕੰਜਾਰੀ ਦੇ ਕਈ ਪਰਿਵਾਰ ਆਮ ਆਦਮੀ ਪਾਰਟੀ ਦਾ ਪੱਲਾ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ, ਜਿਨ੍ਹਾਂ ਦਾ ਸਨਮਾਨ ਕਰਦੇ ਹੋਏ ਸਾਬਕਾ ਮੰਤਰੀ ਰਣਦੀਪ ਸਿੰਘ ਨੇ ਇਨ੍ਹਾਂ ਨੂੰ ਪਾਰਟੀ ਵਿਚ ਬਣਦਾ ਮਾਣ ਸਨਮਾਨ ਦੇਣ ਦਾ ਭਰੋਸਾ ਦਿੱਤਾ। ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿਚ ਬਲਜਿੰਦਰ ਸਿੰਘ ਗਰਚਾ, ਸਨਦੀਪ ਸਿੰਘ ਗਰਚਾ ਆਪਣੇ ਪਰਿਵਾਰ ਹਰਜੀਤ ਕੌਰ, ਹਰਜੋਤ ਕੌਰ ਅਤੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਇਸੇ ਤਰ੍ਹਾਂ ਕੁਲਦੀਪ ਸਿੰਘ, ਮਹਿੰਦਰ ਸਿੰਘ ਅਤੇ ਪਲਵਿੰਦਰ ਸਿੰਘ ਆਦਿ ਨੇ ਅਕਾਲੀ ਦਲ ਦਾ ਪੱਲਾ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਪ੍ਰੇਮ ਸਿੰਘ, ਦਰਸ਼ਨ ਸਿੰਘ ਅਤੇ ਗੁਰਚਰਨ ਸਿੰਘ ਨੇ ਆਮ ਆਦਮੀ ਪਾਰਟੀ ਛੱਡ ਕੇ ਕਾਂਗਰਸ ਪਾਰਟੀ ਵਿੱਚ ਘਰ ਵਾਪਸੀ ਕੀਤੀ। ਇਸ ਮੌਕੇ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ, ਸੰਮਤੀ ਮੈਂਬਰ ਬਿੱਕਰ ਸਿੰਘ ਦੀਵਾ, ਰਣਜੀਤ ਸਿੰਘ ਕੰਜਾਰੀ, ਬਲਵਿੰਦਰ ਸਿੰਘ ਕੂਕਾ, ਸੁਰਜੀਤ ਸਿੰਘ ਸਾਬਕਾ ਸਰਪੰਚ ਕੰਜਾਰੀ, ਹਰਪ੍ਰੀਤ ਸਿੰਘ ਗੁਰਧਨਪੁਰ, ਅੰਮ੍ਰਿਤਪਾਲ ਸਿੰਘ ਰਾਜਵਿੰਦਰ ਸਿੰਘ, ਜੱਗੀ ਵੜੈਚਾਂ ਅਤੇ ਪੀਏ ਮਨਪ੍ਰੀਤ ਸਿੰਘ ਮਿੰਟਾ ਆਦਿ ਮੌਜੂਦ ਸਨ।



## ਜਥੇਦਾਰ ਕਰਨੈਲ ਸਿੰਘ ਪੰਜੋਲੀ ਵੱਲੋਂ ਸਕੂਲ 'ਚ ਹੋਣ ਵਾਲੇ ਨਿਰੰਕਾਰੀਆਂ ਦੇ ਸਮਾਗਮ ਦੀ ਸਖ਼ਤ ਸ਼ਬਦਾਂ 'ਚ ਨਿੰਦਾ

ਫ਼ਤਹਿਗੜ੍ਹ ਸਾਹਿਬ, 22 ਜੂਨ (ਚ.ਨ.ਸ.): ਸੰਤ ਨਿਰੰਕਾਰੀ ਸਤਿਸੰਗ ਭਵਨ ਸ਼ਾਖਾ ਮੰਡੀ ਗੋਬਿੰਦਗੜ੍ਹ ਵੱਲੋਂ 26 ਜੂਨ ਨੂੰ ਸਥਾਨਕ ਜੀ.ਟੀ. ਰੋਡ ਸਥਿਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਰਕਾਰੀ ਸੀਨੀਅਰ ਸੈਕੰਡਰੀ ਖ਼ਾਲਸਾ ਸਕੂਲ (ਲੜਕੇ) ਵਿਚ ਕਰਵਾਏ ਜਾ ਰਹੇ ਨਿਰੰਕਾਰੀ ਸਤਿ ਸਮਾਗਮ ਨੂੰ ਲੈ ਕੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ, ਕਿਉਂਕਿ ਸਿੱਖ ਜਥੇਬੰਦੀਆਂ ਅਤੇ ਰਾਜਨੀਤਕ ਆਗੂਆਂ ਵੱਲੋਂ ਇਸ ਸਮਾਗਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਸਿੱਧੀ ਉਲੰਘਣਾ ਕਰਾਰ ਦਿੱਤਾ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਮੰਡੀ ਗੋਬਿੰਦਗੜ੍ਹ ਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੀਨੀਅਰ ਸੈਕੰਡਰੀ ਸਕੂਲ (ਖਾਲਸਾ) ਵਿਚ ਹੋਣ ਵਾਲੇ ਨਿਰੰਕਾਰੀਆਂ ਦੇ ਸਮਾਗਮ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਆਖਿਆ ਕਿ 13 ਅਪ੍ਰੈਲ 1978 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਿਰੰਕਾਰੀਆਂ ਅਤੇ ਖ਼ਾਲਸਾ ਪੰਥ ਵਿਚਾਲੇ ਖੂਨੀ ਟੱਕਰ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਕੇ ਸਿੱਖ ਕੌਮ ਨੂੰ ਨਿਰੰਕਾਰੀਆਂ ਨਾਲ ਰੋਟੀ ਬੇਟੀ ਦੀ ਸਾਂਝ ਰੱਖਣ ਦੀ ਮਨਾਹੀ ਕੀਤੀ ਗਈ ਸੀ। ਉਨ੍ਹਾਂ ਆਖਿਆ ਕਿ ਇਸ ਤਰੀਕੇ ਦੇ ਸਮਾਗਮ ਗੁਰੂ ਸਾਹਿਬਾਨ ਦੇ ਨਾਮ 'ਤੇ ਚੱਲ ਰਹੇ ਵਿੱਦਿਅਕ ਅਦਾਰਿਆਂ ਵਿਚ ਕਰਵਾ ਕੇ ਸਿੱਖਾਂ ਦੇ ਜਜ਼ਬਾਤਾਂ ਨੂੰ ਵੰਗਾਰਿਆ ਜਾ ਰਿਹਾ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਸਮਾਗਮ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ। ਜਥੇ. ਪੰਜੋਲੀ ਨੇ ਐਸ.ਡੀ.ਐਮ ਅਮਲੋਹ ਜਿਨ੍ਹਾਂ ਨੇ ਇਹ ਸਮਾਗਮ ਕਰਾਉਣ ਦੀ ਪ੍ਰਵਾਨਗੀ ਦਿੱਤੀ, ਨੂੰ ਟੈਲੀਫੋਨ ਰਾਹੀਂ ਇਹ ਪ੍ਰਵਾਨਗੀ ਰੱਦ ਕਰਨ ਦੀ ਅਪੀਲ ਵੀ ਕੀਤੀ ਹੈ। ਇਸ ਤੋਂ ਇਲਾਵਾ ਭਾਈ ਪੰਜੋਲੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਵੀ ਲਿਖਤੀ ਬੇਨਤੀ ਕਰਕੇ ਕਿਹਾ ਕਿ ਉਹ ਤੁਰਤ ਡਿਪਟੀ ਕਮਿਸ਼ਨਰ ਫ਼ਤਹਿਗੜ੍ਹ ਸਾਹਿਬ ਨੂੰ ਉਕਤ ਸਮਾਗਮ 'ਤੇ ਪਾਬੰਦੀ ਲਗਾਉਣ ਲਈ ਕਹਿਣ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੂੰ ਇਸ ਦਾ ਜਵਾਬ ਦੇਣਾ ਪਵੇਗਾ ਕਿ ਕੀ ਸਕੂਲਾਂ ਵਿਚ ਇਸ ਤਰ੍ਹਾਂ ਨਿਰੰਕਾਰੀਆਂ ਦੇ ਸਮਾਗਮ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

## ਵਿਧਾਇਕ ਬੜਿੰਗ ਨੇ ਯੋਗ ਕੈਂਪ 'ਚ ਸ਼ਿਰਕਤ ਕੀਤੀ

### ☛ ਵੱਖ-ਵੱਖ ਬਲਾਕਾਂ 'ਚ ਐੱਸ.ਡੀ.ਐੱਮ. ਦੀ ਅਗਵਾਈ ਹੇਠ ਯੋਗ ਕੈਂਪ ਲੱਗੇ



ਮੰਡੀ ਗੋਬਿੰਦਗੜ੍ਹ, 22 ਜੂਨ (ਸੂਦ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹੱਸਦਾ ਵੱਸਦਾ ਤੇ ਰੰਗਲਾ ਪੰਜਾਬ ਬਣਾਉਣ ਲਈ ਕੀਤੇ ਜਾ ਰਹੇ ਠੋਸ ਉਪਰਾਲਿਆਂ ਵਿੱਚੋਂ ਸੀਐਮ ਦੀ ਯੋਗਸ਼ਾਲਾ ਇੱਕ ਅਜਿਹਾ ਉਪਰਾਲਾ ਹੈ, ਜਿਸ ਨਾਲ ਸਿਹਤਮੰਦ ਪੰਜਾਬ ਦੀ ਸਿਰਜਣਾ ਕੀਤੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸੀਐਮ ਦੀ ਯੋਗਸ਼ਾਲਾ ਅਧੀਨ ਮੰਡੀ ਗੋਬਿੰਦਗੜ੍ਹ ਦੇ ਰਾਮ ਭਵਨ ਵਿਖੇ ਆਯੋਜਿਤ ਯੋਗ ਕੈਂਪ ਦੌਰਾਨ ਕੀਤਾ। ਇਸ ਮੌਕੇ ਪ੍ਰਧਾਨ ਨਗਰ ਕੌਂਸਲ ਹਰਪ੍ਰੀਤ ਸਿੰਘ ਪ੍ਰਿੰਸ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਯੋਗਾ ਪ੍ਰਾਚੀਨ ਭਾਰਤ ਵੱਲੋਂ ਦੁਨੀਆ ਨੂੰ ਇੱਕ ਤੋਹਫ਼ਾ ਹੈ, ਜਿਸ 'ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਧਿਆਨ ਪੂਰਵਕ ਦੇਖੀਏ ਤਾਂ ਸਾਡੇ ਸਾਹ ਲੈਣ ਦੀ ਪ੍ਰਕਿਰਿਆ ਵਿਚ ਕੁਝ ਤਬਦੀਲੀ ਲਿਆ ਕੇ ਸਿਹਤ ਵਿੱਚ ਵੱਡਾ ਸੁਧਾਰ ਕਰ ਸਕਦੇ ਹਾਂ। ਇਸੇ ਤਰ੍ਹਾਂ ਧਿਆਨ ਵਿਧੀਆਂ ਹਨ, ਜਿਹੜੀਆਂ ਸਾਨੂੰ ਪੂਰਨਤਾ ਵੱਲ ਲੈ ਕੇ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਯੋਗਾ, ਸਰੀਰਕ ਤੇ ਮਾਨਸਿਕ ਵਿਕਾਸ ਲਈ ਨਿਰੰਤਰ ਸਫ਼ਰ ਹੈ। ਇਹ ਸਵੈ-ਖੋਜ ਦੀ ਯਾਤਰਾ ਹੈ, ਅੰਦਰੂਨੀ ਸੰਤੁਲਨ ਦਾ ਰਸਤਾ ਹੈ ਅਤੇ ਸਰੀਰ, ਮਨ ਅਤੇ ਆਤਮਾ ਵਿਚਕਾਰ ਇੱਕ ਪੁਲ ਹੈ। ਇਸੇ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਵਿਖੇ ਕਰਵਾਏ ਗਏ ਯੋਗ ਕੈਂਪ ਦੌਰਾਨ ਐਸਡੀਐਮ ਅਮਲੋਹ ਚੇਤਨ ਬੰਗੜ ਨੇ ਕਿਹਾ ਕਿ ਨਿਰੋਗ ਜੀਵਨ ਲਈ ਯੋਗਾ ਬਹੁਤ ਜ਼ਰੂਰੀ ਹੈ ਕਿਉਂਕਿ ਯੋਗਾ ਇੱਕ ਅਜਿਹੀ ਵਿਧੀ ਹੈ ਜਿਸ ਨਾਲ ਜੁੜ ਕੇ ਸਾਨੂੰ ਮਾਨਸਿਕ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਅੰਤਰ ਰਾਸ਼ਟਰੀ ਯੋਗ ਦਿਵਸ ਮੌਕੇ ਬਸੀ ਪਠਾਣਾ ਦੇ ਹਰਮਨ ਰਿਜ਼ੋਰਟ ਵਿਖੇ ਐਸਡੀਐਮ ਹਰਵੀਰ ਕੌਰ ਦੀ ਅਗਵਾਈ ਹੇਠ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਸ਼ਹਿਰ ਵਾਸੀਆਂ ਨੇ ਯੋਗ ਕਿਰਿਆਵਾਂ ਵਿੱਚ ਭਾਗ ਲਿਆ ਅਤੇ ਤੰਦਰੁਸਤ ਸਮਾਜ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਇਆ। ਇਸੇ ਤਰ੍ਹਾਂ ਖਮਾਣੋਂ ਦੇ ਉੱਚਾ ਪਿੰਡ ਵਿਖੇ ਵੀ ਯੋਗ ਦਿਵਸ ਮਨਾਇਆ ਗਿਆ, ਜਿਸ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਪਤਵੰਤਿਆਂ ਨੇ ਭਾਗ ਲਿਆ। ਇਸ ਦੌਰਾਨ ਸੀ.ਐਮ ਦੀ ਯੋਗਸ਼ਾਲਾ ਦੇ ਟਰੇਨਰਾਂ ਨੇ ਯੋਗ ਅਭਿਆਸ ਕਰਵਾਇਆ ਅਤੇ ਇਸਦੇ ਲਾਭਾਂ ਬਾਰੇ ਜਾਣਕਾਰੀ ਦਿੱਤੀ।

## ਅਕਾਲੀ ਦਲ ਵੱਲੋਂ ਅੰਤਰਰਾਸ਼ਟਰੀ ਗੱਤਕਾ ਦਿਹਾੜੇ 'ਤੇ ਸਮਾਗਮ



ਮੁਕੇਰੀਆਂ, 22 ਜੂਨ (ਧਰਮ ਚੰਦ): ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਪਰਮਿੰਦਰ ਸਿੰਘ ਖਾਲਸਾ ਮੁਕੇਰੀਆਂ ਸਰਕਲ ਪ੍ਰਧਾਨ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਨੂੰ ਵੀ ਅੰਤਰਰਾਸ਼ਟਰੀ ਪੱਧਰ 'ਤੇ 21 ਜੂਨ ਨੂੰ ਗੱਤਕਾ ਦਿਹਾੜਾ ਦੇ ਰੂਪ ਵਿੱਚ ਮਨਾਇਆ ਗਿਆ। ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ, ਗੁਰਦੀਪ ਸਿੰਘ ਖੁਣਖੁਣ ਸੀਨੀਅਰ ਮੀਤ ਪ੍ਰਧਾਨ ਕਿਸਾਨ ਬਿੰਗ, ਮਾਸਟਰ ਕੁਲਦੀਪ ਸਿੰਘ ਮਸੀਤੀ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ, ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸ਼੍ਰੋਮਣੀ ਭਗਤ ਧੰਨਾ ਜੀ ਤਰਨਾ ਦਲ, ਮਹਿਤਾਬ ਸਿੰਘ ਹੁੰਦਲ ਸਰਕਲ ਪ੍ਰਧਾਨ ਦਸੂਹਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਇਸ ਸਮੇਂ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਗਤਕਾ ਸਪੋਰਟਸ ਕਲੱਬ ਤੇ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਿੰਘਾਂ ਨੇ ਗਤਕੇ ਦੇ ਜੌਹਰ ਦਿਖਾਏ। ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ, ਗੁਰਦੀਪ ਸਿੰਘ ਖੁਣਖੁਣ, ਮਾਸਟਰ ਕੁਲਦੀਪ ਸਿੰਘ ਮਸੀਤੀ, ਪਰਮਿੰਦਰ ਸਿੰਘ ਖਾਲਸਾ, ਬਾਬਾ ਗੁਰਦੇਵ ਸਿੰਘ ਤਰਨਾ ਦਲ ਆਦਿ ਨੇ ਸਾਂਝੇ ਤੌਰ 'ਤੇ ਕਿਹਾ ਕਿ ਅਗਰ ਅਸੀਂ ਆਪਣੇ ਬੱਚਿਆਂ ਨੂੰ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਗਤਕੇ ਦੀ ਦਾਤ ਸਿੱਖਣ ਦੇ ਲੜ ਲਾਉਂਦੇ ਹਾਂ ਤਾਂ ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਹੁਤ ਮਜ਼ਬੂਤ ਹੋਵੇਗਾ ਅਤੇ ਗੁਰੂ ਸਾਹਿਬ ਵੱਲੋਂ ਬਖਸ਼ੀ ਇਸ ਅਨਮੁੱਲੀ ਦਾਤ ਨੂੰ ਸੰਭਾਲਣਾ ਸਮੇਂ ਦੀ ਮੁੱਖ ਲੋੜ ਹੈ। ਇਸ ਸਮੇਂ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਆਪਣੀਆਂ ਕੋਝੀਆਂ ਹਰਕਤਾਂ ਨਾਲ ਸਿੱਖ ਨੌਜਵਾਨਾਂ ਨੂੰ ਆਪਣੇ ਵਿਰਸੇ ਨਾਲੋਂ ਨਹੀਂ ਤੋੜ ਸਕਦੀਆਂ। ਇਸ ਸਮੇਂ ਮਹਿਤਾਬ ਸਿੰਘ ਹੁੰਦਲ ਸਰਕਲ ਪ੍ਰਧਾਨ ਦਸੂਹਾ, ਜਥੇਦਾਰ ਸੰਤੋਖ ਸਿੰਘ ਡਾਲੋਵਾਲ, ਵਿਜੇ ਪ੍ਰਤਾਪ ਸਿੰਘ ਖਾਲਸਾ, ਸੱਚ ਨਾਮ ਸਿੰਘ ਖਾਲਸਾ, ਬਲਰਾਜ ਸਿੰਘ ਖਾਲਸਾ, ਗੁਰਪ੍ਰੀਤ ਸਿੰਘ ਖਾਲਸਾ ਸਰਪੰਚ ਰਵਿੰਦਰ ਸਿੰਘ ਪਾੜਾ ਮਹਿੰਦਰ ਸਿੰਘ ਗਰਨਾ ਸਾਹਿਬ ਸੁਖਵਿੰਦਰ ਕੌਰ ਖਾਲਸਾ ਸੰਤੋਖ ਸਿੰਘ ਢਾਲੋਵਾਲ ਹਾਜ਼ਰ ਰਹੇ।

## ਅਮਲੋਹ-ਗੋਬਿੰਦਗੜ੍ਹ ਰੋਡ 'ਤੇ ਕਾਰ-ਟਰਾਲੇ ਹਾਦਸੇ 'ਚ ਇੱਕ ਗੰਭੀਰ ਜ਼ਖ਼ਮੀ

ਅਮਲੋਹ, 22 ਜੂਨ (ਜਸਵੰਤ ਸਿੰਘ): ਅਮਲੋਹ-ਮੰਡੀ ਗੋਬਿੰਦਗੜ੍ਹ ਮੁੱਖ ਸੜਕ 'ਤੇ ਸੈਂਟਰੋ ਕਾਰ ਅਤੇ ਟਰਾਲੇ ਵਿਚਕਾਰ ਵਾਪਰੇ ਇਕ ਹਾਦਸੇ ਵਿਚ ਇਕ ਵਿਅਕਤੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਪ੍ਰਾਪਤ ਸੂਚਨਾ ਅਨੁਸਾਰ ਇਹ ਕਾਰ ਅਚਾਨਕ ਰਸਤੇ ਵਿਚ ਖੜ੍ਹੇ ਟਰਾਲੇ ਨਾਲ ਜਾ ਟਕਰਾਈ, ਜਿਸ ਕਾਰਣ ਕਾਰ ਦਾ ਅਗਲਾ ਹਿਸਾ ਪੂਰੀ ਤਰ੍ਹਾਂ ਚਕਨਾ-ਚੂਰ ਹੋ ਗਿਆ। ਕਾਰ ਚਾਲਕ ਦੀ ਪਹਿਚਾਣ ਬਚਨ ਸਿੰਘ ਵਾਸੀ ਨਸਰਾਲੀ ਵਜੋਂ ਹੋਈ ਜੋ ਕਿ ਹਾਦਸੇ ਦੌਰਾਨ ਗੰਭੀਰ ਜ਼ਖ਼ਮੀ ਹੋ ਗਿਆ। ਮੌਕੇ 'ਤੇ ਮੌਜੂਦ ਲੋਕਾਂ ਨੇ ਤੁਰੰਤ ਸੁਰੱਖਿਆ ਫੋਰਸ ਨੂੰ ਸੂਚਿਤ ਕੀਤਾ, ਜਿਨ੍ਹਾਂ ਜ਼ਖਮੀ ਨੂੰ ਕਾਰ ਵਿਚੋਂ ਕੱਢ ਕੇ ਅਮਲੋਹ ਹਸਪਤਾਲ ਪਹੁੰਚਾਇਆ। ਪੁਲਿਸ ਵੱਲੋਂ ਟਰਾਲੇ ਦੇ ਮਾਲਕ ਅਤੇ ਡਰਾਈਵਰ ਖਿਲਾਫ ਲਾਪਰਵਾਹੀ ਅਤੇ ਰਸਤੇ 'ਤੇ ਗੈਰਕਾਨੂੰਨੀ ਢੰਗ ਨਾਲ ਵਾਹਨ ਖੜ੍ਹਾ ਕਰਨ ਦੇ ਆਧਾਰ 'ਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਹਾਦਸੇ ਕਾਰਨ ਕੁਝ ਸਮੇਂ ਲਈ ਰੋਡ 'ਤੇ ਟਰੈਫਿਕ ਜਾਮ ਰਿਹਾ, ਪਰ ਪੁਲਿਸ ਨੇ ਟਰਾਲਾ ਹਟਵਾ ਕੇ ਟਰੈਫਿਕ ਨੂੰ ਮੁੜ ਚਾਲੂ ਕਰਵਾਇਆ। ਲੋਕਾਂ ਨੇ ਮੰਗ ਕੀਤੀ ਕਿ ਸੜਕਾਂ 'ਤੇ ਖੜੇ ਵਾਹਨਾਂ 'ਤੇ ਸਖਤ ਕਾਰਵਾਈ ਹੋਵੇ ਤਾਂ ਜੋ ਭਵਿੱਖ 'ਚ ਅਜਿਹੇ ਹਾਦਸਿਆਂ ਤੋਂ ਬਚਿਆ ਜਾ ਸਕੇ।




## ਰਾਣਾ ਹਸਪਤਾਲ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ




ਮੰਡੀ ਗੋਬਿੰਦਗੜ੍ਹ, 22 ਜੂਨ (ਸੂਦ): ਅੰਤਰਰਾਸ਼ਟਰੀ ਯੋਗਾ ਦਿਵਸ ਦੇ ਮੌਕੇ 'ਤੇ ਰਾਣਾ ਹਸਪਤਾਲ, ਸਰਹਿੰਦ ਦੇ ਸਟਾਫ ਮੈਂਬਰਾਂ ਨੇ ਉਤਸ਼ਾਹ ਨਾਲ ਯੋਗਾ ਕਰਕੇ ਯੋਗਾ ਦਿਵਸ ਨੂੰ ਮਨਾਇਆ। ਹਸਪਤਾਲ ਕੰਪਲੈਕਸ ਵਿੱਚ ਸਵੇਰੇ ਯੋਗ ਆਸਨਾਂ ਅਤੇ ਸਾਹ ਲੈਣ ਦੀਆਂ ਵਿਧੀਆਂ ਨਾਲ ਸ਼ੁਰੂ ਹੋਇਆ ਸੈਸ਼ਨ ਹੌਲੀ-ਹੌਲੀ ਉਤਸ਼ਾਹ ਅਤੇ ਆਤਮਿਕ ਸ਼ਾਂਤੀ ਦਾ ਪ੍ਰਤੀਕ ਬਣ ਗਿਆ। ਮੈਨੇਜਿੰਗ ਡਾਇਰੈਕਟਰ ਡਾ. ਹਿਤੇਂਦਰ ਸੂਰੀ ਨੇ ਸਟਾਫ ਨੂੰ ਯੋਗਾ ਦੇ ਮਹੱਤਵ ਬਾਰੇ ਦੱਸਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਸਦਕਾ ਅੱਜ ਪੂਰੀ ਦੁਨੀਆਂ ਵਿਚ ਇਹ ਦਿਹਾੜਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਯੋਗਾ ਸਿਰਫ ਇਕ ਕਸਰਤ ਨਹੀਂ ਸਗੋਂ ਜੀਵਨ ਸ਼ੈਲੀ ਹੈ ਜੋ ਮਨ, ਸਰੀਰ ਅਤੇ ਆਤਮਾ ਨੂੰ ਸੰਤੁਲਿਤ ਕਰਦੀ ਹੈ। ਡਾ. ਦੀਪਿਕਾ ਸੂਰੀ ਨੇ ਕਿਹਾ ਕਿ ਯੋਗਾ ਤਣਾਅ ਨੂੰ ਘਟਾਉਣ ਲਈ ਬਹੁਤ ਲਾਭਦਾਇਕ ਹੈ। ਆਖ਼ਰ 'ਚ ਸਾਰੇ ਸਟਾਫ ਨੇ ਫੈਸਲਾ ਕੀਤਾ ਕਿ ਉਹ ਯੋਗਾ ਨੂੰ ਆਪਣੇ ਜੀਵਨ ਵਿਚ ਅਪਨਾ ਕੇ ਸਮਾਜ ਨੂੰ ਸੁਧਾਰਨ ਵਿੱਚ ਯੋਗਦਾਨ ਪਾਉਣਗੇ।

## ਸਬ-ਜੇਲ੍ਹ 'ਚ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ

ਫਾਜ਼ਿਲਕਾ, 22 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸਏਐਸ ਨਗਰ ਦੇ ਨਿਰਦੇਸ਼ਾਂ ਅਤੇ ਸ. ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜ਼ਿਲਕਾ ਦੀ ਅਗਵਾਈ ਹੇਠ, ਮੈਡਮ ਰੁਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਾਜ਼ਿਲਕਾ ਦੀ ਦੇਖ ਰੇਖ ਵਿੱਚ ਸਬ ਜੇਲ ਫਾਜ਼ਿਲਕਾ ਵਿਚ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ, ਜਿਸ ਵਿੱਚ ਆਰਟ ਆਫ ਲਿਵਿੰਗ ਦੇ ਅਧਿਆਪਕ ਰਾਜੇਸ਼ ਕਸਰੀਜਾ, ਵਕੀਲ ਜੀਆਂ ਨੇ ਸਬ ਜੇਲ ਫਾਜ਼ਿਲਕਾ ਦੇ ਡਿਪਟੀ ਸੁਪਰਿੰਟੈਂਡੈਂਟ ਸ਼੍ਰੀ ਆਸ਼ੂ ਭੱਟੀ ਦੀ ਮੌਜੂਦਗੀ ਵਿੱਚ ਯੋਗਾ ਕੈਂਪ ਲਗਾਇਆ ਗਇਆ। ਜਿਸ ਵਿੱਚ ਕੈਦੀਆਂ ਤੇ ਹਵਾਲਾਤੀਆਂ ਨੇ ਭਰਪੂਰ ਉਤਸ਼ਾਹ ਨਾਲ ਭਾਗ ਲਿਆ। ਇਸ ਦੌਰਾਨ ਰਾਜੇਸ਼ ਕਸਰੀਜਾ ਨੇ ਨਾ ਕੇਵਲ ਯੋਗ ਦੀਆਂ ਵਿਧੀਆਂ ਸਿਖਾਈਆਂ, ਸਗੋਂ ਕੈਦੀਆਂ ਨੂੰ ਧਿਆਨ ਮੈਡੀਟੇਸ਼ਨ ਵੀ ਕਰਵਾਇਆ। ਕਸਰੀਜਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਯੋਗ ਅਤੇ ਧਿਆਨ ਮਨੁੱਖੀ ਜੀਵਨ ਵਿਚ ਆਤਮਿਕ ਸ਼ਾਂਤੀ, ਮਾਨਸਿਕ ਸੰਤੁਲਨ ਤੇ ਸਰੀਰਕ ਤੰਦਰੁਸਤੀ ਲਈ ਬਹੁਤ ਹੀ ਲਾਭਦਾਇਕ ਹਨ। ਉਨ੍ਹਾਂ ਨੇ ਕਿਹਾ ਕਿ ਜੇਕਰ ਇਨਸਾਨ ਰੋਜ਼ਾਨਾ ਯੋਗ ਤੇ ਧਿਆਨ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਵੇ ਤਾਂ ਉਹ ਅੰਦਰੋਂ ਸੁਖੀ, ਨੈਤਿਕ ਤੇ ਸੰਤੁਲਿਤ ਜੀਵਨ ਜੀ ਸਕਦਾ ਹੈ। ਇਸ ਕੈਂਪ ਵਿਚ ਜੇਲ੍ਹ ਅਧੀਖਸ਼ਕ ਤੇ ਜੇਲ ਸਟਾਫ ਨੇ ਵੀ ਭਾਗ ਲਿਆ ਅਤੇ ਕੈਦੀਆਂ ਨੂੰ ਯੋਗ ਵੱਲ ਪ੍ਰੇਰਿਤ ਕਰਨ ਲਈ ਉਨ੍ਹਾਂ ਦਾ ਮਨੋਬਲ ਵਧਾਇਆ। ਜੇਲ ਦੇ ਡਿਪਟੀ ਸੁਪਰਿੰਟੈਂਡੈਂਟ ਆਸ਼ੂ ਭੱਟੀ ਨੇ ਕਿਹਾ ਕਿ ਅਜਿਹੇ ਯੋਗ ਕੈਂਪਾਂ ਰਾਹੀਂ ਕੈਦੀਆਂ ਵਿਚ ਆਤਮਿਕ ਚੇਤਨਾ ਅਤੇ ਚੰਗੀ ਸੋਚ ਦਾ ਵਿਕਾਸ ਹੁੰਦਾ ਹੈ ਜੋ ਉਨ੍ਹਾਂ ਦੇ ਸੁਧਾਰ ਵਿਚ ਮਦਦਗਾਰ ਸਾਬਤ ਹੁੰਦਾ ਹੈ। ਇਹ ਯੋਗ ਕੈਂਪ ਇੱਕ ਕਦਮ ਹੈ ਕੈਦੀਆਂ ਦੇ ਆਤਮਿਕ ਤੇ ਮਾਨਸਿਕ ਵਿਕਾਸ ਵੱਲ, ਜਿਸ ਰਾਹੀਂ ਉਹ ਆਪਣੇ ਜੀਵਨ ਨੂੰ ਨਵੇਂ ਤਰੀਕੇ ਨਾਲ ਦੇਖ ਸਕਨ।




## ਸਮਾਈਲ ਕ੍ਰਿਕਟ ਕਲੱਬ ਵੱਲੋਂ ਕ੍ਰਿਕਟ ਟੂਰਨਾਮੈਂਟ

ਫਾਜ਼ਿਲਕਾ, 22 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪਿੰਡ ਕਰਨੀ ਖੇੜਾ ਵਿੱਚ ਸਮਾਈਲ ਕ੍ਰਿਕਟ ਕਲੱਬ ਵੱਲੋਂ ਆਯੋਜਿਤ ਇੱਕ ਸ਼ਾਨਦਾਰ ਕ੍ਰਿਕਟ ਟੂਰਨਾਮੈਂਟ ਦੀ ਸ਼ੁਰੂਆਤ ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ, ਫ਼ਾਜ਼ਿਲਕਾ ਦੇ ਚੇਅਰਮੈਨ ਅਜੈ ਸਚਦੇਵਾ ਅਤੇ ਜਰਨਲ ਸਕੱਤਰ ਪੂਜਾ ਲੂਥਰਾ ਸਚਦੇਵਾ ਵੱਲੋਂ ਕੀਤੀ ਗਈ। ਇਸ ਟੂਰਨਾਮੈਂਟ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨਾ ਅਤੇ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣਾ ਸੀ। ਸਮਾਗਮ ਦੌਰਾਨ ਅਜੈ ਸਚਦੇਵਾ ਅਤੇ ਪੂਜਾ ਲੂਥਰਾ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਨੂੰ ਖੇਡ ਦੀ ਭਾਵਨਾ ਨਾਲ ਮੈਦਾਨ ਵਿੱਚ ਉਤਰਨ ਦੀ ਪ੍ਰੇਰਣਾ ਦਿੱਤੀ। ਇਸ ਟੂਰਨਾਮੈਂਟ ਵਿੱਚ ਆਸ-ਪਾਸ ਦੇ ਪਿੰਡਾਂ ਅਤੇ ਇਲਾਕਿਆਂ ਦੀਆਂ 16 ਟੀਮਾਂ ਨੇ ਹਿੱਸਾ ਲਿਆ। ਇਹ ਮੁਕਾਬਲੇ ਬਹੁਤ ਹੀ ਜੋਸ਼ ਅਤੇ ਉਤਸ਼ਾਹ ਨਾਲ ਭਰਪੂਰ ਰਹੇ, ਜਿਸ ਵਿੱਚ ਨੌਜਵਾਨ ਖਿਡਾਰੀਆਂ ਨੇ ਆਪਣੀ ਪ੍ਰਤਿਭਾ ਅਤੇ ਖੇਡ ਦੀ ਮੁਹਾਰਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਟੂਰਨਾਮੈਂਟ ਦਾ ਫਾਈਨਲ ਮੈਚ ਪੱਕਾ ਚਿਸ਼ਤੀ ਅਤੇ ਪਿੰਡ ਬਾਖੁਸ਼ਾਹ ਦੀਆਂ ਟੀਮਾਂ ਵਿਚਕਾਰ ਹੋਇਆ, ਜੋ ਕਿ ਬਹੁਤ ਹੀ ਰੋਮਾਂਚਕ ਰਿਹਾ। ਇਸ ਮੈਚ ਵਿੱਚ ਪਿੰਡ ਬਾਖੁਸ਼ਾਹ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤ ਹਾਸਲ ਕੀਤੀ ਅਤੇ ਟੂਰਨਾਮੈਂਟ ਦੀ ਟਰਾਫੀ ਆਪਣੇ ਨਾਂ ਕਰ ਲਈ। ਜਿੱਤ ਦੀ ਖੁਸ਼ੀ ਵਿੱਚ ਡੁੱਬੀ ਬਾਖੁਸ਼ਾਹ ਦੀ ਜੇਤੂ ਟੀਮ ਟਰਾਫੀ ਲੈ ਕੇ ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਦੇ ਦਫ਼ਤਰ ਪਹੁੰਚੀ, ਜਿੱਥੇ ਚੇਅਰਮੈਨ ਅਜੈ ਸਚਦੇਵਾ ਅਤੇ ਜਰਨਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਜੇਤੂ ਟੀਮ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਾਰੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਅਜੈ ਸਚਦੇਵਾ ਨੇ ਇਸ ਮੌਕੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਟੂਰਨਾਮੈਂਟ ਨਾ ਸਿਰਫ਼ ਨੌਜਵਾਨਾਂ ਨੂੰ ਇੱਕ ਮੰਚ ਪ੍ਰਦਾਨ ਕਰਦੇ ਹਨ, ਸਗੋਂ ਉਨ੍ਹਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਵੀ ਮਦਦਗਾਰ ਹੁੰਦੇ ਹਨ। ਉਨ੍ਹਾਂ ਨੇ ਸਮਾਈਲ ਕ੍ਰਿਕਟ ਕਲੱਬ ਦੀ ਇਸ ਪਹਿਲਕਦਮੀ ਦੀ ਸਰਾਹਨਾ ਕਰਦਿਆਂ ਕਿਹਾ ਕਿ ਸੋਸਾਇਟੀ ਅਜਿਹੇ ਉਪਰਾਲਿਆਂ ਨੂੰ ਹਰ ਸੰਭਵ ਸਹਿਯੋਗ ਦੇਵੇਗੀ। ਪੂਜਾ ਲੂਥਰਾ ਸਚਦੇਵਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੇਡਾਂ ਸਮਾਜਿਕ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਵਧੀਆ ਮਾਧਿਅਮ ਹਨ।



## ਨੈਸ਼ਨਲ ਡਿਗਰੀ ਕਾਲਜ 'ਚ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ

ਫਾਜ਼ਿਲਕਾ, 22 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਬੀਤੇ ਦਿਨ ਇਲਾਕੇ ਦੇ ਪ੍ਰਸਿੱਧ ਸਿੱਖਿਆ ਸੰਸਥਾਨ ਨੈਸ਼ਨਲ ਡਿਗਰੀ ਕਾਲਜ ਚੁਵਾੜਿਆਂ ਵਾਲੀ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਸਹਾਇਕ ਪ੍ਰੋਫੈਸਰ ਨਵਦੀਪ ਕੁਮਾਰ ਨੇ ਦੱਸਿਆ ਕਿ ਇਹ ਦਿਵਸ ਅੰਤਰਰਾਸ਼ਟਰੀ ਪੱਧਰ 'ਤੇ 2014 ਤੋਂ ਮਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਜੀਵਨ ਵਿੱਚ ਯੋਗ ਅਤੇ ਯੋਗ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਯੋਗ ਨਾਲ ਸਿਹਤਮੰਦ ਸਰੀਰ ਅਤੇ ਬਿਮਾਰੀਆਂ ਨੂੰ ਦੂਰ ਕਿਵੇਂ ਰੱਖਿਆ ਜਾਵੇ, ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸੇ ਕਰਕੇ ਅੱਜ ਯੋਗ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਮਿਲੀ ਹੋਈ ਹੈ। ਅੱਜ ਪੂਰੇ ਵਿਸ਼ਵ ਵਿੱਚ ਇਹ ਦਿਨ ਯੋਗ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਮੌਕੇ ਕਾਲਜ ਵਿਖੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੇ ਯੋਗ ਕੀਤਾ।



## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

ਸ੍ਰੀ ਅਨੰਦਪੁਰ ਸਾਹਿਬ, 22 ਜੂਨ (ਸਤਿੰਦਰਪਾਲ ਸਿੰਘ ਸੇਵਾ ਸਿੰਘ): ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਅੱਜ ਅੰਤਰਰਾਸ਼ਟਰੀ ਯੋਗ ਦਿਵਸ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਭਾਗ ਲੈ ਕੇ ਵੱਖ-ਵੱਖ ਯੋਗ ਆਸਣ ਕਰਕੇ ਇਸ ਵਿੱਚ ਹਿੱਸਾ ਲਿਆ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਦੀ ਯੋਗ ਅਗਵਾਈ ਅਤੇ ਰਣਜੋਧ ਸਿੰਘ ਡੀਪੀਈ ਦੀ ਦੇਖਰੇਖ ਵਿੱਚ ਇਹ ਦਿਵਸ ਮਨਾਇਆ ਗਿਆ। ਉਨ੍ਹਾਂ ਦੱਸਿਆ ਕਿ ਅੱਜ ਦੇ ਵਿਦਿਆਰਥੀ ਸਿਰਫ਼ ਅਕਾਦਮਿਕ ਤੌਰ 'ਤੇ ਹੀ ਨਹੀਂ, ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦੇ ਪੱਖੋਂ ਵੀ ਤਿਆਰ ਹੋਣੇ ਚਾਹੀਦੇ ਹਨ। ਯੋਗ ਸਾਡੀ ਸੱਭਿਆਚਾਰਕ ਵਿਰਾਸਤ ਹੈ, ਜੋ ਮਨੁੱਖ ਨੂੰ ਤਨ, ਮਨ ਅਤੇ ਆਤਮਾ ਦੀ ਸ਼ੁੱਧੀ ਵੱਲ ਲੈ ਜਾਂਦਾ ਹੈ। ਉਹਨਾਂ ਕਿਹਾ ਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਯੋਗ ਦੇ ਮਹੱਤਵ ਬਾਰੇ ਵੀ ਜਾਗਰੂਕ ਕਰ ਰਹੇ ਹਾਂ। ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਉਚੇਚੇ ਤੌਰ 'ਤੇ ਸਕੂਲ ਪਹੁੰਚ ਕੇ ਵੱਖ-ਵੱਖ ਯੋਗ ਆਸਣਾਂ ਦਾ ਅਭਿਆਸ ਕੀਤਾ। ਉਨ੍ਹਾਂ ਨੇ ਅਭਿਆਸ ਕਰਦੇ ਹੋਏ ਤਾੜ ਆਸਣ, ਭੁਜੰਗ ਆਸਣ, ਵਜਰ ਆਸਣ ਅਨੁਲੋਮ-ਵਿਲੋਮ, ਪ੍ਰਾਣਾਯਾਮ ਆਦਿ ਆਸਣਾਂ 'ਤੇ ਧਿਆਨ ਕੇਂਦਰਤ ਕੀਤਾ। ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਰੋਜ਼ਾਨਾ ਯੋਗ ਅਭਿਆਸ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਦੇ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਮੈਡਮ ਆਂਸ਼ੂ, ਮੈਡਮ ਸਪਨਾ ਰਾਣੀ, ਮੈਡਮ ਜਸਪ੍ਰੀਤ ਕੌਰ, ਮੈਡਮ ਸ਼ਾਂਤੀ ਦੇਵੀ, ਕਰਮਜੀਤ ਕੌਰ ਆਦਿ ਹਾਜ਼ਰ ਸਨ।



## ਬਾਬਾ ਤੁਲਸੀ ਦਾਸ ਝੁੱਗੀ ਵਾਲਿਆਂ ਦਾ ਸਾਲਾਨਾ ਜੋੜ ਮੇਲਾ 2 ਜੁਲਾਈ ਤੋਂ

ਕੋਟ ਈਸੇ ਖਾਂ, 22 ਜੂਨ (ਗਾਂਧੀ/ਖੁਰਾਣਾ): ਧੰਨ ਧੰਨ ਬਾਬਾ ਤੁਲਸੀ ਦਾਸ ਜੀ ਝੁੱਗੀ ਵਾਲਿਆਂ ਦੀ ਨਿੱਘੀ ਯਾਦ ਨੂੰ ਤਾਜ਼ਾ ਕਰਦਿਆਂ ਹੋਇਆਂ ਹਰ ਸਾਲ ਦੀ ਤਰ੍ਹਾਂ ਸਾਲਾਨਾ ਇਸ ਸਾਲ ਵੀ ਧਾਰਮਿਕ ਸਮਾਗਮ ਪਿੰਡ ਦੌਲੇ ਵਾਲਾ ਮਾਇਰ ਵਿਖੇ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਦੇ ਮੈਨੇਜਰ ਮਨਜੀਤ ਸਿੰਘ ਝੰਡੇ ਨੇ ਦੱਸਿਆ ਕਿ ਇਹ ਜੋੜ ਮੇਲਾ ਸੰਤ ਬਾਬਾ ਤੁਲਸੀ ਦਾਸ ਜੀ ਝੁੱਗੀ ਵਾਲੇ ਪਾਕਿਸਤਾਨ ਵਿੱਚ ਪਿੰਡ 15 ਚੱਕ ਜ਼ਿਲ੍ਹਾ ਲਾਹੌਰ ਵਿੱਚ ਆਪ ਮਨਾਇਆ ਕਰਦੇ ਸਨ ਤੇ ਦੂਰ ਦੁਰਾਡੇ ਤੋਂ ਸੰਗਤਾਂ ਇਸ ਸਮਾਗਮ ਵਿੱਚ ਹਾਜ਼ਰੀ ਭਰਿਆ ਕਰਦੀਆਂ ਸਨ। ਸਮਾਗਮਾਂ ਦੀ ਆਰੰਭਤਾ 2 ਜੁਲਾਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਜਾਪ ਆਰੰਭ ਕੀਤੇ ਜਾਣਗੇ ਅਤੇ 4 ਜੁਲਾਈ ਨੂੰ ਸ਼੍ਰੀ ਅਖੰਡ ਜਾਪਾਂ ਦੇ ਭੋਗ ਪਾਏ ਜਾਣਗੇ ਅਤੇ ਅਰਦਾਸ ਉਪਰੰਤ ਦੀਵਾਨ ਹਾਲ ਵਿੱਚ ਹਰਿ ਜਸ ਕੀਰਤਨ, ਢਾਡੀ ਵਾਰਾਂ ਜੱਥਿਆਂ ਦੁਆਰਾ ਸੰਗਤਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇਗਾ। ਜਿਸ ਵਿੱਚ ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਜੱਥਾ ਗਿਆਨੀ ਨਿਸ਼ਾਨ ਸਿੰਘ ਜਲੰਧਰ ਵਾਲੇ, ਢਾਡੀ ਜੱਥਾ ਗਿਆਨੀ ਮਨਜੀਤ ਸਿੰਘ ਲੁਧਿਆਣੇ ਵਾਲੇ, ਭਾਈ ਸਤਨਾਮ ਸਿੰਘ ਬੈਂਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਭਾਈ ਜਸਵੀਰ ਸਿੰਘ ਲੁਧਿਆਣੇ ਵਾਲੇ, ਹਜ਼ੂਰੀ ਰਾਗੀ ਬਾਬਾ ਤੁਲਸੀ ਦਾਸ ਗਿਆਨੀ ਅਨੋਖ ਸਿੰਘ ਕੋਟ ਈਸੇ ਖਾਂ ਵਾਲਿਆਂ ਵਲੋਂ ਗੁਰੂ ਦੇ ਹਰ ਜਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਲੰਗਰ ਦੀ ਸੇਵਾ ਸੰਗਤ ਫੱਤੂ ਢੀਂਗਾਂ, ਨੂਰਪੁਰ ਹਕੀਮਾ, ਤੋਤੀ ਲਾਟੀਆ, ਮਰਾੜ ਕਲਾਂ, ਕੋਟ ਮੁਹੰਮਦ, ਤਲਵੰਡੀ ਨੌ ਬਹਾਰ, ਮੰਦਰ, ਸ਼ੇਰਪੁਰ ਤਖਤੂ ਵਾਲਾ ਅਦਿ ਪਿੰਡਾਂ ਦੀ ਸੰਗਤ ਵੱਲੋਂ ਕੀਤੀ ਜਾਵੇਗੀ। ਠੰਡੇ ਮਿੱਠੇ ਜਲ ਦੀਆਂ ਛਬੀਲਾ ਦੀ ਸੇਵਾ ਫਰੀਦਕੋਟ ਦੀ ਸੰਗਤ ਵੱਲੋਂ ਕੀਤੀ ਜਾਵੇਗੀ। ਸਾਈਕਲ ਸਟੈਂਡ ਅਤੇ ਪਾਰਕਿੰਗ ਦਾ ਪ੍ਰਬੰਧ ਨੌਜਵਾਨ ਸਭਾ ਦੌਲੇ ਵਾਲਾ ਮਾਇਰ ਵੱਲੋਂ ਕੀਤਾ ਜਾਵੇਗਾ।

## ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ, ਤਰਨਤਾਰਨ ਦੀ ਜ਼ਮੀਨ ਨੂੰ ਅਖੌਤੀ ਤੌਰ 'ਤੇ ਵੇਚਣ ਬਾਰੇ ਸਖ਼ਤ ਪ੍ਰਤੀਕਰਮ



ਨਵੀਂ ਦਿੱਲੀ, 22 ਜੂਨ (ਚ.ਨ.ਸ.): ਸ਼੍ਰੋਮਣੀ ਕਮੇਟੀ ਵਲੋਂ ਦਰਬਾਰ ਸਾਹਿਬ, ਤਰਨਤਾਰਨ ਦੀ ਜ਼ਮੀਨ ਨੂੰ ਅਖੌਤੀ ਤੌਰ 'ਤੇ ਵੇਚਣ ਬਾਰੇ ਸਖ਼ਤ ਪ੍ਰਤੀਕਰਮ ਪ੍ਰਗਟਾਉਂਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸੰਗਤ ਵਲੋਂ ਗੁਰੂ ਘਰ ਨੂੰ ਭੇਟ ਕੀਤੀ ਗਈ ਜ਼ਮੀਨ ਦੀ ਰਾਖੀ ਕਿਉਂ ਨਹੀਂ ਕਰ ਸਕੀ ਤੇ 60 ਲੱਖ ਦੀ ਜ਼ਮੀਨ 16 ਲੱਖ ਵਿਚ ਆਪਣੇ ਚਹੇਤਿਆਂ ਨੂੰ ਵੇਚ ਕਿਉਂ ਦਿੱਤੀ ਗਈ, ਇਸ ਬਾਰੇ ਸੰਗਤਾਂ ਵਿਚ/ਰੋਸ ਹੈ। ਪੱਤਰਕਾਰ ਮਿਲਣੀ ਵਿਚ ਦੋਹਾਂ ਪ੍ਰਧਾਕਾਂ ਨੇ ਇਸ ਮਸਲੇ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਮੈਂਬਰ ਮਨਜੀਤ ਸਿੰਘ ਜੀ ਕੇ ਦੀ ਵੀ ਨਿਖੇਧੀ ਕੀਤੀ ਤੇ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀ ਜ਼ਮੀਨ ਦੀ ਨੀਲਾਮੀ ਕਰਨ ਦਾ ਦੋਸ਼ ਲਾਉਣ ਵਾਲੇ ਇਹ ਦੋਵੇਂ ਜਣੇ ਸੰਗਤਾਂ ਨੂੰ ਦੱਸਣ ਕਿ ਇਨ੍ਹਾਂ ਗੁਰੂ ਘਰ ਜ਼ਮੀਨ ਵੇਚਣ ਦੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਵਿਰੁੱਧ ਮੁਜ਼ਾਹਰੇ ਕਿਉਂ ਨਹੀਂ ਕੀਤੇ ? ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਪੰਜਾਬ ਵਿਚ ਸ਼੍ਰੋਮਣੀ ਕਮੇਟੀ ਦੀ ਹਜ਼ਾਰਾਂ ਲੱਖਾਂ ਏਕੜ ਜ਼ਮੀਨ ਹੈ, ਸਰਨਾ ਤੇ ਜੀ ਕੇ ਉਸਦੀ ਲਿਸਟ ਬਣਵਾ ਕੇ ਉਸਦੀ ਆਮਦਨ ਤੇ ਠੇਕਿਆਂ ਬਾਰੇ ਸੰਗਤਾਂ ਨੂੰ ਦੱਸਣ।

## ਸੇਂਧਾ ਲੂਣ ਦੀ ਖਾਸ ਕਿਸਮ ਨੂੰ ਐਕਸਪੋਰਟ 'ਤੇ ਭਾਰਤ ਨੇ ਲਗਾਈ ਰੋਕ

☛ਪਾਕਿਸਤਾਨ ਦੇ ਸਥਾਨਕ ਕਾਰੋਬਾਰੀ ਹੁਣ ਇਸ ਨੂੰ ਵੇਚਣ ਲਈ ਦੁਨੀਆਂ ਦੀਆਂ ਮਿੰਨਤਾਂ ਕਰ ਰਹੇ ਨੇ



ਨਵੀਂ ਦਿੱਲੀ, 22 ਜੂਨ (ਚ.ਨ.ਸ.): ਸੇਂਧਾ ਲੂਣ ਦੀ ਇਕ ਖਾਸ ਕਿਸਮ 'ਹਿਮਾਲਿਅਨ ਪਿੰਕ ਸਾਲਟ' ਦੇ ਐਕਸਪੋਰਟ 'ਤੇ ਭਾਰਤ 'ਚ ਰੋਕ ਲਗਾਏ ਜਾਣ ਤੋਂ ਬਾਅਦ ਪਾਕਿਸਤਾਨ ਦੇ ਸਥਾਨਕ ਕਾਰੋਬਾਰੀ ਹੁਣ ਇਸ ਨੂੰ ਵੇਚਣ ਲਈ ਦੁਨੀਆ ਦੀਆਂ ਮਿੰਨਤਾਂ ਕਰ ਰਹੇ ਹਨ। ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ 22 ਅਪ੍ਰੈਲ ਨੂੰ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨਾਲੋਂ ਵਪਾਰਕ ਸਬੰਧ ਪੂਰੀ ਤਰ੍ਹਾਂ ਤੋੜ ਦਿੱਤੇ ਹਨ। ਇਸ ਹਮਲੇ 'ਚ 26 ਲੋਕਾਂ ਦੀ ਮੌਤ ਹੋ ਗਈ ਸੀ। ਪਾਕਿਸਤਾਨ ਇਸ ਖਾਸ ਕਿਸਮ ਦੇ ਸੇਂਧਾ ਲੂਣ ਦੇ ਦੁਨੀਆ ਦੇ ਸਭ ਤੋਂ ਵੱਡੇ ਉਤਪਾਦਕਾਂ ਅਤੇ ਬਰਾਮਦਕਾਰਾਂ 'ਚੋਂ ਇਕ ਹੈ। ਪੰਜਾਬ ਸੂਬੇ 'ਚ ਸਥਿਤ ਖੇਵੜਾ 'ਚ ਪਾਕਿਸਤਾਨ ਦੀ ਸਭ ਤੋਂ ਵੱਡੀ ਸੇਂਧਾ ਲੂਣ ਦੀ ਖਾਨ ਹੈ ਅਤੇ ਇਸ 'ਚ 30 ਪ੍ਰੋਸੈਸਿੰਗ ਯੂਨਿਟ ਹਨ। ਪਾਕਿਸਤਾਨ ਨੇ ਸਾਲ 2024 'ਚ ਕੁੱਲ 3,50,000 ਟਨ ਸੇਂਧਾ ਲੂਣ ਦੀ ਬਰਾਮਦ ਕੀਤੀ ਸੀ, ਜਿਸ ਦੀ ਅੰਦਾਜ਼ਨ ਕੀਮਤ 12 ਕਰੋੜ ਡਾਲਰ ਹੈ। ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਲੱਗੀਆਂ ਵਪਾਰ ਪਾਬੰਦੀਆਂ ਨਾਲ ਇਨ੍ਹਾਂ ਖਾਸ ਲੂਣ ਦੇ ਬਰਾਮਦਕਾਰਾਂ ਨੂੰ ਝਟਕਾ ਲੱਗਾ ਹੈ, ਜਿਸ ਦੀ ਭਾਰਤ 'ਚ ਕਾਫ਼ੀ ਮੰਗ ਹੈ। ਸੇਂਧਾ ਲੂਣ ਅਤੇ ਇਸ ਨਾਲ ਜੁੜੇ ਉਤਪਾਦਾਂ ਦੀ ਬਰਾਮਦਕਾਰ ਗਨੀ ਇੰਟਰਨੈਸ਼ਨਲ ਦੇ ਸੀਨੀਅਰ ਡਾਇਰੈਕਟਰ ਮੰਜ਼ੂਰ ਅਹਿਮਦ ਨੇ ਕਿਹਾ ਕਿ ਭਾਰਤ ਪਾਕਿਸਤਾਨ ਤੋਂ ਇਸ ਸੇਂਧਾ ਲੂਣ ਦਾ ਸਭ ਤੋਂ ਵੱਡਾ ਦਰਾਮਦਕਾਰ ਰਿਹਾ ਹੈ। ਲੂਣ ਤੋਂ ਵੱਧ ਉਸ ਦੇਸ਼ ਨੂੰ ਕੋਈ ਬਰਾਮਦ ਨਹੀਂ ਹੋ ਰਹੀ ਹੈ। ਪਾਕਿਸਤਾਨ 'ਚ ਹੀ ਹੁੰਦਾ ਹੈ ਹਿਮਾਲਿਅਨ ਸੇਂਧਾ ਲੂਣ ਦਾ ਉਤਪਾਦਨ ਮੰਜ਼ੂਰ ਨੇ ਕਿਹਾ ਕਿ ਭਾਰਤ, ਪਾਕਿਸਤਾਨ ਅਤੇ ਚੀਨ ਦੇ ਨਾਲ ਲੂਣ ਦੇ ਸਿਖਰਲੇ 3 ਬਰਾਮਦਕਾਰਾਂ 'ਚ ਸ਼ਾਮਲ ਹੈ ਪਰ ਸਿਰਫ਼ ਉਤਪਾਦਨ ਕਰਦਾ ਹੈ, ਭਾਰਤ ਜਾਂ ਚੀਨ ਨਹੀਂ। ਹਾਲਾਂਕਿ, ਪਾਕਿਸਤਾਨ ਦੇ ਬਰਾਮਦਕਾਰ ਇਸ ਰੋਕ ਤੋਂ ਚਿੰਤਤ ਨਹੀਂ ਹਨ, ਕਿਉਂਕਿ ਇਸ 'ਚ ਉਨ੍ਹਾਂ ਨੂੰ ਉਮੀਦ ਦੀ ਕਿਰਨ ਵਿਖਾਈ ਦੇ ਰਹੀ ਹੈ। ਪਾਕਿਸਤਾਨ ਲੂਣ ਨਿਰਮਾਤਾ ਸੰਗਠਨ ਐੱਸ.ਐੱਮ.ਏ.ਪੀ. ਦੀ ਮੁਖੀ ਸਾਇਮਾ ਅਖ਼ਤਰ ਨੇ ਕਿਹਾ ਕਿ ਪਾਕਿਸਤਾਨ ਦੇ ਸੇਂਧਾ ਲੂਣ ਦੀ ਪਹਿਲਾਂ ਤੋਂ ਹੀ ਵਿਸ਼ਵ ਪੱਧਰ 'ਤੇ ਭਾਰੀ ਮੰਗ ਹੈ, ਕਿਉਂਕਿ ਇਸ ਦੇ ਸਿਹਤ ਨੂੰ ਕਈ ਤਰ੍ਹਾਂ ਦੇ ਫ਼ਾਇਦੇ ਹੁੰਦੇ ਹਨ। ਜਦੋਂ ਅਸੀਂ ਇਸ ਨੂੰ ਭਾਰਤ 'ਚ ਬਰਾਮਦ ਕੀਤਾ, ਤਾਂ ਭਾਰਤੀ ਪ੍ਰਚੂਨ ਬਾਜ਼ਾਰ 'ਚ ਲੂਣ 45 ਤੋਂ 50 ਰੁਪਏ ਪ੍ਰਤੀ ਕਿੱਲੋ 'ਤੇ ਵਿਚਿਆ ਗਿਆ। ਹੁਣ ਇਸ ਨੂੰ 70 ਤੋਂ 80 ਰੁਪਏ ਪ੍ਰਤੀ ਕਿੱਲੋ 'ਤੇ ਵੇਚਿਆ ਜਾ ਰਿਹਾ ਹੈ। ਅਮਰੀਕਾ, ਵਿਅਤਨਾਮ, ਚੀਨ ਸਮੇਤ ਇਨ੍ਹਾਂ ਦੇਸ਼ਾਂ 'ਚ ਬਰਾਮਦ ਦੀ ਕੋਸ਼ਿਸ਼ ਤੇਜ਼ ਸੇਂਧਾ ਲੂਣ ਦੀ ਪ੍ਰਮੁੱਖ ਉਤਪਾਦਕ ਅਤੇ ਬਰਾਮਦਕਾਰ ਫਰਮ ਇੰਟਰਿਫਕ ਕੰਪਨੀਜ਼ ਦੇ ਸੀ.ਈ.ਓ. ਸ਼ਹਿਜ਼ਾਦ ਜਾਵੇਦ ਨੇ ਕਿਹਾ ਕਿ 2025 ਦੀ ਪਹਿਲੀ ਤਿਮਾਹੀ 'ਚ ਚੀਨ ਨੂੰ ਪਾਕਿਸਤਾਨ ਤੋਂ ਸੇਂਧਾ ਲੂਣ ਦੀ ਬਰਾਮਦ ਵਧ ਗਈ ਹੈ। ਜਾਵੇਦ ਨੇ ਕਿਹਾ ਕਿ ਮਾਰਚ ਤਿਮਾਹੀ 'ਚ 18 3 ਲੱਖ ਡਾਲਰ ਮੁੱਲ ਦਾ ਲਗਭਗ 136.4 ਕਰੋੜ ਕਿੱਲੋ ਲੂਣ ਚੀਨ ਨੂੰ ਬਰਾਮਦ ਕੀਤਾ ਗਿਆ, ਜੋ 2024 ਦੀ ਇਸ ਮਿਆਦ ਦੇ ਮੁਕਾਬਲੇ 40 ਫ਼ੀਸਦੀ ਜ਼ਿਆਦਾ ਹੈ।

## ਸ੍ਰੀ ਹਜ਼ੂਰ ਸਾਹਿਬ ਤੋਂ ਮੁੜ ਰਹੀ ਬੱਸ ਹਾਦਸਾ ਗ੍ਰਸਤ, ਇੱਕ ਦੀ ਮੌਤ




ਇੰਦੌਰ, 22 ਜੂਨ (ਚ.ਨ.ਸ.): ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਤੋਂ ਮੁੜ ਰਹੀ ਮੁਹਾਲੀ ਦੀ ਸੰਗਤ ਦੀ ਬੱਸ ਇੰਦੌਰ ਬਾਈਪਾਸ 'ਤੇ ਹਾਦਸਾਗ੍ਰਸਤ ਹੋ ਗਈ। ਬੱਸ ਵਿਚ ਲਗਭਗ 55 ਦੇ ਕਰੀਬ ਸ਼ਰਧਾਲੂ ਬੈਠੇ ਸਨ ਜਿਨ੍ਹਾਂ 'ਚੋਂ ਇਕ ਦੀ ਮੌਤ ਹੋ ਗਈ। ਹਾਦਸਾ ਇੰਦੌਰ ਬਾਈਪਾਸ 'ਤੇ ਅੱਜ ਸਵੇਰੇ ਹੋਇਆ ਜਦੋਂ ਮੁਹਾਲੀ, ਖਰੜ ਇਲਾਕੇ ਦੀ ਸੰਗਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਦਰਸ਼ਨ ਕਰਕੇ ਮੁੜ ਰਹੀ ਸੀ। ਅੱਗੇ ਜਾ ਟਰੱਕ ਨੇ ਸਪੀਡ ਬਰੇਕਰ 'ਤੇ ਬ੍ਰੇਕ ਲਾਈ ਤਾਂ ਪਿੱਛੇ ਤੇਜ਼ੀ ਨਾਲ ਆ ਰਹੀ ਬੱਸ ਨੰਬਰ 38 02114067 ਟਰੱਕ 'ਚ ਵੜ ਗਈ। ਬੱਸ ਡਰਾਈਵਰ ਬੱਸ ਛੱਡ ਕੇ ਭੱਜ ਗਿਆ ਅਤੇ ਡਰਾਈਵਰ ਦੇ ਬੱਖ ਪਾਸੇ ਬੈਠਾ ਗੁਰਪ੍ਰੀਤ ਸਿੰਘ ਉਮਰ 37 ਸਾਲ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਕਈ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਐਮ.ਵਾਏ. ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਗੁਰਜੀਤ ਸਿੰਘ ਮਾਂਗਟ ਨੇ ਦੱਸਿਆ ਬਾਕੀ ਸੰਗਤ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਖੇ ਲੰਗਰ ਛਕਣ ਤੋਂ ਬਾਅਦ ਦੂਜੀ ਬੱਸ ਨਾਲ ਮੁਹਾਲੀ ਰਵਾਨਾ ਹੋ ਚੁੱਕੀ ਹੈ। ਮ੍ਰਿਤਕ ਸ਼ਰਧਾਲੂ ਦੀ ਦੇਹ ਨੂੰ ਐਂਬੂਲੈਂਸ ਰਾਹੀਂ ਮੁਹਾਲੀ ਭੇਜ ਦਿੱਤਾ ਗਿਆ ਹੈ। ਸ੍ਰੀ ਗੁਰੂ ਸਿੰਘ ਸਭਾ ਇੰਦੌਰ ਵਲੋਂ ਐਮ ਵਾਏ ਹਸਪਤਾਲ ਵਿੱਚ ਜ਼ਖ਼ਮੀਆਂ ਦਾ ਇਲਾਜ ਤੇ ਹਰ ਪ੍ਰਕਾਰ ਨਾਲ ਸਹਾਇਤਾ ਕੀਤੀ ਜਾ ਰਹੀ ਹੈ। ਸਕੱਤਰ ਪ੍ਰਿਤਪਾਲ ਸਿੰਘ ਬੱਟੀ ਭਾਟੀਆ ਨੇ ਦੱਸਿਆ ਕਿ 2 ਸ਼ਰਧਾਲੂਆਂ ਦੇ ਫ੍ਰੈਕਚਰ ਹਨ ਬਾਕੀਆਂ ਮਾਮੂਲੀ ਸੱਟਾਂ ਲੱਗੀਆਂ ਹਨ।

## ਸੁਪਰੀਮ ਕੋਰਟ ਦੀ ਪੁਰਾਣੀ ਦਿੱਖ ਕੀਤੀ ਜਾਵੇਗੀ ਬਹਾਲ

ਨਵੀਂ ਦਿੱਲੀ, 22 ਜੂਨ (ਚ.ਨ.ਸ): ਸੁਪਰੀਮ ਕੋਰਟ ਪ੍ਰਸ਼ਾਸਨ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਬਾਰ ਸੰਸਥਾਵਾਂ ਤੋਂ ਮਿਲੀ ਪ੍ਰਤੀਨਿਧਤਾ ਦਾ ਨੋਟਿਸ ਲੈਣ ਤੋਂ ਬਾਅਦ ਅਦਾਲਤ ਨੇ ਅਦਾਲਤੀ ਕਮਰਾ ਨੰਬਰ ਇਕ ਤੋਂ ਪੰਜ ਦੇ ਸਾਹਮਣੇ ਲੱਗ ਸ਼ੀਸ਼ੇ ਦੇ ਪੈਨਲਾਂ ਨੂੰ ਹਟਾਉਣ ਦਾ ਫ਼ੈਸਲਾ ਲਿਆ ਹੈ। ਸੁਪਰੀਮ ਕੋਰਟ ਪ੍ਰਸ਼ਾਸਨ ਨੇ ਇਕ ਬਿਆਨ 'ਚ ਕਿਹਾ ਕਿ ਪੂਰੀ ਅਦਾਲਤ ਨੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐੱਸ.ਸੀ.ਬੀ.ਏ.) ਤੇ ਸੁਪਰੀਮ ਕੋਰਟ ਐਡਵੋਕੇਟਸ-ਆਨ-ਰਿਕਾਰਡ ਐਸੋਸੀਏਸ਼ਨ (ਐੱਸ.ਸੀ.ਏ.ਓ.ਆਰ.ਏ.) ਤੋਂ ਮਿਲੀ ਪ੍ਰਤੀਨਿਧਤਾ ਦਾ ਨੋਟਿਸ ਲਿਆ ਹੈ। ਪਿਛਲੇ ਸਾਲ ਦਸੰਬਰ ਵਿਚ ਐੱਸ.ਸੀ.ਬੀ.ਏ. ਨੇ ਭਾਰਤ ਦੇ ਤਤਕਾਲੀ ਚੀਫ਼ ਜਸਟਿਸ ਸੰਜੀਵ ਖੰਨਾ ਨੂੰ ਬੇਨਤੀ ਕੀਤੀ ਸੀ ਕਿ ਏਅਰ ਕੰਡੀਸ਼ਨਿੰਗ ਸ਼ੀਸ਼ੇ ਦੇ ਪਾਰਟੀਸ਼ਨ ਹਟਾਏ ਜਾਣ ਤੇ ਸੁਪਰੀਮ ਕੋਰਟ ਦੇ ਗਲਿਆਰਿਆਂ ਦੀ ਅਸਲ ਦਿੱਖ ਨੂੰ ਬਹਾਲ ਕੀਤਾ ਜਾਵੇ ਤਾਂ ਜੋ ਇਸ ਦੀ ਇਤਿਹਾਸਕ ਮਹੱਤਤਾ ਨੂੰ ਬਰਕਰਾਰ ਰੱਖਿਆ ਜਾ ਸਕੇ। ਤਤਕਾਲੀ ਚੀਫ ਜਸਟਿਸ ਨੂੰ ਲਿਖੀ ਚਿੱਠੀ 'ਚ ਐੱਸ.ਸੀ.ਬੀ.ਏ. ਨੇ ਕਿਹਾ ਸੀ ਕਿ ਏਅਰ ਕੰਡੀਸ਼ਨਿੰਗ ਸ਼ੀਸ਼ੇ ਦੇ ਪੈਨਲਾਂ ਕਾਰਨ ਗਲਿਆਰਿਆਂ 'ਚ ਜਗ੍ਹਾ ਬਹੁਤ ਘੱਟ ਹੋ ਗਈ ਹੈ, ਜਿਸ ਨਾਲ ਬਾਰ ਦੇ ਮੈਂਬਰਾਂ, ਰਜਿਸਟਰਡ ਕਲਰਕਾਂ, ਇੰਟਰਨ ਤੇ ਮੁਕੱਦਮੇਦਾਰਾਂ ਲਈ ਘੁੰਮਣ-ਫਿਰਨ 'ਚ ਮੁਸ਼ਕਲ ਹੋ ਰਹੀ ਹੈ।

## ਜਿਨਸੀ ਹਮਲੇ ਦੀ ਸ਼ਿਕਾਰ ਹੋਈ ਕੁੜੀ ਨੂੰ ਅਣਚਾਹੇ ਗਰਭ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ : ਹਾਈਕੋਰਟ

ਮੁੰਬਈ, 22 ਜੂਨ (ਚ.ਨ.ਸ.): ਬੰਬੇ ਹਾਈ ਕੋਰਟ ਨੇ ਕਿਹਾ ਹੈ ਕਿ ਜਿਨਸੀ ਹਮਲੇ ਦੀ ਸ਼ਿਕਾਰ ਹੋਈ ਕੁੜੀ ਨੂੰ ਉਸਦੇ ਅਣਚਾਹੇ ਗਰਭ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਇਸ ਟਿੱਪਣੀ ਨਾਲ ਅਦਾਲਤ ਨੇ ਮੈਡੀਕਲ ਮਾਹਿਰਾਂ ਦੀਆਂ ਪ੍ਰਤੀਕੂਲ ਰਿਪੋਰਟਾਂ ਦੇ ਬਾਵਜੂਦ 28 ਹਫ਼ਤਿਆਂ ਦੀ ਗਰਭਵਤੀ 12 ਸਾਲਾ ਕੁੜੀ ਨੂੰ ਗਰਭਪਾਤ ਦੀ ਇਜਾਜ਼ਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਜੇਕਰ ਪੀੜਤਾ ਨੂੰ ਉਸਦੀ ਮਰਜ਼ੀ ਦੇ ਵਿਰੁੱਧ ਬੱਚੇ ਨੂੰ ਜਨਮ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਅਦਾਲਤ 'ਉਸਨੂੰ ਉਸਦੀ ਜ਼ਿੰਦਗੀ ਦਾ ਰਾਹ' ਤੈਅ ਕਰਨ ਦੇ ਅਧਿਕਾਰ ਤੋਂ ਵਾਂਝਾ ਕਰ ਦੇਵੇਗੀ। ਜਾਂਚ ਤੋਂ ਬਾਅਦ ਇਕ ਮੈਡੀਕਲ ਬੋਰਡ ਨੇ ਰਾਇ ਦਿੱਤੀ ਸੀ ਕਿ ਕੁੜੀ ਦੀ ਉਮਰ ਅਤੇ ਭਰੂਣ ਦੇ ਵਿਕਾਸ ਦੇ ਪੜਾਅ ਨੂੰ ਦੇਖਦੇ ਹੋਏ ਗਰਭਪਾਤ ਦੀ ਪ੍ਰਕਿਰਿਆ ਬਹੁਤ ਜੋਖਮ ਭਰੀ ਹੋਵੇਗੀ। ਹਾਲਾਂਕਿ, ਜਸਟਿਸ ਨਿਤਿਨ ਸਾਂਬਰੇ ਅਤੇ ਸਚਿਨ ਦੇਸ਼ਮੁੱਖ ਦੇ ਬੈਂਚ ਨੇ ਆਪਣੇ ਹੁਕਮ ਵਿਚ ਕਿਹਾ ਕਿ ਗਰਭਪਾਤ ਦੀ ਇਜਾਜ਼ਤ ਦੇਣੀ ਪਵੇਗੀ। ਬੈਂਚ ਨੇ ਕਿਹਾ ਕਿ ਇਹ ਅਦਾਲਤ ਪੀੜਤਾ ਨੂੰ ਉਸਦੀ ਮਰਜ਼ੀ ਦੇ ਵਿਰੁੱਧ ਗਰਭ ਅਵਸਥਾ ਜਾਰੀ ਰੱਖਣ ਲਈ ਮਜਬੂਰ ਨਹੀਂ ਕਰ ਸਕਦੀ।

## ਰਾਸ਼ਨ ਕਾਰਡ ਲਾਭਪਾਤਰੀ 30 ਤੋਂ ਪਹਿਲਾਂ ਈ-ਕੇਵਾਈਸੀ ਕਰਵਾਉਣ: ਮੀਨੂੰ ਸ਼ਰਮਾ, ਸੌਰਵ ਮਹਾਜਨ



ਚੌਕ ਮਹਿਤਾ, 22 ਜੂਨ (ਬਲਜਿੰਦਰ ਸਿੰਘ ਰੰਧਾਵਾ): ਪੰਜਾਬ ਵਿੱਚ ਰਾਸ਼ਨ ਕਾਰਡ ਹੋਲਡਰਾਂ ਵਿੱਚ ਦਰਜ ਲਾਭਪਾਤਰੀਆਂ ਦੀ ਈਕੇਵਾਈਸੀ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ 30 ਜੂਨ ਨਿਰਧਾਰਿਤ ਕੀਤੀ ਗਈ ਹੈ 30 ਜੂਨ ਤੋਂ ਪਹਿਲਾਂ ਹਰ ਇੱਕ ਰਾਸ਼ਨ ਕਾਰਡ ਹੋਲਡਰ ਦੇ ਲਾਭਪਾਤਰੀਆਂ ਨੂੰ ਆਪਣੇ ਡਿਪੂ 'ਤੇ ਜਾ ਕੇ ਕੇਵਾਈਸੀ ਕਰਵਾਉਣਾ ਬਹੁਤ ਜ਼ਰੂਰੀ ਹੈ ਤਾਂ ਜੋ ਲੋਕਾਂ ਨੂੰ ਉਹਨਾਂ ਦੇ ਬਣਦੇ ਰਾਸ਼ਨ ਸਬੰਧੀ ਉਨ੍ਹਾਂ ਨੂੰ ਹੱਕ ਮਿਲਦਾ ਰਹੇ ਅਤੇ ਰਾਸ਼ਨ ਲੈਣ ਵਿੱਚ ਉਹਨਾਂ ਨੂੰ ਕੋਈ ਵੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਕਤ ਵਿਚਾਰ ਐੱਸ ਡੀਐਫਐਸਓ ਮੀਨੂੰ ਸ਼ਰਮਾ ਅਤੇ ਏਐਫਐਸਓ ਰਈਆ ਸ੍ਰੀ ਸੌਰਵ ਮਹਾਜਨ ਜੀ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਵੀ ਲਾਭਪਾਤਰੀ ਈ ਕੇਵਾਈਸੀ ਨਹੀਂ ਕਰਵਾਏਗਾ ਉਹਨਾਂ ਨੂੰ ਸਰਕਾਰੀ ਕਣਕ ਦਾ ਲਾਭ ਨਹੀਂ ਮਿਲੇਗਾ ਅਤੇ ਸਰਕਾਰ ਵੱਲੋਂ ਪਹਿਲਾਂ ਹੀ ਬਹੁਤ ਟਾਈਮ ਦੇ ਚੁੱਕੀ ਹੈ ਇਹ 30 ਜੂਨ ਸਰਕਾਰ ਵੱਲੋਂ ਵਧਾਈ ਅਖੀਰਲੀ ਤਰੀਕ ਹੈ। ਇਸ ਮੌਕੇ ਉਹਨਾਂ ਦੇ ਨਾਲ ਇੰਸਪੈਕਟਰ ਜਗਜੀਤ ਸੰਧੂ ਮਹਿਤਾ ਇੰਸਪੈਕਟਰ ਪ੍ਰਭਜੋਤ ਸਿੰਘ ਰਈਆ ਤੇ ਇੰਸਪੈਕਟਰ ਹਰਮਨਦੀਪ ਸਿੰਘ ਅਤੇ ਸੀਨੀਅਰ ਡਿਪੂ ਹੋਲਡਰ ਸੋਮਨਾਥ ਖੱਬੇ ਰਾਜਪੂਤਾਂ ਤੇ ਜੋਗਾ ਸਿੰਘ ਨੰਗਲੀ ਤੇ ਦਿਲਪ੍ਰੀਤ ਟਪਿਆਲਾ ਹਾਜ਼ਰ ਸਨ।

## ਚੇਅਰਮੈਨ ਬਹਿਲ ਨੇ ਇੱਕ ਵਾਰ ਫਿਰ ਆਰੀਆ ਨਗਰ ਦੇ ਜੰਞ ਘਰ ਦੀ ਲਈ ਸਾਰ



ਗੁਰਦਾਸਪੁਰ, 22 ਜੂਨ (ਜਗੀਰ ਸਿੰਘ ਮੰਡ/ਜਗਮੋਹਨ ਬਾਗੋਵਾਣੀ): ਗੁਰਦਾਸਪੁਰ ਸ਼ਹਿਰ ਦੇ ਆਰੀਆ ਨਗਰ ਵਿਖੇ ਬਣੇ ਜੰਞ ਘਰ (ਧਰਮਸ਼ਾਲਾ) ਦੀ ਆਖਰ ਇੱਕ ਵਾਰ ਫਿਰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਹੀ ਸਾਰ ਲਈ ਹੈ। ਚੇਅਰਮੈਨ ਰਮਨ ਬਹਿਲ ਨੇ ਬੀਤੀ ਸ਼ਾਮ ਇਸ ਜੰਞ ਘਰ ਵਾਲੀ ਥਾਂ ਉੱਪਰ ਨਵੇਂ ਬਣਨ ਵਾਲੇ ਦੋ ਮੰਜ਼ਿਲਾ ਇੱਕ ਮਿੰਨੀ ਪੈਲੇਸ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਹੈ। ਇਸ ਮਿੰਨੀ ਪੈਲੇਸ ਦੀ ਉਸਾਰੀ ਉੱਪਰ ਰਾਜ ਸਰਕਾਰ ਵੱਲੋਂ 27 ਲੱਖ ਰੁਪਏ ਖਰਚ ਕੀਤੇ ਜਾਣਗੇ ਅਤੇ ਅਗਲੇ 3 ਮਹੀਨਿਆਂ ਵਿੱਚ ਇਹ ਮਿੰਨੀ ਪੈਲੇਸ ਬਣ ਕੇ ਤਿਆਰ ਹੋ ਜਾਵੇਗਾ। ਇੱਥੇ ਇਹ ਵੀ ਦੱਸਣਯੋਗ ਹੈ ਕਿ ਸੰਨ 2003 ਵਿੱਚ ਜਦੋਂ ਸ੍ਰੀ ਰਮਨ ਬਹਿਲ ਨਗਰ ਕੌਂਸਲ ਗੁਰਦਾਸਪੁਰ ਦੇ ਪ੍ਰਧਾਨ ਸਨ ਤਾਂ ਉਨ੍ਹਾਂ ਵੱਲੋਂ ਆਰੀਆ ਨਗਰ ਵਿਖੇ ਇਸ ਜੰਞ ਘਰ ਦਾ ਨੀਂਹ ਪੱਥਰ ਰੱਖ ਕੇ ਇਸਦੀ ਉਸਾਰੀ ਕਰਵਾਈ ਗਈ ਸੀ। ਇਸ ਤੋਂ ਬਾਅਦ ਸਮਾਂ ਬਦਲਣ ਅਤੇ ਸਮੇਂ ਅਨੁਸਾਰ ਲੋੜਾਂ ਬਦਲਣ ਕਾਰਨ ਆਰੀਆ ਨਗਰ ਦੇ ਲੋਕ ਪਿਛਲੇ ਇੱਕ ਦਹਾਕੇ ਤੋਂ ਮੰਗ ਕਰ ਰਹੇ ਸਨ ਕਿ ਇਸ ਜੰਞ ਘਰ ਨੂੰ ਵੱਡਾ ਬਣਾਇਆ ਜਾਵੇ ਤਾਂ ਜੋ ਸਮੇਂ ਦੀਆਂ ਲੋੜਾਂ ਅਨੁਸਾਰ ਇਸਨੂੰ ਵਰਤੋਂ ਵਿੱਚ ਲਿਆਂਦਾ ਜਾ ਸਕੇ। ਪਰ ਮੌਕੇ ਦੀਆਂ ਸਰਕਾਰਾਂ ਵੱਲੋਂ ਲੋਕਾਂ ਦੀ ਇਸ ਵਾਜਬ ਮੰਗ ਵੱਲ ਕੋਈ ਧਿਆਨ ਨਾ ਦਿੱਤਾ ਗਿਆ। ਆਖਰ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਇਸ ਜੰਞ ਘਰ ਦੀ ਦਸ਼ਾ ਬਦਲਣ ਦਾ ਜ਼ਿੰਮਾ ਉਠਾਇਆ ਹੈ। ਮਿੰਨੀ ਪੈਲੇਸ ਦਾ ਨੀਂਹ ਪੱਥਰ ਰੱਖਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਇਸ ਕਾਰਜ ਉੱਪਰ ਪੰਜਾਬ ਸਰਕਾਰ ਵੱਲੋਂ 27 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਦੋ ਮੰਜ਼ਿਲਾ ਬਣਨ ਵਾਲਾ ਇਹ ਮਿੰਨੀ ਪੈਲੇਸ ਸਮਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਬਣਾਇਆ ਜਾਵੇਗਾ। ਇਸ ਮੌਕੇ ਮਨਦੀਪ ਆਰੀਆ ਨਗਰ, ਸਾਬਕਾ ਕੌਂਸਲਰ ਰਾਜ ਕੁਮਾਰ, ਸਾਬਕਾ ਕੌਂਸਲਰ ਮੱਖਣ, ਪ੍ਰਧਾਨ ਪੰਮਾ, ਤਿਲਕ ਰਾਜ, ਨੌਜਵਾਨ ਸਭਾ ਆਰੀਆ ਨਗਰ ਦੇ ਸਮੂਹ ਮੈਂਬਰ, ਐਕਸੀਅਨ ਲੋਕ ਨਿਰਮਾਣ ਵਿਭਾਗ ਜਸਪ੍ਰੀਤ ਸਿੰਘ, ਐੱਸ.ਡੀ.ਓ. ਲਵਜੀਤ ਸਿੰਘ, ਟਰੱਸਟੀ ਰਘੁਬੀਰ ਸਿੰਘ ਖ਼ਾਲਸਾ, ਟਰੱਸਟੀ ਹਿਤੇਸ਼ ਮਹਾਜਨ, ਕੌਂਸਲਰ ਬਲਵਿੰਦਰ ਸਿੰਘ, ਮੰਗਾ, ਸਾਬਕਾ ਚੇਅਰਮੈਨ ਨੀਰਜ ਸਲਹੋਤਰਾ, ਮਨਜੀਤ ਸਿੰਘ ਰਾਮਗੜ੍ਹੀਆ, ਕਰਮ ਸਿੰਘ ਸੈਣੀ, ਰਾਕੇਸ਼ ਸ਼ਰਮਾ, ਰੁਪੇਸ਼ ਬਿੱਟੂ ਤੇ ਸਰਤਾਜ ਮੌਜੂਦ ਸਨ।

## ਬਾਬਾ ਬੰਦਾ ਸਿੰਘ ਬਹਾਦਰ ਇੰਸਟੀਚਿਊਟਸ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਧਾਰੀਵਾਲ, 22 ਜੂਨ (ਅਸ਼ੋਕ ਕੁਮਾਰ): ਬਾਬਾ ਬੰਦਾ ਸਿੰਘ ਬਹਾਦਰ ਇੰਸਟੀਚਿਊਟਸ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇੰਸਟੀਚਿਊਟਸ ਦੇ ਅਸਿਸਟੈਂਟ ਪ੍ਰੋਫੈਸਰ ਗਗਨਦੀਪ ਕੌਰ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ 21 ਜੂਨ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਮੁੱਖ ਰੱਖਦੇ ਹੋਏ ਬੀ. ਐੱਡ, ਡੀ. ਐਲ. ਐੱਡ (ਈ.ਟੀ.ਟੀ) ਦੇ ਵਿਦਿਆਰਥੀ ਅਤੇ ਸਮੂਹ ਸਟਾਫ਼ ਵੱਲੋਂ ਯੋਗ ਦਿਵਸ ਮਨਾਇਆ ਗਿਆ। ਜਿਸ ਦੌਰਾਨ ਕਾਲਜ ਦੇ ਵਿਦਿਆਰਥੀਆਂ ਵੱਲੋਂ ਆਪਣੇ ਭਾਸ਼ਣ ਰਾਹੀਂ ਸਰੀਰ ਨੂੰ ਤੰਦਰੁਸਤ ਅਤੇ ਸਿਹਤਮੰਦ ਰੱਖਣ ਲਈ ਯੋਗ ਦੀ ਮਹੱਤਤਾ ਨੂੰ ਦਰਸਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਯੋਗ ਐਕਸਰਸਾਈਜ਼ ਕੀਤੀਆਂ ਗਈਆਂ ਅਤੇ ਯੋਗ ਕੈਂਪ ਲਗਾਇਆ ਗਿਆ। ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਦੁਆਰਾ ਵਿਦਿਆਰਥੀਆਂ ਨੂੰ ਰੋਜ਼ਾਨਾ ਯੋਗਾ ਕਰਨ ਲਈ ਪ੍ਰੇਰਿਤ ਕਰਦੇ ਹੋਏ ਦੱਸਿਆ ਕਿ ਯੋਗਾ ਕਰਨ ਨਾਲ ਸਾਡੇ ਸਰੀਰ ਨੂੰ ਤੰਦਰੁਸਤੀ ਮਿਲਦੀ ਹੈ।

ਰੋਜ਼ਾਨਾ ਯੋਗ ਕਰਨ ਨਾਲ ਅਸੀਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਰਹਿੰਦੇ ਹਾਂ। ਇਸ ਲਈ ਯੋਗ ਸਾਧਨਾ ਨੂੰ ਆਪਣੀ ਜ਼ਿੰਦਗੀ ਦੀਆਂ ਰੋਜ਼ਾਨਾ ਕਿਰਿਆਵਾਂ ਵਿੱਚ ਸ਼ਾਮਿਲ ਕਰਨਾ ਬਹੁਤ ਜ਼ਰੂਰੀ ਹੈ।

## ਸੋਨੀਆ ਮਾਨ ਵੱਲੋਂ ਸਰਕਾਰੀ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰ ਦਾ ਦੌਰਾ




ਗੁਰਦਾਸਪੁਰ, 22 ਜੂਨ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਨਸ਼ਾ ਮੁਕਤੀ ਮੋਰਚਾ ਮਾਝਾ ਦੇ ਕੋਆਰਡੀਨੇਟਰ ਸੋਨੀਆ ਮਾਨ ਵੱਲੋਂ ਬੀਤੇ ਕੱਲ ਗੁਰਦਾਸਪੁਰ ਸਥਿਤ ਸਰਕਾਰੀ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸਿਹਤ ਵਿਭਾਗ ਦੇ ਅਧਿਕਾਰੀ ਤੇ ਮਾਰਕਿਟ ਕਮੇਟੀ ਸ੍ਰੀ ਹਰਗੋਬਿੰਦਪੁਰ ਦੇ ਚੇਅਰਮੈਨ ਨਿਸ਼ਾਨ ਸਿੰਘ ਬੋਲੇਵਾਲ, ਨਸ਼ਾ ਮੁਕਤੀ ਮੋਰਚਾ ਦੇ ਹਲਕਾ ਕੋਆਰਡੀਨੇਟਰ ਮਨਜੀਤ ਸਿੰਘ ਬਮਰਾਹ, ਅਰਸ਼ਦੀਪ ਸਿੰਘ, ਵੀਨੂ ਕਾਹਲੋਂ, ਅਮਰੀਕ ਸਿੰਘ ਨੰਬਰਦਾਰ, ਪ੍ਰੀਤਪਾਲ ਸਿੰਘ, ਸਤਨਾਮ ਸਿੰਘ, ਕਰਮਜੀਤ ਸਿੰਘ ਤੋਂ ਇਲਾਵਾ ਹੋਰ ਆਗੂ ਵੀ ਮੌਜੂਦ ਸਨ। ਜ਼ਿਲ੍ਹਾ ਹਸਪਤਾਲ ਬੱਬਰੀ (ਗੁਰਦਾਸਪੁਰ) ਸਥਿਤ ਸਰਕਾਰੀ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਦੇ ਦੌਰੇ ਦੌਰਾਨ ਸੋਨੀਆ ਮਾਨ ਨੇ ਨਸ਼ੇ ਛੱਡਣ ਦਾ ਇਲਾਜ ਕਰਵਾ ਰਹੇ ਮਰੀਜ਼ਾਂ ਦਾ ਹਾਲ ਜਾਣਿਆ ਅਤੇ ਉਨ੍ਹਾਂ ਨੂੰ ਨਸ਼ੇ ਦੀ ਦਲ-ਦਲ ਵਿੱਚੋਂ ਬਾਹਰ ਆਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਦ੍ਰਿੜ ਇੱਛਾ ਸ਼ਕਤੀ ਅਤੇ ਸਹੀ ਇਲਾਜ ਨਾਲ ਨਸ਼ਿਆਂ ਤੋਂ ਮੁਕਤੀ ਪਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਮੁਹਿੰਮ ਲਗਾਤਾਰ ਜਾਰੀ ਹੈ, ਜਿਸ ਤਹਿਤ ਜਿਥੇ ਨਸ਼ਾ ਤਸਕਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਉਥੇ ਨਸ਼ੇ ਦੀ ਦਲ-ਦਲ ਵਿੱਚ ਫਸੇ ਨੌਜਵਾਨਾਂ ਨੂੰ ਵੀ ਬਾਹਰ ਕੱਢਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ੇ ਛੱਡਣ ਵਾਲੇ ਸਾਰੇ ਨੌਜਵਾਨਾਂ ਦੇ ਪੁਨਰਵਾਸ ਲਈ ਰਾਜ ਸਰਕਾਰ ਵੱਲੋਂ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਸੋਨੀਆ ਮਾਨ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਦੇ ਪੰਚਾਇਤ ਵਿਭਾਗ, ਸਿਹਤ ਵਿਭਾਗ, ਪੁਲਿਸ ਵਿਭਾਗ, ਪਿੰਡ ਵਾਸੀਆਂ, ਪਿੰਡ ਪੱਧਰੀ ਸੁਰੱਖਿਆ ਕਮੇਟੀਆਂ, ਯੂਥ ਕਲੱਬਾਂ ਤੇ ਵੱਡੀ ਗਿਣਤੀ ਵਿੱਚ ਲੋਕਾਂ ਦੇ ਸਹਿਯੋਗ ਨਾਲ ਦੇ ਸਾਰਥਿਕ ਸਿੱਟੇ ਨਿਕਲਣੇ ਸ਼ੁਰੂ ਹੋ ਗਏ ਹਨ ਅਤੇ ਜਲਦ ਹੀ ਪੰਜਾਬ ਦੀ ਜਵਾਨੀ ਨੂੰ ਨਸ਼ੇ ਵਰਗੀ ਨਾਮੁਰਾਦ ਬਿਮਾਰੀ ਦੇ ਚੁੰਗਲ ਵਿੱਚੋਂ ਕੱਢ ਕੇ ਆਮ ਜੀਵਨ ਧਾਰਾ ਵਿੱਚ ਲਿਆਂਦਾ ਜਾਵੇਗਾ।

## ਘਰਾਲੇ ਪਿੰਡ ਦੀ 80 ਏਕੜ ਜ਼ਮੀਨ 'ਤੇ ਸਰਕਾਰੀ ਕਲੋਨੀ ਬਣਾਉਣ ਵਿਰੁੱਧ ਐੱਸ.ਕੇ.ਐੱਮ. ਦਾ ਡੈਪੂਟੇਸ਼ਨ ਹਲਕਾ ਇੰਚਾਰਜ ਰਮਨ ਬਹਿਲ ਨੂੰ ਮਿਲਿਆ



ਗੁਰਦਾਸਪੁਰ, 22 ਜੂਨ (ਜਸਵਿੰਦਰ ਸਿੰਘ): ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਦਾ ਇੱਕ ਵਫਦ ਪਿੰਡ ਘਰਾਲਾ ਦੀ 80 ਏਕੜ ਜ਼ਮੀਨ ਅਰਬਨ ਸਟੇਟ ਕਲੋਨੀ ਬਣਾਉਣ ਲਈ ਪ੍ਰਾਪਤ ਕਰਨ ਵਾਸਤੇ 6 ਜੂਨ ਦੀਆਂ ਅਖ਼ਬਾਰਾਂ 'ਚ ਹੋਏ ਨੋਟੀਫਿਕੇਸ਼ਨ ਵਿਰੁੱਧ ਅੱਜ ਹਲਕਾ ਗੁਰਦਾਸਪੁਰ ਦੇ ਆਮ ਆਦਮੀ ਪਾਰਟੀ ਦੇ ਇੰਚਾਰਜ ਰਮਨ ਬਹਿਲ ਨੂੰ ਮਿਲਿਆ। ਇਸ ਦੀ ਅਗਵਾਈ ਸਾਂਝੇ ਤੌਰ 'ਤੇ ਮੱਖਣ ਸਿੰਘ ਕੁਹਾੜ ਗੁਰਵਿੰਦਰ ਸਿੰਘ ਜੀਵਨ ਚੱਕ ਧਿਆਨ ਸਿੰਘ ਠਾਕੁਰ ਗੁਰਦੀਪ ਸਿੰਘ ਮੁਸਤਫਬਾਦ ਸੁਖਦੇਵ ਸਿੰਘ ਭਾਗੋਕਾਵਾਂ ਬਰਿੰਦਰ ਸਿੰਘ ਸੋਨਾ ਸ਼ਾਹ ਬਲਪ੍ਰੀਤ ਸਿੰਘ ਪ੍ਰਿੰਸ ਅਮਰਜੀਤ ਕੌਰ ਪਰਮਜੀਤ ਕੌਰ ਰਘਬੀਰ ਸਿੰਘ ਚਾਹਲ ਅਜੀਤ ਸਿੰਘ ਹੁੰਦਲ ਆਦਿ ਨੇ ਸਾਂਝੇ ਤੌਰ 'ਤੇ ਕੀਤੀ। ਇਸ ਸਮੇਂ 80 ਏਕੜ ਜ਼ਮੀਨ ਦੇ ਵੱਖ-ਵੱਖ ਸਾਰੇ ਕਿਸਾਨ ਮਾਲਕ ਵੀ ਹਾਜ਼ਰ ਸਨ। ਆਗੂਆਂ ਨੇ ਕਿਸਾਨ ਮਾਲਕਾਂ ਦੇ ਦਸਤਖਤਾਂ ਹੇਠ ਇਕ ਦਰਖਾਸਤ ਰਮਨ ਬਹਿਲ ਨੂੰ ਦਿੱਤੀ ਜਿਸ ਵਿੱਚ ਅਪੀਲ ਕੀਤੀ ਗਈ ਕਿ ਪਿੰਡ ਘਰਾਲਾ ਦੇ ਜ਼ਮੀਨ ਮਾਲਕ ਇਹ ਜ਼ਮੀਨ ਅਰਬਨ ਸਟੇਟ ਕਲੋਨੀ ਉਸਾਰਨ ਲਈ ਬਿਲਕੁਲ ਨਹੀਂ ਦੇਣਾ ਚਾਹੁੰਦੇ। ਇਸ ਪਿੰਡ ਦੀ ਪਹਿਲਾਂ ਹੀ ਸਾਰੀ ਜ਼ਮੀਨ ਹਾਈਵੇ ਬਾਈਪਾਸ ਤੇ ਇੰਪਰੂਵਮੈਂਟ ਟਰੱਸਟ ਨਵੇਂ ਬੱਸ ਸਟੈਂਡ ਲਈ ਅਕਵਾਇਰ ਕੀਤੀ ਜਾ ਚੁੱਕੀ ਹੈ। ਆਗੂਆਂ ਨੇ ਸਪੱਸ਼ਟ ਕੀਤਾ ਕਿ ਉਹ ਕਿਸੇ ਵੀ ਕੀਮਤ 'ਤੇ ਇਸ ਪਿੰਡ ਨੂੰ ਉਜੜਨ ਨਹੀਂ ਦੇਣਗੇ ਤੇ ਉਸੇ ਤਰ੍ਹਾਂ ਸਾਂਝੀ ਲੜਾਈ ਲੜੀ ਜਾਵੇਗੀ ਜਿਸ ਤਰ੍ਹਾਂ ਗੋਪਾਲ ਨਗਰ ਦੇ ਪਲਾਟਾਂ ਦੀ ਮੁੜ ਪ੍ਰਾਪਤੀ ਲਈ ਲੜੀ ਗਈ ਸੀ। ਚੇਤੇ ਰਹੇ ਕਿ ਉਸ ਸਮੇਂ ਇਸ ਸੰਘਰਸ਼ ਵਿੱਚ ਰਮਨ ਬਹਿਲ ਵੀ ਬਕਾਇਦਾ ਸ਼ਾਮਲ ਸਨ। ਉਨ੍ਹਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਹੁਣ ਵੀ ਖੁਦ ਇਸ ਹੱਕੀ ਲੜਾਈ ਲਈ ਸਰਕਾਰੀ ਧੱਕੇ ਵਿਰੁੱਧ ਐਸਕੇਐਮ ਦਾ ਸਾਥ ਦੇਣ ਤੇ ਮੁੱਖ ਮੰਤਰੀ ਭਗਵੰਤ ਮਾਨ ਹੋਰਾਂ ਦੇ ਇਸ ਕਥਨ ਨੂੰ ਲਾਗੂ ਕਰਾਉਣ ਕਿ ਕਿਸਾਨ ਦੀ ਮਰਜ਼ੀ ਦੇ ਬਗੈਰ ਜ਼ਮੀਨ ਅਕਵਾਇਰ ਨਹੀਂ ਕੀਤੀ ਜਾਵੇਗੀ। ਰਮਨ ਬਹਿਲ ਹੋਰਾਂ ਵਿਸ਼ਵਾਸ ਦਿਵਾਇਆ ਕਿ ਉਹ ਇਸ ਨੋਟੀਫਿਕੇਸ਼ਨ ਨੂੰ ਹਰ ਹਾਲਤ ਵਿੱਚ ਰੱਦ ਕਰਾਉਣਗੇ। ਇਸ ਸਮੇਂ ਹੋਰਨਾ ਤੋਂ ਇਲਾਵਾ ਕੁਲਜੀਤ ਸਿੰਘ ਸਿੱਧਵਾਂ ਜਮੀਤ ਮਲਕੀਅਤ ਸਿੰਘ ਬੁਢਾਕੋਟ ਗੁਰਦੇਵ ਸਿੰਘ ਰੌਣਕੀ ਪਲਵਿੰਦਰ ਸਿੰਘ ਬਰਿੰਦਰ ਸਿੰਘ ਲਾਡੀ ਦਵਿੰਦਰ ਕੌਰ ਕੰਵਰਪਾਲ ਸਿੰਘ ਮੰਪੀ ਰਾਣਾ ਹੀਰਾ ਜਗੀਰ ਸਿੰਘ ਆਦਿ ਵੀ ਹਾਜ਼ਰ ਸਨ।

## ਚੱਢਾ ਸ਼ੂਗਰ ਮਿੱਲ ਨੇ ਕ੍ਰਿਕਟ ਟੂਰਨਾਮੈਂਟ ਕਰਵਾਇਆ




ਬਟਾਲਾ, 22 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਨਾਮ ਸਿੰਘ ਸੰਧੂ): ਨਜ਼ਦੀਕੀ ਸੰਸਥਾ ਚੱਢਾ ਸ਼ੂਗਰ ਮਿੱਲ ਵੱਲੋਂ ਗੇਮਾਂ ਦਾ ਆਗਾਜ਼ ਕੀਤਾ ਗਿਆ। ਇਕੱਤਰ ਕੀਤੀ ਜਾਣਕਾਰੀ ਮੁਤਾਬਕ ਹੈਡ ਆਫਿਸ ਗੁੜਗਾਉਂ ਤੇ ਤਿੰਨ ਟੀਮਾਂ ਚੱਡਾ ਸ਼ੂਗਰ ਮਿੱਲ ਵਿੱਚੋਂ ਤਿਆਰ ਕਰ ਕੇ ਹਰਚੋਵਾਲ ਸਕੂਲ ਦੇ ਮੈਦਾਨ ਵਿਖੇ ਫਰੈਂਡਲੀ ਮੈਚ ਖੇਡੇ ਗਏ। ਜਿਨ੍ਹਾਂ ਵਿੱਚੋਂ ਫਾਈਨਲ ਮੈਚ ਖੇਡਣ ਲਈ ਬੀਅਰ ਯੂਨਿਟ ਅਤੇ ਏ ਬੀ ਗਰੇਨ ਦਾ ਆਹਮੋ ਸਾਹਮਣਾ ਮੈਚ ਹੋਇਆ। ਅੰਤ ਵਿੱਚ ਬੀਅਰ ਯੂਨਿਟ ਦੀ ਟੀਮ ਜਿੱਤਣ ਵਿੱਚ ਕਾਮਯਾਬ ਹੋਈ। ਇਸ ਕੰਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਬਿਕਰਮਜੀਤ ਸਿੰਘ ਅਤੇ ਸਾਰੀ ਮਿੱਲ ਮਨੇਜਮੈਂਟ, ਸੀਨੀਅਰ ਵੀ ਪੀ ਸ਼ਮੀਰ ਮਜੂਮਦਾਰ,ਵੀ ਪੀ ਮੁਨੀਸ਼ ਤਿਆਗੀ, ਜੀ ਐਮ ਪਰਮਜੀਤ ਸਿੰਘ ਰੰਧਾਵਾ, ਲਵਕੁਸ਼ ਤਿਆਗੀ ਜੀ ਐਮ, ਕ੍ਰਿਸ਼ਨ ਲਾਲ, ਜੀ ਵੀ ਚਤੁਰਵੇਦੀ ਦਾ ਪੂਰਨ ਤੌਰ 'ਤੇ ਕੀਤਾ ਗਿਆ ਸਹਿਯੋਗ ਸੀ। ਇਸ ਗੇਮਾਂ ਨੂੰ ਵੇਖਣ ਲਈ ਸਾਰੇ ਮਿੱਲ ਦੇ ਅਫ਼ਸਰ ਤੇ ਇੰਪਲਾਈਜ ਹਾਜ਼ਰ ਰਹੇ। ਇਸ ਮੈਚ ਦੀ ਕਮੈਂਟਰੀ ਜੇ ਐਸ ਰਾੜਾ ਤੇ ਸਨਦੀਪ ਧਰਮਸੋਤ ਨੇ ਕੀਤੀ। ਇਸ ਮੌਕੇ ਵਿਸ਼ਾਲ ਜੋਸ਼ੀ ਹੈਂਡ ਆਫਿਸ, ਵਿਸ਼ਾਲ ਸ਼ਰਮਾ ਐਡਮਿਨ ਮੈਨੇਜਰ, ਪ੍ਰਮੋਦ ਤੋਮਰ, ਹਰਪ੍ਰੀਤ ਸਿੰਘ, ਗੁਰਮੀਤ ਸਿੰਘ, ਸੰਦੀਪ ਸਿੰਘ, ਵਿਸ਼ਾਲ ਹੈਡ ਆਫ਼ਿਸ ਤੋਂ ਇਲਾਵਾ ਸਾਰੇ ਐਚਆਰ ਵਿਭਾਗਾਂ ਦਾ ਸਟਾਫ ਹਾਜ਼ਰ ਰਿਹਾ। ਇਸ ਮੌਕੇ ਸਾਰੇ ਟੀਮਾਂ ਨੂੰ ਰਿਫਰੈਸ਼ਮੈਂਟ ਦੇਣ ਲਈ ਐਚਆਰ ਵਿਭਾਗਾਂ ਦਾ ਵੱਡਾ ਯੋਗਦਾਨ ਰਿਹਾ ਤੇ ਹਰ ਸਹੂਲਤ ਮੁਹੱਈਆ ਕਰਵਾਈ ਗਈ। ਕੈਪਟਨ ਅਵਤਾਰ ਸਿੰਘ, ਸੋਹਨ ਸਿੰਘ ਨੇ ਸਕਿਉਰਟੀ ਦਾ ਪੂਰਨ ਤੌਰ 'ਤੇ ਪ੍ਰਬੰਧ ਕੀਤਾ।

## ਦਿਨੋਂ-ਦਿਨ ਵੱਧ ਰਹੀਆਂ ਚੋਰੀਆਂ-ਠੱਗੀਆਂ ਸਬੰਧੀ ਥਾਣਾ ਮੁਖੀ ਨੂੰ ਦਿੱਤਾ ਮੰਗ ਪੱਤਰ



ਭੋਗਪੁਰ, 22 ਜੂਨ (ਅਮਰਜੀਤ ਸਿੰਘ ਸੈਣੀ): ਨਿਹੰਗ ਸਿੰਘ ਜਥੇਦਾਰ ਬਾਬਾ ਲਖਬੀਰ ਸਿੰਘ ਜੀ ਮੁਖੀ ਤਰਨਾ ਦਲ ਦੀ ਅਗਵਾਈ ਹੇਠ ਅੱਜ ਖਾਸ ਅਧਿਕਾਰੀਆਂ ਵੱਲੋਂ ਥਾਣਾ ਮੁਖੀ ਭੋਗਪੁਰ ਨੂੰ ਮੰਗ ਪੱਤਰ ਸੌਂਪਿਆ ਗਿਆ। ਬਾਬਾ ਲਖਬੀਰ ਸਿੰਘ ਜਥੇਦਾਰ ਨੇ ਦੱਸਿਆ ਕਿ ਥਾਣਾ ਮੁਖੀ ਭੋਗਪੁਰ ਅਤੇ ਚੌਂਕੀ ਇੰਚਾਰਜ ਨਾਲ ਮੀਟਿੰਗ ਕੀਤੀ ਗਈ। ਇਲਾਕੇ ਵਿੱਚ ਲੋਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਤੋਂ ਜਾਣੂੰ ਕਰਵਾਇਆ ਗਿਆ ਹੈ ਅਤੇ ਥਾਣਾ ਮੁਖੀ ਭੋਗਪੁਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ। ਉਹਨਾਂ ਦੱਸਿਆ ਕਿ ਥਾਣਾ ਮੁਖੀ ਭੋਗਪੁਰ ਵੱਲੋਂ ਉਨ੍ਹਾਂ ਨੂੰ ਵਿਸ਼ਵਾਸ਼ ਦਿਵਾਇਆ ਗਿਆ ਹੈ ਕਿ ਇਲਾਕੇ ਵਿੱਚ ਦਿਨੋ ਦਿਨ ਖਰਾਬ ਹੋ ਰਹੇ ਮਾਹੌਲ ਵੱਲ ਜਲਦ ਧਿਆਨ ਦੇਣਗੇ। ਜਥੇਦਾਰ ਲਖਬੀਰ ਸਿੰਘ ਨੇ ਕਿਹਾ ਕਿ ਇਲਾਕੇ ਵਿੱਚ ਗੁੰਡਾਗਰਦੀਆਂ ਦਿਨੋ ਦਿਨ ਵੱਧ ਰਹੀਆਂ ਹਨ, ਚੋਰੀਆਂ ਠੱਗੀਆਂ ਦਿਨੋ ਦਿਨ ਮਾਹੌਲ ਖਰਾਬ ਹੋ ਰਿਹਾ, ਸਬੰਧੀ ਮੰਗ ਪੱਤਰ ਸੌਂਪਿਆ ਗਿਆ ਹੈ। ਯਾਦ ਰਹੇ ਕਿ ਜਥੇਦਾਰ ਬਾਬਾ ਲਖਬੀਰ ਸਿੰਘ ਮੁਖੀ ਤਰਨਾ ਦਲ ਵਾਲਿਆਂ ਵੱਲੋਂ ਪਿਛਲੇ ਸਾਲ ਮਾਈਨਿੰਗ ਦੇ ਖਿਲਾਫ ਮੁੱਦਾ ਚੁੱਕਿਆ ਗਿਆ ਸੀ। ਅਤੇ ਮਾਈਨਿੰਗ ਸਬੰਧੀ ਦੋਸ਼ੀ ਰੰਗੇ ਹੱਥ ਕਾਬੂ ਕੀਤੇ ਗਏ ਸਨ। ਇਸ ਮੌਕੇ 'ਤੇ ਸੁਖਚੈਨ ਸਿੰਘ ਸਰਪੰਚ, ਸੁਖਵੀਰ ਸਿੰਘ ਮੈਂਬਰ, ਜਸਵੀਰ ਸਿੰਘ ਨੰਬਰਦਾਰ, ਆਦਿ ਹਾਜ਼ਰ ਸਨ।

## ਸਿੱਖ ਧਾਰਮਿਕ ਸਿੱਖਿਆ ਕੈਂਪ ਦਾ ਆਯੋਜਨ

ਕਾਦੀਆਂ, 22 ਜੂਨ (ਸਲਾਮ ਤਾਰੀ/ਸਿਕੰਦਰ ਸੰਧੂ): ਕਾਦੀਆਂ ਦੇ ਨੇੜੇ ਸਥਿਤ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਖੇ ਸਿੱਖ ਧਾਰਮਿਕ ਸਿੱਖਿਆ ਕੈਂਪ ਦਾ ਆਯੋਜਨ ਕੀਤਾ ਗਿਆ। ਗੁਰਦੁਆਰੇ ਦੇ ਪ੍ਰਧਾਨ ਲਵਪ੍ਰੀਤ ਸਿੰਘ ਦੇ ਪ੍ਰਬੰਧਾਂ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਦੀਆਂ ਦੇ ਮੈਂਬਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ 'ਤੇ ਉਨ੍ਹਾਂ ਨੇ ਬੱਚਿਆਂ ਤੋਂ ਗੁਰੂਆਂ ਦੇ ਨਾਵਾਂ ਬਾਰੇ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਬਾਰੇ ਪੁੱਛਿਆ। ਜਿਸ ਦੇ ਬੱਚਿਆਂ ਨੇ ਜਵਾਬ ਦਿੱਤੇ। ਇਸ ਮੌਕੇ 'ਤੇ ਬੱਚਿਆਂ ਨੂੰ ਮੈਡਲ ਅਤੇ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਕੀਤਾ। ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੋਰਾ ਨੇ ਕਿਹਾ ਕਿ ਅੱਜ ਦਾ ਨੌਜਵਾਨ ਸਿੱਖ ਇਤਿਹਾਸ ਨੂੰ ਭੁੱਲ ਚੁੱਕਾ ਹੈ। ਹੁਣ ਲੋਕ ਦਰਗਾਹਾਂ ਤੇ ਹੋਰਨਾਂ ਥਾਵਾਂ 'ਤੇ ਜਾ ਕੇ ਮੱਥਾ ਟੇਕਦੇ ਹਨ। ਜਦ ਕਿ ਸਾਡੇ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਵਾਏ ਕਿਸੇ ਨੂੰ ਮੱਥਾ ਨਹੀਂ ਟੇਕਣਾ ਚਾਹੀਦਾ। ਉਨ੍ਹਾਂ ਕਿਹਾ ਕਿ ਨੌਜਵਾਨ ਵੱਖ ਵੱਖ ਧਾਰਮਿਕ ਮਹੱਤਤਾ ਦੇ ਗੁਰਦੁਆਰਿਆਂ 'ਚ ਜਾਂਦੇ ਹਨ। ਜੇ ਉਨ੍ਹਾਂ ਨੂੰ ਇਨ੍ਹਾਂ ਗੁਰਦੁਆਰਿਆਂ ਅਤੇ ਸਿੱਖ ਇਤਿਹਾਸ ਬਾਰੇ ਪੁੱਛਿਆ ਜਾਵੇ ਤਾਂ ਜਵਾਬ ਨਹੀਂ ਦੇ ਸਕਦੇ। ਜਥੇਦਾਰ ਗੋਰਾ ਨੇ ਕਿਹਾ ਕਿ ਪਹਿਲਾਂ ਕੈਲੰਡਰਾਂ ਦਾ ਬਹੁਤ ਪ੍ਰਚੱਲਨ ਹੁੰਦਾ ਸੀ। ਮੇਲਿਆਂ 'ਚ ਕੈਲੰਡਰ ਸੰਗਤਾਂ ਖ਼ਰੀਦ ਕੇ ਲਿਆਂਦੀਆਂ ਸਨ ਕੈਲੰਡਰਾਂ 'ਚ ਸਿੱਖ ਇਤਿਹਾਸ ਬਾਰੇ ਸੰਖੇਪ ਵਿੱਚ ਫ਼ੋਟੋ ਰਾਹੀਂ ਵਰਣਨ ਕੀਤਾ ਜਾਂਦਾ ਸੀ। ਬੱਚੇ ਮਾਪਿਆਂ ਤੋਂ ਕੈਲੰਡਰ ਵੇਖ ਕੇ ਸਵਾਲ ਕਰਦੇ ਸਨ। ਇਸ ਮੌਕੇ 'ਤੇ ਗੁਰਮੀਤ ਸਿੰਘ ਐਸਐਚਓ ਕਾਦੀਆਂ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ।

## ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਪ੍ਰਧਾਨ ਸੁਨੀਲ ਮਹਾਜਨ ਨੇ ਸਾਲਾਨਾ ਮੇਲਾ ਕਰਵਾਇਆ



ਕਾਹਨੂੰਵਾਨ, 22 ਜੂਨ (ਕੁਲਜੀਤ ਸਿੰਘ ਖੋਖਰ): ਬੀਤੇ ਦਿਨ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਹਲਕਾ ਉਤਰੀ ਦੇ ਪ੍ਰਧਾਨ ਤੇ ਉੱਘੇ ਸਮਾਜ ਸੇਵੀ ਸੁਨੀਲ ਮਹਾਜਨ ਵੱਲੋਂ ਸਾਲਾਨਾ ਮੇਲ ਕਰਵਾਇਆ ਗਿਆ, ਜਿਸ ਵਿਚ ਸੰਗਤਾਂ ਦੇ ਵਾਸਤੇ ਲੰਗਰ ਤਿਆਰ ਕਰਕੇ ਛਕਾਇਆ ਗਿਆ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਕੌਮੀ ਪ੍ਰਧਾਨ ਆਸਾ ਸਿੰਘ ਅਜ਼ਾਦ ਨੇ ਪਹੁੰਚਣਾ ਸੀ ਪ੍ਰੰਤੂ ਲੁਧਿਆਣੇ ਵੋਟਾਂ ਕਰਕੇ ਨਹੀਂ ਪਹੁੰਚ ਸਕੇ। ਪ੍ਰਧਾਨ ਆਸਾ ਸਿੰਘ ਅਜ਼ਾਦ ਦਾ ਸੰਦੇਸ਼ ਸੰਗਤਾਂ ਨੂੰ ਦਿੱਤਾ ਗਿਆ ਤੇ ਸੰਸਥਾ ਵੱਲੋਂ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ ਗਿਆ ਤੇ ਔਰਤਾਂ 'ਤੇ ਹੋ ਰਹੇ ਜ਼ੁਲਮਾਂ ਬਾਰੇ ਕੌਮੀ ਪ੍ਰਧਾਨ ਮਹਿਲਾ ਵਿੰਗ ਪਵਨਜੀਤ ਕੌਰ ਮਾਨ ਦੀ ਅਗਵਾਈ ਵਿਚ ਵਧੀਆ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਯੂਥ ਪ੍ਰਧਾਨ ਪੰਜਾਬ ਮਨਵੀਰ ਸਿੰਘ ਵਡਾਲਾ ਵੱਲੋਂ ਯੂਥ ਨੂੰ ਨਸ਼ਿਆਂ ਤੋਂ ਦੂਰ ਹੋ ਕੇ ਸਮਾਜ ਦੀ ਸੇਵਾ ਕਰਕੇ ਇਕ ਚੰਗੇ ਸਮਾਜ ਦੀ ਸਿਰਜਣਾ ਕਰਨ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ 'ਤੇ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਕੌਮੀ ਮੀਤ ਪ੍ਰਧਾਨ ਸੁਪਨਦੀਪ ਸਿੰਘ, ਸਾਬਕਾ ਐਮ ਐਲ ਏ ਡਾ. ਦਲਬੀਰ ਸਿੰਘ ਵੇਰਕਾ, ਪੰਜਾਬ ਪ੍ਰਧਾਨ ਸੁਖਜੀਤ ਸਿੰਘ ਸੰਧੂ, ਯੂਥ ਪ੍ਰਧਾਨ ਪੰਜਾਬ ਮਨਵੀਰ ਸਿੰਘ ਵਡਾਲਾ, ਚੇਅਰਮੈਨ ਪੰਜਾਬ ਐਂਟੀ ਕ੍ਰਾਈਮ ਵਿੰਗ ਲਖਵਿੰਦਰ ਸਿੰਘ ਕਲੇਰ, ਚੇਅਰਮੈਨ ਪੰਜਾਬ ਸਪੋਰਟਸ ਵਿੰਗ ਦੁਰਗਾ ਦਾਸ, ਕੌਮੀ ਚੇਅਰਮੈਨ ਇੰਡਸਟਰੀ ਵਿੰਗ ਸੰਕਰ ਸਿੰਘ, ਚੇਅਰਮੈਨ ਹੈਲਥ ਵਿੰਗ ਪੰਜਾਬ ਮਨਦੀਪ ਸਿੰਘ ਚੀਚਾ, ਪ੍ਰਭਜੀਤ ਸਿੰਘ ਪ੍ਰਧਾਨ ਹਲਕਾ ਅਟਾਰੀ, ਰਣਜੀਤ ਸਿੰਘ ਸਬ-ਇੰਸਪੈਕਟਰ ਪੰਜਾਬ ਪੁਲਿਸ, ਜਗਵੰਤ ਸਿੰਘ ਵਾਈਸ ਚੇਅਰਮੈਨ ਤਰਨਤਾਰਨ, ਸੁਖਵਿੰਦਰ ਸਿੰਘ ਸਭਰਾ ਜ਼ਿਲ੍ਹਾ ਪ੍ਰਧਾਨ ਤਰਨਤਾਰਨ, ਗੋਬਿੰਦ ਸਿੰਘ ਵਿੱਤ ਸਕੱਤਰ ਤਰਨਤਾਰਨ, ਅਮਨਦੀਪ ਕੌਰ ਪ੍ਰਧਾਨ ਕ੍ਰਾਂਤੀ, ਜਥੇਦਾਰ ਜਗੀਰ ਸਿੰਘ, ਰਾਜਵਿੰਦਰ ਸਿੰਘ ਯੂਥ ਪ੍ਰਧਾਨ ਅੰਮ੍ਰਿਤਸਰ, ਗੁਰਪ੍ਰੀਤ ਸਿੰਘ ਵਾਈਸ ਯੂਥ ਪ੍ਰਧਾਨ ਅੰਮ੍ਰਿਤਸਰ ਆਦਿ ਹਾਜ਼ਰ ਸਨ।

## 26 ਨੂੰ ਮਨਾਇਆ ਜਾਵੇਗਾ ਬਾਬਾ ਦਸੰਧੀ ਸ਼ਾਹ ਦਾ ਜੋੜ ਮੇਲਾ: ਨਰੇਸ਼ ਜੋਸ਼ੀ




ਬਟਾਲਾ, 22 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਹਲਕਾ ਸ਼੍ਰੀ ਹਰਗੋਬਿੰਦਪੁਰ ਸਾਹਿਬ ਅਧੀਨ ਆਉਂਦੇ ਪਿੰਡ ਘੱਸ ਵਿਖੇ, ਪੀਰ ਬਾਬਾ ਦਸੰਧੀ ਸ਼ਾਹ ਦੀ ਯਾਦ ਨੂੰ ਸਮਰਪਿਤ, ਸਾਲਾਨਾ ਜੋੜ ਮੇਲਾ 26 ਜੂਨ (12 ਹਾੜ) ਦਿਨ ਵੀਰਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਮਨਾਇਆ ਜਾਵੇਗਾ। ਮੇਲੇ ਦੇ ਮੁੱਖ ਪ੍ਰਬੰਧਕ ਨਰੇਸ਼ ਜੋਸ਼ੀ ਨੇ ਦੱਸਿਆ ਕਿ ਮੇਲੇ ਦੀ ਸ਼ੁਰੂਆਤ ਸਵੇਰੇ 10 ਵਜੇ ਕੀਤੀ ਜਾਵੇਗੀ । ਬੇਬਾਕੀ ਨਾਲ ਆਪਣੀ ਗੱਲ ਨੂੰ ਸੰਗਤਾਂ ਸਾਹਮਣੇ ਰੱਖਣ ਵਾਲੇ, ਪੰਜਾਬ ਦੇ ਮਸ਼ਹੂਰ ਐਂਕਰ, ਬਲਵਿੰਦਰ ਸਿੰਘ ਪੱਖੋਕੇ, ਹਰ ਵਾਰ ਦੀ ਤਰ੍ਹਾਂ, ਸਟੇਜ ਦੀ ਸੇਵਾ ਨਿਭਾਉਣਗੇ। ਹਲਕਾ ਵਿਧਾਇਕ ਐਡ ਅਮਰਪਾਲ ਸਿੰਘ ਕਿਸ਼ਨ ਕੋਟ, ਜੋਸ਼ੀ ਪਰਿਵਾਰ ਦੇ ਉਚੇਚੇ ਸੱਦੇ 'ਤੇ, ਇਸ ਜੋੜ ਮੇਲੇ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਬਾਬਾ ਜੀ ਦੇ ਦਰਬਾਰ ਵਿੱਚ ਹਾਜ਼ਰੀਆਂ ਭਰਨਗੇ ਅਤੇ ਸੰਗਤਾਂ ਨਾਲ ਸੰਵਾਦ ਰਚਾਉਣਗੇ। ਇਸ ਮੌਕੇ ਸ਼੍ਰੀ ਜੋਸ਼ੀ ਨੇ ਜੋੜ ਮੇਲੇ ਵਿੱਚ ਭਰਵਾਂ ਸਹਿਯੋਗ ਕਰਨ ਵਾਲੇ, ਮੁਕੇਸ਼ ਕੁਮਾਰ ਆਸਟਰੀਆ, ਅਰੁਣ ਜੋਸ਼ੀ ਕੈਨੇਡਾ, ਰਮਨ ਜੋਸ਼ੀ ਆਸਟਰੇਲੀਆ, ਸ਼੍ਰੀ ਜਤਿੰਦਰ ਮੋਹਨ ਅਸਟਰੀਆ, ਬ੍ਰਿਜ ਮੋਹਨ ਆਸਟਰੀਆ, ਕਰਤਾਰ ਸਿੰਘ ਯੂ ਐਸ ਏ, ਸੂਬੇ. ਬਲਜਿੰਦਰ ਸਿੰਘ, ਸਵ. ਸਰਪੰਚ ਰਵੇਲ ਸਿੰਘ, ਪ੍ਰਧਾਨ ਸੁੱਚਾ ਸਿੰਘ, ਸਾਬਕਾ ਪੰਚ ਅਜਾਇਬ ਸਿੰਘ, ਜਲੰਧਰ ਤੋਂ ਸ਼੍ਰੀ ਬਾਲ ਕ੍ਰਿਸ਼ਨ ਜੀ ਬਾਲਾ, ਗੁਰਿੰਦਰਜੀਤ ਸਿੰਘ ਹੈਪੀ ਇਟਲੀ, ਜਗਜੀਵਨ ਸਿੰਘ ਜੋਨੀ ਤਰਨ ਤਾਰਨ, ਪ੍ਰਤਾਪ ਸਿੰਘ ਲਾਡੀ ਅਮਰੀਕਾ ਵਾਲਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਨਾਲ ਹੀ ਕਿਹਾ ਕਿ ਅਜੇ ਹੋਰ ਵੀ ਬਹੁਤ ਸਾਰੇ ਸਹਿਯੋਗੀ ਸੱਜਣ ਹਨ,ਜਿਹੜੇ ਬਾਬਾ ਜੀ ਦੇ ਜੋੜ ਮੇਲੇ ਵਿੱਚ ਵੱਧ ਚੜ੍ਹ ਕੇ, ਤਨ ਮਨ ਧਨ ਨਾਲ ਸੇਵਾ ਕਰਦੇ ਆ ਰਹੇ ਹਨ, ਅਗਲੀ ਖਬਰ ਵਿੱਚ ਉਹਨਾਂ ਦੇ ਨਾਮ ਵੀ ਸੰਗਤਾਂ ਦੇ ਸਾਹਮਣੇ ਰੱਖਾਂਗੇ। ਇਸ ਮੌਕੇ ਸ਼੍ਰੀ ਨਰੇਸ਼ ਕੁਮਾਰ ਜੋਸ਼ੀ ਤੋਂ ਇਲਾਵਾ ਸ਼੍ਰੀ ਵਿਜੇ ਕੁਮਾਰ ਜੋਸ਼ੀ, ਸਰਪੰਚ ਸਾਹਿਬ ਸਿੰਘ ਬਸਰਾ,ਬਾਬਾ ਵਰਿੰਦਰ ਸਿੰਘ ਖਾਲਸਾ, ਕੇਵਲ ਸਿੰਘ ਢਿੱਲੋਂ, ਜਸਵਿੰਦਰ ਸਿੰਘ ਘੱਸ, ਸਰਪੰਚ ਪ੍ਰੇਮ ਸਿੰਘ, ਕੁਲਵੰਤ ਸਿੰਘ, ਗੁਰਮੀਤ ਸਿੰਘ, ਬਲਵਿੰਦਰ ਸਿੰਘ ਅਤੇ ਹੋਰ ਵੀ ਬਹੁਤ ਸਾਰੇ ਸਹਿਯੋਗੀ ਸੱਜਣ ਹਾਜ਼ਰ ਸਨ।

## ਦਾ ਮਿਲੇਨੀਅਮ ਸੀਨੀ. ਸੈਕੰ. ਸਕੂਲ ਵਿਖੇ ਯੋਗ ਦਿਵਸ ਮਨਾਇਆ




ਬਟਾਲਾ, 22 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਜਲੰਧਰ ਰੋਡ ਉੱਪਰ ਸਥਿਤ ਦਾ ਮਿਲੇਨੀਅਮ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਯੋਗਾ ਕਰਨ ਮੌਕੇ ਸਕੂਲ ਦੇ ਵਿਦਿਆਰਥੀ, ਉਹਨਾਂ ਦੇ ਮਾਤਾ ਪਿਤਾ ਅਤੇ ਸਮੁੱਚਾ ਸਕੂਲ ਦਾ ਸਟਾਫ ਵੱਖ ਵੱਖ ਆਸਨ ਕਰਦਿਆਂ ਯੋਗਾ ਕਰਨ ਵਿਚ ਮਸ਼ਰੂਫ ਨਜ਼ਰ ਆਇਆ। ਇਸ ਮੌਕੇ ਪ੍ਰਿੰਸੀਪਲ ਸਰਦਾਰ ਗੁਰਮੀਤ ਸਿੰਘ ਨੇ ਕਿਹਾ, ਕਿ ਯੋਗਾ ਸਿਰਫ ਸਾਡੀ ਸਿਹਤ ਲਈ ਹੀ ਵਰਦਾਨ ਨਹੀਂ, ਇਹ ਸਾਡੇ ਮਨ ਅਤੇ ਆਤਮਾ ਨੂੰ ਵੀ ਬਲਵਾਨ ਬਣਾਉਂਦਾ ਹੈ, ਸਕੂਨ ਦਿੰਦਾ ਹੈ ਅਤੇ ਸ਼ਾਂਤੀ ਪ੍ਰਦਾਨ ਕਰਦਾ ਹੈ। ਉਹਨਾਂ ਕਿਹਾ ਕਿ ਜਿਵੇਂ ਅਸੀਂ ਅੱਜ ਵੱਖ ਵੱਖ ਤਰ੍ਹਾਂ ਦੇ ਆਸਨ ਕਰਵਾਏ ਗਏ ਹਨ, ਇਸੇ ਤਰ੍ਹਾਂ ਛੋਟੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਯੋਗਾ ਬਾਰੇ ਵਿਸਥਾਰ ਨਾਲ ਦੱਸਣ ਅਤੇ ਯੋਗਾ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਇਸ ਮੌਕੇ ਚੇਅਰਮੈਨ ਸ਼੍ਰੀ ਵਰਣ ਖੋਸਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਯੋਗਾ ਜਿੱਥੇ ਸਾਨੂੰ ਰੂਹਾਨੀਅਤ ਨਾਲ ਜੋੜਦਾ ਹੈ, ਉੱਥੇ ਬੱਚਿਆਂ ਵਿੱਚ ਅਨੁਸ਼ਾਸਨ, ਜਾਗਰੂਕਤਾ ਅਤੇ ਜੀਵਨ ਸ਼ੈਲੀ ਵਿੱਚ ਬਦਲਾਅ ਲਿਆ ਕੇ ਜੀਵਨ ਵਿੱਚ ਸੰਤੁਲਨ ਪੈਦਾ ਕਰਦਾ ਹੈ। ਇਸ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਟਰਾਫੀਆਂ ਦੇ ਨਾਲ ਸਨਮਾਨਿਤ ਵੀ ਕੀਤਾ ਗਿਆ।

## ਸ਼੍ਰੇਣੀਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Sh. Jaspreet Singh MInhas Civil Judge Junior Division-5,Patiala**
CNR No.PBPT02-002213-2020
Next Date:05.08.2025
State Bank of India Through Sanjeev Arya
Versus
M/s J S Seat Maker Through Jasvir Singh
Notice to: 1. M/s JS Seat Maker C/o channa Mor Village Devigarh Tehsil Dudhan Sadhan District Patiala Through its prop Jasvir Singh 2. Jasvir Singh S/o Ajmer Singh R/o Village Jalalabad, Tehsil Dudhan sadhan, District Patiala
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **05.08.2025** at 10:00 A.M.
For details logon to https://highcourtchd.gov.in/?mod=district_notice&district=patiala
Dated, this day of 17-05-2025
**Sd/- Civil Judge Junior Division-5,Patiala**

(U/o 5 Rule 20 CPC)
**In the Court of Sh. Amar Jeet Singh Principal Judge Family Court, Moga**
CNR No. PBMO01-000872-2024
Next Date:-04-08-2025
Rajinderpal Kaur
Versus
Gurpreet Singh
Notice to: Gurpreet Singh Father:- Rachhpal Singh R/o Village barre Ke Purana Teh. and Distt. Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.08.2025** at 10:00 A.M.
For details logon to https://highcourtchd.gov.in/?trs=district_notice&district=Moga
Dated this day of 20-05-2025
**Sd/- Principal Judge Family Court, Moga**

(U/o 5 Rule 20 CPC)
**In the Court of Ms. Roopa Dhaliwal Additional Civil Judge Senior Division, Muktsar**
CNR No. PBSM02-000252-2023
Next Date:-04-08-2025
Daljitinder Kaur
Versus
Amarinder Singh Brar
Notice to: 27. Karnail Singh S/o Dal Singh S/o Jagjit Singh 28. Gurbag Singh S/o Davinder Singh S/o Dalip Singh both R/o Village chak Mahabadar (Jheendwala) Sri Muktsar Sahib
In above titled case the defendant(s)/respondent(s) could not be served. Publication is to be effected on or before 18.06.2025 It is ordered that defendant(s)/respondent(s) should appear in person or through counsel on **04.08.2025** at 10:00 A.M.
For details logon to https://highcourtchd.gov.in/?mod=district_notice&district=mogacourt
Dated this day of 20-05-2025
**Sd/- Additional Civil Judge Senior Division, Muktsar**

(U/o 5 Rule 20 CPC)
**In the Court of Hon'ble Garima Gupta Civil Judge (Junior Division), Amritsar**
CNR No. PBAS02-001867-2024
Next Date: 02.08.2025
CS/1185/2024 P INJ M INJ
Amrinder Singh S/o Balkar Singh R/o H.NO. 1227, Patti Sohan Di, VPO Verka, Distt. Amritsar
Versus
Renu Sharma & Ors.
Notice to: 2. Mihika Ramesh Samant W/o Ramesh Kumar Samant of Arran, D/o Anil Kumar Bakshi, R/o Village Verka, Distt. Amritsar 3. Anish S/o Prem Indu, R/o 69, Tirath Nagar, Verka, Distt. Amritsar 4. shashi Khanna W/o Kewal Kishore Khanna, D/o Niranjan Dass Bakshi, R/o Village Verka, Distt. Amritsar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.08.2025** at 10:00 A.M.
For details logon to https://highcourtchd.gov.in/?mod=district_notice&district=Amritsar
Dated, this day of 19-05-2025
**Sd/- Civil Judge (Junior Division), Amritsar**

(U/o 5 Rule 20 CPC)
**In the Court of Sh. Pankaj Verma Additional Civil Judge ( Senior Division). Tarn Taran**
**Next Date, Purpose of Case, Orders and Judgments as well as other case information is available on http://districts.ecourts.gov.in**
CNR No. PBTT02-000497-2024
Next Date: 31.07.2025
Surmail Singh
Versus
Joginder Singh
Notice to: 1. Joginder Singh S/o Mangal Singh 2. Kuldeep Singh S/o Surinder Singh Both R/o Village Bale chak, Tehsil and District Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.**07.2025 at 10:00 A.M.
For details logon to https://highcourtchd.gov.in/?trs=district_notice&district=Tarn Taran
Dated, this day of 31-05-2025
**Sd/- Additional Civil Judge ( Senior Division). Tarn Taran**

(U/o 5 Rule 20 CPC)
**In the Court of Sh. Jatinder Pal Singh Khurmi District and Sessions Judge, Pathankot**
CNR No. PBPO01-002109-2025
Next Date: 07.07.2025
Davinder Singh
Versus
General Public
Petition under section 14 Rights of Persons with disabilities Act 2016 read with section 52 and 53 of mental Health Act
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.**07.2025 at 10:00 A.M.
For details logon to https://highcourtchd.gov.in/?mod=district_notice&district=Pathankot
Dated, this day of 17-06-2025
**Sd/- District and Sessions Judge, Pathankot**

(U/o 5 Rule 20 CPC)
**In the Court of Sh. Jatinder Pal Singh Khurmi District and Sessions Judge, Pathankot**
CNR No. PBPO01-002256-2025
Next Date: 05.08.2025
Narinder Singh
Versus
General Public
Petition under section 14 the Right of Persons with disabilities Act 2016 read with section 53 and 54 of mental Health Act
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **05.08.2025** at 10:00 A.M.
For details logon to https://highcourtchd.gov.in/?mod=district_notice&district=Pathankot
Dated, this day of 17-06-2025
**Sd/- District and Sessions Judge, Pathankot**

(U/o 5 Rule 20 CPC)
**In the Court of Ms. Neha Goel Civil Judge (Senior Division), Ferozepur**
CNR No. PBFZ02-001653-2025
Next Date: 04.07.2025
Succ/10/2025
Jagseer Singh
Versus
General Public
Application u/s 372 of Indian Succession Act
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 20-06-2025
**Sd/- Civil Judge (Senior Division), Ferozepur**

(U/o 5 Rule 20 CPC)
**In the Court of Ms. Ranjeet Kaur Additional Principal Judge Family Court, Dasuya**
CNR No. PBHOF2-000469-2024
Next Date: 04.08.2025
CIS NO: GW/39/2024
Balwinder Singh
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.08.2025** at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 15-05-2025
**Sd/- Additional Principal Judge Family Court, Dasuya**

(U/o 5 Rule 20 CPC)
**In the Court of Sh. Ajay Pal Singh Additional Civil Judge (Senior Division), Hoshiarpur**
CNR NO. PBHO02-000011-2025
Next Date: 29.07.2025
EXE/01/2025
Central Bank of India Branch office among other places at Hoshiarpur (Punjab) through its Manager.
Versus
1. M/s Monika Boutique, B 17 6000/74 Tagore Street, Prem Garh, Hoshiarpur (Punjab) 146001 through its Sole Proprietor, Mrs. Monika Bansal, W/o Amit Kumar Bansal, resident of Shanti Kunj, Arora Colony, Surya Enclave, Near Water Tank Kakkon Village, Hoshiarpur (Punjab) 146001. 2. Mrs. Monika Bansal W/o Amit Kumar Bansal, resident of Shanti Kunj, Arora Colony, Surya Enclave, Near Water Tank Kakkon Village, Hoshiarpur (Punjab) 146001. 3. Amit Kumar Bansal Son of Sh. Anand Kumar Bansal, resident of Shanti Kunj, Arora Colony, Surya Enclave, Near Water Tank Kakkon Village, Hoshiarpur (Punjab) 146001.
Notice to: 1. M/s Monika Boutique, B 17 6000/74 Tagore Street, Prem Garh, Hoshiarpur (Punjab) 146001 through its Sole Proprietor, Mrs. Monika Bansal, W/o Amit Kumar Bansal, resident of Shanti Kunj, Arora Colony, Surya Enclave, Near Water Tank Kakkon Village, Hoshiarpur (Punjab) 146001. 2. Mrs. Monika Bansal W/o Amit Kumar Bansal, resident of Shanti Kunj, Arora Colony, Surya Enclave, Near Water Tank Kakkon Village, Hoshiarpur (Punjab) 146001. 3. Amit Kumar Bansal Son of Sh. Anand Kumar Bansal, resident of Shanti Kunj, Arora Colony, Surya Enclave, Near Water Tank Kakkon Village, Hoshiarpur (Punjab) 146001.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**07.2025 at 10:00 A.M.
For details logon to https://highcourtchd.gov.in/?trs=district_ notice&district=Hoshiarpur
Dated, this day of 05-06-2025
**Sd/- Additional Civil Judge (Senior Division), Hoshiarpur**

## ਨਾਮ ਦੀ ਬਦਲੀ

ਮੈਂ, ਰਵਿੰਦਰ ਕੌਰ ਉਰਫ ਦਵਿੰਦਰ ਕੌਰ ਪਤਨੀ ਨਰਿੰਦਰ ਸਿੰਘ ਵਾਸੀ 31, ਨਿਊ ਮਾਡਲ ਟਾਊਨ ਫਿਰੋਜ਼ਪੁਰ ਸ਼ਹਿਰ ਨੇ ਆਪਣਾ ਨਾਮ ਰਵਿੰਦਰ ਕੌਰ ਉਰਫ ਦਵਿੰਦਰ ਕੋਰ ਤੋਂ ਬਦਲ ਕੇ ਦਵਿੰਦਰ ਕੌਰ ਰੱਖ ਲਿਆ ਹੈ।


## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਛੱਪੜ ਦੀ ਖਲਾਈ ਕਰਕੇ ਨਜਾਇਜ਼ ਕਬਜ਼ਾ ਕਰਨ ਦੇ ਲਗਾਏ ਦੋਸ਼



ਚੋਗਾਵਾਂ, 22 ਜੂਨ (ਸੁਬੇਗ ਸਿੰਘ ਸੋਨਾ)-ਬਲਾਕ ਚੋਗਾਵਾਂ ਅਧੀਨ ਆਉਂਦੇ ਸਰਹੱਦੀ ਪਿੰਡ ਬੱਚੀਵਿੰਡ ਵਿਖੇ ਪੰਚਾਇਤੀ ਛੱਪੜ ਦੀ ਖਿਲਾਈ ਨੂੰ ਲੈ ਕੇ ਪਿੰਡ ਦੇ ਕੁਝ ਵਿਅਕਤੀਆਂ ਵੱਲੋਂ ਨਜਾਇਜ਼ ਕਬਜ਼ਾ ਕਰਨ ਦੇ ਦੋਸ਼ ਲੱਗੇ ਹਨ। ਇਸ ਸਬੰਧੀ ਪਿੰਡ ਵਾਸੀ ਬਲਾਕ ਪ੍ਰਧਾਨ ਪ੍ਰਗਟ ਸਿੰਘ ਬੱਚੀਵਿੰਡ, ਜਗਤਾਰ ਸਿੰਘ ਮੈਂਬਰ, ਅਵਤਾਰ ਸਿੰਘ ਫੌਜੀ, ਸ਼ਰਨਪਾਲ ਸਿੰਘ, ਅਵਤਾਰ ਸਿੰਘ ਸਰਮੈਲ ਸਿੰਘ, ਜਤਿੰਦਰ ਸਿੰਘ ਮੁਖਤਾਰ ਸਿੰਘ ਨਿਹੰਗ ਜਰਨੈਲ ਸਿੰਘ ਫੌਜੀ ਗੁਰਲਾਲ ਸਿੰਘ ਮੈਂਬਰ ਗੁਰਪ੍ਰੀਤ ਸਿੰਘ ਮੈਂਬਰ ਸਤਬੀਰ ਸਿੰਘ ਆਦਿ ਪਿੰਡ ਵਾਸੀਆ ਨੇ ਦੋਸ਼ ਲਗਾਏ ਕਿ ਸਰਪੰਚ ਇੰਦਰਜੀਤ ਕੌਰ ਦੇ ਪਤੀ ਗੁਰਭੇਜ ਸਿੰਘ ਦੀ ਸ਼ਹਿ ਤੇ ਤੇਜਬੀਰ ਸਿੰਘ, ਸਾਹਿਬ ਸਿੰਘ,ਮੁਖਵਿੰਦਰ ਸਿੰਘ, ਹਰਜਿੰਦਰ ਸਿੰਘ,ਸੱਜਣ ਸਿੰਘ, ਮੰਗਲਜੀਤ ਸਿੰਘ ਛੱਪੜ ਤੇ ਨਜਾਇਜ਼ ਕਬਜ਼ਾ ਕਰ ਰਹੇ ਹਨ। ਜਿਸ ਦਾ ਅਸੀਂ ਸਖ਼ਤ ਸ਼ਬਦਾਂ ਵਿੱਚ ਵਿਰੋਧ ਕੀਤਾ। ਉਹਨਾਂ ਕਿਹਾ ਕਿ ਇਸ ਸਬੰਧੀ ਅਸੀਂ ਜ਼ਿਲ੍ਹੇ ਦੇ ਡੀਸੀ ਸਾਹਿਬ, ਏਡੀਸੀ, ਡੀਡੀਪੀਓ ਅੰਮ੍ਰਿਤਸਰ, ਬੀਡੀਓ ਚੁਗਾਵਾਂ ਨੂੰ ਲਿਖਤੀ ਸ਼ਿਕਾਇਤਾਂ ਵੀ ਦਿੱਤੀਆਂ। ਪਰ ਸਾਡੀ ਕਿਧਰੇ ਕੋਈ ਸੁਣਵਾਈ ਨਹੀਂ ਹੋਈ। ਉਨਾਂ ਕਿਹਾ ਕਿ ਪਿੰਡ ਦੀ ਪੰਚਾਇਤ ਨੇ ਉਹਨਾਂ ਨੂੰ ਭਰੋਸੇ ਵਿੱਚ ਲੈ ਕੇ ਛੱਪੜ ਦੀ ਖਲਾਈ ਕਰਵਾਈ ਜਾ ਰਹੀ ਹੈ। ਤੇ ਅੱਧੇ ਪਿੰਡ ਦਾ ਨਿਕਾਸੀ ਪਾਣੀ ਬੰਦ ਕਰ ਦਿੱਤਾ। ਤੇ ਪਿੰਡ ਦੇ ਲੋਕਾਂ ਵਿੱਚ ਜਿਸ ਦਾ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਛੱਪੜ ਤੇ ਨਜਾਇਜ਼ ਕਬਜ਼ਾ ਨਾ ਰੋਕਿਆ ਗਿਆ ਤਾਂ ਉਹ ਕਿਸਾਨ ਜਥੇਬੰਦੀ ਨੂੰ ਨਾਲ ਲੈ ਕੇ ਵੱਡਾ ਸੰਘਰਸ਼ ਕਰਨਗੇ। ਇਸ ਸਬੰਧੀ ਵਿਰੋਧੀ ਧਿਰ ਦੇ ਤੇਜਬੀਰ ਸਿੰਘ ਤੇ ਹੋਰਨਾਂ ਨੇ ਲੱਗੇ ਦੋਸ਼ਾਂ ਨੂੰ ਇਨਕਾਰ ਦੀਆਂ ਕਿਹਾ ਕਿ ਇਸ ਵਿੱਚ ਮੌਜੂਦਾ ਸਰਪੰਚ ਤੇ ਗੁਰਭੇਜ ਸਿੰਘ ਦਾ ਕੋਈ ਰੋਲ ਨਹੀਂ ਹੈ। ਇਹ ਸਾਡੀ ਪਿਤਾ ਪੁਰਖੀ ਮਾਲਕੀ ਜਮੀਨ ਹੈ। ਜਿਸ ਦੇ ਸਾਰੇ ਕਾਗਜ਼ਾਂ ਤੋਂ ਉਨ੍ਹਾਂ ਦੇ ਕੋਲ ਹਨ। ਉਹ ਕੋਈ ਨਜਾਇਜ਼ ਕਬਜ਼ਾ ਨਹੀਂ ਕਰ ਰਹੇ। ਇਸ ਸਬੰਧੀ ਕੱਕੜ ਚੌਂਕੀ ਨਾਲ ਸੰਪਰਕ ਕਰਨ ਤੇ ਉਨ੍ਹਾਂ ਕਿਹਾ ਕਿ ਦੋਵਾਂ ਧਿਰਾਂ ਦੀਆਂ ਦਰਖਾਸਤਾਂ ਆਈਆਂ ਹਨ ਛਾਣਬੀਣ ਜਾਰੀ ਹੈ।

# ਬਰੋਟਾ ਸਾਹਿਬ ਦੇ ਸਲਾਨਾ ਸਮਾਗਮ ਵਿੱਚ ਸ਼ਾਮਿਲ ਹੋਏ ਕੈਬਨਿਟ ਮੰਤਰੀ ਹਰਜੋਤ ਬੈਂਸ

ਸ੍ਰੀ ਕੀਰਤਪੁਰ ਸਾਹਿਬ 22 ਜੂਨ (ਬੀ ਐਸ ਰਾਣਾ) ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਿਹਾ ਕਿ ਗੁਰੂ ਸਹਿਬਾਨ ਦੀ ਚਰਨ ਛੋਹ ਪ੍ਰਾਪਤ ਧਰਤੀ ਦੀ ਸੇਵਾ ਦਾ ਮੌਕਾ ਮਿਲਿਆ ਹੈ, ਉਹ ਇਸ ਇਲਾਕੇ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀ ਰਹਿਣ ਦੇਣਗੇ। ਪੰਜਾਬ ਸਰਕਾਰ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਵਿਕਾਸ ਲਈ ਕਰੋੜਾ ਰੁਪਏ ਖਰਚ ਕਰ ਰਹੀ ਹੈ। ਜਿਸ ਨਾਲ ਇਸ ਇਲਾਕੇ ਦੀ ਨੁਹਾਰ ਬਦਲ ਜਾਵੇਗੀ। ਇਹ ਪ੍ਰਗਟਾਵਾ ਅੱਜ ਇੱਥੇ ਨੇੜਲੇ ਪਿੰਡ ਭਗਵਾਲਾ ਦੇ ਇਤਿਹਾਸਕ ਗੁਰਦੁਆਰਾ ਬਰੋਟਾ ਸਾਹਿਬ ਪਾਤਸ਼ਾਹੀ ਛੇਵੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਸਲਾਨਾ ਜੋੜ ਮੇਲੇ ਦੇ ਸਮਾਗਮਾਂ ਵਿੱਚ ਵਿਸੇਸ਼ ਤੌਰ ਤੇ ਸਮੂਲੀਅਤ ਕਰਨ ਪਹੁੰਚੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਗੁਰਬਾਣੀ ਨੇ ਸਮੁੱਚੀ ਲੋਕਾਈ ਨੂੰ ਮਾਨਵਤਾ ਦੀ ਭਲਾਈ ਦਾ ਮਾਰਗ ਦਿਖਾਇਆ ਹੈ। ਇਸ ਮੋਕੇ ਪਿੰਡ ਵਾਸੀਆਂ ਵੱਲੋਂ ਕੈਬਨਿਟ ਮੰਤਰੀ ਹਰਜੋਤ ਬੈਂਸ ਦਾ ਵਿਸੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਅਖੰਡ ਪਾਠ ਸਾਹਿਬ ਦੀ ਸੰਪੂਰਨਾ ਦੇ ਭੋਗ ਪਾਏ ਗਏ ਤੇ ਰਾਗੀਆ ਵੱਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਇਸ ਮੌਕੇ ਗੁਰੂ ਸਾਹਿਬ ਦੇ ਜੀਵਨ ਨਾਲ ਜੁੜੇ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਤੇ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ, ਸਮਾਗਮ ਦੌਰਾਨ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਿਆ।

ਇਸ ਮੌਕੇ ਕਮਿੱਕਰ ਸਿੰਘ ਡਾਢੀ, ਸਰਬਜੀਤ ਸਿੰਘ ਭਟੋਲੀ, ਜੋਗਿੰਦਰ ਸਿੰਘ ਕੌਂਸਲਰ, ਕਸ਼ਮੀਰਾ ਸਿੰਘ ਸਾਬਕਾ ਸਰਪੰਚ, ਜਗਤਾਰ ਸੈਣੀ ਸਾਬਕਾ ਪੰਚ, ਕਮਲ ਚੰਦ, ਜਰਨੈਲ ਸਿੰਘ, ਜਸਵੀਰ ਸਿੰਘ ਰਾਣਾ, ਤਰਲੋਚਨ ਸਿੰਘ ਪ੍ਰਧਾਨ ਟਰੱਕ ਯੂਨੀਅਨ, ਗਫੂਰ ਮੁਹੰਮਦ, ਗੁਰਮੀਤ ਸਿੰਘ ਟੀਨਾ,ਯੋਗਰਾਜ ਯੋਗੀ, ਚਰਨਜ਼ੀਤ ਸਿੰਘ, ਰਾਮ ਲੋਕ, ਗੁਰਮੀਤ ਸਿੰਘ, ਕਰਨੈਲ ਸਿੰਘ, ਚਿਰੰਜੀ ਲਾਲ ਲੁਬਾਣਾ, ਬਲਵੀਰ ਸਿੰਘ ਕਥਾ ਵਾਚਕ, ਕੁਲਵੰਤ ਸਿੰਘ, ਸੁਨੀਲ ਦੱਤ ਦਿਵੇਦੀ ਆਦਿ ਹਾਜ਼ਰ ਸਨ।

# ਪਿੰਡ ਫ਼ਿਰੋਜ਼ਪੁਰ ਦੇ ਨੌਜਵਾਨ ਹਰਮਨਦੀਪ ਸਿੰਘ ਨੇ ਕਨੇਡਾ ਪੁਲਿਸ ਵਿੱਚ ਭਰਤੀ ਹੋ ਕੇ ਵਧਾਇਆ ਜ਼ਿਲ੍ਹੇ ਦਾ ਮਾਣ

ਫਤਿਹਗੜ੍ਹ ਸਾਹਿਬ, 22 ਜੂਨ (ਹਰਪ੍ਰੀਤ ਕੌਰ ਟਿਵਾਣਾ) ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਫ਼ਿਰੋਜ਼ਪੁਰ ਦੇ ਨੌਜਵਾਨ ਹਰਮਨਦੀਪ ਸਿੰਘ ਨੇ ਕਨੇਡਾ ਦੀ ਧਰਤੀ ਤੇ ਜਾ ਕੇ ਜਿਲ੍ਹੇ ਦਾ ਨਾਮ ਰੁਸ਼ਨਾਇਆ ਹੈ।

ਪੰਜਾਬ ਪੁਲਿਸ ਵਿੱਚ ਸੇਵਾਵਾਂ ਨਿਭਾ ਰਹੇ ਹਰਮਨਦੀਪ ਸਿੰਘ ਦੇ ਪਿਤਾ ਓਕਾਰ ਸਿੰਘ ਨੇ ਦੱਸਿਆ ਕਿ ਹਰਮਨਦੀਪ ਸਿੰਘ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਸੀਨੀਅਰ ਸੈਕੰਡਰੀ ਸਕੂਲ ਫਤਿਹਗੜ੍ਹ ਸਾਹਿਬ ਤੋਂ 10+2 ਨਾਨ ਮੈਡੀਕਲ ਦੀ ਪੜ੍ਹਾਈ ਕਰਕੇ ਆਪਣੀ ਅਗਲੇਰੀ ਪੜ੍ਹਾਈ ਕਰਨ ਲਈ 2016 ਵਿੱਚ ਕਨੇਡਾ ਗਿਆ ਸੀ ਤੇ ਦੋ ਸਾਲ ਦੀ ਸਟਡੀ ਪੂਰੀ ਕਰਕੇ ਤਿੰਨ ਸਾਲ ਦਾ ਵਰਕ ਪਰਮਿਟ ਲੈਂਦਿਆਂ ਹੋਇਆਂ ਸਖਤ ਮਿਹਨਤ ਕੀਤੀ ਤੇ ਫਿਰ ਉਸ ਵਲੋਂ ਸਖਤ ਮਿਹਨਤ ਕਰਦਿਆਂ ਹੋਇਆਂ ਕਨੇਡਾ ਦੀ ਓੰਟਾਰੀਓ ਸਟੇਟ ਦੀ ਬਰਮਟਨ ਸ਼ਹਿਰ ਵਿੱਚ ਰਹਿੰਦਿਆਂ ਹੋਇਆਂ 2020 ਕਨੇਡਾ ਦੀ ਨਾਗਰਿਕਤਾ ਪ੍ਰਾਪਤ ਕੀਤੀ। ਉਹਨਾਂ ਦੱਸਿਆ ਕਿ ਹਰਮਨਦੀਪ ਸਿੰਘ 2021 ਵਿੱਚ ਤਿੰਨ ਮਹੀਨਿਆਂ ਲਈ ਪੰਜਾਬ ਆਇਆ ਤੇ ਪਰਿਵਾਰ ਨੂੰ ਮਿਲ ਕੇ ਦੁਬਾਰਾ ਫਿਰ ਕਨੇਡਾ ਵਾਪਸ ਗਿਆ। ਓਕਾਰ ਸਿੰਘ ਨੇ ਦੱਸਿਆ ਕਿ ਦੇ ਬੇਟੇ ਹਰਮਨਦੀਪ ਸਿੰਘ ਨੇ ਕੈਨੇਡਾ ਦੀ ਪੁਲਿਸ ਵਿੱਚ ਵਿੱਚ ਸਾਰਜੈਂਟ ਵਜੋਂ ਭਰਤੀ ਹੋ ਕੇ ਜ਼ਿਲਾ ਫਤਿਹਗੜ੍ਹ ਸਾਹਿਬ ਦਾ ਨਾਮ ਰੁਸ਼ਨਾਇਆ ਹੈ।

ਦੱਸ ਦਈਏ ਕਿ ਹਰਮਨਦੀਪ ਸਿੰਘ ਦੇ ਦਾਦਾ ਜੀ ਸ. ਰਜਿੰਦਰ ਸਿੰਘ ਪੰਜਾਬ ਪੁਲਿਸ ਵਿੱਚ ਰਿਟਾਇਰਮੈਂਟ ਹੋ ਕੇ ਚੁੱਕੇ ਹਨ ਤੇ ਪਿਤਾ ਓਕਾਰ ਸਿੰਘ ਪੰਜਾਬ ਪੁਲਿਸ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

# ਆਸ਼ੀਰਵਾਦ ਸਕੀਮ ਦੇ 2968 ਲਾਭਪਾਤਰੀਆਂ ਨੂੰ 15.13 ਕਰੋੜ ਦੀ ਵਿੱਤੀ ਸਹਾਇਤਾ ਦਿੱਤੀ: ਡਾ. ਸੋਨਾ ਥਿੰਦ

ਫ਼ਤਹਿਗੜ੍ਹ ਸਾਹਿਬ. 22 ਜੂਨ – (ਹਰਪ੍ਰੀਤ ਕੌਰ ਟਿਵਾਣਾ) ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ, ਈਸਾਈ ਬਰਾਦਰੀ, ਪੱਛੜੀਆਂ ਸ਼ ?ਰੇਣੀਆਂ ਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਮੌਕੇ ਦਿੱਤੀ ਜਾਣ ਵਾਲੀ ਆਸ਼ੀਰਵਾਦ ਸਕੀਮ ਅਧੀਨ 51,000/-ਰੁਪਏ ਦੀ ਵਿੱਤੀ ਸਹਾਇਤਾ ਸਕੀਮ ਜ਼ਿਲ੍ਹੇ ਦੇ ਲਾਭਪਾਤਰੀਆਂ ਲਈ ਕਾਫੀ ਲਾਭਦਾਇਕ ਸਿੱਧ ਹੋ ਰਹੀ ਹੈ ਅਤੇ ਹੁਣ ਤੱਕ ਆਸ਼ੀਰਵਾਦ ਸਕੀਮ ਤਹਿਤ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ 2968 ਲਾਭਪਾਤਰੀਆਂ ਨੂੰ 15 ਕਰੋੜ 13 ਲੱਖ 68 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਸਕੀਮ ਅਧੀਨ ਅਨੁਸੂਚਿਤ ਜਾਤੀ ਨਾਲ ਸਬੰਧਤ



1989 ਲਾਭਪਾਤਰੀਆਂ ਨੂੰ 10 ਕਰੋੜ 14 ਲੱਖ 39 ਹਜਾਰ ਅਤੇ ਪੱਛੜੀਆਂ ਸ਼ ?ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜੋਰ ਵਰਗ ਨਾਲ ਸਬੰਧਤ 979 ਲਾਭਪਾਤਰੀਆਂ ਨੂੰ 4 ਕਰੋੜ 99 ਲੱਖ 29 ਹਜਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਡੀ.ਸੀ ਡਾ. ਸੋਨਾ ਥਿੰਦ ਨੇ ਦੱਸਿਆ ਕਿ ਆਸ਼ੀਰਵਾਦ ਸਕੀਮ ਅਧੀਨ ਅਨੁਸੂਚਿਤ ਜਾਤੀਆਂ, ਈਸਾਈ ਬਰਾਦਰੀ, ਪੱਛੜੀਆਂ ਸ਼ ?ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਅਤੇ ਅਨੁਸੂਚਿਤ ਜਾਤੀ ਦੀਆਂ ਵਿਧਵਾਵਾਂ ਤੇ ਤਲਾਕਸ਼ੁਦਾ ਔਰਤਾਂ ਨੂੰ, ਉਨ੍ਹਾਂ ਦੇ ਮੁੜ ਵਿਆਹ ਸਮੇਂ 51,000/- ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਆਸ਼ੀਰਵਾਦ ਸਕੀਮ ਅਧੀਨ ਦਿੱਤੀ ਜਾਣ ਵਾਲੀ ਰਾਸ਼ੀ ਡੀ.ਬੀ.ਟੀ. ਪ੍ਰਣਾਲੀ ਰਾਹੀਂ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਕੀਮ ਅਧੀਨ ਫਰਵਰੀ 2025 ਤੱਕ ਅਦਾਇਗੀ ਕੀਤੀ ਜਾ ਚੁੱਕੀ ਹੈ ਤੇ ਵਿਭਾਗ ਕੋਲ ਬਕਾਇਆ ਕੇਸਾਂ ਵਿੱਚ ਅਗਲੇਰੀ ਕਾਰਵਾਈ ਪ੍ਰਗਤੀ ਅਧੀਨ ਹੈ।

# ਐਸ.ਪੀ.ਐਨ.ਕਾਲਜ,ਮੁਕੇਰੀਆਂ ਨੇ ਸੈਸ਼ਨ 2025-26 ਲਈ ਪ੍ਰਾਸਪੈਕਟਸ ਜਾਰੀ ਕੀਤਾ

ਮੁਕੇਰੀਆਂ,22 ਜੂਨ ( ਧਰਮ ਚੰਦ)ਐਸ.ਪੀ.ਐਨ. ਕਾਲਜ, ਮੁਕੇਰੀਆਂ ਵਿਖੇ ਆਉਣ ਵਾਲੇ ਅਕਾਦਮਿਕ ਸੈਸ਼ਨ 2025–26 ਲਈ ਦਾਖਲਾ ਪ੍ਰਾਸਪੈਕਟਸ ਜਾਰੀ ਕੀਤਾ ਗਿਆ। ਇਸ ਮੌਕੇ 'ਤੇ, ਕਾਲਜ ਪ੍ਰਬੰਧਨ ਕਮੇਟੀ ਦੇ ਸਕੱਤਰ, ਸ਼੍ਰੀ ਸੰਜੀਵ ਆਨੰਦ ਅਤੇ ਆਡੀਟਰ ਡਾ. ਰਾਜੇਸ਼ ਲਖਨਪਾਲ ਜੀ ਨੇ ਵਿਸ਼ੇਸ਼ ਰੂਪ ਵਿੱਚ ਸ਼ਿਰਕਤ ਕਰਦਿਆਂ ਇਸ ਪ੍ਰੋਗਰਾਮ ਦੀ ਸ਼ੋਭਾ ਵਧਾਈ। ਕਾਲਜ ਦੇ ਪ੍ਰਿੰਸੀਪਲ, ਡਾ. ਸਮੀਰ ਸ਼ਰਮਾ ਜੀ ਨੇ ਦਾਖਲਾ ਪ੍ਰਕਿਰਿਆ, ਕੋਰਸਾਂ ਦੀ ਵਿਭਿੰਨਤਾ, ਵਿੱਤੀ ਰਿਆਇਤਾਂ ਅਤੇ ਸਕਾਲਰਸ਼ਿਪ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਾਲਜ ਅੰਡਰਗ੍ਰੈਜੂਏਟ (ਯੂ.ਜੀ.) ਅਤੇ ਪੋਸਟ ਗ੍ਰੈਜੂਏਟ (ਪੀ.ਜੀ.) ਪੱਧਰ 'ਤੇ ਮਿਆਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ, ਜਿਸ ਵਿੱਚ ਨਵੀਨ ਪਾਠਕ੍ਰਮ ਅਧਾਰਿਤ ਕੋਰਸ, ਕਿੱਤਾਮੁਖੀ ਹੁਨਰ ਅਤੇ ਕਰੀਅਰ-ਮੁਖੀ ਗਤੀਵਿਧੀਆਂ ਸ਼ਾਮਲ ਹਨ। ਐਸ.ਪੀ.ਐਨ. ਕਾਲਜ ਨੇ ਪਿਛਲੇ ਸਾਲਾਂ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀਆਂ ਮੈਰਿਟ ਸੂਚੀਆਂ ਵਿੱਚ ਕਈ ਸਥਾਨ ਪ੍ਰਾਪਤ ਕਰਕੇ ਖੇਤਰ ਵਿੱਚ ਆਪਣੀ ਅਕਾਦਮਿਕ ਉੱਤਮਤਾ ਸਾਬਤ ਕੀਤੀ ਹੈ। ਕਾਲਜ ਵਿੱਚ ਆਧੁਨਿਕ ਪ੍ਰਯੋਗਸ਼ਾਲਾਵਾਂ, ਆਧੁਨਿਕ ਪੱਧਰ ਦੀ ਵਿਸ਼ਾਲ ਲਾਇਬ੍ਰੇਰੀ, ਸਮਾਰਟ ਕਲਾਸਰੂਮ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੰਮ ਕਰਨ ਵਾਲੇ ਤਜਰਬੇਕਾਰ ਅਤੇ ਸਮਰਪਿਤ ਫੈਕਲਟੀ ਮੈਂਬਰ ਹਨ। ਇਸ ਮੌਕੇ ਕਾਲਜ ਦੇ ਬਰਸਰ ਡਾ. ਅਰੁਣ ਕੁਮਾਰ, ਪ੍ਰਾਸਪੈਕਟਸ ਇੰਚਾਰਜ ਪ੍ਰੋ. ਨਾਰਾਇਣ ਸਿੰਘ ਅਤੇ ਪ੍ਰੋ. ਨਿਧੀ ਸੂਦ ਵੀ ਮੌਜੂਦ ਸਨ। ਉਨ੍ਹਾਂ ਇਹ ਵੀ ਕਿਹਾ ਕਿ ਦਾਖਲਾ ਸੈਸ਼ਨ 2025–26 ਲਈ ਦਾਖਲਾ ਪ੍ਰਕਿਰਿਆ ਸ਼ੁਰੂ ਹੋ ਗਈ ਹੈ।

# ਸਮੁੱਚੇ ਸੰਸਾਰ ਦੇ ਦੇਸ਼ਾਂ ਦਾ ਜੰਗ ਦੇ ਅਖਾੜੇ ਵੱਲ ਵੱਧਣਾ ਅਤਿ ਮੰਦਭਾਗਾ: ਬਾਬਾ ਬਲਬੀਰ ਸਿੰਘ 96 ਕਰੋੜੀ

ਸ੍ਰੀ ਦਮਦਮਾ ਸਾਹਿਬ,22 ਜੂਨ: (ਚ.ਨ.ਸ) ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਜੰਗ ਸਬੰਧੀ ਬੋਲਦਿਆਂ ਕਿਹਾ ਕਿ ਸਮੁੱਚੇ ਸੰਸਾਰ ਦੇ ਦੇਸ਼ ਜੰਗ ਦੇ ਅਖਾੜੇ ਵੱਲ ਵੱਧ ਰਹੇ ਹਨ। ਇਸ ਨਾਲ ਵਿਕਾਸ ਖ਼ਤਮ ਤੇ ਮਨੁੱਖਤਾ ਨੂੰ ਵੀ ਭਾਰੀ ਖਤਰਾ ਬਣੇਗਾ।

ਇਰਾਨ-ਇਜ਼ਰਾਇਲ ਦੀ ਜੰਗ ਦਿਨੋਂ ਦਿਨ ਤਬਾਹੀ ਵੱਲ ਵੱਧ ਰਹੀ ਹੈ। ਰੂਸ-ਯੂਕ੍ਰੇਨ ਪਹਿਲਾਂ ਯੁੱਧ ਖੇਤਰ ਵਿੱਚ ਭਿੜ ਰਹੇ ਹਨ। ਮੱਧ ਪੂਰਬ 'ਚ ਲੱਖਾਂ ਹੀ ਭਾਰਤੀ ਨਾਗਰਿਕ ਆਪਣੇ ਰੋਜ਼ਗਾਰ ਲਈ ਗਏ ਹੋਏ ਹਨ। ਇਨ੍ਹਾਂ ਤੋਂ ਇਲਾਵਾ ਲੱਖਾਂ ਹੀ ਭਾਰਤੀ ਵਿਦਿਆਰਥੀ ਇਨ੍ਹਾਂ ਦੇਸ਼ਾਂ 'ਚ ਮੈਡੀਕਲ ਤੇ ਹੋਰ ਵਿਸ਼ਿਆਂ ਦੀ ਪੜ੍ਹਾਈ ਕਰ ਰਹੇ ਹਨ। ਭਾਰਤ ਸਰਕਾਰ ਵੱਲੋਂ 110 ਵਿਦਿਆਰਥੀਆਂ ਨੂੰ ਦਿੱਲੀ ਲਿਆਂਦਾ ਗਿਆ ਹੈ। ਬਾਕੀ ਰਹਿੰਦੇ ਵਿਦਿਆਰਥੀਆਂ ਨੂੰ ਵੀ ਉਹ ਈਰਾਨ ਦੇ ਗੁਆਂਢੀ ਦੇਸ਼ ਅਰਮੇਨੀਆ ਅਤੇ ਤੁਰਕਮੇਨਿਸਤਾਨ ਰਾਹੀਂ ਲਿਆਉਣ ਦੇ ਯਤਨ 'ਚ ਹੈ। ਉਨ੍ਹਾਂ ਕਿਹਾ ਦੋਵੇਂ ਦੇਸ਼ ਇਕ ਦੂਸਰੇ 'ਤੇ ਲਗਾਤਾਰ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਭਾਰੀ ਹਮਲੇ ਕਰ ਰਹੇ ਹਨ। ਇਜ਼ਰਾਈਲ ਵੱਲੋਂ ਈਰਾਨ ਦੇ ਪ੍ਰਮਾਣੂ ਪਲਾਂਟਾਂ ਤੇ ਸੈਨਿਕ ਟਿਕਾਇਣਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬਾਬਾ ਬਲਬੀਰ ਸਿੰਘ ਨੇ ਕਿਹਾ ਇਹ ਯਕੀਨੀ ਹੈ ਕਿ ਜੇਕਰ ਕੌਮਾਂਤਰੀ ਪੱਧਰ 'ਤੇ ਸਾਰਥਕ ਯਤਨ ਨਾਲ ਇਸ ਲੜਾਈ ਨੂੰ ਨਾ ਰੋਕਿਆ ਗਿਆ ਤਾਂ ਵੱਡੀ ਪੱਧਰ 'ਤੇ ਤਬਾਹੀ ਹੀ ਤਬਾਹੀ ਨਜ਼ਰ ਆਵੇਗੀ। ਉਨ੍ਹਾਂ ਕਿਹਾ ਸਾਊਦੀ ਅਰਬ, ਕੁਵੈਤ, ਬਹਿਰੀਨ, ਜਾਰਡਨ ਅਤੇ ਸੰਯੁਕਤ ਅਰਬ ਅਮੀਰਾਤ ਦੇਸ਼ ਲਗਾਤਾਰ ਅਮਰੀਕਾ ਨੂੰ ਇਜ਼ਰਾਈਲ ਦਾ ਸਾਥ ਦੇਣ ਦੀ ਗੁਹਾਰ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਮੀਡੀਆ ਰਾਹੀਂ ਖਬਰਾਂ ਮਿਲ ਰਹੀਆਂ ਹਨ ਕਿ ਇਰਾਕ ਵਿੱਚ ਅਮਰੀਕਾ ਨੇ ਆਪਣੇ ਹਵਾਈ ਟਿਕਾਣੇ ਬਣਾਏ ਹੋਏ ਹਨ। ਨਾਲ ਲੱਗਦੇ ਸਾਰੇ ਹੀ ਦੇਸ਼ਾਂ ਵਿਚ ਅਮਰੀਕੀ ਫੌਜ ਤਾਇਨਾਤ ਹੈ। ਇਨ੍ਹਾਂ ਦੇਸ਼ਾਂ ਦੇ ਸਮੁੰਦਰਾਂ 'ਚ ਵੀ ਅਮਰੀਕੀ ਬੇੜੇ ਸ ।ਰਗਰਮ ਹਨ। ਜਰਮਨ ਨੇ ਵੀ ਇਜ਼ਰਾਈਲ ਨੂੰ ਤੇ ਦੂਜੇ ਪਾਸੇ ਚੀਨ ਅਤੇ ਰੂਸ ਨੇ ਈਰਾਨ ਨੂੰ ਮੋਢਾ ਦਿੱਤਾ ਹੈ। ਇਜ਼ਰਾਈਲ ਨੇ ਈਰਾਨ ਤੋਂ ਪ੍ਰਮਾਣੂ ਖਤਰਾ ਭਾਂਪਦਿਆਂ ਉਸ ਦੇ ਫੌਜੀ ਤੇ ਪ੍ਰਮਾਣੂ ਟਿਕਾਨਿਆਂ ਦੇ ਨਾਲ-ਨਾਲ ਵੱਡੇ ਅਧਿਕਾਰੀਆਂ ਅਤੇ ਪ੍ਰਮਾਣੂ ਟਿਕਾਨਿਆਂ ਦੇ ਨਾਲ-ਨਾਲ ਵੱਡੇ ਅਧਿਕਾਰੀਆਂ ਅਤੇ ਪ੍ਰਮਾਣੂ ਵਿਗਿਆਨੀਆਂ ਨੂੰ ਮਿਜ਼ਾਈਲਾ ਨਾਲ ਨਿਸ਼ਾਨਾ ਬਣਾਇਆ ਅਤੇ ਮਿਜ਼ਾਇਲਾਂ ਨਾਲ ਨਿਸ਼ਾਨਾ ਬਣਾਇਆ ਅਤੇ ਮਿਜ਼ਾਇਲ ਹਮਲਿਆਂ ਨਾਲ ਉਨ੍ਹਾਂ ਨੂੰ ਖਤਮ ਕਰ ਦਿੱਤਾ। ਦੋਹਾਂ ਦੇਸ਼ਾਂ 'ਚ ਇਹ ਲੜਾਈ ਹਵਾ ਵਿਚ ਲੜੀ ਜਾ ਰਹੀ ਹੈ।

# ਲੁਟੇਰਿਆਂ ਨੇ ਗਹਿਣਿਆਂ ਦੀ ਦੁਕਾਨ ਤੋਂ ਲੱਖਾਂ ਡਾਲਰਾਂ ਦਾ ਸੋਨਾ ਕੀਤਾ ਚੋਰੀ, 4 ਗ੍ਰਿਫ਼ਤਾਰ

ਸਾਨ ਫਰਾਂਸਿਸਕੋ/ਸੈਕਰਾਮੈਂਟੋ,22 ਜੂਨ: (ਚ.ਨ.ਸ) ਕੱਲ੍ਹ-ਬੇ-ਏਰੀਆ 'ਚ ਪੈਂਦੇ ਫਰੀਮਾਂਟ ਸ਼ਹਿਰ 'ਚ ਪੰਜਾਬੀਆਂ ਦੀ ਇੱਕ ਗਹਿਣਿਆਂ ਦੀ ਦੁਕਾਨ 'ਕੁਮਾਰ ਜਿਊਲਰਸ' ਦੀ ਬੁਰੀ ਤਰ੍ਹਾਂ ਭੰਨਤੋੜ ਤੋਂ ਬਾਅਦ ਲੁੱਟ ਲਈ ਗਈ। ਘਟਨਾ ਸ਼ਾਮ ਸਾਢੇ ਕੁ ਪੰਜ ਵਜੇ ਦੇ ਕਰੀਬ ਵਾਪਰੀ ਦੱਸੀ ਜਾ ਰਹੀ ਹੈ। ਕੁਮਾਰ ਜਿਊਲਰਸ ਜੋ ਤਿੰਨ ਦਹਾਕਿਆਂ ਤੋਂ ਇਸ ਸਟੋਰ ਸਮੇਤ ਹੋਰ ਵੀ ਗਹਿਣਿਆਂ ਦੇ ਸਟੋਰ ਚਲਾਉਂਦਾ ਹੈ ਇਸ ਲੁੱਟ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਕੁਝ ਸਾਲ ਪਹਿਲਾਂ ਵੀ ਇਸੇ ਸਟੋਰ 'ਤੇ ਅਜਿਹੀ ਹੀ ਲੁੱਟ ਨੂੰ ਅੰਜਾਮ ਦਿੱਤਾ ਗਿਆ ਸੀ। ਫਰੀਮਾਂਟ ਪੁਲਿਸ ਦੇ ਅਨੁਸਾਰ, ਸ਼ੱਕੀਆਂ ਦੇ ਇਕ ਗਰੋਹ,ਜਿਸ ਵਿੱਚ ਇੱਕ ਦਰਜਨ ਤੋਂ ਵੱਧ ਲੋਕਾਂ ਦੇ ਸ਼ਾਮਿਲ ਹੋਣ ਦੀ ਖਬਰ ਹੈ,ਨੇ ਸਟੋਰਫਰੰਟ ਵਿਚ ਦਾਖਲ ਹੋਣ ਲਈ ਇੱਕ ਕਾਰ ਦੀ ਵਰਤੋਂ ਕਰਕੇ ਸਟੋਰ ਨੂੰ ਲੁੱਟਿਆ। ਇਕ ਵਾਰ ਅੰਦਰ ਜਾਣ ਤੋਂ ਬਾਅਦ,ਗਰੋਹ ਨੇ ਡਿਸਪਲੇਅ ਕੇਸਾਂ ਨੂੰ ਤੋੜਨਾ ਸ਼ੁਰੂ ਕੀਤਾ ਤੇ ਸਾਰਾ ਸੋਨਾ ਚੋਰੀ ਕਰ ਲਿਆ,ਜਿਨ੍ਹਾਂ ਦੀ ਕੀਮਤ ਲੱਖਾਂ ਡਾਲਰ ਲਗਾਈ ਜਾ ਰਹੀ ਹੈ। ਸਟੋਰ ਮਾਲਕ ਅਨੁਸਾਰ ਘਟਨਾ ਸਮੇਂ ਕਰਮਚਾਰੀ ਤੇ ਕੁਝ ਹੋਰ ਲੋਕ ਵੀ ਸਟੋਰ ਦੇ ਅੰਦਰ ਸਨ। ਅਧਿਕਾਰੀਆਂ ਨੇ ਸ਼ੱਕੀ ਵਾਹਨਾਂ ਵਿਚੋਂ ਇੱਕ ਨੂੰ ਬਰਾਮਦ ਕਰ ਲਿਆ ਤੇ ਚਾਰ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ।

# ਪਿੰਡ ਉਪੱਰਲੀ ਦਬੂੜ ਜੰਗਲੀ ਰਕਬੇ ਅਤੇ ਖੇਤਾਂ ਵਿੱਚੋਂ ਲੱਕੜ ਦੇ ਠੇਕੇਦਾਰਾਂ ਵੱਲੋਂ ਅੰਨੇਵਾਹ ਕੀਤੀ ਜਾ ਰਹੀ ਹੈ ਦਰਖਤਾਂ ਦੀ ਕਟਾਈ

ਸ੍ਰੀ ਕੀਰਤਪੁਰ ਸਾਹਿਬ 22 ਜੂਨ (ਬੀ ਐਸ ਰਾਣਾ) ਜੰਗਲਾਤ ਵਿਭਾਗ ਪੰਜਾਬ ਵੱਲੋਂ ਹਰ ਸਾਲ 15 ਅਪ੍ਰੈਲ ਤੋਂ ਲੈ ਕੇ 15 ਜੁਲਾਈ ਤੱਕ ਫਾਇਰ ਸੀਜਨ ਘੋਸ਼ਿਤ ਕੀਤਾ ਜਾਂਦਾ ਹੈ, ਇਸ ਫਾਇਰ ਸੀਜ਼ਨ ਦੌਰਾਨ ਦਰੱਖਤਾਂ ਦੀ ਕਟਾਈ ਉੱਪਰ ਪਾਬੰਦੀ ਲਗਾਈ ਜਾਂਦੀ ਹੈ, ਕਿਉਂਕਿ ਅੱਤ ਦੀ ਗਰਮੀ ਵਿੱਚ ਜੰਗਲਾਂ ਨੂੰ ਹਰ ਸਮੇਂ ਅੱਗ ਲੱਗਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਫਾਇਰ ਸੀਜਨ ਵਿੱਚ ਜੰਗਲਾਤ ਵਿਭਾਗ ਕਿਸੇ ਵੀ ਵਿਅਕਤੀ ਨੂੰ ਦਰੱਖਤ ਕੱਟਣ ਲਈ ਕੋਈ ਪਰਮਿਟ ਜਾਰੀ ਨਹੀਂ ਕਰਦਾ ਹੈ ਪਰ ਇਸ ਦੇ ਬਾਵਜੂਦ ਚੰਗਰ ਇਲਾਕੇ ਦੇ ਪਿੰਡ ਉੱਪਰਲੀ ਦਬੂੜ ਵਿਖੇ ਅੱਧੀ ਦਰਜਨ ਦੇ ਕਰੀਬ ਠੇਕੇਦਾਰਾਂ ਵੱਲੋਂ ਮਿਲੀ ਭੁਗਤ ਨਾਲ ਪਿਛਲੇ ਦੋ ਹਫਤਿਆਂ ਤੋਂ ਜੰਗਲੀ ਰਕਬੇ ਅਤੇ ਖੇਤਾਂ ਵਿੱਚ ਖੜੇ ਦਰਖਤਾਂ ਦੀ ਅੰਨੇ ਵਾਹ ਕਟਾਈ ਕਰਕੇ ਹੁਣ ਤੱਕ ਸੈਂਕੜਿਆਂ ਦੀ ਤਾਦਾਦ ਵਿੱਚ ਦਰਖਤਾਂ ਦਾ ਧਰਤੀ ਤੋਂ ਨਾਮੋਨਿਸ਼ਾਨ ਮਿਟਾ ਦਿੱਤਾ ਗਿਆ ਹੈ। ਇਸ ਸਬੰਧੀ ਭਰੋਸੇਯੋਗ ਸੂਤਰਾਂ ਨੇ ਬੀਤੇ ਦਿਨ ਪੱਤਰਕਾਰਾਂ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਕਿ ਪਿੰਡ ਉੱਰਲੀ ਦਬੂੜ ਵਿਖੇ ਪਿਛਲੇ ਕਰੀਬ ਦੋ ਹਫਤਿਆਂ ਤੋਂ ਅੱਧੀ ਦਰਜਨ ਤੋਂ ਵੱਧ ਠੇਕੇਦਾਰਾਂ ਵੱਲੋਂ ਜੰਗਲੀ ਰਕਬੇ ਅਤੇ ਖੇਤਾਂ ਵਿੱਚ ਖੜੇ ਦਰਖਤਾਂ ਦੀ ਅੰਨੇਵਾਹ ਕਟਾਈ ਕੀਤੀ ਜਾ ਰਹੀ ਹੈ, ਅਤੇ ਕਟਾਈ ਕੀਤੇ ਦਰਖਤਾਂ ਦੀ ਲੱਕੜ ਨੂੰ ਟਰੈਕਟਰ ਟਰਾਲੀਆਂ ਜੀਪਾਂ ਵਿੱਚ ਭਰ ਕੇ ਵੇਚਣ ਲਈ ਪਟਿਆਲੇ ਅਤੇ ਬਲਾਚੌਰ ਭੇਜਿਆ ਜਾ ਰਿਹਾ ਹੈ। ਜਾਣਕਾਰੀ ਮਿਲਣ ਤੋਂ ਬਾਅਦ ਪੱਤਰਕਾਰ ਪਿੰਡ ਉੱਪਰਲੀ ਦਬੂੜ ਵਿਖੇ ਪਹੁੰਚੇ ਜਿੱਥੇ ਵੱਖ-ਵੱਖ ਥਾਵਾਂ ਤੇ ਸੈਂਕੜਿਆਂ ਦੀ ਤਾਦਾਦ ਵਿੱਚ ਦਰਖਤਾਂ ਨੂੰ ਕੱਟਿਆ ਹੋਇਆ ਸੀ। ਇਸ ਦੌਰਾਨ ਇੱਕ ਠੇਕੇਦਾਰ ਨੇ ਪੱਤਰਕਾਰਾਂ ਨੂੰ ਦੇਖ ਲਿਆ ਅਤੇ ਇਸ ਬਾਰੇ ਆਪਣੇ ਬਾਕੀ ਠੇਕੇਦਾਰਾਂ ਨੂੰ ਸੂਚਨਾ ਦੇ ਦਿੱਤੀ ਜਿਹੜੇ ਕਿ ਕਈ ਥਾਵਾਂ ਤੇ ਕੱਟੇ ਹੋਏ ਦਰਖਤਾਂ ਨੂੰ ਛੱਡ ਕੇ ਮੌਕੇ ਤੋਂ ਅੱਗੇ ਪਿੱਛੇ ਹੋ ਗਏ। ਇਸ ਦੌਰਾਨ ਇਕ ਠੇਕੇਦਾਰ ਨੇ ਕਿਹਾ ਕਿ ਉਹਨਾਂ ਵੱਲੋਂ ਜਮੀਨ ਮਾਲਕਾਂ ਤੋਂ ਇਹ ਬੂਟੇ ਮੁੱਲ ਖਰੀਦੇ ਹੋਏ ਹਨ ਅਤੇ ਜਿਨਾਂ ਖੇਤਾਂ ਅਤੇ ਜੰਗਲੀ ਰਕਬੇ ਵਿੱਚੋਂ ਉਹਨਾਂ ਵੱਲੋਂ ਦਰਖਤ ਕੱਟੇ ਗਏ ਹਨ ਉਹ ਜਮੀਨਾਂ ਦੇ ਖਸਰਾ ਨੰਬਰ ਜੰਗਲਾਤ ਵਿਭਾਗ ਦੀ ਦਫਾ ਚਾਰ ਪੰਜ ਅਧੀਨ ਬੰਦ ਨਹੀਂ ਹਨ। ਇਸ ਲਈ ਉਹ ਇਹ ਦਰਖਤ ਕੱਟ ਸਕਦੇ ਹਨ। ਹੋਰ ਪਾਸੇ ਵੀ ਚੱਲ ਰਹੀ ਹੈ ਦਰਖਤਾਂ ਦੀ ਕਟਾਈ- ਭਰੋਸੇਯੋਗ ਸੂਤਰਾਂ ਨੇ ਦੱਸਿਆ ਕਿ ਪਿੰਡ ਮੱਸੇਵਾਲ ਤੋਂ ਪਿੰਡ ਚੀਕਣਾ ਨੂੰ ਜਾਂਦੀ ਲਿੰਕ ਸੜਕ ਦੇ ਨਾਲ ਪਿੰਡ ਮੱਸੇਵਾਲ ਨਜ਼ਦੀਕ ਵੀ ਦਰੱਖਤਾਂ ਦੀ ਕਟਾਈ ਕੀਤੀ ਗਈ ਹੈ। ਇਸ ਤੋਂ ਇਲਾਵਾ ਚੰਗਰ ਇਲਾਕੇ ਦੇ ਪਿੰਡ ਮਹਿੰਦਲੀ ਅਤੇ ਹੋਰ ਕਈ ਪਿੰਡਾਂ ਵਿੱਚ ਵੀ ਲੱਕੜ ਦੇ ਠੇਕੇਦਾਰਾਂ ਵੱਲੋਂ ਦਰਖਤਾਂ ਦੀ ਕਟਾਈ ਕੀਤੀ ਗਈ ਹੈ ਅਤੇ ਹੁਣ ਵੀ ਕਰ ਰਹੇ ਹਨ। 15 ਅਪ੍ਰੈਲ ਤੋਂ 15 ਜੁਲਾਈ ਤੱਕ ਫਾਇਰ ਸੀਜ਼ਨ ਕੀਤਾ ਜਾਂਦਾ ਹੈ ਘੋਸ਼ਿਤ- ਜੰਗਲਾਤ ਵਿਭਾਗ ਵੱਲੋਂ ਹਰ ਸਾਲ 15 ਅਪ੍ਰੈਲ ਤੋਂ 15 ਜੁਲਾਈ ਤੱਕ ਫਾਇਰ ਸੀਜ਼ਨ ਘੋਸ਼ਿਤ ਕੀਤਾ ਜਾਂਦਾ ਹੈ, ਇਸ ਫਾਇਰ ਸੀਜਨ ਦੌਰਾਨ ਜੰਗਲਾਤ ਵਿਭਾਗ ਕਿਸੇ ਵੀ ਵਿਅਕਤੀ ਨੂੰ ਦਰਖਤ ਕੱਟਣ ਦੀ ਪ੍ਰਵਾਨਗੀ ਨਹੀਂ ਦਿੰਦਾ ਹੈ, ਫਾਇਰ ਸੀਜਨ ਖਤਮ ਹੋਣ ਤੋਂ ਬਾਅਦ ਬਰਸਾਤ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ। ਇਸ ਮੌਸਮ ਵਿੱਚ ਪੰਜਾਬ ਸਰਕਾਰ ਅਤੇ ਜੰਗਲਾਤ ਵਿਭਾਗ ਵੱਲੋਂ ਸਾਂਝੇ ਤੌਰ ਤੇ ਪਲਾਂਟੇਸ਼ਨ ਦਾ ਕੰਮ ਸ਼ੁਰੂ ਕੀਤਾ ਜਾਂਦਾ ਹੈ। ਰਕਾਰੀ ਜਮੀਨ ਅਤੇ ਹੋਰ ਵੱਖ ਵੱਖ ਖਾਲੀ ਥਾਵਾਂ ਤੇ ਜੰਗਲਾਤ ਵਿਭਾਗ ਵੱਲੋਂ ਜਮੀਨ ਮਾਲਕਾਂ ਦੀ ਪ੍ਰਵਾਨਗੀ ਨਾਲ ਬੂਟੇ ਲਗਾਏ ਜਾਂਦੇ ਹਨ। ਫਾਇਰ ਸੀਜ਼ਨ ਵਿੱਚ ਲੋਕ ਨਿਜੀ ਵਰਤੋਂ ਲਈ ਕਟ ਸਕਦੇ ਹਨ ਦਰਖਤ- ਫਾਇਰ ਸੀਜ਼ਨ ਦੌਰਾਨ ਲੋਕ ਆਪਣੀ ਜਮੀਨ ਵਿੱਚੋਂ ਨਿਜੀ ਵਰਤੋਂ ਅਤੇ ਵਿਆਹ ਸ਼ਾਦੀ ਲਈ ਬਾਲਣ ਦੇ ਤੌਰ ਤੇ ਜੰਗਲਾਤ ਵਿਭਾਗ ਤੋਂ ਪ੍ਰਵਾਨਗੀ ਲੈ ਕੇ ਬੂਟੇ ਕੱਟ ਸਕਦੇ ਹਨ ਪਰ ਉਹ ਇਹਨਾਂ ਬੂਟਿਆਂ ਨੂੰ ਅੱਗੇ ਕਿਸੇ ਨੂੰ ਵੇਚ ਨਹੀਂ ਸਕਦੇ।

# ਆਪਸੀ ਏਕਤਾ ਨਾਲ ਹੀ ਸ਼੍ਰੋਮਣੀ ਅਕਾਲੀ ਦਲ 'ਚ ਮਜਬੂਤੀ ਲਿਆਂਦੀ ਜਾ ਸਕਦੀ ਹੈ : ਬਲਵਿੰਦਰ ਸਿੰਘ ਭੂੰਦੜ

ਫਤਿਹਗੜ੍ਹ ਸਾਹਿਬ, 22 ਜੂਨ (ਹਰਪ੍ਰੀਤ ਕੌਰ ਟਿਵਾਣਾ) ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਇੱਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਵਿੱਚ ਇੱਕ ਜੁੱਟਤਾ ਲਿਆਉਣ ਦੀ ਮੰਗ ਉਠਾਈ ਹੈ, ਕਿਉਂਕਿ ਏਕਤਾ ਨਾਲ ਹੀ ਪਾਰਟੀ ਵਿੱਚ ਮਜਬੂਤੀ ਲਿਆਂਦੀ ਜਾ ਸਕਦੀ ਹੈ। ਖਮਾਣੋ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾਕਟਰ ਜਗਦੀਪ ਸਿੰਘ ਰਾਣਾ ਵੱਲੋਂ ਕਰਵਾਏ ਗਏ ਇੱਕ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਬਲਵਿੰਦਰ ਸਿੰਘ ਭੂੰਦੜ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਕੇ ਵੱਖਰੇ ਧੜੇ ਵਿੱਚ ਗਏ ਆਗੂਆਂ ਸਬੰਧੀ ਬੋਲਦਿਆਂ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਉਹਨਾਂ ਦੇ ਸੰਬੰਧ ਕਿਸੇ ਨਾਲ ਨਹੀਂ ਵਿਗੜੇ ਸਗੋਂ ਰੋਜ਼ਾਨਾ ਹੀ ਕਿਸੇ ਨਾ ਕਿਸੇ ਮੁੱਦੇ ਤੇ ਸੰਪਰਕ ਵਿੱਚ ਰਹਿੰਦੇ ਹੋਏ ਗੱਲਬਾਤ ਜਰੂਰ ਹੁੰਦੀ ਰਹਿੰਦੀ ਹੈ, ਤੇ ਆਪਸੀ ਕਿਸੇ ਦੀ ਕੋਈ ਦੁਸ਼ਮਣੀ ਨਹੀਂ। ਉਹਨਾਂ ਆਗੂਆਂ ਵੱਲੋਂ ਆਪਣੇ ਖਿਆਲਾਤ ਨਾਲ ਮਤਭੇਦ ਖੜੇ ਕਰ ਲਏ ਜਦੋਂਕਿ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕਿਸੇ ਵੀ ਆਗੂ ਨੂੰ ਨਹੀਂ ਕੱਢਿਆ ਗਿਆ । ਬਲਵਿੰਦਰ ਸਿੰਘ ਭੂੰਦੜ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਸੇ ਸਰਕਾਰ ਨੇ ਇਸ਼ਤਿਹਾਰਬਾਜ਼ੀ ਤੋਂ ਬਿਨਾਂ ਕੋਈ ਵੀ ਕੰਮ ਸਿਰੇ ਨਹੀਂ ਚਾੜਿਆ । ਉਹਨਾਂ ਕਿਹਾ ਕਿ ਕਰਜੇ ਚੁੱਕ ਕੇ ਪੰਜਾਬ ਦੇ ਵਿਕਾਸ ਕਰਵਾਉਣ ਦੀ ਬਜਾਏ ਐਡਵਰਟਾਈਜਮੈਂਟ ਤੇ ਲਗਾਇਆ ਜਾ ਰਿਹਾ ਜਦੋਂ ਕਿ ਕੋਈ ਨਵੀਂ ਡਿਵੈਲਪਮੈਂਟ ਪੰਜਾਬ ਵਿੱਚ ਨਹੀਂ ਹੁੰਦੀ ਦਿਖਾਈ ਦੇ ਰਹੀ। ਉਹਨਾਂ ਕਿਹਾ ਕਿ ਉਨਾਂ ਕਿਹਾ ਕਿ ਮਖੌਲਾਂ, ਟੀਚਰਾਂ ਕਰਨ ਨਾਲ ਸਰਕਾਰਾਂ ਨਹੀਂ ਚੱਲਦੀਆਂ ਹੁੰਦੀਆਂ ਜਦੋਂ ਕਿ ਪੰਜਾਬ ਇਸ ਸਮੇਂ ਗੰਭੀਰ ਸੰਕਟਾਂ ਵਿੱਚੋਂ ਨਿਕਲ ਰਿਹਾ ਹੈ, ਜਿਸ ਨੂੰ ਸਾਂਭਣ ਲਈ ਖੇਤਰੀ ਪਾਰਟੀ ਨੂੰ ਅੱਗੇ ਆਉਣ ਦੀ ਲੋੜ ਹੈ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਵੀ ਪੰਜਾਬ ਦੀ ਹੋਰ ਬਰਬਾਦੀ ਹੋਵੇਗੀ। _ਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਜੋ ਮਸਾਲੀ ਵਿਕਾਸ ਕਾਰਜ ਕਰਵਾਏ ਗਏ, ਉਸ ਦਾ ਮੁਕਾਬਲਾ ਅਜੇ ਤੱਕ ਕਿਸੇ ਵੀ ਸਰਕਾਰ ਵੱਲੋਂ ਨਹੀਂ ਕੀਤਾ ਜਾ ਸਕਿਆ। ਸ਼੍ਰੋਮਣੀ ਅਕਾਲੀ ਦਲ ਬਹਾਦਰਾਂ ਤੇ ਸੂਰਬੀਰਾਂ ਦੀ ਜਥੇਬੰਦੀ ਹੈ, ਜੋ ਬੰਦਾ ਸਿਰ ਚੱਕ ਕੇ ਅਣਖ ਨਾਲ ਜਿਉਣਾ ਚਾਹੁੰਦਾ ਹੈ, ਉਸ ਦਾ ਹਮੇਸ਼ਾ ਸਿਰ ਕੱਟਣ ਤੇ ਕੁਚਲਣ ਦੀਆਂ ਹੀ ਕਾਰਵਾਈਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਬੱਸੀ ਪਠਾਣਾ ਦੇ ਇੰਚਾਰਜ ਦਰਬਾਰਾ ਸਿੰਘ ਗੁਰੂ, ਹਲਕਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਜਗਦੀਪ ਸਿੰਘ ਚੀਮਾ, ਜਿਲਾ ਅਕਾਲੀ ਦਲ ਦੇ ਦਿਹਾਤੀ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ, ਸੀਨੀਅਰ ਅਕਾਲੀ ਆਗੂ ਪ੍ਰਦੀਪ ਸਿੰਘ ਕਲੌੜ , ਅਮਨਪਾਲ ਸਿੰਘ ਨਾਨਹੇੜੀ, ਸਤਨਾਮ ਸਿੰਘ ਚੁੰਨੀ, ਦਵਿੰਦਰ ਸਿੰਘ ਮਾਜਰੀ, ਕੁਲਵਿੰਦਰ ਸਿੰਘ ਬਿਲਾਸਪੁਰ, ਗੁਰਮੀਤ ਸਿੰਘ ਨਾਨੋਵਾਲ, ਪ੍ਰੇਮ ਸਿੰਘ ਮਨੈਲੀ, ਰਤਨ ਸਿੰਘ, ਮੇਜਰ ਸਿੰਘ ਪਨੇਚਾ, ਅਵਤਾਰ ਸਿੰਘ ਪਨੈਚਾਂ, ਅਮਰਜੀਤ ਸਿੰਘ ਗਰਚਾ ਅਤੇ ਹੋਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸਾਹਿਬਾਨ ਵੀ ਹਾਜ਼ਰ ਸਨ।


SHRIRAM Finance
**ਸ਼੍ਰੀਰਾਮ ਫਾਈਨੈਂਸ ਲਿਮਟਿਡ**
CIN No- L65191TN1979PLC007874
ਰਜਿ. ਦਫਤਰ ਸ੍ਰੀ ਟਾਵਰ, ਪਲਾਟ ਨੰ. 14ਏ, ਦੱਖਣੀ ਫੇਜ਼, ਇੰਡਸਟ੍ਰੀਅਲ ਅਸਟੇਟ, ਗਿੰਡੀ, ਚੇਨੱਈ-600032
ਪ੍ਰੰਬਧਕੀ ਦਫਤਰ : ਪੱਧਰ 2, 6ਵੀਂ ਮੰਜ਼ਿਲ, ਬਿਲਡਿੰਗ ਨੰ. ਕਿਊ2 ਔਰਮ ਕਿਊ ਪਾਰਕ, ਜੈਨ 4/1, ਟੀਟੀਸੀ, ਥਾਣੇ ਬੇਲਾਪੁਰ ਰੋਡ, ਘਨਸੋਲੀ, ਨਵੀ ਮੁੰਬਈ-400710

**ਸੋਨੇ ਦੇ ਕਰਜ਼ੇ ਦੀ ਨਿਲਾਮੀ ਦਾ ਸੂਚਨਾ**

ਹੇਠਾਂ ਦੱਸੇ ਗਏ ਕਰਜ਼ਦਾਰਾਂ ਨੂੰ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਤੋਂ ਪ੍ਰਾਪਤ ਸੋਨੇ ਦੇ ਗਹਿਣਿਆਂ ("ਸਹੂਲਤ") ਦੇ ਵਿਰੁੱਧ ਕਰਜ਼ੇ ਲਈ ਆਪਣੀਆਂ ਬਕਾਇਆ ਰਕਮਾਂ ਦਾ ਭੁਗਤਾਨ ਕਰਨ ਲਈ ਨੋਟਿਸ ਜਾਰੀ ਕੀਤੇ ਗਏ ਹਨ। ਕਿਉਂਕਿ ਕਰਜ਼ਦਾਰ ਇਸ ਸਹੂਲਤ ਦੇ ਤਹਿਤ ਆਪਣੇ ਬਕਾਏ ਵਾਪਸ ਕਰਨ ਵਿੱਚ ਅਸਫਲ ਰਹੇ ਹਨ, ਇਸ ਲਈ ਅਸੀਂ 03.07.2025 (**ਨਿਲਾਮੀ ਦੀ ਮਿਤੀ**) ਨੂੰ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਕਰਾਂਗੇ। ਜੇਕਰ ਇਸ ਨਿਲਾਮੀ ਤੋਂ ਕੋਈ ਵਾਧੂ ਰਕਮ ਪ੍ਰਾਪਤ ਹੁੰਦੀ ਹੈ, ਤਾਂ ਉਹ ਸਬੰਧਤ ਕਰਜ਼ਦਾਰ ਨੂੰ ਵਾਪਸ ਕਰ ਦਿੱਤੀ ਜਾਵੇਗੀ ਅਤੇ ਜੇਕਰ ਨਿਲਾਮੀ ਤੋਂ ਬਾਅਦ ਕੋਈ ਘਾਟਾ ਹੁੰਦਾ ਹੈ, ਤਾਂ ਬਕਾਇਆ ਰਕਮ ਉਚਿਤ ਕਾਨੂੰਨੀ ਕਾਰਵਾਈਆਂ ਰਾਹੀਂ ਕਰਜ਼ਦਾਰ ਤੋਂ ਵਸੂਲ ਕੀਤੀ ਜਾਵੇਗੀ। SFL ਕੋਲ ਪਹਿਲਾਂ ਤੋਂ ਸੂਚਿਤ ਕੀਤੇ ਬਿਨਾਂ ਨਿਲਾਮੀ ਵਿੱਚੋਂ ਹੇਠ ਲਿਖਿਆਂ ਵਿੱਚੋਂ ਕਿਸੇ ਵੀ ਖਾਤਿਆਂ ਨੂੰ ਹਟਾਉਣ ਦਾ ਅਧਿਕਾਰ ਹੈ। ਇਸ ਤੋਂ ਇਲਾਵਾ, SFL ਅਣਕਿਆਸੀ ਘਟਨਾ ਦੀ ਸਥਿਤੀ ਵਿੱਚ, ਬਿਨਾਂ ਕਿਸੇ ਪੂਰਵ ਸੂਚਨਾ ਦੇ ਨਿਲਾਮੀ ਦੀ ਮਿਤੀ ਨੂੰ ਬਦਲਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

| ਕਰਜ਼ ਨੰ. | ਧਿਰ ਦਾ ਨਾਮ | ਕਰਜ਼ ਨੰ. | ਧਿਰ ਦਾ ਨਾਮ | ਕਰਜ਼ ਨੰ. | ਧਿਰ ਦਾ ਨਾਮ |
|---|---|---|---|---|---|
| CDLABPJ2406270005 | ਗੁਰਚਰਨ ਸਿੰਘ | CDLABPJ2408260003 | ਅਵਗੇਸ਼ ਉਰਫ ਅਵਦੇਸ਼ | CDLABPJ2411280004 | ਮਨਪ੍ਰੀਤ ਸਿੰਘ |
| CDLABPJ2411210004 | ਸੰਦੀਪ ਕੌਰ | CDLABPJ2409110007 | ਅਰਸ਼ਦੀਪ ਸਿੰਘ | CDLABPJ2411180003 | ਸੁਰੇਸ਼ ਕੁਮਾਰ |
| CDLABPJ2407040006 | ਅਮਨਦੀਪ ਸਿੰਘ | CDLABPJ2410240005 | ਸੁਖਜੀਤ ਸਿੰਘ | CDLABPJ2408050001 | ਉਦੇਵੀਰ |
| CDLABPJ2407100004 | ਸੁਖਵੀਰ ਸਿੰਘ, | CDLABPJ2411060002 | ਸੁਖਜੀਤ ਕੌਰ | CDLABPJ2408070007 | ਕੁਲਵਿੰਦਰ ਕੌਰ |
| CDLABPJ2407120004 | ਕੁਲਵੰਤ ਕੌਰ | CDLABPJ2411120002 | ਸੁਖਜੀਤ ਸਿੰਘ | | |

**ਨਿਲਾਮੀ ਹੇਠ ਲਿਖੇ ਪਤੇ 'ਤੇ ਹੋਵੇਗੀ: ਸ਼੍ਰੀਰਾਮ ਫਾਈਨੈਂਸ ਲਿਮ, ਉੱਪਰ ਮੁਥਰੋਟ ਫਿਨਕੋਪ, ਜੀ.ਟੀ. ਰੋਡ, ਨੇੜੇ ਪੰਜਾਬ ਨੈਸ਼ਨਲ ਬੈਂਕ, ਮਲੋਟ -152107**
**ਨਿਲਾਮੀ ਦਾ ਸਮਾਂ: 2 ਵਜੇ ਤੋ 5 ਵਜੇ ਤੱਕ**
ਕਿਰਪਾ ਕਰਕੇ ਧਿਆਨ ਦਿਓ ਕਿ ਜੇਕਰ ਸਮਾਂ ਸੀਮਾ ਜਾਂ ਕਿਸੇ ਹੋਰ ਕਾਰਨ ਕਰਕੇ ਨਿਲਾਮੀ ਉਸੇ ਦਿਨ ਪੂਰੀ ਨਹੀਂ ਹੁੰਦੀ ਹੈ, ਤਾਂ ਨਿਲਾਮੀ ਅਗਲੇ ਕੰਮਕਾਜੀ ਦਿਨ ਵੀ ਉਸੇ ਨਿਯਮਾਂ ਅਤੇ ਸ਼ਰਤਾਂ 'ਤੇ ਜਾਰੀ ਰਹੇਗੀ।
ਜੇਕਰ ਗ੍ਰਾਹਕ ਦੀ ਮੌਤ ਹੋ ਗਈ ਹੈ, ਤਾਂ ਨਿਲਾਮੀ ਨਾਲ ਸਬੰਧਤ ਸਾਰੀਆਂ ਸ਼ਰਤਾਂ ਉਸਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।
**ਹੋਰ ਜਾਣਕਾਰੀ, ਨਿਯਮਾਂ ਅਤੇ ਸ਼ਰਤਾਂ ਲਈ ਅਤੇ ਨਿਲਾਮੀ ਵਿੱਚ ਹਿੱਸਾ ਲੈਣ ਲਈ ਰਜਿਸਟਰ ਹੋਣ ਲਈ, ਇੱਛੁਕ ਬੋਲੀਕਾਰ ਸ਼੍ਰੀ ਵਨੀਤ ਸ਼ਰਮਾ (9815599337) ਐਸਐਫਐਲ, ਸ਼੍ਰੀ ਵਰਦਾਨ (9910330356) ਸਾਮਿਲ, ਸ਼੍ਰੀ ਕੁਲਦੀਪ ਸਿੰਘ (7888849352) ਐਸਐਫਐਲ, ਸ਼੍ਰੀ ਨਵੀਸ਼ ਕੁਮਾਰ (9815399688) ਨਾਲ ਸੰਪਰਕ ਕਰ ਸਕਦੇ ਹਨ।**

**ਮਿਤੀ : 23.06.2025**
**ਸਥਾਨ : ਮਲੋਟ**
**ਸਹੀ/-**
**ਸ਼੍ਰੀਰਾਮ ਆਟੋਮਾਲ ਇੰਡੀਆ ਲਿਮਟਿਡ ਬੋਰਡ ਵੱਲੋ ਮੰਜੂਰਸ਼ੁਦਾ ਨਿਲਾਮੀਕਰਤਾ ਵਾਸਤੇ ਸ਼੍ਰੀਰਾਮ ਫਾਈਨਾਂਸ ਲਿਮ.**

GRIHUM HOUSING FINANCE Apna Ghar. Apni Pehchan.
**ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ**
(ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ)
ਰਜਿ. ਦਫਤਰ- 6ਵੀਂ ਮੰਜ਼ਿਲ, ਬੀ-ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਓਂ, ਪੁਣੇ ਮਹਾਰਾਸ਼ਟਰਾ-411014
ਅੰਤਿਕਾ 4 (ਦੇਖੋ ਨਿਯਮ 8 (1)
**ਕਬਜ਼ਾ ਸੂਚਨਾ**
(ਅਚੱਲ ਸੰਪੱਤੀ ਦੇ ਲਈ)

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ (ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ) ਜਿਵੇਂ ਕਿ 17 ਨਵੰਬਰ 2023 ਤੋਂ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਬਦਲ ਕੇ ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ ਹੋ ਗਿਆ ਹੈ) (ਬੀਤੇ ਵਿਚ ਮੈਗਮਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ ਅਤੇ ਮੂਲ ਰੂਪ ਵਿਚ ਜੀਈ ਮਨੀ ਹਾਊਸਿੰਗ ਫਾਇਨਾਂਸ ਪਬਲਿਕ ਅਨਲਿਮਟਿਡ ਕੰਪਨੀ ਦੇ ਨਾਮ ਨਾਲ ਨਿਗਮਿਤ)** (ਇਥੇ ਬਾਅਦ ਵਿਚ ਉਕਤ ਕਾਰਪੋਰੇਟ/ਪੰਜੀਕ੍ਰਿਤ ਦਫ਼ਤਰ ਦੇ ਸੁਰੱਖਿਅਤ ਕਰਜ਼ਦਾਤਾ ਵਜੋਂ ਸੰਦਰਭਿਤ) ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇਥੇ ਬਾਅਦ ਵਿਚ "ਦਰਸਾਏ ਕਾਨੂੰਨ" ਵਜੋਂ ਸੰਦਰਭਿਤ) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨ ਕਰਜ਼ਦਾਰਾਂ ਨੂੰ ਸੱਦਾ ਦਿੰਦੇ ਹੋਏ ਨਿਮਨ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ **18 ਜੂਨ ਸਾਲ 2025** ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੀ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਸੁਰੱਖਿਅਤ ਕਰਜ਼ਦਾਤਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ। ਕਬਜ਼ੇ ਵਿਚ ਲਈ ਸੰਪੱਤੀ ਦੇ ਵੇਰਵੇ ਨਿਮਨ ਦਰਸਾਏ ਹਨ।

| ਲ. ਨੰ. | ਕਰਜ਼ਦਾਰਾਂ ਦੇ ਨਾਮ | ਸੰਪੱਤੀ ਦਾ ਵੇਰਵਾ | ਕਬਜ਼ਾ ਲੈਣ ਦੀ ਮਿਤੀ | ਕਾਨੂੰਨੀ ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ (ਰੁ. ਵਿਚ) |
|---|---|---|---|---|---|
| 1. | **ਸ਼ਿਆਮ ਰਾਏ, ਅਰਚਨਾ ਦੇਵੀ** | ਪਿੰਡ ਗਿਆਸਪੁਰਾ, ਹੱਦਬਸਤ ਨੰ. 261, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 2008-09 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 43//1, 10, 44//4, 5, 6, 14, 15, 26, ਖਾਤਾ ਨੰ. 553/561 ਵਿਚ ਸ਼ਾਮਲ 50 ਵਰਗ ਗਜ਼ ਮਾਪ ਵਾਲੇ ਇਕ ਮਕਾਨ ਨੰ. 3, ਗਲੀ ਨੰ. 2/3, ਸੁਰਜੀਤ ਨਗਰ, ਨੇੜੇ ਪਿੱਪਲ ਚੌਕ, ਲੋਹਾਰਾ ਦੇ ਸਾਰੇ ਭਾਗ ਅਤੇ ਹਿੱਸੇ। | 18/06/2025 | 09/04/2025 | Loan No. HL00625100000005006834 **ਰੁ. 1439018/-** (ਰੁ. ਚੌਦਾਂ ਲੱਖ ਉਨਤਾਲੀ ਹਜ਼ਾਰ ਅਠਾਰਾਂ ਕੇਵਲ) ਪੂਰਤੀ ਹੋਣ ਤੱਕ 12.35% ਸਲਾਨਾ ਦੀ ਦਰ 'ਤੇ ਵਿਆਜ ਸਮੇਤ 09.04.2025 ਨੂੰ ਅਦਾਇਗੀਯੋਗ। |
| 2. | **ਜਗਤਾਰ ਸਿੰਘ, ਚਰਨਜੀਤ ਕੌਰ** | ਪਿੰਡ ਪੰਧੇਰੀ ਕੇਹਰੀ, ਤਹਿਸੀਲ ਪਾਇਲ (ਮਲੌਦ) ਅਤੇ ਜ਼ਿਲ੍ਹਾ ਲੁਧਿਆਣਾ (ਪੰਜਾਬ) ਵਿਖੇ ਸਥਿਤ ਸਾਲ 2011-2012 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 171, 16//18/2, 95, 98 ਦੇ ਅਧੀਨ ਖਾਤਾ ਨੰ. 521/541, 528/548 ਦੇ ਅਧੀਨ 01 ਕਨਾਲ 10 ਮਰਲੇ ਮਾਪ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। (ਇਥੇ ਬਾਅਦ ਵਿਚ "ਸਵਾਲ ਅਧੀਨ ਸੰਪੱਤੀ" ਵਜੋਂ ਸੰਦਰਭਿਤ) | 18/06/2025 | 09/04/2025 | Loan No. HM0039H16100108 Rs. 1580106/- **ਰੁ. 1580106/-** (ਰੁ. ਪੰਦਰਾਂ ਲੱਖ ਅੱਸੀ ਹਜ਼ਾਰ ਇਕ ਸੌ ਛੇ ਕੇਵਲ) ਪੂਰਤੀ ਹੋਣ ਤੱਕ 16.65% ਸਲਾਨਾ ਦੀ ਦਰ 'ਤੇ ਵਿਆਜ ਸਮੇਤ 09.04.2025 ਨੂੰ ਅਦਾਇਗੀਯੋਗ। |

ਸਥਾਨ : ਪੰਜਾਬ, ਮਿਤੀ : 23.06.2025
ਸਹੀ/- ਅਧਿਕਾਰਤ ਅਧਿਕਾਰੀ, ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ (ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ)



# ਧਰਮ ਤੇ ਵਿਰਸਾ



## ਲਾਸਾਨੀ ਸਿੱਖ ਬਾਬਾ ਬੁੱਢਾ ਜੀ

ਰੂਹਾਨੀਅਤ ਦਾ ਮੁਜਸਮਾਂ ਅਤੇ ਵਿਸਮਾਦੀ ਚਿੰਤਕ ਪ੍ਰਬੰਧਕ ਬਾਬਾ ਬੁੱਢਾ ਜੀ ਦਾ ਜਨਮ 6 ਅਕਤੂਬਰ 1505 ਈ. ਨੂੰ ਮਾਤਾ ਗੋਰਾਂ ਦੀ ਕੁੱਖੋਂ, ਭਾਈ ਸੁੱਘੇ ਰੰਧਾਵੇ ਦੇ ਘਰ ਪਿੰਡ ਕੱਥੂ ਨੰਗਲ (ਅੰਮ੍ਰਿਤਸਰ) ਵਿਚ ਹੋਇਆ। ਇਨ੍ਹਾਂ ਦਾ ਪਹਿਲਾ ਨਾਮ 'ਬੂੜਾ' ਸੀ ਪਰ ਗੁਰ ਨਾਨਕ ਸਾਹਿਬ ਦੀ ਮੁਬਾਰਕ ਉਚਾਰਣ ਦੀ ਛੋਹ ਸਦਕਾ 'ਬਾਬਾ ਬੁੱਢਾ' ਨਾਂ ਪ੍ਰਸਿੱਧ ਹੋ ਗਿਆ। ਬਾਬਾ ਬੁੱਢਾ ਜੀ ਬਾਰੇ 'ਸਿੱਖਾਂ ਦੀ ਭਗਤਮਾਲਾ' ਵਿੱਚ ਇੰਞ ਵਰਨਣ ਆਉਂਦਾ ਹੈ 'ਤਾਂ ਇਕ ਦਿਨ ਬਨ ਵਿਖੇ ਭਾਈ ਬੂੜਾ ਗਊ ਚਰਾਂਵਦਾ ਸੀ ਸਾਹਿਬ ਦਾ ਦੀਦਾਰੁ ਆਣ ਕੀਤੋਸ॥ ਤੇ ਦੁਧ ਅਗੇ ਆਣ ਰਖਉਸ॥ ਤੇ ਅਰਦਾਸ ਕੀਤੀ ਅਸੁ॥ ਗਰੀਬ ਨਵਾਜ ਤੇਰਾ ਦਰਸ਼ਨ ਕੀਤਾ ਹੈ ਕਿਵੇਂ ਮੇਰਾ ਜਨਮ ਕਟੀਐ॥ ਤਾਂ ਬਚਨ ਹੋਆ ਤੂ ਤਾਂ ਅਜੇ ਬਾਲਕ ਹੈ ਤੈਨੂੰ ਇਹੋ ਬੁਧ ਕਿਥੇ ਪ੍ਰਾਪਤ ਹੋਈ ਹੈ॥ ਤਾਂ ਉਸ ਆਖਿਆ ਜੀ ਅਸਾਡੇ ਪਿੰਡ ਵਿਚ ਮੁਗਲ ਆਣ ਉਤਰੇ ਸਨ ਨਾਲੋ ਕਚੀਆਂ ਖੇਤੀਆਂ ਵਢਿ ਲਈਆਂ ਨਾਲੋ ਪਕੀਆਂ ਕਿਸੇ ਨਹੀ ਫੜਿਆ ਤਾਂ ਜਮ ਦਾ ਹਥ ਕਿਸ ਫੜਨਾ ਹੈ॥ ਤਾ ਬਚਨ ਹੋਆ ਤੂੰ ਤਾਂ ਬਾਲਕ ਨਹੀ ਤੇਰੀ ਤੇ ਬੁਢਿਆ ਕੀ ਜੈਸੀ ਮਤ ਹੈ॥ ਤੂ ਤਾ ਬੁਢਾ ਹੈ॥ ਤੂ ਇਕ ਮਨ ਹੋ ਕੇ ਵਾਹਿਗੁਰੂ ਕਾ ਨਾਮੁ ਧਿਆਵੈਗਾ ਤੇਰਾ ਕਲਿਆਨੁ ਹੋਵੇਗਾ॥ ਤਾਂ ਉਸ ਕਹਿਆ ਜੀ ਬਾਣੀ ਕੋਈ ਡਾਢੀ ਜਪਦੇ ਹੈਨ॥ ਤੇ ਕੋਈ ਹਉਲੀ ਜਪਦੇ ਹੈਨ ਮੈਂ ਕਿਸ ਤਰ੍ਹਾਂ ਜਪਾ॥ ਤਾ ਬਚਨ ਹੋਆ ਚਾਰ ਪਰਕਾਰ ਕੀ ਬਾਣੀਆਂ ਹੈਨ। ਇਕ ਪਰਾਬਾਣੀ ਜੋ ਪਰਾਦੁਆਰੇ ਨਾਭਿ ਕੇ ਬਿਖੇ ਧਿਆਨੁ ਧਰਤੇ ਹੈਨ॥ ਇਕ ਮਧਮਾ ਬਾਣੀ ਦੁਆਰੇ ਸੁਵਾਸ ਕਰਕੇ ਜਪਦੇ ਹੈਨ ਇਕ ਬੈਖਰੀ ਬਾਣੀ ਦੁਆਰੇ ਬਾਹਰ ਪ੍ਰਗਟ ਪੜਤੇ ਹੈਨ॥ ਤਾ ਪਰੋਜਨ ਮਨ ਕੇ ਇਕਾਗ ਹੀ ਕਾ ਹੈ॥ ਜੈਸੇ ਘੀਉ ਸਭ ਮੈ ਬਿਜਨ ਮਿਲਿਆ ਹੂਆ ਸਨਗਧ ਕਰਦਾ ਹੈ। ਤੈਸੇ ਨਾਮੁ ਇਕਾਗੁ ਮਨ ਜਪਿਆ ਕਲਿਆਣ ਕਰਤਾ ਹੈ॥ ਪਰ ਤੂੰ ਪਰਾਬਾਣੀ ਦੁਆਰੇ ਨਾਮੁ ਜਪੁ ਅਰੁ ਸੰਤਾ ਦੀ ਸੇਵਾ ਕਰ॥ ਇਸ ਮੈ ਤੇਰੀ ਆਰਜਾ ਭੀ ਵਧੇਗੀ। ਤੇ ਤੇਰਾ ਕਲਿਆਣੁ ਭੀ ਹੋਵੇਗਾ। ਮੈ ਚਉਥਾ ਜਾਮਾ ਧਾਰ ਕੇ ਤੈਨੂੰ ਗਿਆਨ ਉਪਦੇਸ਼ ਕਰਾਂਗਾ ਤੇ ਤੇਰੇ ਵੰਸ ਵਿਖੇ ਭੀ ਮੇਰੀ ਭਗਤਿ ਪ੍ਰਾਪਤਿ ਹੋਵੈਗੀ॥ ਤਾਂ ਭਾਈ ਬੁਢੇ ਪੰਜਵੇਂ ਪਾਤਸ਼ਾਹੀ ਤੀਕੁਰੁ ਆਪਣਾ ਸਰੀਰ ਭੀ ਰਖਿਆ ਤੇ ਟਹਿਲ ਭੀ ਕਰਦਾ ਰਹਿਆ॥੧੫॥" ਬੂੜਾ ਤੋਂ ਬੁੱਢਾ ਨਾਂ ਬਾਰੇ ਵੀ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ। ਪੁਰਾਤਨ ਜਨਮਸਾਖੀ ਅਨੁਸਾਰ ਗੁਰੂ ਨਾਨਕ ਸਾਹਿਬ ਨੂੰ ਕੱਥੂ ਨੰਗਲ (ਅੰਮ੍ਰਿਤਸਰ) ਤੋਂ ਬਾਹਰਵਾਰ ਇਕ ਬਾਲਕ ਗਊਆਂ ਚਾਰ ਰਿਹਾ ਸੀ, ਮਿਲਿਆ ਅਤੇ ਦੁੱਧ ਨਾਲ ਸੇਵਾ ਕੀਤੀ। ਗੁਰੂ ਸਾਹਿਬ ਨਾਲ ਸੰਵਾਦ ਸਮੇਂ ਇਸ ਨੇ ਬੜੀਆਂ ਰੂਹਾਨੀ ਗੱਲਾਂ ਕੀਤੀਆਂ, ਜਿਨ੍ਹਾਂ ਨੂੰ ਸੁਣ ਕੇ ਗੁਰੂ ਸਾਹਿਬ ਕਿਹਾ ਕਿ ਤੂੰ ਛੋਟੀ ਉਮਰ ਵਿਚ ਬੜੀਆਂ ਬਿਰਧਾਂ ਵਾਲੀਆਂ ਗੱਲਾਂ ਕੀਤੀਆਂ ਹਨ। ਸਮੇਂ ਗੁਰੂ ਜੀ ਨੇ ਕਿਹਾ ਤੇਰਾ ਨਾਂ 'ਬੁੱਢਾ' ਹੋਣਾ ਚਾਹੀਦਾ ਹੈ। ਭਾਈ ਸੁੱਘੇ ਰੰਧਾਵਾਂ ਦਾ ਸਾਰਾ ਪਰਿਵਾਰ ਸਣੇ ਬਾਬਾ ਬੁੱਢਾ ਜੀ ਕੱਥੂ ਨੰਗਲ ਛੱਡ ਕੇ ਪੱਕੇ ਤੌਰ ਤੇ ਪਿੰਡ ਰਾਮਦਾਸ ਆ ਗਏ। ਇੱਕ ਇਤਿਹਾਸਕ ਸੋਮੇਂ ਅਨੁਸਾਰ ਜਦੋਂ ਬੂੜਾ ਬਾਲਕ, ਗੁਰੂ ਨਾਨਕ ਸਾਹਿਬ ਨਾਲ ਰੂਹਾਨੀ ਵਿਚਾਰਾਂ ਕਰ ਰਿਹਾ ਸੀ ਤਾਂ ਉਸ ਦੀਆਂ ਗਉਆਂ ਕਿਸੇ ਖੇਤ ਵਿਚ ਵੜ੍ਹ ਗਈਆਂ ਤਾਂ ਖੇਤ ਦਾ ਮਾਲਕ ਬੂੜੇ ਨੂੰ ਲੱਭਦਾ- ਲੱਭਦਾ ਗੁਰੂ ਸਾਹਿਬ ਨੂੰ ਬਾਲਕ ਬਾਰੇ ਪੁੱਛਿਆ ਤਾਂ ਗੁਰ ਸਾਹਿਬ ਨੇ ਕਿਹਾ. ਇਥੇ ਇਕ ਬੁੱਢਾ ਹੀ ਆਇਆ ਹੈ। ਖੇਤ ਦੇ ਮਾਲਕ ਨੂੰ ਚਿੱਟੀ ਦਾੜ੍ਹੀ ਵਾਲਾ ਬੁੱਢਾ ਮਨੁੱਖ ਨਜ਼ਰ ਆਇਆ ਅਤੇ ਉਥੋਂ ਵਾਪਸ ਪਰਤ ਗਿਆ। 'ਬਾਲੇ ਵਾਲੀ ਜਨਮਸਾਖੀ' ਵਿਚ ਲਿਖਿਆ ਹੈ ਕਿ ਬਾਲਕ ਬੂੜਾ ਇਕ ਵੇਰ ਭਲੇ ਫ਼ਕੀਰ ਜਾਣ ਕੇ ਘਰਦਿਆਂ ਤੋਂ ਚੋਰੀ ਘਿਉ ਦਾ ਕੁਜਾ ਛਕਾਉਣ ਲਈ ਲੈ ਆਏ। ਗੁਰੂ ਨਾਨਕ ਸਾਹਿਬ ਨੇ ਉਸ ਨੂੰ ਰੂਹਾਨੀ ਗਿਆਨ ਨਾਲ ਸਰਸ਼ਾਰ ਕਰ ਦਿੱਤਾ। ਇਸ ਸਾਖੀ ਦਾ ਜ਼ਿਕਰ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਚ ਵੀ ਆਇਆ ਹੈ। 1518 ਈ. ਵਿਚ ਬਾਬਾ ਬੁੱਢਾ ਜੀ ਗੁਰੂ ਨਾਨਕ ਦਾ ਸੇਵਕ ਬਣ ਕੇ ਸਿਖ ਧਰਮ ਦੇ ਕੁਟੰਬ ਵਿਚ ਸ਼ਾਮਿਲ ਹੋਏ। ਜਦੋਂ ਗੁਰੂ ਨਾਨਕ ਚੌਥੀ ਉਦਾਸੀ ਸਮੇਂ ਘਰ ਪਰਤ ਰਹੇ ਸਨ, ਤਾਂ ਬਾਬਾ ਬੁੱਢਾ ਜੀ ਤੇ ਅਕਾਲ ਪੁਰਖ ਦੀ ਅਜਿਹੀ ਅੰਤਰ ਦ੍ਰਿਸ਼ਟੀ ਨਾਜ਼ਲ ਹੋਈ ਕਿ ਆਪ ਜੀ ਨੂੰ ਗੁਰੂ ਅੰਗਦ ਸਾਹਿਬ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤਕ ਗੁਰਿਆਈ ਦੇ ਤਿਲਕ ਲਾਉਣ ਦਾ ਅਵਸਰ ਮਿਲਿਆ ਅਤੇ ਅੱਠ ਗੁਰੂ ਸਾਹਿਬਾਨ ਦੇ ਸਾਖਿਅਤ ਦਰਸ਼ਨ ਦੀਦਾਰ ਕਰਕੇ ਗੁਰੂ ਇਤਿਹਾਸ ਨੂੰ ਨਵੇਂ ਸੰਦਰਭ ਵਿਚ ਪ੍ਰਕਾਸ਼ਮਾਨ ਕੀਤਾ। ਬਾਬਾ ਬੁੱਢਾ ਜੀ ਦੀ ਨਿਸ਼ਕਾਮ ਸੇਵਾ ਕਾਰਨ ਵੱਡੀ ਪ੍ਰਤਿਸ਼ਠਾ ਸਿੱਖਾਂ ਵਿਚ ਹੋਈ। ਗੁਰੂ ਅਮਰਦਾਸ ਸਾਹਿਬ ਦੇ ਸਮੇਂ ਉਨ੍ਹਾਂ ਦੀ ਸੁਚੱਜੀ ਨਿਗਰਾਨੀ ਹੇਠ ਹੀ 1552ਈ. ਨੂੰ ਗੋਇੰਦਵਾਲ ਸਾਹਿਬ ਦੀ ਬਾਉਲੀ ਦਾ ਟੱਕ ਲਗਾ ਕੇ, ਤਾਮੀਰ ਕੀਤੀ ਗਈ।



ਅੰਮ੍ਰਿਤਸਰ ਪਵਿੱਤਰ ਸਰੋਵਰ ਦੀ ਦੇਖ-ਰੇਖ ਕਰਨ ਦਾ ਸੁਭਾਗ ਵੀ ਬਾਬਾ ਜੀ ਨੂੰ ਹਾਸਲ ਹੋਇਆ। ਗੁਰੂ ਅਮਰਦਾਸ ਸਾਹਿਬ ਦੇ ਸਮੇਂ ਜਦੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਨਿਯਮ-ਬੱਧ ਤਰੀਕੇ ਨਾਲ 22 ਮੰਜੀਆਂ ਦੀ ਸਥਾਪਨਾ ਹੋਈ ਤਾਂ ਇਨ੍ਹਾਂ ਦੇ ਪ੍ਰਮੁੱਖ ਪ੍ਰਬੰਧਕ ਦੀ ਸੇਵਾ ਵੀ ਬਾਬਾ ਬੁੱਢਾ ਜੀ ਨੇ ਹੀ ਬਾ-ਖ਼ੂਬੀ ਸੰਭਾਲੀ। ਇੱਕ ਵੇਰ ਅਕਬਰ ਬਾਦਸ਼ਾਹ, ਗੁਰੂ ਦਰਬਾਰ ਵਿਚ ਆਇਆ, ਲੰਗਰ ਛੱਕਿਆ ਅਤੇ ਰੂਹਾਨੀ ਵਿਚਾਰਾਂ ਕਰਕੇ ਗੁਰੂ ਜੋਗੇ ਹੀ ਹੋ ਗਿਆ। ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਬਾਦਸ਼ਾਹ ਨੂੰ ਬਾਬਾ ਬੁੱਢਾ ਜੀ ਨੇ ਹੀ ਮੁਹੱਈਆ ਕਰਾਈ ਸੀ। ਗੁਰੂ ਅਮਰਦਾਸ ਸਾਹਿਬ ਜਦੋਂ ਅਕਾਲਪੁਰਖ ਦੀ ਜੋਤ ਵਿਚ ਲੀਨ ਹੋਏ ਤਾਂ ਆਖਰੀ ਰਸਮਾਂ ਬਾਬਾ ਬੁੱਢਾ ਜੀ ਨੇ ਹੀ ਆਪਣੇ ਹੱਥੀ ਨਿਭਾਈਆਂ ਸਨ। ਰਾਮਦਾਸ ਪੁਰ (ਅੰਮ੍ਰਿਤਸਰ) ਦੀ ਸਥਾਪਨਾ ਜਦੋਂ ਗੁਰੂ ਰਾਮਦਾਸ ਜੀ ਨੇ ਕੀਤੀ ਤਾਂ ਅੰਮ੍ਰਿਤ ਸਰੋਵਰ ਦਾ ਟੱਕ ਲਾਉਣ ਲਈ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ। ਬਾਬਾ ਜੀ ਬੈਠ ਕੇ ਜਿਥੇ ਸਰੋਵਰ ਦੀ ਸੇਵਾ ਦੀ ਨਿਗਰਾਨੀ ਕਰਦੇ ਸਨ, ਉਹ ਬੇਰ ਅੱਜ ਵੀ ਦਰਬਾਰ ਸਾਹਿਬ ਸਰੋਵਰ ਕੰਢੇ 'ਬੇਰ ਬਾਬਾ ਬੁੱਢਾ ਜੀ' ਕਰ ਕੇ ਸੁਭਾਇਮਾਨ ਹੈ। ਗੁਰੂ ਅਰਜਨ ਸਾਹਿਬ ਨੇ ਜਦੋਂ 'ਆਦਿ ਗ੍ਰੰਥ ਸਾਹਿਬ 1604 ਈ. ਵਿਚ ਸੰਪੂਰਨ ਕਰਕੇ ਹਰਿਮੰਦਰ ਸਾਹਿਬ ਵਿੱਚ ਸਥਾਪਤ ਕੀਤਾ ਤਾਂ ਬਾਬਾ ਬੁੱਢਾ ਜੀ ਨੂੰ 'ਪਹਿਲੇ ਗ੍ਰੰਥੀ' ਨਿਯੁਕਤ ਹੋਣ ਦਾ ਮਾਣ ਪ੍ਰਾਪਤ ਹੋਇਆ। ਮਾਤਾ ਗੰਗਾ ਜੀ ਦੀ ਦਿੱਲੀ ਇੱਛ ਪੂਰੀ ਕਰਨ ਲਈ, ਗੁਰੂ ਅਰਜਨ ਸਾਹਿਬ ਨੇ ਬਾਬਾ ਬੁੱਢ ਜੀ ਦੀ ਸੇਵਾ ਵਿਚ ਜਾਣ ਲਈ ਤਾਕੀਦ ਕੀਤੀ ਤਾਂ ਵਾਹਿਗੁਰੂ ਦੀ ਕ੍ਰਿਪਾ ਦੁਆਰਾ, ਮਾਤਾ ਗੰਗਾ ਜੀ ਦੀ ਖਵਾਇਸ਼ (ਗੁਰੂ) ਹਰਿਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ 'ਮਹਿਮਾ ਪਕਾਸ (ਵਾਰਤਕ) ਵਿਚ ਇਸ ਸਾਖੀ ਨੂੰ ਇੰਞ ਪੇਸ਼ ਕੀਤਾ ਗਿਆ ਹੈ. "ਏਕ ਸਮੇਂ ਮਾਤਾ ਜੀ ਗੁਰੂ ਜੀ ਪਾਸ ਅਰਦਾਸ ਕੀਤੀ। ਸਚੇ ਪਾਤਸ਼ਾਹ ਜਗਤ ਕੇ ਮਨੋਰਥ ਪੂਰਨ ਕਰੀਦੇ ਹੈਨਿ ਅਰ ਅਸਾਂ ਪਰ ਕ੍ਰਿਪਾ ਹੋਵੇ। ਉਲਾਦਿ ਬਖ਼ਸ਼ੀਐ।" ਤਬ ਸਾਹਿਬ ਬਚਨ ਕੀਆ, ਜੋ ਉਲਾਦਿ ਚਾਉਂਦੇ ਹੋ ਤਾਂ ਮੇਰਿਆਂ ਸਿੱਖਾਂ ਪਾਸ ਜਾਹੋ। ਭਾਈ ਬੁਢਾ ਪੁਰਾਤਨ ਟਹਿਲੀਆ ਹੈ ਤਿਸ ਕੀ ਸੇਵਾ ਕਰੋ। ਉਚ ਬਚਨ ਕਰੇ ਸੋ ਹੋਵੇਗਾ। ਤਬ ਮਾਤਾ ਜੀ ਚਉਪਾਲੇ ਉਪਰ ਸਵਾਰ ਹੋ ਕਰ ਗਈ। ਬਹੁਤ ਲੋਕ ਸਾਥ ਗਏ। ਬੁਢਾ ਅਤੇ ਕਨਕ ਕੇ ਖੇਤ ਬੈਠਾ ਸੀ। ਤਬ ਮਾਤਾ ਜੀ ਗਏ । ਤਬ ਬੁਢੇ ਡਿਠਾ ਅਰ ਬੋਲਿਆ। ਗੁਰੂ ਕਿਆ ਦੇ ਭਾਜਣ ਪਈ ਹੈ ਚਉਪਲੇ ਆਏ ਹੈਨਿ। ਤਬ ਮਾਤਾ ਜੀ ਸੁਨਿਆ ਜੋ ਬੁਢਾ ਕੇਹਾ ਬਚਨ ਬੋਲਿਆ ਤਾਂ ਮਾਤਾ ਫਿਰ ਘਰ ਆਏ। ਤਬ ਗੁਰੂ ਜੀ ਸੁਨਿਆ ਅਰ ਕਿਹਾ- ਜੋ ਤੁਸੀ ਪਿਆਦੇ ਹੋ ਕਰ ਜਾਉ, ਅਰ ਕੁਛ ਪ੍ਰਸਾਦਿ ਲੇ ਜਾਉ । ਤਾਂ ਮਾਤਾ ਜੀ ਪਿਆਦੇ ਹੋਇ ਚਲੇ, ਅਰ ਲੋਕ ਕੋਈ ਸਾਥ ਨਾ ਲੀਆ। ਤਬ ਲੈ ਕਰ ਚਲੇ। ਪਰਸਾਦੀਆ ਪਕਵਾਇ ਲੇ ਆਈਆਂ ਅਰ ਮਠੇ ਕੀ ਚਾਟੀ ਲਈ। ਤਬ ਲੈ ਕਰ ਚਲੇ ਜਹਾ ਬੁਢਾ ਬੈਠਾ ਸੀ, ਤਾ ਹਲੈ ਆਵੇ ਆਨ ਆਗੇ ਰਖੀ। ਤਬ ਬੁਢੇ ਮਾਤਾ ਜੀ ਆਗੇ ਮਥਾ ਟੇਕਿਆ। ਅਰ ਬਹੁਤ ਖੁਸ਼ੀ ਹੋਇਆ। ਪਰਸਾਦ ਖਾਦਾ, ਅਰ ਮਠਾ ਪੀਤਾ,ਅਰ ਹਸ ਕਰ ਬੋਲਿਆ ਅਰ ਕਹਾ- ਮਾਤਾ ਜੀ ਤੇਰੇ ਘਰ ਗੁਰੂ ਆਇਆ ਭਗਤ ਅਉਤਾਰ। ਰਾਜ ਮੈ ਰਾਜਾ ਜੋਗ ਮੈ ਜੋਗੀ। ਤਪ ਮਹਿ ਤਪੀਸਰੁ ਗ੍ਰਿਸਤ ਮੈ ਗ੍ਰਿਸਤੀ ਭੋਗ ਮੈ ਭੋਗੀ। ਧਿਆਇ ਧਿਆਇ ਭਗਤਾ ਸੁਖ ਪਾਇਆ। ਨਾਨਕ ਉਸ ਪੁਰਖ ਕਾ ਕਿਨੈ ਅੰਤ ਨਾ ਪਾਇਆ। ਤਬ ਬੁਢੇ ਕਹਾ-ਮਾਤਾ ਜੀ, ਗੁਰੂ ਆਇ ਪਰ ਮੀਰ ਪੀਰੁ ॥ ਤਬ ਮਾਤਾ ਜੀ ਬੁਢੇ ਦਾ ਬਚਨ ਸੁਣ ਕੇ ਬਹੁਤ ਖੁਸ਼ੀ ਹੋਈ। ਘਰ ਆਏ। ਸਾਖੀ ਪੂਰੀ ਹੋਈ। ਬੋਲੋ ਵਾਹਿਗੁਰੂ (79)" ਬਚਪਨ ਵਿਚ ਬਾਲ ਹਰਿਗੋਬਿੰਦ ਨੂੰ ਹਰ ਪੱਖੋਂ ਨਿਪੁੰਨ ਤੇ ਸੂਰਬੀਰ ਯੋਧਾ ਬਣਾਉਣ ਦੀ ਸੇਵਾ ਵੀ ਬਾਬਾ ਬੁੱਢਾ ਜੀ ਤੋਂ ਲਈ ਗਈ। ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਕਿਲ੍ਹੇ ਵਿਚ ਨਜ਼ਰਬੰਦੀ ਦੌਰਾਨ ਸਿੱਖਾਂ ਦੀ ਅਗਵਾਈ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਯੋਗ ਪ੍ਰਬੰਧਕ ਬਣ ਕੇ ਬਾਖ਼ੂਬੀ ਨਿਭਾਈ। ਜਨਵਰੀ 1620 ਈ. ਦੇ ਆਖਰੀ ਦਿਨਾਂ ਵਿਚ ਬਾਦਸ਼ਾਹ ਜਹਾਂਗੀਰ ਨਾਲ ਜੋ ਮੁਲਾਕਾਤ ਹੋਈ, ਉਸ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਬਾਲੂ ਰਾਇ, ਪਰਮ ਰਾਇ ਆਦਿ ਸਿੱਖਾਂ ਨੇ ਅਹਿਮ ਭਮਿਕਾ ਨਿਭਾਈ ਸੀ । 16 ਅਗਸਤ 1604 ਈ. ਨੂੰ ਗੁਰੂ ਅਰਜਨ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਨਿਯੁਕਤ ਕੀਤਾ। ਕਰਤ ਵਿਚਾਰ ਇਹ ਠਹਰਾਈ। ਬੁੱਢਾ ਜੀ ਸੇਵਾ ਨਿਪੁਨਾਈ। ਗੁਰ ਨਾਨਕ ਇਨ ਦਰਸ਼ਨ ਕਰੋ। ਸੇਵਾ ਮੈ ਅਤਿ ਹਿਤ ਇਹ ਧਰੇ।" 1608 ਈ. ਵਿਚ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਅਕਾਲ ਤਖ਼ਤ (ਅਕਾਲ ਬੁੰਗਾ) ਸਾਹਿਬ ਦਾ ਤਾਮੀਰੀ ਕੰਮ ਕੀਤਾ। ਇਸ ਦਾ ਨੀਹ-ਪੱਥਰ ਗੁਰ ਹਰਿਗੋਬਿੰਦ ਸਾਹਿਬ ਨੇ ਆਪ ਰੱਖਿਆ ਸੀ। ਬਾਬਾ ਬੁੱਢਾ ਜੀ ਦੇ ਚਾਰ ਸਪੁੱਤਰ ਸਨ। ਉਨ੍ਹਾਂ ਦੀ ਵੰਸ਼ ਵਿੱਚੋ ਹੀ ਭਾਈ ਰਾਮ ਕੰਵਰ 'ਖੰਡੇ ਕੀ ਪਾਹੁਲ' ਲੈ ਕੇ, ਗੁਰਬਖ਼ਸ਼ ਸਿੰਘ ਨਾਮ ਨਾਲ ਪ੍ਰਸਿੱਧ ਹੋਇਆ। ਬਾਬਾ ਜੀ ਦੀ ਵੰਸ਼ ਅੱਜਕਲ੍ਹ ਦੀ ਬਹੁਤੀ ਕੱਥੂ ਨੰਗਲ ਦੇ ਆਸ ਪਾਸ ਰਹਿੰਦੀ ਹੈ। ਇੱਕ ਵੇਰ ਜਦੋਂ ਗੁਰੂ ਅਮਰਦਾਸ ਜੀ, ਗੋਇੰਦਵਾਲ ਛੱਡ ਬਾਸਰਕੇ ਆ ਗਏ, ਕਮਰਾ ਬੰਦ ਕਰ ਕੇ ਨਾਮ ਸਿਮਰਨ ਵਿੱਚ ਲੱਗ ਪਏ। ਜਦੋਂ ਗੋਇੰਦਵਾਲ ਸੰਗਤਾਂ ਆਈਆਂ ਤਾਂ ਬਾਬਾ ਬੁੱਢਾ ਜੀ ਰਾਹੀ ਉਸ ਕਮਰੇ ਨੂੰ ਪਿੱਛਲੇ ਪਾਸਿਉ ਸੰਨ੍ਹ ਲਾ ਕੇ ਗੁਰੂ ਚਰਨਾਂ ਤੇ ਸੀਸ ਝੁਕਾਇਆ ਸੀ। ਇਥੇ ਹੁਣ ਗੁਰਦੁਆਰਾ 'ਸੰਨ ਸਾਹਿਬ' ਸੁਸ਼ੋਭਿਤ ਹੈ। ਬਾਬਾ ਬੁੱਢਾ ਜੀ 125 ਵਰ੍ਹੇ ਉਮਰ ਭੋਗ ਕੇ 1631 ਈ. ਵਿਚ ਸੱਚਖੰਡ ਪਧਾਰ ਗਏ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਕਰ ਕਮਲਾਂ ਨਾਲ ਸੰਸਕਾਰ ਕੀਤਾ।

ਬਾਬਾ ਜੀ ਦੀ ਯਾਦ ਵਿੱਚ 'ਗੁਰਦੁਆਰਾ ਤਪ ਅਸਥਾਨ ਬਾਬਾ ਬੁੱਢਾ ਜੀ' ਅਜ ਵੀ ਉਨ੍ਹਾਂ ਦੀ ਯਾਦ ਵਿਚ ਸਥਾਪਤ ਹੈ। ਬਾਬਾ ਬੁੱਢਾ ਜੀ ਨੇ ਕਈ ਬਿੱਖੜੇ ਸਮਿਆਂ ਵਿੱਚ ਪ੍ਰਮੁੱਖ ਸਿੱਖਾਂ ਨੂੰ ਨਾਲ ਲੈ ਕੇ ਦੂਰ ਦ੍ਰਿਸ਼ਟੀ, ਤੀਖਣ ਬੁੱਧੀ ਅਤੇ ਬੌਧਕ ਨਜ਼ਰੀਏ ਤੋਂ ਜਿਵੇਂ ਸਾਰੇ ਸਿੱਖਾਂ ਨੂੰ ਇਕ ਝੰਡੇ ਹੇਠ ਰੱਖਿਆ, ਉਹ ਮਹਾਨ ਅਤੇ ਵਡਮੁੱਲਾ ਕਾਰਜ ਸੀ। ਬਾਬਾ ਜੀ ਉਚੇ ਸੁੱਚੇ ਜੀਵਨ ਵਾਲੇ ਪੂਰਨ ਗੁਰਸਿੱਖ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਅਤੇ ਗੁਰੂ ਘਰ ਤੋਂ ਵਰਸੋਏ ਹੋਏ ਜੀਅੜੇ ਸਨ, ਜਿਨ੍ਹਾਂ ਦਾ ਨਾਂ ਹਮੇਸ਼ਾਂ ਸਿੱਖ ਇਤਿਹਾਸ ਵਿੱਚ ਚਾਨਣ ਮੁਨਾਰੇ ਦਾ ਕੰਮ ਕਰਦਾ ਰਹੇਗਾ। ਭਾਈ ਗੁਰਦਾਸ ਜੀ ਵੀ ਬਾਬਾ ਬੁੱਢਾ ਜੀ ਬਾਰੇ ਉਲੇਖ ਕਰਦੇ ਹਨ:- 'ਜਿਤਾ ਰੰਧਾਵਾ ਭਲਾ ਹੈ ਬੂੜਾ ਬੁਢਾ ਇਕ ਮਨਿ ਧਿਆਵੈ॥"

## ਕੌਮੀ ਸਿੱਖ ਆਗੂ ਬਾਬਾ ਖੜਕ ਸਿੰਘ



ਸਿੱਖਾਂ ਦੇ ਬੇਤਾਜ ਬਾਦਸ਼ਾਹ ਵਜੋਂ ਜਾਣੇ ਜਾਂਦੇ ਕੌਮੀ ਸਿੱਖ ਆਗੂ ਸਨ, ਜਿਨ੍ਹਾਂ ਨੂੰ ਅੱਜ ਵੀ ਉਸੇ ਪਿਆਰ ਤੇ ਸ਼ਿਦਤ ਨਾਲ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਦੇ ਬਿਖੜੇ ਸਮੇਂ, ਉਹ ਇੰਨੇ ਕੁ ਹਰਮਨ ਪਿਆਰੇ ਸਨ ਕਿ ਸਾਂਝੇ ਪੰਜਾਬ ਵਿੱਚ ਵੱਸਣ ਵਾਲਾ ਹਰ ਸਿੱਖ ਉਨ੍ਹਾਂ ਨੂੰ ਆਪਣਾ ਦਾਸ੍ਰੋਤ ਮੰਨਦਾ ਸੀ । ਸਿੱਖ ਕੌਮ ਦੀ ਮੌਜੂਦਾ ਪਾਰਲੀਮੈਂਟ ਅਤੇ ਸਿਰਮੌਰ ਸਿੱਖ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਹ ਤਿੰਨ ਵਾਰ ਪ੍ਰਧਾਨ ਦੇ ਸਨਮਾਨਿਤ ਅਹੁਦੇ 'ਤੇ ਕਾਰਜਸ਼ੀਲ ਰਹੇ। ਬਾਬਾ ਖੜਕ ਸਿੰਘ ਅਜਿਹੀ ਦ੍ਰਿੜ ਇਰਾਦੇ ਨਾਲ ਜੁਝਾਰੂ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਅੰਗ੍ਰੇਜ਼ ਹਕੂਮਤ ਵੱਲੋਂ ਡੇਰਾ ਗਾਜ਼ੀਖ਼ਾਨ (ਪਾਕਿਸਤਾਨ) ਦੀ ਜੇਲ੍ਹ ਵਿੱਚ ਜਦੋਂ ਕਾਲੀ ਦਸਤਾਰ ਸਜਾਉਣ ਅਤੇ ਗਾਂਧੀ ਟੋਪੀ ਪਾਉਣ 'ਤੇ ਪੂਰਨ ਰੂਪ ਵਿੱਚ ਪਾਬੰਦੀ ਲਾ ਦਿੱਤੀ ਗਈ, ਤਾਂ ਉਨ੍ਹਾਂ ਜੇਲ੍ਹ ਵਿੱਚ ਰਹਿੰਦਿਆਂ ਬਾਕੀ ਸਾਰੀ ਸਜ਼ਾ ਕੇਵਲ ਇਕ ਕਛਹਿਰਾ ਪਹਿਨ ਕੇ ਕੱਟੀ । ਸਰੀਰ ਉੱਪਰ ਪਹਿਨਣ ਵਾਲੇ ਸਾਰੇ ਬਸਤਰਾਂ ਦਾ ਤਿਆਗ ਕਰਕੇ ਕੌਮ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ । ਇਸੇ ਕਰਕੇ ਇਸ ਮਹਾਨ ਹਸਤੀ ਨੂੰ ਸਿੱਖਾਂ ਦੇ ਬੇਤਾਜ ਬਾਦਸ਼ਾਹ ਵਜੋਂ ਕੌਮ ਸਤਿਕਾਰ ਦਿੰਦੀ ਹੈ ।

ਬਾਬਾ ਖੜਕ ਸਿੰਘ ਜੀ ਦਾ ਜਨਮ 6 ਜੂਨ, 1868 ਈ: ਨੂੰ ਰਾਏ ਬਹਾਦਰ ਸ। ਹਰੀ ਸਿੰਘ ਦੇ ਗ੍ਰਹਿ ਵਿਖੇ ਸਿਆਲਕੋਟ (ਲਹਿੰਦਾ ਪੰਜਾਬ) ਵਿਖੇ ਹੋਇਆ । ਇਨ੍ਹਾਂ ਦੇ ਪਿਤਾ ਜੀ ਆਪਣੇ ਸਮੇਂ ਦੇ ਮੰਨੇ-ਪ੍ਰਮੰਨੇ ਠੇਕੇਦਾਰ ਅਤੇ ਸਨਅਤਕਾਰ ਸਨ । ਬਾਬਾ ਜੀ ਨੇ ਮੈਟ੍ਰਿਕ ਦਾ ਇਮਤਿਹਾਨ ਮਿਸ਼ਨ ਹਾਈ ਸਕੂਲ ਸਿਆਲਕੋਟ ਤੋਂ ਪਾਸ ਕੀਤਾ । ਸਰਕਾਰੀ ਕਾਲਜ ਲਾਹੌਰ ਤੋਂ 1889 ਈ: ਵਿੱਚ ਬੈਚੂਲਰ ਦੀ ਡਿਗਰੀ ਪ੍ਰਾਪਤ ਕੀਤੀ । ਇਸ ਤੋਂ ਬਾਅਦ ਇਲਾਹਾਬਾਦ ਦੇ ਲਾਅ ਕਾਲਜ ਵਿੱਚ ਦਾਖਲਾ ਲਿਆ, ਪਰ ਪਿਤਾ ਜੀ ਅਤੇ ਵੱਡੇ ਭਰਾ ਦੀ ਬੇਵਕਤ ਮੌਤ ਕਾਰਨ ਉਨ੍ਹਾਂ ਨੂੰ ਵਾਪਸ ਆਪਣੇ ਸ਼ਹਿਰ ਸਿਆਲਕੋਟ ਆਉਣਾ ਪਿਆ । 1912 ਈ: ਵਿੱਚ ਬਾਬਾ ਖੜਕ ਸਿੰਘ ਨੇ ਲੋਕ ਸੇਵਾ ਵਿੱਚ ਪ੍ਰਵੇਸ਼ ਕੀਤਾ । ਉਸ ਸਮੇ ਦੇਸ਼ ਦੇ ਲੋਕ ਗੁਰਬਤ ਤੇ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੇ ਹੋਏ ਸਨ । ਇਸ ਤੋਂ ਬਾਅਦ ਹੀ ਜਲ੍ਹਿਆਂਵਾਲੇ ਬਾਗ ਦਾ ਖ਼ੂਨੀ ਸਾਕਾ ਵਾਪਰਦਾ ਹੈ । ਬਾਬਾ ਜੀ ਨੂੰ ਇਸ ਖ਼ੂਨੀ ਸਾਕੇ ਨੇ ਝੰਜੋੜ ਕੇ ਰੱਖ ਦਿੱਤਾ । ਇਹੀ ਸਾਕਾ ਬਾਬਾ ਜੀ ਨੂੰ ਰਾਜਨੀਤੀ ਵਿੱਚ ਕੁੱਦਣ ਲਈ ਪ੍ਰੇਰਦਾ ਹੈ । 1920 ਈ: ਵਿੱਚ ਤੇਜ ਤਰਾਰ ਸਿੱਖ ਆਗੂ ਹੋਣ ਕਾਰਨ ਬਾਬਾ ਜੀ ਨੂੰ ਸੈਂਟਰਲ ਸਿੱਖ ਲੀਗ ਦਾ ਪ੍ਰਧਾਨ ਚੁਣਿਆ ਗਿਆ । ਦੇਸ਼ ਦੀ ਅਜ਼ਾਦੀ ਲਈ ਚੱਲੀ ਨਾ-ਮਿਲਵਰਤਨ ਲਹਿਰ ਵਿੱਚ ਪੂਰੇ ਉਤਸ਼ਾਹ ਨਾਲ ਪੰਜਾਬ ਦੇ ਸਰਗਰਮ ਆਗੂ ਵਜੋਂ ਯੋਗਦਾਨ ਪਾਇਆ । 1921 ਈ: ਵਿੱਚ ਨਵੀ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ । ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਇਨ੍ਹਾਂ ਦੀ ਅਗਵਾਈ ਵਿੱਚ ਸਫ਼ਲਤਾ ਨਾਲ ਜਿੱਤਿਆ ਗਿਆ ।

26 ਨਵੰਬਰ, 1921 ਨੂੰ ਅੰਗ੍ਰੇਜ਼ ਹਕੂਮਤ ਵਿਰੁੱਧ ਸਖ਼ਤ ਤਕਰੀਰ ਕਰਨ ਕਰਕੇ ਗ੍ਰਿਫਤਾਰ ਕਰ ਲਿਆ ਗਿਆ। ਇਸ ਸਰਕਾਰ ਵਿਰੋਧੀ ਪ੍ਰਚਾਰ ਦੇ ਇਵਜ਼ ਵਜੋਂ 6 ਮਹੀਨੇ ਦੀ ਸਖ਼ਤ ਕੈਦ ਦੀ ਸਜ਼ਾ ਕੱਟਣੀ ਪਈ । ਇਸ ਤੋਂ ਅਗਲੇ ਵਰ੍ਹੇ 1922 ਵਿੱਚ ਕ੍ਰਿਪਾਨਾਂ ਬਣਾਉਣ ਦੀ ਫੈਕਟਰੀ ਚਲਾਉਣ ਦੇ ਜੁਰਮ ਵਿੱਚ ਮੁੜ ਇਕ ਸਾਲ ਦੀ ਹੋਰ ਕੈਦ ਹੋ ਗਈ । ਇਸ ਦੇ ਨਾਲ ਹੀ ਅੰਗ੍ਰੇਜ਼ ਹਕੂਮਤ ਦੇ ਵਿਰੋਧ ਵਿੱਚ ਬਾਗੀਆਨਾ ਭਾਸ਼ਨ ਕਰਨ ਕਰਕੇ ਤਿੰਨ ਸਾਲ ਦੀ ਹੋਰ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ। ਜਦੋਂ ਇਸ ਸਜ਼ਾ ਅਧੀਨ ਡੇਰਾ ਗਾਜ਼ੀਖ਼ਾਨ (ਪਾਕਿਸਤਾਨ) ਵਿਖੇ ਅਨੇਕਾਂ ਹੋਰ ਰਾਜਸੀ ਕੈਦੀਆਂ ਨੂੰ ਜੇਲ੍ਹ ਵਿੱਚ ਕਾਲੀ ਦਸਤਾਰ ਅਤੇ ਗਾਂਧੀ ਟੋਪੀ 'ਤੇ ਪਾਬੰਦੀ ਲਾ ਦਿੱਤੀ ਗਈ ਤਾਂ ਉਨ੍ਹਾਂ ਰਾਜਸੀ ਕੈਦੀਆਂ ਨੂੰ ਹੱਕ ਦਿਵਾਉਣ ਖਾਤਰ ਸਾਰੀ ਕੈਦ ਇਕੱਲੇ ਕਛਹਿਰੇ ਨਾਲ ਬਿਤਾਉਣ ਦਾ ਪੱਕਾ ਨਿਰਣਾ ਲੈ ਲਿਆ । ਸਾਰੀ ਕੈਦ ਨੰਗੇ ਪਿੰਡੇ ਹੀ ਕੱਟੀ । ਇਸ ਕੈਦ ਵਿੱਚੋਂ 4 ਜੂਨ 1927 ਈ: ਨੂੰ ਰਿਹਾਅ ਕੀਤੇ ਗਏ । ਬਾਬਾ ਜੀ 95 ਵਰ੍ਹਿਆਂ ਦੀ ਉਮਰ ਵਿੱਚ 6 ਅਕਤੂਬਰ 1963 ਈ: ਨੂੰ ਦਿੱਲੀ ਵਿਖੇ ਹੀ ਆਪਣੇ ਸਨੇਹੀਆਂ ਨੂੰ ਸਦੀਵੀ ਵਿਛੋੜਾ ਦੇ ਗਏ । ਬਾਬਾ ਜੀ ਦੀ ਯਾਦ ਵਿੱਚ ਕਨਾਟ ਪਲੇਸ ਤੋਂ ਗੋਲ-ਮਾਰਕੀਟ ਨੂੰ ਜਾਂਦੀ ਸੜਕ ਦਾ ਨਾਂਅ ਬਾਬਾ ਖੜਕ ਸਿੰਘ ਮਾਰਗ ਰੱਖਿਆ ਗਿਆ । ਕੌਮੀ ਮਰਜੀਵੜਿਆਂ ਦੇ ਮਨ ਵਿੱਚ ਉਨ੍ਹਾਂ ਦੀ ਯਾਦ ਹਮੇਸ਼ਾਂ ਬਣੀ ਰਹੇਗੀ ।

# ਮਹਾਰਾਜਾ ਦਲੀਪ ਸਿੰਘ ਦੀ ਜੀਵਨੀ 'ਤੇ ਆਧਾਰਿਤ ਅਣਗੌਲੇ ਇਤਿਹਾਸਿਕ ਤੱਥ



ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਦਯਾ (ਦਇਆ) ਕੌਰ ਦੀ ਕੁੱਖ ਤੋਂ ਜਨਮੇ ਦੋ ਸਹਿਜ਼ਾਦੇ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਉਮਰ ਵਿਚ ਦਲੀਪ ਸਿੰਘ ਤੋਂ ਵੱਡੇ ਸਨ। ਉਨਾਂ ਨੂੰ ਰਾਜ-ਭਾਗ ਤੋਂ ਦੂਰ ਸਿਆਲਕੋਟ ਦੀ ਜਾਗੀਰ 'ਤੇ ਹੀ ਰੱਖਿਆ ਗਿਆ ਸੀ। ਉਨਾਂ 'ਚੋ ਜੋ ਕੋਈ ਲਾਹੌਰ ਤਖ਼ਤ 'ਤੇ ਬੈਠੇ, ਉਹ ਡੋਗਰਿਆਂ ਨੂੰ ਆਪਣੇ ਨਜ਼ਦੀਕ ਨਹੀ ਆਵਣ ਦਏਗਾ। ਹੀਰਾ ਸਿੰਘ ਨੂੰ ਆਪਣੀ ਤਾਕਤ ਡੋਲਦੀ ਨਜ਼ਰ ਆਈ। ਹੀਰਾ ਸਿੰਘ ਨੇ ਇਸ ਖ਼ਤਰੇ ਨੂੰ ਦੂਰ ਕਰਨ ਦੀ ਘੰਟੀ ਆਪਣੇ ਤਾਏ ਗੁਲਾਬ ਸਿੰਘ ਦੇ ਗਲੇ ਵਿਚ ਬੰਨ ਦਿੱਤੀ। ਗੁਲਾਬ ਸਿੰਘ ਨੇ ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਦੀ ਜਾਗੀਰਾਂ 'ਤੇ ਕਬਜ਼ਾ ਕਰ ਕੇ, ਲਾਹੌਰ ਰਾਜ ਤੋਂ ਦੂਰ ਨਸਾ ਦਿੱਤਾ। ਜਦੋਂ ਫੌਜ ਨੂੰ ਇਸ ਘਟਨਾ ਦਾ ਪਤਾ ਚਲਿਆ ਤਾਂ, ਸਿੱਖ ਸਰਦਾਰ ਰੋਹ ਵਿਚ ਆ ਗਏ। ਗੁਲਾਬ ਸਿੰਘ ਨੇ ਇਸ ਮੌਕੇ 'ਤੇ ਹੀਰਾ ਸਿੰਘ, ਜੋ ਮਹਾਰਾਜਾ ਰਣਜੀਤ ਸਿੰਘ ਦੁਆਰਾ ਵਿਗਾੜਿਆ ਗਿਆ ਸੀ, ਨੂੰ ਸੁਝਾ ਦਿੱਤਾ ਕਿ ਉਹ ਸੁਚੇਤ ਸਿੰਘ ਨੂੰ ਆਪਣਾ ਪ੍ਰਧਾਨ ਮੰਤਰੀ ਬਣਾ ਕੇ ਰਾਜ ਦਾ ਕੰਮ ਕਾਜ ਆਪਣਿਆਂ ਹੱਥਾਂ ਵਿਚ ਲੈ ਲਵੇ। ਫੌਜੀ ਸਰਦਾਰਾਂ ਦੀ ਸਤਰਕਤਾ ਕਾਰਨ ਗੁਲਾਬ ਸਿੰਘ ਦੀ ਸਾਜ਼ਿਸ਼ ਸਿਰੇ ਨਾ ਚੜ੍ਹ ਸਕੀ। ਡੋਗਰੇ ਭਰਾਵਾਂ ਦੁਆਰਾ ਰਚੀਆਂ ਸਾਜ਼ਿਸ਼ਾਂ ਕਾਰਨ ਮਹਾਰਾਜਾ ਸ਼ੇਰ ਸਿੰਘ ਦਾ ਰਾਜ ਕੇਵਲ 2 ਸਾਲ ਸੱਤ ਮਹੀਨੇ ਤੇ 27 ਦਿਨ ਹੀ ਰਿਹਾ। ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਪੁੱਤਰ ਦੇ ਕਤਲ ਤੋਂ ਬਾਅਦ ਕੰਵਰ ਕਸ਼ਮੀਰਾ ਸਿੰਘ ਤੇ ਕੰਵਰ ਪਿਸ਼ੌਰਾ ਸਿੰਘ ਦੇ ਪੰਜਾਬ ਛੱਡ ਕੇ ਦੂਜੇ ਇਲਾਕੇ ਵਿਚ ਜਾਣ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਆਖਰੀ ਵਾਰਿਸ ਦਲੀਪ ਸਿੰਘ ਹੀ ਰਹਿ ਗਿਆ ਸੀ। ਹੀਰਾ ਸਿੰਘ, ਜਨਰਲ ਵੈਨਚੁਰਾ, ਸਰਦਾਰ ਲਹਿਣਾ ਸਿੰਘ ਮਜੀਠੀਆ ਨਾਬਾਲਿਗ ਦਲੀਪ ਸਿੰਘ ਨੂੰ ਮਹਾਰਾਜਾ ਬਣਾਉਣ ਦਾ ਫੈਸਲਾ ਲਿਆ। ਗੁਲਾਬ ਸਿੰਘ ਨੇ ਆਪਣੀਆਂ ਚੰਮ ਦੀਆਂ ਚਲਦੀਆਂ ਰੱਖਣ ਲਈ ਹਾਂ ਵਿਚ ਹਾਂ ਮਿਲਾ ਦਿੱਤੀ।

### ਦਲੀਪ ਸਿੰਘ ਦੀ ਤਾਜਪੋਸ਼ੀ

ਇਸ ਲਈ ਮਹਾਰਾਜਾ ਰਣਜੀਤ ਸਿੰਘ ਦੇ ਆਖ਼ਰੀ ਵਾਰਿਸ ਦਲੀਪ ਸਿੰਘ ਦੀ ਤਾਜਪੋਸ਼ੀ 5 ਸਾਲ 09 ਦਿਨ ਦੀ ਉਮਰ ਵਿਚ 15 ਸਤੰਬਰ ਸੰਨ 1843 ਈ. ਨੂੰ ਰਾਜ-ਤਿਲਕ ਦੀ ਰਸਮ ਅਦਾ ਕਰਨ ਨਾਲ ਹੋਈ। However, in the book The Sikhs by Khushwant Singh he writes: "In 1842 the last Sikh ruler, the six year old Duleep Singh, the youngest son of Ranjit, ascended the throne with his mother, Rani Jindan as regent.2"

ਇਸ ਮੌਕੇ 'ਤੇ ਰਾਜਾ ਹੀਰਾ ਸਿੰਘ ਡੋਗਰਾ ਮਹਾਰਾਜਾ ਦਲੀਪ ਸਿੰਘ ਦਾ ਪ੍ਰਧਾਨ ਮੰਤਰੀ, ਮਿਸਰ ਜੱਲਾ ਨੂੰ ਸਹਾਇਕ ਵਜ਼ੀਰ ਬਣਾਇਆ ਗਿਆ। ਨਾਬਾਲਿਗ ਹੋਣ ਦੀ ਸੂਰਤ ਵਿਚ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ (ਜਿੰਦਾਂ) ਨੂੰ ਮਹਾਰਾਜਾ ਦਲੀਪ ਸਿੰਘ ਦਾ ਨਿਗਰਾਨ/ਸਰਪ੍ਰਸਤ ਬਣਾਇਆ ਗਿਆ। ਅਰਥਾਤ ਰਾਜ ਭਾਗ ਦੀ ਡੋਰ ਮਹਾਰਾਣੀ ਜਿੰਦ ਕੌਰ (ਜਿੰਦਾਂ) ਨੇ ਸੰਭਾਲੀ। ਅੰਗਰੇਜ਼ ਇਸ ਸਮੇਂ ਕੀ ਸੋਚ ਰਹੇ ਹਨ, ਇਸ ਪਾਸੇ ਕਿਸੇ ਨੇ ਧਿਆਨ ਨਾ ਦਿੱਤਾ। ਅੰਗਰੇਜ਼ ਇਤਿਹਾਸਕਾਰ ਕਨਿੰਘਮ ਅੰਗਰੇਜ਼ਾਂ ਦੀ ਸੋਚ ਬਾਰੇ ਲਿਖਦਾ ਹੈ ਕਿ: "One of the Broadfoot's act was to declare the Cis-Sutlej possession of Lahore to be under British protection equally with Patiala and other chiefship, and also to be liable to escheat on the death or deposition of Maharaja Dalip Singh (Major Broadfoot's letter to Government, of the 7th December, 1844, 6th Jan, and 28th Feb. 28, 1845 may be referred to as explanatory.3"

### ਭਾਈ ਬੀਰ ਸਿੰਘ ਨੌਰੰਗਾਬਾਦੀ

ਤਰਨਤਾਰਨ ਦੇ ਨੇੜੇ ਦੇ ਪਿੰਡ ਨੌਰੰਗਾਬਾਦ ਵਿਚ ਜਨਮਿਆ ਭਾਈ ਬੀਰ ਸਿੰਘ ਜਵਾਨ ਹੋ ਕੇ ਖ਼ਾਲਸਾ ਫ਼ੌਜ ਵਿਚ ਭਰਤੀ ਹੋ ਗਿਆ ਸੀ। ਲਾਹੌਰ ਦਰਬਾਰ ਵਿਚ ਨਿੱਤ ਦੀਆਂ ਰਚੀਆਂ ਜਾਣ ਵਾਲੀਆਂ ਸਾਜਿਸ਼ਾਂ ਤੋਂ ਦੁਖੀ ਹੋ ਕੇ ਨੌਕਰੀ ਛੱਡ ਦਿੱਤੀ ਅਤੇ ਬੇਦੀ ਸਾਹਿਬ ਸਿੰਘ ਦੇ ਰਸੂਖ ਹੇਠ ਪ੍ਰਚਾਰਕ ਬਣ ਗਏ। ਭਾਈ ਬੀਰ ਸਿੰਘ ਨੌਰੰਗਾਬਾਦੀ ਦੇ ਸਾਥ ਵਿਚ ਭਾਈ ਨਿਹਾਲ ਸਿੰਘ ਵੀ ਗੁਰੂ ਦੇ ਸਿੱਖਾਂ ਦੀ ਸੇਵਾ 'ਗੁਰੂ ਦਰਸ਼ਨਾਂ ਦਾ ਦਵਾਰ' ਵਰਗੀ ਸੋਚ ਦਾ ਧਾਰਨੀ ਬਣ ਗਿਆ। ਗੁਰੂ ਦੇ ਸਿੱਖਾਂ ਦੀ ਸੇਵਾ ਕਰਨ ਦੇ ਵਿਚਾਰ ਨਾਲ ਆਪਣੇ ਆਸ਼ੇ ਦੀ ਪੂਰਤੀ ਲਈ ਭਾਈ ਬੀਰ ਸਿੰਘ ਦੇ ਡੇਰੇ 'ਤੇ ਰਾਜਸੀ ਵਿਰੋਧੀਆਂ ਦੀ ਸੇਵਾ ਦੇ ਕੰਮ ਵਿਚ ਜੁੜ ਗਿਆ। ਧਰਮ ਸੰਕਟ ਅਤੇ ਰਾਜਸੀ ਸਲਾਹ ਮਸ਼ਵਰੇ ਲਈ ਬਹੁਤੇ ਸਰਦਾਰ ਭਾਈ ਬੀਰ ਸਿੰਘ ਵੱਲ ਦੇਖਣ ਲੱਗੇ ਸਨ। ਭਾਈ ਬੀਰ ਸਿੰਘ ਦੇ ਡੇਰੇ 'ਤੇ ਭਾਈ ਨਿਹਾਲ ਸਿੰਘ ਡੇਰੇ 'ਤੇ ਆਉਣ ਵਾਲੇ ਪਨਾਹਗੀਰਾਂ ਦੀ ਸੇਵਾ ਕਰਦਾ। ਵਾਧੂ ਸਮੇਂ ਵਿਚ ਸਿੱਖ ਸ਼ਹੀਦਾਂ ਦੀਆਂ ਸਾਖੀਆਂ ਸੁਣਦਾ। ਸਾਹਿਬਜ਼ਾਦਿਆਂ ਅਤੇ ਹੋਰ ਅਨੇਕ ਸਿੰਘਾਂ ਦੀਆਂ ਸ਼ਹਾਦਤਾਂ ਤੋਂ ਪ੍ਰਭਾਵਿਤ ਹੋ ਕੇ ਭਾਈ ਨਿਹਾਲ ਸਿੰਘ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦਾ ਮਨ ਬਣਾ ਲਿਆ। ਭਾਈ ਬੀਰ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ ਨਿਹਾਲ ਸਿੰਘ ਨੇ ਭਾਈ ਭਗਵਾਨ ਸਿੰਘ ਨਾਮ ਦੀ ਨਵੀ ਪਛਾਣ ਬਣਾ ਲਈ। ਭਾਈ ਭਗਵਾਨ ਸਿੰਘ ਨੇ ਆਪਣਾ ਹਰ ਸੁਆਸ ਸਤਿਗੁਰਾਂ ਨੂੰ ਅਰਪਣ ਕਰਨ ਦਾ ਵਿਕਲਪ ਲੈ ਲਿਆ । ਭਾਈ ਨਿਹਾਲ ਸਿੰਘ ਉਰਫ ਭਾਈ ਭਗਵਾਨ ਸਿੰਘ, ਰੱਖ ਵਿਚ ਆਉਣ/ਜਾਣ ਵਾਲੇ ਸਿੰਘਾਂ ਦੀ ਸੇਵਾ ਕਰਨ ਸਮੇਂ ਆਪਣੇ ਸਾਹਮਣੇ ਵਾਲੇ ਨੂੰ ਆਦਤਨ, 'ਮਹਾਰਾਜ' ਸ਼ਬਦ ਨਾਲ ਸੰਬੋਧਨ ਕਰ ਲੱਗੇ। 'ਇਹ ਲਓ ਮਹਾਰਾਜ' 'ਲਿਆਇਆ ਜੀ ਮਹਾਰਾਜ' ਆਦਿ। ਭਾਈ ਭਗਵਾਨ ਸਿੰਘ ਦਾ ਕਿਸੇ ਦੂਜੇ ਨੂੰ ਮਹਾਰਾਜ ਕਹਿ ਕੇ ਸੰਬੋਧਨ ਕਰਨ ਦਾ ਲਹਿਜਾ ਮਾਨਵੀ ਰਿਸ਼ਤਿਆਂ ਵਿਚ ਪਿਆਰ ਤੇ ਨੈਤਿਕਤਾ ਨੂੰ ਅਹਿਮੀਅਤ ਦੇਣ ਦਾ ਯਤਨ ਸੀ । ਇਸ ਤਰ੍ਹਾਂ ਹੌਲੀ ਹੌਲੀ ਰੱਖ ਵਿਚ ਆਣ/ਜਾਣ ਵਾਲੇ ਲੋਕਾਂ ਵਿਚ ਭਾਈ ਭਗਵਾਨ ਸਿੰਘ ਨੂੰ "ਮਹਾਰਾਜ ਜੀ ਲੰਗਰ ਤਿਆਰ ਹੈ" "ਮਹਾਰਾਜ ਜੀ ਇਹ ਲਿਆ ਦਿਓ ਜੀ" "ਮਹਾਰਾਜ ਜੀ ਇਹ ਕੰਮ ਕਰ ਦਿਉ ਜੀ" ਆਦਿ ਕਹਿ ਕੇ ਬੁਲਾਉਣ ਲਗ ਪਏ। ਸਮਾਂ ਗੁਜ਼ਰਨ ਦੇ ਨਾਲ ਭਾਈ ਭਗਵਾਨ ਸਿੰਘ ਦਾ ਨਾਮ 'ਮਹਾਰਾਜ ਜੀ ਪੱਕ ਗਿਆ। ਹੁਣ ਭਾਈ ਸਾਹਿਬ ਵੀ ਆਪਣੇ ਪਹਿਲੇ ਨਾਵਾਂ ਨਿਹਾਲ ਸਿੰਘ ਅਤੇ ਭਗਵਾਨ ਸਿੰਘ ਨੂੰ ਭੁਲਾ ਕੇ ਮਹਾਰਾਜ ਸਿੰਘ ਕਹਾਉਣ ਵਿਚ ਖੁਸ਼ੀ ਮਹਿਸੂਸ ਕਰਨ ਲਗ ਪਏ। ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਖੜਕ ਸਿੰਘ ਦੀ ਮੌਤ ਤੋਂ ਬਾਅਦ, ਸਾਜਿਸ਼ਾਂ ਤੋਂ ਪਰਹੇਜ਼ ਕਰਨ ਵਾਲੇ ਸੱਚ ਦੇ ਰਾਹੀ ਖ਼ਾਲਸਾ ਦਰਬਾਰ ਤੋਂ ਅਲਹਿਦਗੀ ਲੈਣ ਲੱਗ ਪਏ ਸਨ। ਸੰਨ 1844 ਈ. ਵਿਚ ਸਰਦਾਰ ਅੱਤਰ ਸਿੰਘ ਸੰਧਾਵਾਲੀਆ ਵੀ ਖ਼ਾਲਸਾ ਦਰਬਾਰ ਵਿਚ ਨਿੱਤ ਦੀਆਂ ਹੋਣ ਵਾਲੀਆਂ ਸਾਜਿਸ਼ਾਂ ਤੋਂ ਤੰਗ ਆ ਕੇ ਭਾਈ ਬੀਰ ਸਿੰਘ ਨੌਰੰਗਾਬਾਦੀ ਦੀ ਰੱਖ ਵਿਚ ਸ਼ਰਣ ਲੈਣ ਆ ਗਿਆ। ਭਾਈ ਬੀਰ ਸਿੰਘ ਨੌਰੰਗਾਬਾਦੀ ਦਾ ਸਿੱਖ ਸੰਗਠਨ ਦੇ ਭਾਗ ਵੇਲੇ ਹੋਰ ਸੈਨਿਕਾਂ ਨਾਲ ਚੰਗਾ ਮਿਲਾਪੜਾ ਰਸੂਖ ਹੋ ਗਿਆ ਸੀ। ਸੰਗਠਨ ਵਿਚ ਆਪਣੇ ਖ਼ੁਲੂਸ ਕਾਰਨ ਹਰਮਨ ਪਿਆਰੇ ਹੋ ਗਏ ਸਨ। ਚੜ੍ਹਾਵੇ ਦੀ ਬਹੁਤਾਤ ਕਾਰਨ ਰੱਖ ਵਿਚ ਹਜ਼ਾਰ ਤੋਂ ਵੱਧ ਤਨਖਾਹ ਵਾਲੇ ਸੇਵਕ/ਸੈਨਿਕ ਕੰਮ ਕਰਦੇ ਸਨ। ਖਾਲਸਾ ਦਰਬਾਰ ਦਾ ਨਵਾਂ ਪ੍ਰਧਾਨ ਮੰਤਰੀ ਹੀਰਾ ਸਿੰਘ ਡੋਗਰਾ, ਭਾਈ ਬੀਰ ਸਿੰਘ ਨੌਰੰਗਾਬਾਦੀ ਅਤੇ ਉਸ ਦੀ ਰੱਖ ਨੂੰ ਆਪਣੀ ਰਾਹ ਦਾ ਰੋੜਾ ਸਮਝਣ ਲੱਗ ਪਿਆ ਸੀ। ਹੀਰਾ ਸਿੰਘ ਨੇ ਭਾਈ ਬੀਰ ਸਿੰਘ ਤੋਂ ਸਰਦਾਰ ਅੱਤਰ ਸਿੰਘ ਸੰਧਾਵਾਲੀਆ ਦੀ ਮੰਗ ਕੀਤੀ। ਭਾਈ ਬੀਰ ਸਿੰਘ ਨੇ 'ਸ਼ਰਣ ਆਏ ਨੂੰ ਕਿਸੇ ਦੇ ਹਵਾਲੇ ਨਹੀ ਕਰ ਸਕਦੇ" ਕਹਿ ਕੇ ਅੱਤਰ ਸਿੰਘ ਸੰਧਾਵਾਲੀਆ ਨੂੰ ਦੇਣ ਤੋਂ ਨਾਂਹ ਕਰ ਦਿੱਤੀ। ਆਪਣੇ ਆਕਾਵਾਂ ਦੇ ਨਾਮ ਤੇ ਆਪਣੀ ਰਾਹ ਦਾ ਰੋੜਾ ਹਟਾਉਣ ਅਤੇ ਨਵੇਂ ਆਕਾਵਾਂ ਦੀ ਨਜ਼ਰ ਵਿਚ ਪਰਵਾਨ ਚੜ੍ਹਨ ਲਈ ਹੀਰਾ ਸਿੰਘ ਨੇ ਭਾਈ ਬੀਰ ਸਿੰਘ ਦੀ ਰੱਖ ਨੂੰ ਖਤਮ ਕਰਨ ਦਾ ਚੰਗਾ ਮੌਕਾ ਜਾਣਿਆ। ਹੀਰਾ ਸਿੰਘ ਡੋਗਰਾ ਨੇ ਮੀਆਂ ਲਾਭ ਸਿੰਘ ਰਾਜਪੂਤ ਦੀ ਕਮਾਨ ਹੇਠ 20 ਹਜ਼ਾਰ ਸੈਨਿਕਾਂ ਦੇ ਦਸਤੇ ਨੂੰ 50 ਤੋਪਾਂ ਦੇ ਕੇ 7 ਮਈ ਸੰਨ 1844 ਈ. ਨੂੰ ਭਾਈ ਬੀਰ ਸਿੰਘ ਨੌਰੰਗਾਬਾਦੀ ਦੇ ਡੇਰੇ 'ਤੇ ਚੜ੍ਹਾਈ ਕਰਵਾ ਦਿੱਤੀ। ਸਿੰਘਾਂ ਦੀ ਛੋਟੀ ਜਿਹੀ ਰੱਖ 'ਤੇ ਬਿਨਾਂ ਚਿਤਾਵਨੀ ਦਿੱਤੇ ਇਤਨੀ ਵੱਡੀ ਫੌਜ ਅਤੇ ਤੋਪਾਂ ਨਾਲ ਚੜ੍ਹਾਈ ਕਰਨ ਦਾ ਮਤਲਬ ਸਾਫ ਸੀ। ਪੰਜਾਬ ਸਰਕਾਰ ਦੇ ਸੈਨਿਕਾਂ ਦੇ ਹਮਲੇ ਦੇ ਸਮੇਂ ਭਾਈ ਬੀਰ ਸਿੰਘ ਨੌਰੰਗਾਬਾਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਵਿਚ ਲੀਨ ਸਨ । ਸੇਵਕਾਂ ਤੋਂ ਹਮਲੇ ਦੀ ਖ਼ਬਰ ਸੁਣ ਕੇ ਭਾਈ ਬੀਰ ਸਿੰਘ ਨੇ ਆਪਣੀ ਜਾਨ ਬਚਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ 'ਚੋ ਉਠਣਾ ਮੁਨਾਸਿਬ ਨਹੀ ਸਮਝਿਆ। ਗੁਰੂ ਸਾਹਿਬ ਦੀ ਹਜੂਰੀ ਵਿਚ ਮਿਲੀ ਮੌਤ ਤੋਂ ਬਿਹਤਰ ਮੌਤ ਭਲਾ ਹੋਰ ਕਿਹੜੀ ਹੋ ਸਕਦੀ ਹੈ ? ਅਸੀ ਆਪਣੇ ਭਾਈਆਂ (ਭਾਵ ਭਰਾਵਾਂ) 'ਤੇ ਵਾਰ ਨਹੀ ਕਰ ਸਕਦੇ, ਕਹਿ ਕੇ ਭਾਈ ਬੀਰ ਸਿੰਘ ਨੇ ਆਪਣੇ ਸੇਵਕਾਂ ਨੂੰ ਰੋਕ ਦਿੱਤਾ। ਰੱਖ ਵਿਚ ਹਾਜ਼ਰ ਸਰਦਾਰ ਅੱਤਰ ਸਿੰਘ ਸੰਧਾਵਾਲੀਆ, ਕੰਵਰ ਕਸ਼ਮੀਰਾ ਸਿੰਘ ਅਤੇ ਸਰਦਾਰ ਸ਼ਾਮ ਸਿੰਘ ਸਮੇਤ ਅਨੇਕਾਂ ਸਿੰਘਾਂ ਨੇ ਸਰਕਾਰੀ ਹਮਲੇ ਦਾ ਬਹਾਦਰੀ ਨਾਲ ਟਾਕਰਾ ਕੀਤਾ ਪਰ 20 ਹਜ਼ਾਰ ਸੈਨਿਕਾਂ ਤੇ ਤੋਪਾਂ ਦੇ ਸਾਹਮਣੇ ਕੁਝ ਸੋ ਸਿੰਘਾਂ ਦੀ ਵਾਹ ਨਾ ਚਲੀ। ਤੋਪਾਂ ਦੇ ਗੋਲਿਆਂ ਦੇ ਸਾਹਮਣੇ ਭਾਈ ਬੀਰ ਸਿੰਘ ਦਾ ਡੇਰਾ ਤਾਂ ਤਬਾਹ ਹੋਇਆ ਹੀ, ਪਾਠ ਕਰਦੇ ਭਾਈ ਬੀਰ ਸਿੰਘ ਵੀ ਸ਼ਹੀਦ ਹੋ ਗਏ। ਇਸ ਹਮਲੇ ਵਿਚ ਮਰਨ ਵਾਲਿਆਂ ਵਿਚ ਭਾਈ ਬੀਰ ਸਿੰਘ ਨੌਰੰਗਾਬਾਦੀ, ਕੰਵਰ ਕਸ਼ਮੀਰਾ ਸਿੰਘ ਅਤੇ ਅੱਤਰ ਸਿੰਘ ਸੰਧਾਵਾਲੀਆ ਵੀ ਸ਼ਾਮਲ ਸਨ। (ਲਾਹੌਰ ਸਰਕਾਰ ਦੀ ਫ਼ੌਜ ਨੇ ਰੱਖ ਵਿਚ ਨਿਵਾਸ ਕਰਨ ਵਾਲੀਆਂ ਜ਼ਨਾਨੀਆਂ ਨੂੰ ਵੀ ਨਹੀ ਬਖਸ਼ਿਆ ਕੰਵਰ ਕਸ਼ਮੀਰਾ ਸਿੰਘ ਦੀਆਂ ਰਾਣੀਆਂ ਅਤੇ ਮਾਤਾ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਭਿਜਵਾ ਦਿੱਤਾ। ਖ਼ਾਲਸਾ ਫ਼ੌਜ ਦੇ ਸਰਦਾਰਾਂ ਨੂੰ ਹਮਲੇ ਦੀ ਸੂਹ ਮਿਲਣ 'ਤੇ ਸਰਦਾਰਾਂ ਨੇ ਲਾਹੌਰ ਦਰਬਾਰ 'ਤੇ ਜ਼ੋਰ ਪਾ ਕੇ ਕੰਵਰ ਕਸ਼ਮੀਰਾ ਸਿੰਘ ਦੀ ਮਾਤਾ ਅਤੇ ਰਾਣੀਆਂ ਨੂੰ ਛੁਡਵਾ ਲਿਆਉਂਦਾ।) ਕਿਹਾ ਜਾਂਦਾ ਹੈ ਕਿ ਭਾਈ ਬੀਰ ਸਿੰਘ ਦੇ ਅੰਤਿਮ ਸ਼ਬਦ, "ਮੇਰੀ ਦੇਹ ਨੂੰ ਸਤਲੁਜ ਵਿਚ ਵਹਾ ਦੇਣਾ, ਮੈਂ ਨਹੀ ਚਾਹੁੰਦਾ ਜੋ ਮੇਰਾ ਸਰੀਰ ਲਾਲਚੀ ਅਤੇ ਮਤਲਬੀਆਂ ਦੀ ਧਰਤੀ ਉੱਤੇ ਗਲੇ-ਸੜੇ। "Let not my body rot in this land of iniquity." ਕੰਵਰ ਪਿਸ਼ੌਰਾ ਸਿੰਘ ਹਮਲੇ ਵਿਚ ਬਚ ਨਿਕਲਿਆ, ਉਸ ਨੇ ਅੰਗਰੇਜ਼ ਇਲਾਕੇ ਵਿਚ ਸ਼ਰਨ ਲੈਣ ਲਈ ਖ਼ੁਦ ਨੂੰ ਲਾਹੌਰ ਦਰਬਾਰ ਵਿਚ ਪੇਸ਼ ਕਰ ਦਿੱਤਾ। ਫੌਜ ਨੇ ਭਾਈ ਬੀਰ ਸਿੰਘ ਦੀ ਰੱਖ ਵਿਚ ਪਿਆ ਲੱਖਾਂ ਦਾ ਮਾਲ-ਅਸਬਾਬ ਲੁੱਟ ਲਿਆ। ਭਾਈ ਮਹਾਰਾਜ ਸਿੰਘ ਵੀ ਭਾਵੇਂ ਰੱਖ ਵਿਚ ਹੀ ਮੌਜੂਦ ਸਨ, ਪਰ ਕਿਸੇ ਕਾਰਨ ਉਹ ਹਮਲੇ ਵਿੱਚੋਂ ਬਚ ਨਿਕਲੇ, ਪਰ ਰੱਖ ਵਿਚ ਹੋਈਆਂ ਅਨੇਕਾਂ ਸ਼ਹਾਦਤਾਂ ਕਾਰਨ, ਭਾਈ ਮਹਾਰਾਜ ਸਿੰਘ ਦੇ ਦਿਲ 'ਤੇ ਗਹਿਰਾ ਸਦਮਾ ਪੁੱਜਾ। ਭਾਈ ਬੀਰ ਸਿੰਘ ਦੀ ਮੌਤ ਨੇ ਸਿੱਖ ਸੈਨਿਕਾਂ ਦਿਆਂ ਦਿਲਾਂ ਵਿਚ ਵੀ ਰੋਸ ਭਰ ਦਿੱਤਾ। ਬਹੁਤੇ ਸਿੱਖ ਸੈਨਿਕਾਂ ਦਾ ਖਿਆਲ ਸੀ ਇਹ ਹਮਲਾ ਡੋਗਰਾ ਭਰਾਵਾਂ ਦੇ ਪੁਰੋਹਿਤ ਪੰਡਿਤ ਜਲ੍ਹਾ ਦੀ ਉਕਸਾਹਟ ਕਾਰਨ ਹੋਂਦ ਵਿਚ ਆਇਆ ਹੈ। ਭਾਈ ਬੀਰ ਸਿੰਘ ਦੇ ਡੇਰੇ ਦੀ ਤਬਾਹੀ ਦੇਖ ਕੇ ਪੰਜਾਬ ਤੇ ਸਿੱਖਾਂ ਦੀ ਅੰਗਰੇਜ਼ ਹਕੂਮਤ ਤੋਂ ਆਜ਼ਾਦੀ ਤੇ ਸਿੱਖ ਰਾਜ ਦਾ ਹਾਮੀ, ਭਾਈ ਮਹਾਰਾਜ ਸਿੰਘ, ਸੰਨ 1845 ਈ. ਵਿਚ ਰਾਮ ਨਗਰ ਵਿਖੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਹਾਜ਼ਰੀ ਵਿਚ ਸ਼ਹੀਦ ਹੋ ਗਿਆ।

ਰਜਿੰਦਰ ਸਿੰਘ ਜੌਲੀ
703-327-1528

### ਮਹਾਰਾਣੀ ਜਿੰਦਾਂ ਦੀ ਹੀਰਾ ਸਿੰਘ ਤੇ ਪੰਡਿਤ ਜਲ੍ਹਾ ਨਾਲ ਟੱਕਰ

ਜਿੰਦਾਂ ਖ਼ੂਬਸੂਰਤ ਸੀ ਪਰ ਸੁਭਾਅ ਦੀ ਸਖ਼ਤ ਤੇ ਗੰਭੀਰ ਸੀ। ਰਾਜ ਭਾਗ ਦੇ ਫ਼ੈਸਲੇ ਵੀ ਆਪ ਲੈਣਾ ਪਸੰਦ ਕਰਦੀ ਸੀ। ਹੀਰਾ ਸਿੰਘ ਤੇ ਪੰਡਿਤ ਜਲ੍ਹਾ ਨੂੰ ਜਿੰਦਾਂ ਦੀ ਇਹ ਗੱਲ ਅੱਖਰਦੀ ਲੱਗ ਪਈ। ਨਿੱਕੀਆਂ ਨਿੱਕੀਆਂ ਗੱਲਾਂ 'ਤੇ ਜਿੰਦਾਂ ਤੇ ਹੀਰਾ ਸਿੰਘ ਦੇ ਸੁਭਾਅ ਟਕਰਾ ਜਾਂਦੇ। ਦਰਬਾਰ ਦੇ ਕੁਝ ਅਹਿਲਕਾਰਾਂ ਨੂੰ ਜਿੰਦਾਂ ਦੀ ਫੈਸਲੇ ਲੈਣ ਦੀ ਆਦਤ ਪਸੰਦ ਆਈ, ਪਰ ਹੀਰਾ ਸਿੰਘ ਅਤੇ ਪੰਡਿਤ ਜੱਲ੍ਹਾ ਮਿਸਰ ਨੇ ਤਾਂ ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਜਿੰਦਾਂ ਨੂੰ ਤੰਗ ਕਰ ਕੇ ਆਪਣੀ ਕੱਠਪੁਤਲੀ ਬਣਾਉਣਾ ਚਾਹਿਆ ਸੀ। ਉਨ੍ਹਾਂ ਨੂੰ ਜਿੰਦਾਂ ਦੀ ਦਲੇਰੀ ਸੁਖਾ ਨਹੀ ਰਹੀ ਸੀ। ਦਸੰਬਰ ਸੰਨ 1844 ਈ. ਦੀ ਇਕ ਸ਼ਾਮ ਮਹਾਰਾਣੀ ਜਿੰਦਾਂ ਨੇ ਫੌਜ ਦੇ ਪੰਚ ਸਰਦਾਰਾਂ ਨੂੰ ਬੁਲਾ ਕੇ ਜਲ੍ਹੇ ਮਿਸਰ ਦੁਆਰਾ ਮਹਾਰਾਣੀ ਦੀ ਹੱਤਕ ਕਰਨ ਦੀ ਸ਼ਿਕਾਇਤ ਕੀਤੀ। ਸਿੱਖ ਸਰਦਾਰ ਜੋ ਪਹਿਲਾਂ ਹੀ ਮੂੰਹ ਜ਼ੋਰ ਹੋ ਚੁੱਕੇ ਸੀ, ਨੇ ਹੀਰਾ ਸਿੰਘ ਡੋਗਰਾ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਸ ਲਈ ਇਹੋ ਚੰਗਾ ਹੋਏਗਾ ਕਿ ਉਹ ਪੰਡਿਤ ਜਲ੍ਹਾ ਮਿਸਰ ਨੂੰ ਬਰਖ਼ਾਸਤ ਕਰ ਦੇਵੇ। ਹੀਰਾ ਸਿੰਘ ਡੋਗਰਾ ਤਾਂ ਪੰਡਿਤ ਜਲ੍ਹਾ ਮਿਸਰ ਦੇ ਇਸ਼ਾਰਿਆਂ 'ਤੇ ਨਾਚ ਕਰ ਰਿਹਾ ਸੀ, ਉਸ ਨੂੰ ਇਹ ਸੁਝਾ ਨਾ ਸੁਖਾਇਆ। ਵਿਦੇਸ਼ੀ ਇਤਿਹਾਸਕਾਰ ਕਨਿੰਘਮ ਇਸ ਵਿਸ਼ੇ 'ਤੇ ਆਪਣੇ ਵਿਚਾਰ ਦਸਦਿਆਂ ਲਿਖਦਾ ਹੈ ਕਿ- "The Pandit Jalla again, in his arrogance, had ventured to use some expressions of impatience and disrespect towards the mother of Maharaja, and he had habitually treated Jawahar Singh, her brother with neglect and contempt. On 21 December, 1844. They endeavored to avoid the wrath of the Sikh soldiery by a sudden flight from the Capital. But they were over taken and slain before they could reach Jammu." 21 ਦਸੰਬਰ ਸੰਨ 1843 ਈ. ਨੂੰ. ਹੀਰਾ ਸਿੰਘ ਡੋਗਰਾ ਆਪਣੇ ਤਾਏ ਦੇ ਪੁੱਤਰ ਮੀਆਂ ਸੋਹਨ ਸਿੰਘ, ਲਾਭਸਿੰਘ ਤੇ ਜਲ੍ਹਾ ਮਿਸਰ ਸਿੱਖ ਰਾਜ ਦਾ ਖ਼ੁਜ਼ਾਨਾ, ਹੀਰੇ ਆਦਿ ਲੈ ਕੇ 1200 ਫੌਜੀਆਂ ਨਾਲ ਜੰਮੂ ਵੱਲ ਨੱਸ ਗਿਆ। ਸਰਦਾਰ ਸ਼ਾਮ ਸਿੰਘ ਅਟਾਰੀ, ਜਵਾਹਰ ਸਿੰਘ ਅਤੇ ਅੱਤਰ ਸਿੰਘ ਕਾਲਿਆਂ ਵਾਲਾ ਨੂੰ ਪਤਾ ਲਗਣ 'ਤੇ ਉਨ੍ਹਾਂ ਨੇ ਆਪਣੀਆਂ ਫ਼ੌਜਾਂ ਨਾਲ ਹੀਰਾ ਸਿੰਘ ਦਾ ਪਿੱਛਾ ਕੀਤਾ। ਸਰਦਾਰਾਂ ਨੇ 9 ਮੀਲ ਦੀ ਦੂਰੀ 'ਤੇ ਉਨ੍ਹਾਂ ਨੂੰ ਜਾ ਘੇਰਿਆ। ਸਰਦਾਰਾਂ ਅਤੇ ਹੀਰਾ ਸਿੰਘ ਡੋਗਰੇ ਦੇ ਸੈਨਿਕਾਂ ਵਿਚ ਭਿਆਨਕ ਲੜਾਈ ਹੋਈ। ਇਸ ਮੁਠਭੇੜ ਵਿਚ ਹੀਰਾ ਸਿੰਘ ਡੋਗਰਾ ਅਤੇ ਪੰਡਿਤ ਜਲ੍ਹਾ ਮਿਸਰ, ਰਾਜਾ ਗੁਲਾਬ ਸਿੰਘ ਦਾ ਪੁੱਤਰ ਸੋਹਨ ਡੋਗਰਾ ਅਤੇ ਲਾਭ ਸਿੰਘ ਮਾਰੇ ਗਏ। ਕਿਹਾ ਜਾਂਦਾ ਹੈ ਕਿ ਖ਼ਾਲਸਾ ਦਰਬਾਰ ਨਾਲ ਗੱਦਾਰੀ ਕਰਨ ਦੇ ਇਲਜ਼ਾਮ ਵਿਚ ਹੀਰਾ ਸਿੰਘ ਡੋਗਰਾ, ਪੰਡਤ ਜਲ੍ਹਾ ਮਿਸਰ, ਲਾਭ ਸਿੰਘ ਡੋਗਰਾ ਅਤੇ ਗੁਲਾਬ ਸਿੰਘ ਦੇ ਪੁੱਤਰ ਸੋਹਨ ਸਿੰਘ ਦੇ ਸਿਰ ਲਾਹ ਕੇ ਲਾਹੌਰ ਸ਼ਹਿਰ ਦੇ ਅੱਡ ਅੱਡ ਦਰਵਾਜ਼ਿਆਂ 'ਤੇ ਟੰਗ ਦਿੱਤੇ ਗਏ।

### ਮਹਾਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਦੀ ਮੌਤ

ਡੋਗਰਾ ਹੀਰਾ ਸਿੰਘ ਤੇ ਉਸ ਦੇ ਹਮਰਾਜ/ਮਸ਼ੀਰੇ ਪੰਡਿਤ ਜਲ੍ਹੇ ਮਿਸਰ ਦਾ ਮੁਠਭੇੜ ਵਿਚ ਕਤਲ ਹੋ ਜਾਣ ਨਾਲ ਜਵਾਹਰ ਸਿੰਘ ਦਾ ਰਾਹ ਸਾਫ ਸੀ। ਜਵਾਹਰ ਸਿੰਘ ਆਪ ਖ਼ਾਲਸਾ ਦਰਬਾਰ ਦਾ ਪ੍ਰਧਾਨ ਮੰਤਰੀ ਬਣ ਗਿਆ। ਜਵਾਹਰ ਸਿੰਘ ਜਾਣਦਾ ਸੀ ਕਿ ਕੰਵਰ ਪਿਸ਼ੌਰਾ ਸਿੰਘ ਦਲੀਪ ਸਿੰਘ ਤੋਂ ਉਮਰ ਵਿਚ ਵੱਡਾ ਹੈ ਤੇ ਜੀਉਂਦਾ ਹੈ। ਉਹ ਕਦੇ ਵੀ ਦਲੀਪ ਸਿੰਘ ਦੇ ਰਾਹ ਦੀ ਰੁਕਾਵਟ ਬਣ ਸਕਦਾ ਹੈ। ਦਲੀਪ ਸਿੰਘ ਦਾ ਰਾਹ ਸਾਫ਼ ਕਰਨ ਲਈ ਕੰਵਰ ਪਿਸ਼ੌਰਾ ਸਿੰਘ ਨੂੰ ਰਾਹ 'ਚੋ ਹਟਾਣਾ ਜ਼ਰੂਰੀ ਹੈ। ਜਵਾਹਰ ਸਿੰਘ ਨੇ ਚਲਾਕੀ ਨਾਲ ਪਿਸ਼ੌਰਾ ਸਿੰਘ ਦਾ ਕੱਟਕ ਦੇ ਕਿਲ੍ਹੇ ਵਿਚ ਕਤਲ ਕਰਵਾ ਦਿੱਤਾ। ਕਿਹਾ ਜਾਂਦਾ ਹੈ ਕਿ ਜਵਾਹਰ ਸਿੰਘ ਨੇ ਆਪਣੀ ਸਫਲਤਾ ਮਨਾਣ ਲਈ ਮਹਿਲ ਵਿਚ ਦੀਪਮਾਲਾ ਕੀਤੀ। ਕਿਸੇ ਪਜ ਇਹ ਗੱਲ ਖਾਲਸਾ ਫੌਜ ਦੇ ਪੰਚਾਂ ਤਕ ਪੁਜ ਗਈ। ਫੌਜ ਦਿਆਂ ਪੰਚਾਂ ਨੇ ਜਵਾਹਰ ਸਿੰਘ ਨੂੰ ਇਸ ਜੁਰਮ ਲਈ ਸਜ਼ਾ ਦੇਣ ਲਈ ਗੁਪਤ ਫੈਸਲਾ ਲਿਆ। 21 ਦਸੰਬਰ ਸੰਨ 1843 ਈ. ਨੂੰ ਹੀ ਮਹਾਰਾਣੀ ਜਿੰਦਾਂ, ਮਹਾਰਾਜਾ ਦਲੀਪ ਸਿੰਘ ਅਤੇ ਜਵਾਹਰ ਸਿੰਘ ਨੇ ਲਾਹੌਰ ਕਿਲ੍ਹੇ ਦੇ ਬਾਹਰ ਭਾਰੀ ਇਕੱਠ ਕੀਤਾ। ਇਸ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਸਮੇਤ ਬਹੁਤ ਸਾਰੇ ਸਰਦਾਰ ਸ਼ਾਮਲ ਹੋਏ। ਡੋਗਰਾ ਗੁਲਾਬ ਸਿੰਘ ਜੋ ਕਿਸੇ ਵੱਡੀ ਤਾਕ ਵਿਚ ਬੈਠਾ ਸੀ, ਅੰਗਰੇਜ਼ਾਂ ਨਾਲ ਜਾ ਮਿਲਿਆ। ਦੇਖਦੇ ਹੀ ਦੇਖਦੇ ਲਾਹੌਰ ਦਰਬਾਰ ਇਕ ਵਾਰੀ ਫੇਰ ਸਾਜ਼ਿਸ਼ੀਆਂ ਦੁਆਰਾ ਰਚੀਆਂ ਜਾਣ ਵਾਲੀਆਂ ਸਾਜਿਸ਼ਾਂ ਅਤੇ ਕਾਤਲਾਂ ਦਾ ਗੜ੍ਹ ਬਣ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਵਫ਼ਾਦਾਰ ਵਜ਼ੀਰ ਫਕੀਰ ਅਜ਼ੀਜ਼-ਉ-ਦੀਨ ਦਾ ਅਜਿਹੇ ਔਖੇ ਸਮੇਂ 3 ਦਸੰਬਰ ਸੰਨ 1844 ਈ. ਨੂੰ ਚਲਾਣਾ ਹੋ ਗਿਆ।





ਇਤਿਹਾਸਕਾਰ ਲਿਖਦੇ ਹਨ ਕਿ ਸਤੰਬਰ 1845 ਈ. ਵਿਚ ਅੰਗਰੇਜ਼ਾਂ ਨੇ ਸਤਲੁਜ ਦੇ ਪਾਰ 17 ਹਜ਼ਾਰ ਸੈਨਿਕਾਂ ਤੋਂ ਵਧਾ ਕੇ 40 ਹਜ਼ਾਰ ਸੈਨਿਕ ਅਤੇ 94 ਤੋਪਾਂ ਤੈਨਾਤ ਕਰ ਲਈਆਂ ਸਨ। ਅੰਗਰੇਜ਼ ਹੌਲੀ ਹੌਲੀ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੁਆਰਾ ਚੱਲੀਆਂ ਜਾਣ ਵਾਲੀਆਂ ਚਾਲਾਂ ਦੇ ਸੰਕੇਤ ਦੇ ਰਹੇ ਸਨ। ਫ਼ਿਰੋਜ਼ਪੁਰ ਵਿਚ ਸਤਲੁਜ ਪਾਰ ਕਰਨ ਲਈ ਬੰਬਈ (ਅਜੋਕੀ ਮੁੰਬਈ) ਤੋਂ ਬੇੜੀਆਂ ਦਾ ਪੁੱਲ ਬਣਵਾ ਲਿਆਂਦਾ, ਐਪਰ, ਖਾਲਸਾ ਫੌਜਾਂ ਨੇ ਇਹ ਸਭ ਕੁਝ ਹੁੰਦਾ ਦੇਖ ਕੇ ਵੀ ਕੋਈ ਹਿਫਾਜ਼ਤੀ ਤਿਆਰੀ ਨਹੀ ਕੀਤੀ। ਅਸੀ ਉਪਰ ਲਿਖ ਆਏ ਹਾਂ ਕਿ ਮਹਾਰਾਜਾ ਸ਼ੇਰ ਸਿੰਘ ਦੀਆਂ ਗਲਤੀਆਂ ਕਾਰਨ, ਫ਼ੌਜ ਮੂੰਹ-ਜ਼ੋਰ ਹੋ ਗਈ ਸੀ। 21 ਸਤੰਬਰ ਸੰਨ 1845 ਈ. ਨੂੰ ਫ਼ੌਜ ਦੇ ਪੰਚਾਂ ਨੇ ਗੁਰਮਤਾ ਪਾਸ ਕਰ ਮਹਾਰਾਣੀ ਜਿੰਦਾਂ ਦੇ ਭਾਈ ਜਵਾਹਰ ਸਿੰਘ ਨੂੰ ਸਬਕ ਸਿਖਾਉਣ ਲਈ ਸੰਧੀ ਕਰਨ ਦੇ ਬਹਾਨੇ ਬੁਲਾਇਆ। ਜਵਾਹਰ ਸਿੰਘ, ਮਹਾਰਾਜਾ ਦਲੀਪ ਸਿੰਘ ਤੇ ਭੈਣ ਮਹਾਰਾਣੀ ਜਿੰਦਾਂ ਦੇ ਨਾਲ ਹਾਥੀ 'ਤੇ ਬੈਠ ਕੇ ਪੰਚਾਂ ਵਿਚ ਹਾਜ਼ਿਰ ਹੋਇਆ। ਪੰਚਾਂ ਨੇ ਮਹਾਰਾਣੀ ਦੇ ਸਨਮਾਨ ਵਿਚ ਜਿੰਦਾਂ ਲਈ ਵਖਰਾ ਪਰਦੇ ਦਾ ਇੰਤਜ਼ਾਮ ਕੀਤਾ ਹੋਇਆ ਸੀ। ਜਵਾਹਰ ਸਿੰਘ ਨੂੰ ਮਹਾਰਾਜਾ ਦਲੀਪ ਸਿੰਘ ਤੋਂ ਜੁਦਾ ਕਰ ਦਿੱਤਾ ਗਿਆ। ਪਹਿਲਾਂ ਤੋਂ ਕੀਤੇ ਇੰਤਜ਼ਾਮ ਅਨੁਸਾਰ ਜਵਾਹਰ ਸਿੰਘ ਨਾਲ ਗੱਲ ਬਾਤ ਕਰਦਿਆਂ ਇਕ ਸਾਜਿਸ਼ ਤਹਿਤ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ ਦੀਆਂ ਅੱਖਾਂ ਦੇ ਸਾਹਮਣੇ ਜਵਾਹਰ ਸਿੰਘ ਨੂੰ ਮੀਆਂ ਪ੍ਰਿਥੀ ਸਿੰਘ ਡੋਗਰੇ ਦੇ ਹੱਥੋਂ ਮਰਵਾ ਦਿੱਤਾ ਗਿਆ। ਭਰਾ ਦਾ ਕਤਲ ਹੁੰਦਿਆਂ ਵੇਖ ਰਾਣੀ ਜਿੰਦਾਂ ਦੇ ਪੈਰ ਥਾਂ ਦੀ ਥਾਂ ਜੰਮ ਗਏ ਸਨ। ਆਉਂਦੇ ਦਿਨ ਜਵਾਹਰ ਸਿੰਘ ਦਾ ਸਸਕਾਰ ਕੀਤਾ ਗਿਆ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਦੀਆਂ ਚਾਰੋ ਪਤਨੀਆਂ ਨੇ ਚਿਤਾ ਵਿਚ ਸੜ ਕੇ ਜਾਨਾਂ ਦਿਤੀਆਂ। ਕਿਹਾ ਜਾਂਦਾ ਹੈ ਜਿੰਦਾਂ ਆਪਣੇ ਭਰਾ ਦੀ ਧੋਖੇ ਨਾਲ ਕੀਤੀ ਗਈ ਮੌਤ 'ਤੇ, ਪਰ ਕਟੇ ਪੰਛੀ ਵਾਂਗ ਬਹੁਤ ਫੜਫੜਾਈ ਤੇ ਵੈਣ ਪਾਏ। ਅਜਿਹੇ ਔਖੇ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਭਰੋਸੇ ਵਾਲੇ ਦੀਵਾਨ ਦੀਨਾ ਨਾਥ ਨੇ ਸਿੱਖ ਪੰਚਾਇਤ/ਖ਼ਾਲਸਾ ਪੰਥ' ਦੇ ਬੁਲਾਰੇ ਵਜੋਂ, 'ਅਕਾਲ ਸਹਾਇ' ਮੁਹਰ ਹੇਠਾਂ ਐਲਾਨ ਕੀਤਾ ਗਿਆ ਕਿ "ਬਿਨਾਂ ਉਸ ਦੀ ਆਗਿਆ ਦੇ ਅੰਗਰੇਜ਼ਾਂ ਨਾਲ ਕੋਈ ਚਿੱਠੀ-ਪੱਤਰ ਨਹੀ ਕੀਤਾ ਜਾਏਗਾ।"



ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ



# ਪਿੱਤੇ 'ਚ ਪੱਥਰੀ ਹੋਣ ਦੇ ਕੀ ਹਨ ਕਾਰਨ, ਲੱਛਣ ਤੇ ਬਚਾਅ ਦੇ ਤਰੀਕੇ



ਆਧੁਨਿਕ ਜੀਵਨਸ਼ੈਲੀ ਅਤੇ ਗਲਤ ਖਾਣ-ਪੀਣ ਦੇ ਚੱਲਦੇ ਪਿੱਤੇ ਚ ਪੱਥਰੀ ਬਣਨਾ ਇਕ ਆਮ ਪਰ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਇਹ ਸਮੱਸਿਆ ਸ਼ੁਰੂਆਤ ਚ ਛੋਟੀ ਜਿਹੀ ਲੱਗ ਸਕਦੀ ਹੈ ਪਰ ਜੇ ਸਮੇਂ ਰਹਿੰਦਿਆਂ ਇਲਾਜ ਨਾ ਕੀਤਾ ਜਾਵੇ ਤਾਂ ਇਹ ਤੀਬਰ ਦਰਦ, ਜੌਂਡਿਸ ਜਾਂ ਸਰਜਰੀ ਦੀ ਲੋੜ ਤੱਕ ਵੀ ਲੈ ਜਾ ਸਕਦੀ ਹੈ। ਪਿੱਤੇ ਦੀ ਪੱਥਰੀ ਜ਼ਿਆਦਾਤਰ ਤੱਤਾਂ ਦੇ ਜਮਾਅ, ਖ਼ੂਨ ਵਿਚ ਵਧੇਰੇ ਕੋਲੈਸਟਰਾਲ ਜਾਂ ਪਾਚਨ-ਤੰਤਰ ਦੀ ਗੜਬੜ ਕਾਰਨ ਬਣਦੀ ਹੈ।

**ਪਿੱਤੇ 'ਚ ਪੱਥਰੀ ਹੋਣ ਦੇ ਲੱਛਣ :**

**ਪੇਟ ਦਰਦ:** ਪਿੱਤੇ ਵਿਚ ਪੱਥਰੀ ਹੋਣ ਨਾਲ ਪੇਟ ਦੇ ਸੱਜੇ ਹਿੱਸੇ ਜਾਂ ਉੱਪਰ ਦਰਦ ਮਹਿਸੂਸ ਹੋ ਸਕਦਾ ਹੈ। ਇਹ ਦਰਦ ਖਾਣੇ ਦੇ ਬਾਅਦ ਵੱਧ ਸਕਦਾ ਹੈ।

**ਉਲਟੀ ਅਤੇ ਮਤਲਾਪਨ:** ਖਾਣੇ ਨੂੰ ਪਚਾਉਣ ਵਿਚ ਮੁਸ਼ਕਲ ਹੋਣ ਜਾਂ ਪਿੱਤੇ ਵਿਚ ਰੁਕਾਵਟ ਹੋਣ ਨਾਲ ਉਲਟੀ ਅਤੇ ਮਤਲਾਪਨ ਦੀ ਸ਼ਿਕਾਇਤ ਹੋ ਸਕਦੀ ਹੈ।

**ਜੌਂਡਿਸ:** ਜਦੋਂ ਪਿੱਤੇ ਵਿਚ ਪੱਥਰੀ ਖ਼ੂਨ ਦੀ ਪ੍ਰਵਾਹ ਨੂੰ ਰੋਕਦੀ ਹੈ, ਤਾਂ ਬਿਲੀਰੂਬਿਨ ਸਰੀਰ ਵਿਚ ਵਧ ਜਾਂਦਾ ਹੈ, ਜਿਸ ਨਾਲ ਅੱਖਾਂ ਅਤੇ ਚਮੜੀ ਦਾ ਪੀਲਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਦੇ ਨਾਲ ਹੱਥ-ਪੈਰ ਵੀ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ।

**ਪੇਟ ਦਾ ਫੁਲਣਾ ਅਤੇ ਗੈਸ:** ਪਿੱਤੇ ਵਿਚ ਪੱਥਰੀ ਦੇ ਕਾਰਨ ਪੇਟ ਵਿਚ ਗੈਸ ਬਣ ਸਕਦੀ ਹੈ, ਜਿਸ ਨਾਲ ਫੁਲਣਾ ਮਹਿਸੂਸ ਹੋ ਸਕਦਾ ਹੈ।

**ਪਿੱਤੇ 'ਚ ਪੱਥਰੀ ਹੋਣ ਦੇ ਕਾਰਨ :**

**ਚਰਬੀ ਵਾਲਾ ਖਾਣਾ:** ਚਰਬੀ ਵਾਲੇ ਖਾਣੇ, ਜਿਵੇਂ ਕਿ ਫਾਸਟ ਫੂਡ, ਤਲੀਆਂ ਹੋਈਆਂ ਚੀਜ਼ਾਂ ਅਤੇ ਜ਼ਿਆਦਾ ਤਲਿਆ ਮਾਸ ਪਿੱਤੇ ਚ ਪੱਥਰੀ ਬਣਾਉਣ ਵਿਚ ਮਦਦ ਕਰਦੇ ਹਨ।

**ਹਾਈ ਕੋਲੈਸਟਰਾਲ:** ਖ਼ੂਨ ਚ ਕੋਲੈਸਟਰਾਲ ਦੀ ਵਧੀ ਹੋਈ ਮਾਤਰਾ ਪਿੱਤੇ ਵਿਚ ਪੱਥਰੀ ਬਣਾਉਣ ਦਾ ਕਾਰਨ ਬਣ ਸਕਦੀ ਹੈ।

**ਸ਼ਰਾਬ ਅਤੇ ਤੰਬਾਕੂ ਦੀ ਵਰਤੋਂ:** ਸ਼ਰਾਬ ਜਾਂ ਤੰਬਾਕੂ ਦੀ ਵਧੀ ਹੋਈ ਵਰਤੋਂ ਵੀ ਪਿੱਤੇ ਦੀ ਬਿਮਾਰੀ ਅਤੇ ਪੱਥਰੀ ਦਾ ਕਾਰਨ ਹੋ ਸਕਦੀ ਹੈ।

**ਜੈਨੇਟਿਕਸ ਕਾਰਨ:** ਕੁਝ ਲੋਕਾਂ ਵਿਚ ਪਿੱਤੇ ਦੀ ਪੱਥਰੀ ਬਣਨ ਦਾ ਖਤਰਾ ਵੱਧ ਜਾਂਦਾ ਹੈ ਜੇ ਉਨ੍ਹਾਂ ਦੇ ਪਰਿਵਾਰ ਵਿਚ ਇਹ ਸਮੱਸਿਆ ਹੋਈ ਹੋਵੇ।

**ਬੇਹੱਦ ਕਮਜ਼ੋਰੀ ਅਤੇ ਪੇਟ ਦੀ ਅਸਮਰਥਾ:** ਜੇ ਪੇਟ ਵਿਚ ਪਚਾਉਣ ਦੀ ਸਮਰਥਾ ਨਹੀਂ ਹੈ, ਤਾਂ ਪੱਥਰੀ ਦੀ ਸਥਿਤੀ ਬਣ ਸਕਦੀ ਹੈ।

**ਬਚਾਅ ਦੇ ਤਰੀਕੇ :**

**ਸਿਹਤਮੰਦ ਖ਼ੁਰਾਕ:** ਚਰਬੀ ਵਾਲੇ ਖਾਣੇ ਅਤੇ ਤਲੀ ਹੋਈਆਂ ਚੀਜ਼ਾਂ ਤੋਂ ਬਚੋ। ਹਲਕੀਆਂ ਅਤੇ ਸਿਹਤਮੰਦ ਖ਼ੁਰਾਕਾਂ ਨੂੰ ਆਪਣੀ ਡਾਇਟ ਚ ਸ਼ਾਮਲ ਕਰੋ, ਜਿਵੇਂ ਕਿ ਸਬਜ਼ੀਆਂ, ਫਲ ਅਤੇ ਪੂਰੇ ਅਨਾਜ।

**ਹਾਈਡ੍ਰੇਸ਼ਨ:** ਕਾਫੀ ਮਾਤਰਾ ਚ ਪਾਣੀ ਪਿਓ, ਜਿਸ ਨਾਲ ਪਿੱਤੇ ਦੀ ਕਾਰਗੁਜ਼ਾਰੀ ਸਹੀ ਰਹੇ ਅਤੇ ਪੱਥਰੀ ਬਣਨ ਦੇ ਖਤਰੇ ਨੂੰ ਘਟਾਇਆ ਜਾ ਸਕੇ।

**ਰੋਜ਼ਾਨਾ ਕਸਰਤ:** ਕਸਰਤ ਅਤੇ ਫਿਟਨੈੱਸ ਰੱਖਣਾ ਖ਼ੂਨ 'ਚ ਕੋਲੈਸਟਰਾਲ ਨੂੰ ਕੰਟਰੋਲ ਕਰਨ ਅਤੇ ਪਿੱਤੇ ਦੀ ਸਿਹਤ ਲਈ ਮਦਦਗਾਰ ਹੈ।

**ਸ਼ਰਾਬ ਤੇ ਤੰਬਾਕੂ ਤੋਂ ਬਚਾਅ:** ਸ਼ਰਾਬ ਤੇ ਤੰਬਾਕੂ ਦੀ ਵਰਤੋਂ ਤੋਂ ਬਚੋ, ਕਿਉਂਕਿ ਇਹ ਪਿੱਤੇ ਦੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

# ਈਰਾਨ 'ਤੇ ਅਮਰੀਕੀ ਹਮਲੇ ਤੋਂ ਬਾਅਦ ਪੁਤਿਨ ਦੀ ਟਰੰਪ ਨਾਲ ਗੱਲਬਾਤ ਕਰਨ ਦੀ ਕੋਈ ਯੋਜਨਾ ਨਹੀਂ: ਕਰੈਮਲਿਨ

ਮਾਸਕੋ, 22 ਜੂਨ (ਚ.ਨ.ਸ.) : ਅਮਰੀਕਾ ਦੇ ਇਰਾਨ 'ਤੇ ਹਮਲੇ ਤੋਂ ਬਾਅਦ ਰੂਸ ਦਾ ਕਹਿਣਾ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਫੋਨ 'ਤੇ ਗੱਲਬਾਤ ਕਰਨ ਦੀ ਕੋਈ ਯੋਜਨਾ ਨਹੀਂ ਹੈ। ਦੂਜੇ ਪਾਸੇ ਇਰਾਨ ਨੇ ਕਿਹਾ ਕਿ ਉਹ ਆਪਣੇ ਦੇਸ਼ 'ਤੇ ਹੋ ਰਹੇ ਹਮਲਿਆਂ ਦੇ ਮੱਦੇਨਜ਼ਰ ਰੂਸ ਨਾਲ ਸਲਾਹ ਕਰ ਕੇ ਨਵੀਂ ਰਣਨੀਤੀ ਉਲੀਕੇਗਾ ਤੇ ਆਪਣੀ ਸੁਰੱਖਿਆ ਲਈ ਸਾਰੇ ਵਿਕਲਪ ਰਾਖਵੇਂ ਰੱਖੇਗਾ। ਇਹ ਜਾਣਕਾਰੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਸਾਂਝੀ ਕਰਦਿਆਂ ਕਿਹਾ ਕਿ ਅਮਰੀਕਾ ਨੇ ਅੱਜ ਦਿਖਾ ਦਿੱਤਾ ਹੈ ਕਿ ਉਹ ਅੰਤਰਰਾਸ਼ਟਰੀ ਕਾਨੂੰਨ ਦਾ ਕੋਈ ਸਨਮਾਨ ਨਹੀਂ ਕਰਦਾ। ਉਹ ਸਿਰਫ ਧਮਕੀ ਅਤੇ ਤਾਕਤ ਦੀ ਭਾਸ਼ਾ ਨੂੰ ਸਮਝਦਾ ਹੈ। ਇਰਾਨ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ ਉਹ ਰੂਸ ਜਾਣਗੇ ਅਤੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਸਲਾਹ-ਮਸ਼ਵਰਾ ਕਰਨਗੇ। ਦੂਜੇ ਪਾਸੇ ਕਰੈਮਲਿਨ ਨੇ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਇਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਅਮਰੀਕੀ ਬੰਬਾਰੀ ਤੋਂ ਬਾਅਦ ਆਪਣੇ ਅਮਰੀਕੀ ਹਮਰੁਤਬਾ ਡੋਨਾਲਡ ਟਰੰਪ ਨੂੰ ਫੋਨ ਕਰਨ ਦੀ ਕੋਈ ਯੋਜਨਾ ਨਹੀਂ ਹੈ।ਕਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਕੋਈ ਯੋਜਨਾਵਾਂ ਨਹੀਂ ਹਨ। ਹਾਲਾਂਕਿ ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਫੋਨ 'ਤੇ ਗੱਲਬਾਤ ਕੀਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਨੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਤਬਾਹ ਕਰਨ ਦੇ ਉਦੇਸ਼ ਨਾਲ ਇਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ 'ਤੇ ਹਮਲਾ ਕੀਤਾ ਸੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਰਾਨ ਨੇ ਜਵਾਬੀ ਕਾਰਵਾਈ ਕੀਤੀ ਤਾਂ ਹੋਰ ਹਮਲੇ ਕੀਤੇ ਜਾਣਗੇ।




# ਪੰਜਾਬ ਦੇ ਪੁੱਤ ਨੇ ਵਧਾਇਆ ਮਾਣ, 11 ਸਾਲਾਂ ਦੀ ਮਿਹਨਤ ਮਗਰੋਂ ਭਾਰਤੀ ਫੌਜ 'ਚ ਬਣਿਆ ਲੈਫਟੀਨੈਂਟ



ਚੰਡੀਗੜ੍ਹ, 22 ਜੂਨ (ਚ.ਨ.ਸ.) : ਫਾਜ਼ਿਲਕਾ ਦੇ ਪੁੱਤ ਅਰਵਿੰਦ ਕੰਬੋਜ ਨੇ ਪੂਰੇ ਦੇਸ਼ ਵਿਚ ਪੰਜਾਬ ਦਾ ਤੇ ਆਪਣੇ ਮਾਪਿਆਂ ਦਾ ਮਾਣ ਵਧਾਇਆ ਹੈ। ਉਹ 11 ਸਾਲਾਂ ਦੀ ਸਖਤ ਮਿਹਨਤ ਮਗਰੋਂ ਭਾਰਤੀ ਫੌਜ 'ਚ ਲੈਫਟੀਨੈਂਟ ਬਣਿਆ ਹੈ।ਲੈਫਟੀਨੈਂਟ ਬਣਨ ਮਗਰੋਂ ਉਹ ਆਪਣੇ ਪਿੰਡ ਵਾਪਸ ਪਰਤਿਆ ਹੈ ਜਿਥੇ ਉਸ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਤੇ ਘਰ ਵਿਚ ਜਸ਼ਨ ਵਾਲਾ ਮਾਹੌਲ ਹੈ। ਅਰਵਿੰਦ ਸਾਲ 2014 'ਚ ਭਾਰਤੀ ਫੌਜ 'ਚ ਕਲੈਰੀਕਲ ਪੋਸਟ 'ਤੇ ਭਰਤੀ ਹੋਇਆ ਸੀ ਤੇ 3 ਵਾਰ ਅਸਫ਼ਲ ਹੋਣ ਮਗਰੋਂ ਅਰਵਿੰਦ ਕੰਬੋਜ ਨੇ ਇਹ ਮੁਕਾਮ ਹਾਸਿਲ ਕੀਤਾ ਹੈ। ਲੈਫਟੀਨੈਂਟ ਬਣਨ ਦੇ ਬਾਅਦ ਅਰਵਿੰਦ ਜਦੋਂ ਮੋਟਰਸਾਈਕਲ ਉਤੇ ਸਵਾਰ ਹੋ ਕੇ ਜਦੋਂ ਪਿੰਡ ਪਹੁੰਚਿਆ ਤਾਂ ਸਭ ਤੋਂ ਪਹਿਲਾਂ ਉਸ ਨੇ ਉਥੋਂ ਦੀ ਮਿੱਟੀ ਨੂੰ ਨਮਨ ਕੀਤਾ। ਇਸ ਤੋਂ ਬਾਅਦ ਖੇਡ ਮੈਦਾਨ ਨੂੰ ਸਿਰ ਨਿਵਾ ਕੇ ਧੰਨਵਾਦ ਕੀਤਾ।ਅਰਵਿੰਦ ਨੇ ਆਪਣੇ ਬਾਰੇ ਦੱਸਦਿਆਂ ਕਿਹਾ ਕਿ ਮੈਂ ਪੜ੍ਹਾਈ 'ਚ ਇੰਨਾ ਹੁਸ਼ਿਆਰ ਨਹੀਂ ਸੀ। ਫਿਰ 2013 ਵਿਚ ਮੈਂ ਫੈਸਲਾ ਕੀਤਾ ਕਿ ਮੈਂ ਫੌਜੀ ਬਣਾਂਗਾ। ਪਿੰਡ ਦੇ ਹੀ ਮੈਦਾਨ 'ਚ ਦੌੜਾਂ ਲਗਾ ਕੇ ਮੈਂ ਆਰਮੀ ਜੁਆਇਨ ਕੀਤੀ ਤੇ ਆਲ ਇੰਡੀਆ ਰੈਂਕ 'ਚ ਪਹਿਲਾ ਸਥਾਨ ਹਾਸ ਕੀਤਾ। ਅਰਵਿੰਦ ਨੇ ਕਿਹਾ ਕਿ ਇਸ ਮਕਾਮ 'ਤੇ ਪਹੁੰਚਣ ਦੇ ਪਿੱਛੇ ਪਰਿਵਾਰ ਦੀ ਹੌਸਲਾ ਅਫ਼ਜਾਈ ਤੇ ਯੂਨਿਟ ਦੇ ਸਹਿਯੋਗ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਜ਼ਿਕਰਯੋਗ ਹੈ ਕਿ ਅਰਵਿੰਦ ਦੇ ਪਿਤਾ ਵੀ ਭਾਰਤੀ ਫੌਜ 'ਚ ਸੂਬੇਦਾਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। ਪੁੱਤ ਦੇ ਲੈਫਟੀਨੈਂਟ ਬਣਨ ਮਗਰੋਂ ਮਾਂ ਨੇ ਕਿਹਾ ਕਿ ਪਹਿਲਾਂ ਮੈਂ ਫੌਜੀ ਦੀ ਘਰਵਾਲੀ ਸੀ ਹੁਣ ਇੱਕ ਅਫ਼ਸਰ ਦੀ ਮਾਂ ਹਾਂ।

# ਈਰਾਨ ਨੇ ਇਜ਼ਰਾਈਲ 'ਤੇ ਕੀਤੀ ਮਿਜ਼ਾਈਲਾਂ ਦੀ ਬਾਰਸ਼

ਤੇਲ ਅਵੀਵ, 22 ਜੂਨ (ਚ.ਨ.ਸ.): ਅਮਰੀਕੀ ਬੰਬਾਰੀ ਤੋਂ ਬਾਅਦ, ਈਰਾਨ ਨੇ ਇਜ਼ਰਾਈਲ ਦੇ ਕਈ ਸ਼ਹਿਰਾਂ ਤੇ ਹਮਲਾ ਕੀਤਾ ਹੈ। ਤੇਲ ਅਵੀਵ, ਹਾਈਫਾ ਸਮੇਤ ਕਈ ਸ਼ਹਿਰਾਂ ਵਿੱਚ ਸਾਇਰਨ ਸੁਣਾਈ ਦਿੱਤੇ। ਇਜ਼ਰਾਈਲ ਦੇ ਜ਼ਿਆਦਾਤਰ ਸ਼ਹਿਰਾਂ ਨੂੰ ਅਲਰਟ ਤੇ ਰੱਖਿਆ ਗਿਆ ਹੈ। ਇਜ਼ਰਾਈਲੀ ਫੌਜ ਨੇ ਕਿਹਾ ਹੈ ਕਿ ਈਰਾਨ ਨੇ ਇਜ਼ਰਾਈਲ ਵਿਰੁੱਧ ਜਵਾਬੀ ਹਮਲੇ ਸ਼ੁਰੂ ਕਰ ਦਿੱਤੇ ਹਨ। ਆਈਡੀਐਫ ਨੇ ਕਿਹਾ, ਥੋੜ੍ਹਾ ਸਮਾਂ ਪਹਿਲਾਂ, ਈਰਾਨ ਤੋਂ ਇਜ਼ਰਾਈਲ ਵੱਲ ਦਾਗੀਆਂ ਗਈਆਂ ਮਿਜ਼ਾਈਲਾਂ ਦੀ ਪਛਾਣ ਹੋਣ ਤੋਂ ਬਾਅਦ ਇਜ਼ਰਾਈਲ ਦੇ ਕਈ ਇਲਾਕਿਆਂ ਵਿੱਚ ਸਾਇਰਨ ਵਜਾਏ ਗਏ ਸਨ। ਲੋਕਾਂ ਨੂੰ ਹੋਮ ਫਰੰਟ ਕਮਾਂਡ ਦੇ ਨਿਰਦੇਸ਼ਾਂ ਦੀ ਪਾਲਨਾ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।




ਇਸ ਸਮੇਂ, ਇਜ਼ਰਾਈਲੀ ਫੌਜ ਖਤਰੇ ਨੂੰ ਖਤਮ ਕਰਨ ਲਈ ਜਿੱਥੇ ਵੀ ਜ਼ਰੂਰੀ ਹੋਵੇ ਕੰਮ ਕਰ ਰਹੀ ਹੈ।

ਇਜ਼ਰਾਈਲੀ ਮੀਡੀਆ ਦਾ ਕਹਿਣਾ ਹੈ ਕਿ ਈਰਾਨ ਨੇ ਉੱਤਰੀ ਤੇ ਮੱਧ ਇਜ਼ਰਾਈਲੀ ਸ਼ਹਿਰਾਂ- ਹੈਫਾ, ਨੇਸ ਜ਼ਿਓਨਾ, ਰਿਸ਼ੋਨ ਲੇਜ਼ੀਓਨ, ਤੇਲ ਅਵੀਵ' ਤੇ ਮਿਜ਼ਾਈਲਾਂ ਨਾਲ ਹਮਲਾ ਕੀਤਾ ਹੈ। ਸੂਤਰਾਂ ਦਾ ਹਵਾਲਾ ਦਿੰਦੇ ਹੋਏ, ਉਸਨੇ ਦਾਅਵਾ ਕੀਤਾ ਕਿ ਈਰਾਨ ਨੇ ਇਜ਼ਰਾਈਲ ਤੇ 30 ਮਿਜ਼ਾਈਲਾਂ ਦਾਗੀਆਂ ਸਨ।ਈਰਾਨੀ ਮਿਜ਼ਾਈਲਾਂ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਵਿੱਚ ਕਈ ਲੋਕ ਜ਼ਖਮੀ ਹੋਏ ਹਨ। ਬਚਾਅ ਸੇਵਾਵਾਂ ਅਤੇ ਰਿਪੋਰਟਾਂ ਦੇ ਅਨੁਸਾਰ, ਈਰਾਨ ਵੱਲੋਂ ਮਿਜ਼ਾਈਲਾਂ ਦਾਗੀਆਂ ਗਈਆਂ, ਜਿਸ ਤੋਂ ਬਾਅਦ ਮੱਧ ਇਜ਼ਰਾਈਲ ਵਿੱਚ ਘੱਟੋ-ਘੱਟ 11 ਲੋਕ ਜ਼ਖਮੀ ਹੋ ਗਏ। ਇਜ਼ਰਾਈਲ ਦੀ ਮੈਗੇਨ ਡੇਵਿਡ ਐਡੋਮ ਬਚਾਅ ਸੇਵਾ ਨੇ ਇੱਕ ਬਿਆਨ ਵਿੱਚ ਕਿਹਾ ਕਿ 11 ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੈ।

# ਗਰਮੀਆਂ ਦੀਆਂ ਛੁੱਟੀਆਂ ਵਿੱਚ ਵਿਦਿਆਰਥੀ ਕੀ ਕਰਨ ?

**ਸੁਖਰਾਜ ਭੁੱਲਰ**

ਨਵੀਆਂ ਜਮਾਤਾਂ ਵਿੱਚ ਦਾਖਲੇ ਤੋਂ 2 ਮਹੀਨੇ ਮਗਰੋਂ ਵਿਦਿਆਰਥੀਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਦਾ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਹੈ। ਇਨ੍ਹਾਂ ਛੁੱਟੀਆਂ ਦੌਰਾਨ ਵਿਦਿਆਰਥੀਆਂ 'ਤੇ ਪੜ੍ਹਾਈ ਕਰਨ ਆਦਿ ਕਿਸੇ ਕਿਸਮ ਦਾ ਕੋਈ ਵੀ ਦਬਾਅ ਨਹੀਂ ਹੁੰਦਾ। ਇਸੇ ਲਈ ਇਹ ਵਿਦਿਆਰਥੀਆਂ ਦਾ ਪਸੰਦੀਦਾ ਸਮਾਂ ਹੁੰਦਾ ਹੈ, ਪਰ ਇਸ ਸਮੇਂ ਨੂੰ ਆਮ ਤੌਰ 'ਤੇ ਵਿਦਿਆਰਥੀ ਵਰਗ ਇਮਤਿਹਾਨਾਂ ਤੋਂ ਸੁਰਖਰੂ ਹੋਣ ਤੇ ਵਿਦਿਆਰਥੀ ਵਰਗ ਇਮਤਿਹਾਨਾਂ ਤੋਂ ਸੁਰਖਰੂ ਹੋਣ ਦੀ ਖੁਸ਼ੀ ਵਿੱਚ ਚਾਅ-ਚਾਅ 'ਚ ਹੀ ਵਿਅਰਥ ਗੁਆ ਦਿੰਦੇ ਹਨ ਅਤੇ ਇਸ ਸਮੇਂ ਦੀ ਸਾਰਥਕ ਵਰਤੋਂ ਨਹੀਂ ਕਰ ਪਾਉਂਦੇ। ਇਨ੍ਹਾਂ ਦਿਨਾਂ ਵਿੱਚ ਵਿਦਿਆਰਥੀ ਜ਼ਿਆਦਾ ਸਮਾਂ ਸੌਣ, ਟੀ.ਵੀ., ਵਿਹਲੀਆਂ ਗੱਲਾਂ, ਫਜ਼ੂਲ ਏਧਰ-ਓਧਰ ਘੁੰਮਣ ਵਿੱਚ ਲਗਾਉਂਦੇ ਹਨ, ਜਦੋਂਕਿ ਇਹ ਅਜਿਹਾ ਸੁਨਹਿਰੀ ਸਮਾਂ ਹੁੰਦਾ ਹੈ, ਜਦੋਂ ਵਿਦਿਆਰਥੀ ਰਸਮੀ ਸਿੱਖਿਆ ਦੇ ਦਬਾਅ ਤੋਂ ਰਹਿਤ ਆਪਣੇ ਅੰਦਰ ਦੇ ਗੁਣਾਂ, ਪ੍ਰਤਿਭਾ ਅਤੇ ਹੁਨਰ ਨੂੰ ਹੋਰ ਵੀ ਨਿਖਾਰ ਸਕਦੇ ਹਨ। ਉਹ ਆਪਣੀ ਰੁਚੀ ਮੁਤਾਬਕ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈ ਕੇ ਕੁੱਝ ਨਾ ਕੁੱਝ ਨਵਾਂ ਸਿੱਖ ਸਕਦੇ ਹਨ, ਜੋ ਉਨ੍ਹਾਂ ਦੇ ਸਰੀਰਕ, ਬੌਧਿਕ, ਮਾਨਸਿਕ, ਮਨੋਵਿਗਿਆਨਕ ਆਦਿ ਪੱਖਾਂ ਤੋਂ ਵਿਕਾਸ ਵਿੱਚ ਸਹਾਈ ਹੋ ਸਕਦਾ ਹੈ। ਇਸ ਸਮੇਂ ਨੂੰ ਵਿਦਿਆਰਥੀ ਆਪਣੇ ਬੀਤੇ ਵਰ੍ਹੇ ਦਾ ਸਵੈ-ਮੁਲਾਂਕਣ ਕਰ ਕੇ ਆਪਣੀ ਸਖ਼ਸ਼ੀਅਤ ਵਿੱਚ ਮਨਇੱਛਤ ਬਦਲਾਅ ਲਿਆਉਣ ਅਤੇ ਨਵੀਆਂ ਆਦਤਾਂ ਦਾ ਨਿਰਮਾਣ ਕਰਨ ਲਈ ਵਰਤ ਸਕਦੇ ਹਨ।



ਕੋਈ ਵੀ ਇਨਸਾਨ ਹਰ ਸਮੇਂ ਕੰਮ ਵਿੱਚ ਰੁੱਝਿਆ ਨਹੀਂ ਰਹਿ ਸਕਦਾ। ਹਰ ਇਨਸਾਨ ਨੂੰ ਮਨਪਰਚਾਵੇ ਲਈ ਵਿਹਲੇ ਸਮੇਂ ਦੀ ਲੋੜ ਹੁੰਦੀ ਹੈ। ਵਿਦਿਆਰਥੀ ਜੀਵਨ ਵਿੱਚ ਇਹ ਸਮਾਂ ਨਵੀਂ ਜਮਾਤ ਵਿੱਚ ਦਾਖਲ ਹੋਣ ਤੋਂ ਬਾਅਦ ਆਉਂਦਾ ਹੈ, ਜਦੋਂ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਪੜ੍ਹਾਈ ਦੀ ਜ਼ਿੰਮੇਵਾਰੀ ਤੋਂ ਆਜ਼ਾਦ ਮਹਿਸੂਸ ਕਰਦੇ ਹਨ। ਉਹ ਇਸ ਸਮੇਂ ਨੂੰ ਵੱਧ ਤੋਂ ਵੱਧ ਅਨੰਦ ਲੈਣ ਅਤੇ ਮਸਤੀ ਵਿੱਚ ਬਤੀਤ ਕਰਨਾ ਚਾਹੁੰਦੇ ਹਨ, ਪਰ ਇਸ ਸਭ ਵਿੱਚ ਉਹ ਸਮੇਂ ਦੀ ਮਹੱਤਤਾ ਨੂੰ ਅਣਗੌਲਿਆਂ ਕਰਕੇ ਆਪਣਾ ਸਮਾਂ ਯੋਜਨਾਬੰਦੀ ਅਤੇ ਸਲੀਕੇ ਨਾਲ ਨਹੀਂ ਬਿਤਾਉਂਦੇ। ਉਨ੍ਹਾਂ ਦਾ ਜ਼ਿਆਦਾ ਸਮਾਂ ਰਿਸ਼ਤੇਦਾਰੀਆਂ ਵਿੱਚ ਘੁੰਮਣ, ਖੇਡਣ, ਵਿਹਲੀਆਂ ਗੱਪਾਂ, ਵੀਡਿਓ ਗੇਮਾਂ ਆਦਿ ਵਿੱਚ ਬਤੀਤ ਹੁੰਦਾ ਹੈ। ਵਿਹਲੇ ਸਮੇਂ ਦਾ ਸਦਉਪਯੋਗ ਕਰਦਿਆਂ ਅਖ਼ਬਾਰ ਪੜ੍ਹਨਾ, ਕੋਈ ਚੰਗੀ ਕਿਤਾਬ ਪੜ੍ਹਨਾ, ਡਾਇਰੀ ਲਿਖਣਾ, ਆਪਣੀ ਭਾਸ਼ਾ ਅਤੇ ਸਖ਼ਸ਼ੀਅਤ ਨੂੰ ਨਿਖਾਰਨਾ, ਸਿਹਤ ਸੰਭਾਲ ਲਈ ਯੋਗਾ ਜਾਂ ਮੈਡੀਟੇਸ਼ਨ ਆਦਿ ਸਿੱਖਣਾ ਵਰਗੀਆਂ ਚੰਗੀਆਂ ਗੱਲਾਂ ਵੱਲ ਧਿਆਨ ਵਿਰਲੇ ਹੀ ਦਿੰਦੇ ਹਨ। ਇਸ ਤਰ੍ਹਾਂ ਅਕਸਰ ਹੀ ਉਹ ਕੁਝ ਪੱਖਾਂ ਨੂੰ ਜ਼ਿਆਦਾ ਤਰਜ਼ੀਹ ਦੇ ਦਿੰਦੇ ਹਨ ਅਤੇ ਦੂਜੇ ਪੱਖਾਂ ਨੂੰ ਗੌਲਦੇ ਤੱਕ ਨਹੀਂ। ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਇਹ ਜ਼ਰੂਰੀ ਹੈ, ਕਿ ਉਹ ਆਪਣੇ ਵਿਹਲੇ ਸਮੇਂ ਦਾ ਪ੍ਰਯੋਗ ਆਪਣੀਆਂ ਰੁਚੀਆਂ ਅਨੁਸਾਰ ਵੱਧ ਤੋਂ ਵੱਧ ਗਤੀਵਿਧੀਆਂ ਵਿੱਚ ਭਾਗ ਲੈ ਕੇ ਕਰਨ। ਇਸ ਲਈ ਵਿਦਿਆਰਥੀਆਂ ਨੂੰ ਆਪਣੇ ਇਸ ਵਿਹਲੇ ਸਮੇਂ ਦੀ ਸਾਰਥਿਕ ਅਤੇ ਸੰਤੁਲਿਤ ਵਰਤੋਂ ਲਈ ਯੋਜਨਾਬੰਦੀ ਕਰਨ ਦੀ ਲੋੜ ਹੈ।

ਵਿਦਿਆਰਥੀਆਂ ਨੂੰ ਛੁੱਟੀਆਂ ਹੁੰਦਿਆਂ ਇੱਕ-ਦੋ ਦਿਨ ਆਰਾਮ ਕਰਕੇ ਥਕੇਵਾਂ ਲਾਹੁਣ ਤੋਂ ਬਾਅਦ ਆਪਣੇ ਦਾਦਕੇ ਜਾਂ ਨਾਨਕੇ ਤਿੰਨ-ਚਾਰ ਦਿਨ ਲਈ ਜ਼ਰੂਰ ਜਾਣਾ ਚਾਹੀਦਾ ਹੈ, ਪਰ ਇਹ ਸਮੇਂ ਵੀ ਉਨ੍ਹਾਂ ਨੂੰ ਸਿੱਖਣ ਲਈ ਵਰਤਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਦਾਦਕੇ ਜਾਂ ਨਾਨਕੇ ਦੇ ਪਿੰਡ, ਸ਼ਹਿਰ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਨਵੀਆਂ-ਨਵੀਆਂ ਗੱਲਾਂ ਦਾ ਪਤਾ ਚੱਲੇਗਾ। ਰਿਸ਼ਤੇਦਾਰੀ ਤੋਂ ਵਾਪਸ ਆ ਕੇ ਉਨ੍ਹਾਂ ਨੂੰ ਸਿੱਖੀਆਂ ਹੋਈਆਂ ਸਾਰੀਆਂ ਗੱਲਾਂ ਅਤੇ ਆਪਣੇ ਅਨੁਭਵ ਨੂੰ ਡਾਇਰੀ ਵਿੱਚ ਲਿਖਣਾ ਚਾਹੀਦਾ ਹੈ। ਇਸ ਨਾਲ ਇੱਕ ਤਾਂ ਲਿਖਾਈ ਦੀ ਪ੍ਰੈਕਟਿਸ ਹੋਵੇਗੀ ਤੇ ਦੂਜੇ ਯਾਦਾਂ ਸਦਾ ਲਈ ਸੰਭਾਲੀਆਂ ਜਾਣਗੀਆਂ। ਵਿਦਿਆਰਥੀਆਂ ਨੂੰ ਹਰ ਰੋਜ਼ ਅਖ਼ਬਾਰ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ। ਆਪਣੇ ਵਿਸ਼ੇ ਦੀ ਰੁਚੀ ਦੇ ਅਨੁਸਾਰ ਕੋਈ ਵੀ ਚੰਗੀ ਕਿਤਾਬ ਵੀ ਇਨ੍ਹਾਂ ਦਿਨਾਂ ਵਿੱਚ ਜ਼ਰੂਰ ਪੜ੍ਹਨੀ ਚਾਹੀਦੀ ਹੈ।

ਜੇ ਹੋ ਸਕੇ ਤਾਂ ਇੱਕ ਡਾਇਰੀ ਵਿੱਚ ਇਸ ਕਿਤਾਬ ਦੀਆਂ ਚੰਗੀਆਂ ਗੱਲਾਂ ਨੂੰ ਜ਼ਰੂਰ ਨੋਟ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਆਪਣਾ ਗਿਆਨ ਵਧਾਉਣ ਲਈ ਵੀ ਕੰਮ ਕਰਨਾ ਚਾਹੀਦਾ ਹੈ। ਭਾਸ਼ਾ ਦੇ ਚਾਰੋਂ ਪੱਖਾਂ ਸੁਣਨਾ, ਬੋਲਣਾ, ਪੜ੍ਹਨਾ ਅਤੇ ਲਿਖਣਾ ਉੱਤੇ ਬਰਾਬਰ ਧਿਆਨ ਦੇਣਾ ਚਾਹੀਦਾ ਹੈ। ਆਪਣੀ ਸਖ਼ਸ਼ੀਅਤ ਨੂੰ ਸੁਧਾਰਨ ਉੱਤੇ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ਦੇ ਵਿਦਿਆਰਥੀਆਂ ਜਿਨ੍ਹਾਂ ਨੇ ਆਪਣੇ ਕਰੀਅਰ ਦੇ ਫੈਸਲੇ ਲੈਣੇ ਹੁੰਦੇ ਹਨ, ਉਨ੍ਹਾਂ ਨੂੰ ਬੜਾ ਸੋਚ ਵਿਚਾਰ ਕੇ ਸਹੀ ਦਿਸ਼ਾ ਵੱਲ ਕਦਮ ਵਧਾਉਣੇ ਚਾਹੀਦੇ ਹਨ। ਇਨ੍ਹਾਂ ਦਿਨਾਂ ਵਿੱਚ ਉਹ ਆਪਣੀਆਂ ਯੋਗਤਾਵਾਂ ਅਤੇ ਰੁਚੀਆਂ ਦਾ ਅਧਿਐਨ ਕਰ ਸਕਦੇ ਹਨ ਅਤੇ ਕੋਈ ਵੀ ਫੈਸਲਾ ਲੇਣ ਤੋਂ ਪਹਿਲਾਂ ਆਪਣੇ ਮਾਤਾ-ਪਿਤਾ ਅਤੇ ਦੋਸਤਾਂ ਨਾਲ ਸਲਾਹ-ਮਸ਼ਵਰਾ ਕਰ ਸਕਦੇ ਹਨ। ਆਪਣੀਆਂ ਰੁਚੀਆਂ ਮੁਤਾਬਕ ਵਿਦਿਆਰਥੀਆਂ ਨੂੰ ਛੁੱਟੀਆਂ ਦੇ ਦਿਨਾਂ ਦੇ ਹਿਸਾਬ ਨਾਲ ਥੋੜ੍ਹੇ ਚਿਰ ਵਾਲੇ ਕੋਰਸਾਂ ਜਿਵੇਂ ਸੰਗੀਤ, ਪੈਂਟਿੰਗ, ਡਾਂਸ, ਕੰਪਿਊਟਰ, ਇੰਟਰਨੈੱਟ ਆਦਿ ਵਿੱਚ ਵੀ ਜ਼ਰੂਰ ਭਾਗ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਸਿੱਖਦੇ ਰਹਿਣ, ਜੋ ਇੱਕ ਨਿਰੰਤਰ ਪ੍ਰਕਿਰਿਆ ਹੈ, ਦਾ ਹਿੱਸਾ ਬਣੇ ਰਹਿਣਾ ਚਾਹੀਦਾ ਹੈ।

ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਵੀ ਵਿਹਲੇ ਸਮੇਂ ਦੇ ਸਦਉਪਯੋਗ ਵਿੱਚ ਉਨ੍ਹਾਂ ਨੂੰ ਸੇਧ ਅਤੇ ਹਰ ਸੰਭਵ ਸਹਾਇਤਾ ਕਰਨ ਦੀ ਲੋੜ ਹੈ। ਅਕਸਰ ਬੱਚਿਆਂ ਦੀ ਪ੍ਰਤਿਭਾ ਦੇ ਖੁੱਲ੍ਹ ਕੇ ਪੂਰਨ ਰੂਪ ਵਿੱਚ ਬਾਹਰ ਆਉਣ ਮਾਤਾ-ਪਿਤਾ ਦੀ ਹੌਂਸਲਾ ਅਫਜ਼ਾਈ ਅਤੇ ਘਰ ਦਾ ਹੌਂਸਲਾ ਵਧਾਊ, ਉਸਾਰੂ ਅਤੇ ਹਾਂ-ਪੱਖੀ ਵਾਤਾਵਰਨ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਮਾਤਾ-ਪਿਤਾ ਨੂੰ ਕਦੇ ਵੀ ਬੱਚੇ ਦਾ ਹੌਂਸਲਾ ਤੋੜਨ ਜਾਂ ਘਟਾਉਣ ਵਾਲੇ ਸ਼ਬਦਾਂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਬੱਚਿਆਂ ਨੂੰ ਉਨ੍ਹਾਂ ਦੀ ਰੁਚੀਆਂ ਮੁਤਾਬਕ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਹਰ ਪ੍ਰਕਾਰ ਦੀ ਸਹਾਇਤਾ ਕਰਨੀ ਚਾਹੀਦੀ ਹੈ, ਤਾਂ ਜੋ ਬੱਚੇ ਅੰਦਰਲੀ ਪ੍ਰਤਿਭਾ ਉੱਭਰ ਕੇ ਬਾਹਰ ਆ ਸਕੇ। ਇਹ ਗੱਲ ਮਾਪੇ ਹੀ ਬੱਚੇ ਨੂੰ ਸਮਝਾ ਸਕਦੇ ਹਨ ਕਿ ਉਨ੍ਹਾਂ ਨੇ ਜ਼ਿੰਦਗੀ ਵਿੱਚ ਆਪਣਾ ਕਰੀਅਰ ਅਜੇ ਬਣਾਉਣਾ ਹੈ।

ਇਸ ਲਈ ਉਨ੍ਹਾਂ ਨੂੰ ਨਿਰੰਤਰ ਯਤਨਾਂ ਦੀ ਲੋੜ ਹੈ ਤੇ ਇੰਝ ਉਨ੍ਹਾਂ ਨੂੰ ਸਮੇਂ ਦੀ ਬਰਬਾਦੀ ਨਹੀਂ ਸਗੋਂ ਸੰਭਾਲ ਕਰਨੀ ਸਿੱਖਣੀ ਚਾਹੀਦੀ ਹੈ। ਜੇ ਸੰਭਵ ਹੋ ਸਕੇ ਤਾਂ ਮਾਤਾ-ਪਿਤਾ ਨੂੰ ਬੱਚਿਆਂ ਨਾਲ ਕਿਸੇ ਵੀ ਦੂਜੇ ਸ਼ਹਿਰ ਜਾਂ ਇਤਿਹਾਸਕ ਮਹੱਤਤਾ ਵਾਲੇ ਸ਼ਹਿਰ ਘੁੰਮਣ ਲਈ ਜਾਣਾ ਚਾਹੀਦਾ ਹੈ। ਇਸ ਨਾਲ ਇੱਕ ਤਾਂ ਬੱਚਿਆਂ ਦੇ ਗਿਆਨ ਵਿੱਚ ਵਾਧਾ ਹੋਵੇਗਾ ਅਤੇ ਦੂਜੇ ਸਾਰਾ ਪਰਿਵਾਰ ਇਕੱਠਿਆਂ ਚੰਗਾ ਸਮਾਂ ਬਤੀਤ ਕਰ ਸਕਦਾ ਹੈ। ਮਾਤਾ-ਪਿਤਾ ਬੱਚਿਆਂ ਨੂੰ ਚੰਗੇ ਅਤੇ ਕਾਮਯਾਬ ਵਿਅਕਤੀਆਂ ਦੀਆਂ ਜ਼ਿੰਦਗੀ 'ਤੇ ਆਧਾਰਿਤ ਕਹਾਣੀਆਂ ਸੁਣਾ ਸਕਦੇ ਹਨ, ਜਾਂ ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਕਿਤਾਬਾਂ ਪੜ੍ਹਨ ਲਈ ਦੇ ਸਕਦੇ ਹਨ, ਤਾਂ ਜੋ ਬੱਚੇ ਚੰਗੇ ਵਿਅਕਤੀਆਂ ਨੂੰ ਆਪਣੇ ਰੋਲ ਮਾਡਲ ਬਣਾਉਣ।

# ਆਮ ਲੋਕਾਂ ਨਾਲੋਂ ਨੇਤਾ ਅਤੇ ਅਮੀਰ ਲੋਕ ਵੱਧ ਵਿਕਾਊ

**ਜਤਿੰਦਰ ਪਾਲ ਸਿੰਘ ਛਾਬੜਾ**
8847286127



ਭਾਰਤ ਦੇਸ਼ ਨੂੰ ਆਜ਼ਾਦ ਹੋਇਆਂ ਭਾਵੇਂ 77 ਸਾਲ ਤੋਂ ਵੀ ਵੱਧ ਦਾ ਅਰਸਾ ਹੋ ਨਿੱਬੜਿਆ ਹੈ, ਪਰੰਤੂ ਅਸੀਂ ਆਪਣੇ ਦੇਸ਼ ਵਿੱਚੋਂ ਅੰਗਰੇਜ਼ਾਂ ਦਾ ਅਸਰ ਨਹੀਂ ਕੱਢ ਸਕੇ। ਦੇਸ ਭਾਵੇਂ ਆਜ਼ਾਦ ਹੈ ਪਰ ਸਾਡੇ ਦੇਸ਼ ਵਿੱਚ ਅਨਪੜ੍ਹਤਾ, ਭੁੱਖਮਰੀ, ਬੇਰੁਜ਼ਗਾਰੀ, ਗਰੀਬੀ ਨੇ ਸਾਨੂੰ ਦੇਸ਼ ਦੇ ਚੰਦ ਲੋਕਾਂ ਦਾ ਗੁਲਾਮ ਬਣਾਇਆ ਹੋਇਆ ਹੈ। ਜਿਸ ਵਿੱਚੋਂ ਅਸੀਂ ਜੇਕਰ ਚਾਹੀਏ ਤਾਂ ਨਿੱਕਲ ਸਕਦੇ ਹਾਂ, ਪਰ ਅਸੀਂ ਇਸ ਵਿੱਚੋਂ ਨਿਕਲਣਾ ਨਹੀਂ ਚਾਹੁੰਦੇ ਜਾਂ ਅਸੀਂ ਇਸ ਦੇ ਆਦੀ ਹੋ ਚੁੱਕੇ ਹਾਂ। ਦੁਨੀਆਂ ਦੇ ਸਭ ਤੋਂ ਵੱਡੇ ਲੋਕਰਤਾਂਤਰਿਕ ਦੇਸ਼ ਵਿੱਚ ਲੋਕਤੰਤਰ ਦੀਆਂ ਧੱਜੀਆਂ ਬੁਰੀ ਤਰ੍ਹਾਂ ਉਡਾਈਆਂ ਜਾ ਰਹੀਆਂ ਹਨ। ਅੰਗਰੇਜ਼ਾਂ ਵੇਲੇ ਦੇ ਕਾਨੂੰਨ ਸਾਡੇ 'ਤੇ ਹਾਲੇ ਤੱਕ ਭਾਰੂ ਹਨ। ਉਨ੍ਹਾਂ ਦੀਆਂ ਨੀਤੀਆਂ ਨੂੰ ਅਸੀਂ ਚਾਹੁੰਦੇ ਹੋਏ ਵੀ ਨਹੀਂ ਬਾਹਰ ਕੱਢ ਸਕੇ। ਲੋਕਤੰਤਰ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਭਾਰਤੀ ਚੋਣ ਵਿਵਸਥਾ ਦਾ ਬੁਰੀ ਤਰ੍ਹਾਂ ਘਾਣ ਕੀਤਾ ਗਿਆ ਅਤੇ ਕੀਤਾ ਜਾ ਰਿਹਾ ਹੈ। ਪੁਰਾਣੇ ਰਾਜਿਆਂ ਵਾਂਗੂ ਰਾਜ ਘਰਾਣਿਆਂ ਵਾਲੀ ਵਿਵਸਥਾ ਨੂੰ ਦੂਜਾ ਰੂਪ ਦੇ ਕੇ ਰਾਜ ਹਥਿਆਣ ਦੀ ਇੱਕ ਹੋੜ ਵੀ ਲੱਗ ਗਈ ਜਾਪਦੀ ਹੈ। ਗਰੀਬ ਲੋਕਾਂ ਨੂੰ ਨਸ਼ਿਆਂ ਜਾਂ ਨੋਟਾਂ ਬਦਲੇ ਆਪਣੇ ਹੱਕ ਵਿੱਚ ਵੋਟ ਪੁਆ ਕੇ ਵਿਕਾਊ ਵੋਟਰ ਹੋਣ ਦਾ ਖਿਤਾਬ ਦਿੱਤਾ ਜਾ ਰਿਹਾ ਹੈ। ਪਰ ਅਮੀਰ ਵਿਅਕਤੀ ਵੀ ਬੇਗੈਰਤ ਬਣ ਗਏ ਹਨ। ਅੱਜ ਪੁਰਾਣੇ ਬੈਲਟ ਬੋਕਸਾਂ ਨੂੰ ਏ.ਵੀ.ਐਮ ਦਾ ਨਵਾਂ ਰੂਪ ਦੇਕੇ ਸਰਕਾਰੀ ਤੰਤਰ ਦਾ ਨਿਜੀਕਰਣ ਕੀਤਾ ਜਾ ਰਿਹਾ ਹੈ। ਆਮ ਆਦਮੀ ਤਾਂ ਕਦੇ ਆਜ਼ਾਦੀ ਦੀ ਜੰਗ, ਕਦੇ ਗਰੀਬੀ, ਕਦੇ ਮਹਿਗਾਈ, ਕਦੇ ਜਾਤਪਾਤ, ਕਦੇ ਧਰਮ, ਕਦੇ ਮਾਨੁੱਖੀ ਅਧਿਕਾਰੀ ਦੀ ਲੜਾਈ ਵਿੱਚ ਹੀ ਉਲਝ ਕੇ ਰਹਿ ਗਿਆ ਹੈ।

ਜੋ ਕੁਦਰਤ ਜਾਂ ਰੱਬ ਵੱਲੋਂ ਸਭ ਕੁੱਝ ਦਿੱਤਾ ਹੋਣ( ਅਮੀਰ ਤੱਬਕਾ) ਦੇ ਬਾਵਜੂਦ ਵਿਕਾਊ ਬਣ ਰਹੇ ਹਨ। ਰਾਜਾ ਸ਼ਾਹੀ ਦੀ ਗੱਲ ਕਰੀਏ ਤਾਂ ਇਹ ਸੰਭਾਵੀ ਰਾਜੇ ਜਦੋਂ ਕਿਸੇ ਕੋਲ ਵੋਟ ਮੰਗਣ ਜਾਂਦੇ ਹਨ ਤਾਂ ਉਸ ਦੀ ਕੀਮਤ ਸ਼ਰਾਬ ਦੀ ਬੋਤਲ ਜਾਂ ਹਜ਼ਾਰਾਂ ਰੁਪਏ ਨਹੀਂ ਬਲਕਿ ਉਸ ਦੀ ਵੋਟ ਦੀ ਕੀਮਤ ਸਰਕਾਰੇ ਦਰਬਾਰੇ ਸ਼ਾਨੋਸ਼ੌਕਤ, ਅਣਗਿਣਤ ਜ਼ੁਰਮਾ ਦੀ ਅਦਾਲਤੀ ਛੋਟ, ਵੱਡੇ ਵੱਡੇ ਪ੍ਰੋਜੈਕਟ ਤੇ ਸਰਕਾਰੀ ਜ਼ਮੀਨਾਂ ਜਾਇਦਾਦਾ 'ਤੇ ਕਬਜ਼ੇ ਅਤੇ ਨਜਾਇਜ਼ ਵਪਾਰਾਂ ਦੀ ਖੁੱਲ੍ਹ ਦੇਣਾ ਹੁੰਦੇ ਹਨ। ਇਨ੍ਹਾਂ ਦੇ ਨਾਲ ਨਾਲ ਆਪਹੁਦਰੇ ਬਣੇ ਨੇਤਾ ਛੱਪੜ ਦੇ ਡੱਡੂ ਵਾਂਗ ਵੋਟਾਂ ਰੂਪੀ ਸਾਵਣ ਦੇ ਮਹੀਨੇ ਟਰਟਰਾਉਂਦੇ ਹੋਏ ਬਾਹਰ ਆ ਜਾਂਦੇ ਹਨ ਅਤੇ ਮੋਟੀਆਂ ਕੀਮਤਾਂ ਲੈ ਕੇ ਵਾਪਸ ਛੱਪੜ ਵਿੱਚ ਵਾਪਸ ਚਲੇ ਜਾਂਦੇ ਹਨ। ਇਹ ਲੋਕ ਭੋਲੀ ਭਾਲੀ ਜਨਤਾ ਨੂੰ ਬੇਵਕੂਫ ਬਣਾਉਣ ਵਿੱਚ ਮਾਹਿਰ ਗਿਣੇ ਜਾਂਦੇ ਹਨ।ਅਤੇ ਸਿਸਟਮ ਬਣਾਉਣ ਵਿੱਚ ਆਪ ਮੁਹਾਰੇ ਅੱਗੇ ਹੋ ਕੇ ਆਪਣੀਆਂ ਚੰਮ ਦੀਆਂ ਚਲਾਉਂਦੇ ਹਨ।ਸਿਸਟਮ ਨੂੰ ਸਮਾਜਿਕ ਢਾਂਚਾ ਕਹਿੰਦੇ ਹਨ, ਜਦ ਕਿਸੇ ਇਨਸਾਨ ਦਾ, ਘਰ ਦਾ, ਪਿੰਡ ਦਾ, ਰਾਜ ਦਾ ਤੇ ਦੇਸ਼ ਸਿਸਟਮ ਖਰਾਬ ਹੋ ਜਾਵੇ ਤਾਂ ਬਦਲਣਾ ਪੈਂਦਾ ਹੈ। ਅਸੀਂ ਅਕਸਰ ਗੱਡੀ ਦਾ ਇੰਜਣ ਦੁਬਾਰਾ ਬਣਾਉਂਦੇ ਹਾਂ। ਉਸਦਾ ਸਭ ਕੁੱਝ ਬਦਲ ਦੇ ਹਾਂ, ਪਰ ਉਸਦੀ ਬਾਡੀ ( ਸਰੀਰ ) ਉਹੀ ਰੱਖਦੇ ਹਾਂ। ਉਹ ਕੁੱਝ ਦੇਰ ਸਹੀ ਚੱਲਦਾ ਫੇਰ ਧੂੰਆਂ ਮਾਰਨ ਤੇ ਮੋਬਲਆਈਲ ਚੱਕਣ ਲੱਗਦਾ ਹੈ। ਫੇਰ ਕਦੇ ਮਿਸਤਰੀ ਕੋਲ ਕਦੇ ਆਪ ਹੀ ਜੁਗਤ ਲਗਾਉਂਦੇ ਹਾਂ। ਹਾਲ ਸਾਡੇ ਸੂਬੇ ਵਿੱਚ ਵੀ ਇਹੋ ਹੀ ਹੈ। ਜਿਹੜਾ ਪੰਜ ਸਾਲ ਬਾਅਦ ਇੰਜਣ ਬਣਾਈ ਦਾ ਹੈ, ਉਹ ਸਾਲ ਕੁ ਤਾਂ ਵਧੀਆ ਚੱਲਦਾ ਹੈ। ਫੇਰ ਉਹ ਵੀ ਮੋਬਲਆਈਲ ਚੱਕਣ ਲੱਗਦਾ ਹੈ। ਇਸ ਦੇ ਵਿੱਚ ਇੱਟਾਂ, ਬੱਜਰੀ, ਰੇਤਾ, ਨਸ਼ਾ ਤੇ ਹੋਰ ਪਤਾ ਨਹੀਂ ਕੀ ਖੇਹ ਸਵਾਹ ਵੇਚਿਆ ਜਾਂਦਾ ਹੈ !

ਹੁਣ ਉਹੀ ਸਾਰੇ ਸਿਆਸੀ ਮਿਸਤਰੀ ਪਾਰਟੀ ਤੇ ਪੱਗ ਬਦਲ ਕੇ ਆ ਗਏ ਹਨ।ਆਪਣੇ ਸਿਸਟਮ ਲਾਗੂ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੇ। ਲੋਕਾਂ ਦੀ ਹਾਲਤ ਪਿੰਡ ਵਿੱਚ ਆਏ ਮਦਾਰੀ ਮਗਰ ਲੱਗੇ ਨਿਆਣਿਆਂ ਤੇ ਸਿਆਣਿਆਂ ਵਰਗੀ ਹੈ। ਉਹ ਵੀ ਤਮਾਸ਼ਾ ਦਿਖਾ ਕੇ ਝੋਲੀ ਭਰ ਕੇ ਅਗਲੇ ਪਿੰਡ ਹੁੰਦਾ ਹੈ। ਲੋਕਾਂ ਦੇ ਪੱਲੇ ਗੱਲਾਂ ਤੋਂ ਬਿਨ੍ਹਾਂ ਬਾਂਦਰ ਟਪੂਸੀਆਂ ਰਹਿ ਜਾਂਦੀਆਂ ਹਨ। ਇਹ ਸਿਆਸਤ ਨੂੰ ਸਰਕਸ ਬਣਾਉਣ ਲਈ ਮਸ਼ਹੂਰ ਗਿਣੇ ਜਾਂਦੇ ਹਨ। ਮਸਲੇ ਸਮੱਸਿਆਵਾਂ ਉਹੀ ਹਨ, ਜੇ ਸਮਝ ਲੱਗੇ ਤਾਂ ਕਰੋ ਕੋਈ ਜੁਗਾੜਬੰਦੀ ਤਾਂ ਸਮਾਜਿਕ ਢਾਂਚਾ ਬਦਲੇ।ਟੁੱਟੇ ਤੇ ਵਿਗੜੇ ਸਿਸਟਮ ਨੂੰ ਸਮਝੀਏ ਤਾਲਬੰਦੀ ਵਿੱਚ ਟੁੱਟ ਗਿਆ ਸੀ ਦੇਸ਼ ਦਾ ਸਿਸਟਮ, ਲੋਕਾਂ ਨੇ ਜਿਉਣ ਦੇ ਬਦਲੇ ਨੇ ਅਰਥ, ਸਰਕਾਰ ਕਰ ਰਹੀ ਹੈ, ਅਨਰਥ। ਦਰਦ ਦੀ ਚੀਕ ਵੀ ਸੁਣੀ। ਲੋਕਾਂ ਨੇ ਨਵੀਂ ਬਣਤੀ ਬੁਣੀ। ਲੋਕ ਸਿਰ ਉੱਤੇ ਪੈਰ ਤੇ ਘਰ ਰੱਖ ਕੇ ਧਰਤੀ ਲਹੂ ਨਾਲ ਰੰਗਦੇ ਰਹੇ।

ਹੁਣ ਇੰਝ ਲੱਗਦਾ ਹੈ...ਸਭ ਕੁੱਝ ਰਾਮ ਭਰੋਸੇ ਚੱਲਦਾ ਹੈ! ਲਾਸ਼ਾਂ ਚੀਕਦੀਆਂ ਮੁਰਦੇ ਘਰਾਂ ਵਿੱਚ ਨਹੀਂ ਕਬਰਾਂ ਵਿੱਚ ਕੈਦ ਹਨ। ਤਮਾਸ਼ਾ ਜਾਰੀ ਹੈ। ਜਦੋਂ ਸਿਸਟਮ ਟੁੱਟਦਾ ਹੈ ਤਾਂ ਧਰਤੀ ਨਹੀਂ ਕੰਬਦੀ, ਆਸਮਾਨ ਨਹੀਂ ਪਾਟਦਾ, ਧਰਤੀ ਉੱਤੇ ਭੂਚਾਲ ਨਹੀਂ ਆਉਂਦਾ। ਅੰਬਰ ਦੇ ਤਾਰੇ ਨਹੀਂ ਟੁੱਟਦੇ, ਘਰਾਂ ਦੇ ਚੁੱਲ੍ਹੇ ਨਹੀਂ ਬੁਝਦੇ। ਸੜਕਾਂ ਉੱਤੇ ਭੀੜ ਦਨਦਨਾਉਂਦੀ ਨਹੀਂ ਫਿਰਦੀ। ਪੁਲਿਸ ਦੀ ਲਾਠੀ ਨਹੀਂ ਚੱਲਦੀ, ਕਬਰਾਂ ਤੇ ਸਮਸ਼ਾਨਾਂ ਵਿੱਚ ਰੋਣਕਾਂ ਨਹੀਂ ਲੱਗਦੀਆਂ।

ਹੱਸਦੇ ਘਰਾਂ ਵਿੱਚ ਵਸਦੇ ਲੋਕ, ਆਪਣੇ ਹੀ ਘਰਾਂ ਵਿੱਚ ਕੈਦ ਨਹੀਂ ਹੁੰਦੇ। ਘਰਾਂ ਦੇ ਬੂਹਿਆਂ 'ਤੇ ਤਾਲੇ ਨਹੀਂ ਲੱਗਦੇ। ਪੈਰਾਂ ਦੀਆਂ ਬਿਆਈਆਂ ਨਹੀਂ ਪਾਟਦੀਆਂ, ਛਾਲੇ ਨਹੀਂ ਪੈਂਦੇ। ਕੋਈ ਅੱਖਾਂ ਦੀਆਂ ਕਿਆਰੀਆਂ ਵਿੱਚੋਂ ਹੰਝੂ ਨਹੀਂ ਪੂੰਝਦਾ। ਜਦੋਂ ਸਿਸਟਮ ਡਿੱਗਦਾ ਹੈ। ਸਿਸਟਮ ਦਾ ਮੁੱਢ ਕੁਦੀਮੋਂ ਹੀ ਆਪਣਾ ਕਾਨੂੰਨ ਹੈ। ਆਪਣਾ ਬੀ ਇੱਕ ਜਨੂੰਨ ਹੈ। ਇਹ ਜਨੂੰਨ ਲੁੱਟਣ ਵਾਲਿਆਂ ਦਾ ਆਪਣਾ ਹੈ। ਇਸੇ ਕਰਕੇ ਉਹ ਜਦੋਂ ਵੀ ਚਾਹੁੰਦੇ ਹਨ ਤਾਂ ਕਾਨੂੰਨ ਦਾ ਨੱਕ ਮਰੋੜਦੇ ਹਨ, ਲੁੱਟੇ ਜਾਣ ਵਾਲਿਆਂ ਨੂੰ ਨੱਚੋੜਦੇ ਹਨ। ਨੁਚੜੇ ਬੰਦੇ ਫਿਰ ਸੜਕਾਂ 'ਤੇ ਨਹੀਂ ਕਬਰਾਂ ਦੀ ਉਡੀਕ ਕਰਦੇ ਹਨ। ਨਿੱਤ ਦਿਨ ਉਹ ਸੋਚ ਕੇ ਮਰਦੇ ਹਨ, ਕਿ ਸ਼ਾਇਦ ਭਵਿੱਖ ਉਨ੍ਹਾਂ ਲਈ ਗੁਲਦਾਉਦੀ ਦੇ ਫੁੱਲਾਂ ਦੀ ਮਹਿਕ, ਚੁੱਲ੍ਹੇ ਲਈ ਬਾਲਣ, ਪੀਪੇ ਲਈ ਆਟਾ, ਤਨ ਲਈ ਕੱਪੜਾ ਤੇ ਸਿਰ ਲਈ ਛੱਤ ਲੈ ਕੇ ਆਵੇਗਾ। ਉਹ ਆਸ ਦੇ ਸਹਾਰੇ ਜਿਉਂਦੇ ਨਹੀਂ ਆਸ ਦੀ ਉਡੀਕ 'ਚ ਪਲ ਪਲ, ਹਰ ਸਾਹ ਮਰਦੇ ਹਨ। ਪਰ ਫਿਰ ਵੀ ਉਹ ਜਿਉਂਦੇ ਰਹਿੰਦੇ ਹਨ। ਉਹ ਜਿਉਂਦੇ ਇਸ ਕਰਕੇ ਨਹੀਂ ਰਹਿੰਦੇ, ਕਿ ਉਨ੍ਹਾਂ ਦੇ ਹਿੱਸੇ ਦਾ ਅੰਬਰ ਕੋਈ ਉਨ੍ਹਾਂ ਨੂੰ ਮੋੜ ਦੇਵੇਗਾ, ਉਹ ਤਾਂ ਲੁੱਟਣ ਵਾਲਿਆਂ ਲਈ ਹੋਰ ਲੁੱਟ ਦਾ ਸਾਧਨ ਬਣਦੇ ਹਨ।

ਉਹ ਆਪਣੇ ਲਈ ਸਾਧਨ ਤਲਾਸ਼ਦੇ ਹੋਏ, ਸੜਕਾਂ, ਫੈਕਟਰੀਆਂ, ਦਫਤਰਾਂ, ਖੇਤਾਂ ਤੇ ਘਰਾਂ ਵਿੱਚ ਮਰਦੇ ਹਨ, ਪਰ ਉਹ ਫਿਰ ਵੀ ਜਿਉਂਦੇ ਰਹਿੰਦੇ ਹਨ, ਕਿਉਕਿ ਉਨ੍ਹਾਂ ਦੇ ਜਿਉਦੇ ਰਹਿਣ ਦੀ ਸਿਸਟਮ ਨੂੰ ਲੋੜ ਹੈ। ਉਹ ਇਹ ਲੋੜ ਨੂੰ ਜਿਉਂਦਾ ਰੱਖਣ ਲਈ ਯੋਜਨਾਵਾਂ ਉਲੀਕਦਾ ਹੈ, ਉਨ੍ਹਾਂ ਦੇ ਲਈ ਸੁਪਨਿਆਂ ਦਾ ਸੰਸਾਰ ਸਿਰਜਣ ਦੇ ਸੁਪਨੇ ਵਿਖਾਉਂਦਾ ਹੈ, ਤੇ ਉਨ੍ਹਾਂ ਨੂੰ ਡਰਾਉਂਦਾ ਵੀ ਹੈ ਤੇ ਤਰਸਾਉਂਦਾ ਵੀ, ਡਰਦਿਆਂ, ਤਰਸਦਿਆਂ, ਮਰਦਿਆਂ ਉਹ ਫੇਰ ਜਿਉਂਦੇ ਰਹਿੰਦੇ ਹਨ, ਕਿਉਕਿ ਸਿਸਟਮ ਨੂੰ ਜਿਉਂਦਾ ਰੱਖਣ ਲਈ ਸਿਸਟਮ ਕਦੇ ਵੀ ਉਨ੍ਹਾਂ ਨੂੰ ਮਰਨ ਨਹੀਂ ਦਿੰਦਾ। ਅਸੀਂ ਉਸ ਵੇਲੇ ਆਪਣੇ 'ਤੇ ਕੀਤੀਆਂ ਵਧੀਕੀਆਂ ਨੂੰ ਭੁੱਲ ਜਾਂਦੇ ਹਾਂ।

ਦੇਸ਼ ਦੇ ਲੋਕਤੰਤਰ ਬਾਰੇ ਵਿਚਾਰ ਕਰਦਿਆਂ ਜਦ ਆਮ ਲੋਕਾਂ ਨੂੰ ਨਸ਼ਿਆਂ ਨਾਲ ਜਾਂ ਕੁੱਝ ਨੋਟਾਂ ਬਦਲੇ ਵੋਟ ਪਾਉਣ 'ਤੇ ਜਦ ਵਿਕਾਊ ਵੋਟਰ ਹੋਣ ਦਾ ਖਿਤਾਬ ਦੇ ਦਿੱਤਾ ਜਾਂਦਾ ਹੈ, ਤਦ ਅਸੀਂ ਭੁੱਲ ਜਾਦੇ ਹਾਂ ਕਿ ਗਰੀਬ ਲੋਕ ਕਦੇ ਵਿਕਾਊ ਮਾਲ ਨਹੀਂ ਹੁੰਦੇ। ਗਰੀਬ ਲੋਕ ਭਾਵੇਂ ਵਕਤ ਦੇ ਮਾਰੇ ਹੋਏ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਦੀਆਂ ਮਜਬੂਰੀਆਂ ਹੀ ਉਨ੍ਹਾਂ ਨੂੰ ਬੇਬਸ ਕਰ ਦਿੰਦੀਆਂ ਹਨ। ਗਰੀਬਾਂ ਨਾਲੋਂ ਅਮੀਰ ਲੋਕ ਵੱਧ ਵਿਕਾਊ ਹੁੰਦੇ ਹਨ ਭਾਵੇਂ ਕੁਦਰਤ(ਪ੍ਰਮਾਤਮਾ) ਨੇ ਉਨ੍ਹਾਂ ਨੂੰ ਸਭ ਕੁੱਝ ਦਿੱਤਾ ਹੈ, ਇਸ ਦੇ ਬਾਵਜੂਦ ਵਿਕਾਊ ਬਣੇ ਰਹਿੰਦੇ ਹਨ। ਕੋਈ ਵੀ ਅਮੀਰ ਅਤੇ ਚੌਧਰੀ ਕਿਸਮ ਦੇ ਲੋਕ ਆਪਣੀ ਕੀਮਤ ਹਮੇਸ਼ਾ ਉੱਚੀ ਹੀ ਰੱਖਦੇ ਹਨ ਅਤੇ ਆਪਣੇ ਆਪ ਨੂੰ ਭਲਾਮਾਣਸ ਅਖਵਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਆਓ ਇਨ੍ਹਾਂ ਅਮੀਰਾਂ ਦੀ ਵੋਟ ਦੀ ਕੀਮਤ ਦੇਖੀਏ ਜੋ ਜ਼ਮੀਰ ਵੇਚਕੇ ਕਰੋੜਾਂ ਅਰਬਾਂ ਦੀ ਆਪਣੀ ਵੋਟ ਵੇਚਦੇ ਹਨ। ਜੇਕਰ ਵੱਡਿਆਂ ਤੋਂ ਸ਼ੁਰੂ ਕਰੋ ਜਿਵੇਂ ਕਿਸੇ ਸੂਬੇ ਦਾ ਮੁੱਖ ਮੰਤਰੀ ਜਾਂ ਪਾਰਟੀ ਪ੍ਰਧਾਨ ਆਪਣੇ ਸੂਬਿਆਂ ਵਿੱਚ ਲੋਕਾਂ ਦੀਆਂ ਵੋਟਾਂ ਦੇ ਪ੍ਰਤੀਨਿਧ ਮੈਂਬਰ ਪਾਰਲੀਮੈਂਟ ਦੀਆਂ ਵੋਟਾਂ ਦਾ ਸੌਦਾ ਅਰਬਾਂ ਦੇ ਕਮਾਈ ਵਾਲੇ ਸੂਬੇ ਦੇ ਉੱਚ ਅਹੁਦੇ ਦੇ ਪ੍ਰਾਪਤੀ ਦੇ ਨਾਲ ਕਰਦਾ ਹੈ। ਇਸ ਬਿਨਾਂ ਆਪਣੇ ਅਣਗਿਣਤ ਜ਼ੁਰਮਾਂ ਦਾ ਹਿੱਸਾ ਦੇ ਕੇ ਆਪਣੇ ਆਪ ਨੂੰ ਅਦਾਲਤੀ ਛੋਟ ਦੀ ਗਰੰਟੀ ਵੀ ਮੰਗਦਾ ਹੈ, ਕੀ ਏਨੀ ਵੱਡੀ ਮਹਿੰਗੀ ਮੰਗ ਇਨ੍ਹਾਂ ਲੋਕਾਂ ਦੀ ਵੀ ਹੁੰਦੀ ਹੈ ? ਇਸ ਤੋਂ ਬਾਅਦ ਕਿਸੇ ਜ਼ਿਲ੍ਹੇ ਦੇ ਆਗੂ ਜਾਂ ਅਮੀਰ ਦੀ ਜੇ ਗੱਲ ਕਰੀਏ, ਜੋ ਸੂਬੇ ਦੇ ਆਗੂ ਆਪ ਜ਼ਿਲ੍ਹੇ ਦੀਆਂ ਲੋਕਾਂ ਦੀਆਂ ਵੋਟਾਂ ਦੀ ਗਰੰਟੀਆਂ ਤੇ ਉੱਚ ਔਹਦੇ ਵਾਲੇ ਅਤੇ ਮੈਂਬਰ ਪਾਰਲੀਮੈਂਟ ਤੱਕ ਦੀ ਟਿਕਟਾਂ ਜਾ ਜਿੱਤ ਦੇ ਸੌਦੇ ਕਰਦਾ ਅਤੇ ਕੁਝ ਹੀ ਸਮੇਂ ਵਿੱਚ ਹਜ਼ਾਰਾਂ ਲੱਖਾਂ ਰੁਪਏ ਦਾ ਸਫਰ ਤੈਅ ਕਰ ਲੈਂਦਾ ਹੈ। ਆਪਣੇ ਬੱਚਿਆਂ ਲਈ ਉੱਚੇ ਪੱਧਰ ਦੀਆਂ ਸਰਕਾਰੀ ਨੌਕਰੀਆਂ ਹਥਾਇਣ ਲਈ ਹਰ ਹਿੱਲਾ ਵਰਤਦੇ ਹਨ।ਕੀ ਇਹ ਵਿਕਾਊ ਨਹੀਂ ਹਨ ? ਇਨ੍ਹਾਂ ਤੋਂ ਵਿਧਾਨ ਸਭਾ ਦੇ ਹਲਕਿਆਂ ਦੇ ਚੌਧਰੀ ਲੋਕ ਆਪਣੀ ਬੋਲੀ ਲਵਾਉਂਦੇ ਹਨ, ਜਿਸ ਵਿੱਚ ਉਨ੍ਹਾਂ ਦੀ ਕੀਮਤ ਵੀ ਲੱਖਾਂ ਕਰੋੜਾਂ ਦੀ ਕਮਾਈ ਨਾਲ ਹੀ ਸ਼ੁਰੂ ਹੁੰਦੀ ਹੈ। ਇਨ੍ਹਾਂ ਤੋਂ ਥੱਲੇ ਪਿੰਡਾਂ ਸ਼ਹਿਰਾਂ ਦੇ ਚੌਧਰੀ ਅਖਵਾਉਣ ਵਾਲੇ ਅਖੌਤੀ ਅਮੀਰ ਲੋਕ ਪਰ ਅਸਲੇ ਭੁੱਖੇ ਅਤੇ ਨੰਗੇ ਆਪਣੀ ਕੀਮਤ ਵਧਾਉਂਦੇ ਹਨ। ਹਰ ਇਕ ਦੀ ਕੋਈ ਨਾ ਕੋਈ ਕੀਮਤ ਹੁੰਦੀ ਹੈ। ਇਨ੍ਹਾਂ ਲੋਕਾਂ ਤੋਂ ਬਿਨ੍ਹਾਂ ਵੱਡੇ ਰਾਜਸੱਤ੍ਹਾ ਦੇ ਮਾਲਕ ਲੋਕਾਂ ਅੱਗੇ ਅਨੇਕਾਂ ਹੋਰ ਰਸਤਿਆਂ ਰਾਹੀਂ ਬਣੇ ਆਗੂ ਜਿਨ੍ਹਾਂ ਵਿਚ ਬਨਾਰਸ ਦੇ ਠੱਗ ਕਿਸਮ ਦੇ ਲੋਕ, ਧਾਰਮਿਕ ਪਰਚਾਰਕ ਅਖੌਤੀ ਲੱਚਰ ਗਾਇਕ, ਅਖੌਤੀ ਲੁਟੇਰੇ, ਸਮਾਜ ਸੇਵੀ ਕਿਸਮ ਦੇ ਵਪਾਰੀ ਲੋਕ, ਆਮ ਲੋਕਾਂ ਨੂੰ ਲੁੱਟਣ ਵਾਲੇ ਮੋਟੇ ਢਿੱਡਾਂ ਵਾਲੇ ਕਾਰਖਾਨੇਦਾਰ ਲੋਕ ਵੀ ਵੋਟਾਂ ਜਾਂ ਨੋਟਾਂ ਰਾਜਸੱਤ੍ਹਾ ਅੱਗੇ ਵੇਚਦੇ ਹਨ। ਜਦ ਇਸ ਤਰ੍ਹਾਂ ਸਮਾਜ ਦੇ ਸਰਕਾਰਾਂ ਦੁਆਰਾ ਪੈਦਾ ਕੀਤੇ ਲੋਕ ਆਪਣੇ ਆਪ ਨੂੰ ਵਿਕਾਊ ਮਾਲ ਬਣਾ ਸਕਦੇ ਹਨ, ਇਸ ਤੋ ਬਾਅਦ ਜੇ ਗਰੀਬੀ ਦੀ ਮਾਰ ਹੇਠ ਆਏ ਆਮ ਲੋਕ ਆਪਣੀ ਵੋਟ ਵੇਚ ਦੇਣ ਤਾਂ ਉਹ ਗੁਨਾਹਗਾਰ ਕਿਉਂ ਬਣਾ ਦਿੱਤੇ ਜਾਂਦੇ ਹਨ ? ਵੱਡੇ ਅਮੀਰ ਅਤੇ ਚੌਧਰੀ ਕਿਸਮ ਦੇ ਲੋਕਾਂ ਦਾ ਵਿਕਣਾ ਤਾਂ ਵਿਦਵਾਨ ਲੋਕਾਂ ਨੂੰ ਦਿਖਾਈ ਨਹੀਂ ਦਿੰਦਾ, ਕਿਉਂਕਿ ਵਿਦਵਾਨ ਤਬਕਾ ਵੀ ਮੱਧ ਵਰਗ ਅਤੇ ਉੱਚ ਸ਼ਰੇਣੀ ਵਿੱਚੋਂ ਹੀ ਪੈਦਾ ਹੁੰਦਾ ਹੈ। ਰਾਜਸੱਤਾ ਆਪਣੇ ਆਪ ਨੂੰ ਸਥਾਪਤ ਰੱਖਣ ਵਾਸਤੇ ਲੋਕਾਂ ਨੂੰ ਗੁੰਮਰਾਹ ਕਰਦੇ ਰਹਿਣ ਲਈ ਇੱਕ ਵਿਦਵਾਨ ਕਿਸਮ ਦੀ ਚਾਪਲੂਸੀ ਵੀ ਰੱਖਦੀ ਹੈ। ਜਿਸ ਦਾ ਕੰਮ ਲੋਕਾਂ ਨੂੰ ਗੁੰਮਰਾਹ ਕਰਨਾ ਹੀ ਹੁੰਦਾ ਹੈ। ਇਹ ਜਮਾਤ ਰਾਜਸੱਤਾ ਦੇ ਜੋਟੀਦਾਰਾਂ ਨੂੰ ਬਚਾਉਣਾ ਅਤੇ ਲੁਕਾਉਣ ਦਾ ਪ੍ਰਚਾਰ ਯੁੱਧ ਚਲਾਉਂਦੀ ਰਹਿੰਦੀ ਹੈ। ਅਮੀਰ ਵਰਗ ਅਤੇ ਰਾਜਸੱਤਾ ਦੇ ਐਬ ਇਹ ਫੌਜ ਵੀ ਨਾਲ ਰੱਖਦੇ ਹਨ ਜੋ ਨਾ ਤਾਂ ਦੇਖਦੀ ਹੈ ਅਤੇ ਨਾ ਹੀ ਅੱਗੇ ਦੱਸਦੀ ਹੈ, ਪਰ ਆਮ ਲੋਕਾਂ ਦੇ ਜੋ ਦੋਸ਼ ਹੁੰਦੇ ਹੀ ਨਹੀਂ ਸਗੋਂ ਮਜਬੂਰੀਆਂ ਵਿੱਚੋਂ ਪੈਦਾ ਹੋਈਆਂ ਲੋਕਾਂ ਨੂੰ ਵੀ ਦੱਸ ਵੋਟਾਂ ਵੇਲੇ ਰਾਜਨੀਤੀਕ ਗੁਰੂ ਅਤੇ ਐਸ਼ ਬਣਾ ਧਰਦੀ ਹੈ। ਆਮ ਲੋਕਾਂ ਦੇ ਨਿੱਤ ਨਵੇਂ ਕਸੂਰ ਬਣਾਕੇ ਉਨ੍ਹਾਂ ਵਿੱਚ ਹੀਣ ਭਾਵਨਾ ਅਤੇ ਘਸਿਆਰ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਰਹਿੰਦੀ ਹੈ। ਇਹ ਪ੍ਰਚਾਰ ਯੁੱਧ ਆਮ ਲੋਕਾਂ ਦੀ ਸੋਚ ਨੂੰ ਕਦੇ ਵੀ ਅਸਲੀਅਤ ਵੱਲ ਮੂੰਹ ਨਹੀਂ ਕਰਨ ਦਿੰਦਾ। ਇਸ ਦੇ ਨਾਲ ਆਮ ਲੋਕ ਆਪਣੇ ਆਪ ਨੂੰ ਆਪਣੀਆਂ ਨਜ਼ਰਾਂ ਵਿੱਚ ਹੀ ਨੀਵਾਂ ਸਮਝਣ ਲੱਗ ਜਾਂਦੇ ਹਨ। ਜਦ ਤੱਕ ਮਨੁੱਖ ਆਪਣੀ ਜ਼ਮੀਰ ਦੇ ਅੱਗੇ ਖੜ੍ਹਨ ਦੇ ਯੋਗ ਨਹੀਂ ਹੁੰਦਾ ਤਦ ਤੱਕ ਉਹ ਰਾਜਸੱਤਾ ਦੇ ਕਸੂਰਾਂ ਵੱਲ ਵੀ ਨਿਗਾਹ ਮਾਰਨ ਦੀ ਤਾਕਤ ਗੁਆ ਬੈਠਦਾ ਹੈ। ਇਸ ਤਰ੍ਹਾਂ ਦੇ ਲੋਕਾਂ ਲਈ ਰਾਜਸੱਤਾ ਬਹੁਤ ਹੀ ਸਸਤੇ ਮੁੱਲ ਖਰੀਦਣ ਦੇ ਯੋਗ ਹੋ ਜਾਂਦੀ ਹੈ।ਸਮੇਂ ਨੇ ਏਨੀ ਤੇਜ਼ੀ ਨਾਲ ਤਬਦੀਲੀ ਕੀਤੀ ਹੈ, ਜਿੱਥੇ ਇਨਸਾਨੀ ਸੋਚ ਮਰ ਚੁੱਕੀ ਹੈ ਅਤੇ ਪੈਸੇ ਵਾਲੀ ਸੋਚ ਭਾਰੂ ਹੋ ਗਈ ਹੈ। ਹੁਣ ਦੇਸ਼ ਦੇ ਨਵੇਂ ਬਣੇ ਅਮੀਰਾਂ ਨੂੰ ਦੇਖੋ ਕਿਸ ਤਰ੍ਹਾਂ ਬਜ਼ਾਰਾਂ ਵਿੱਚ ਸ਼ਰੇਆਮ ਬੋਲੀ ਲਗਵਾ ਰਹੇ ਹਨ। ਕਿਸੇ ਵੀ ਖੇਤਰ ਵਿੱਚ ਦੇਖ ਲਓ ਉਸ ਖੇਤਰ ਦੇ ਭਗਵਾਨ ਵੀ ਵਿਕਾਊ ਮਾਲ ਬਣਕੇ ਖੁਸ਼ ਹੋ ਰਹੇ ਹਨ ਕਿਉਂ ਜੋ ਜ਼ਮੀਰ ਦਾ ਕਤਲ ਹਰ ਕੋਈ ਕਰੀ ਜਾ ਰਿਹਾ ਹੈ।ਜੇ ਖੇਡਾਂ ਨੂੰ ਦੇਖੀਏ ਤਾਂ ਇਹ ਵੀ ਸਿਆਸਤ ਦੀ ਮਾਰ ਤੋਂ ਅਛੂਤੀਆਂ ਨਹੀਂ ਹਨ। ਖਿਡਾਰੀ ਇਨ੍ਹਾਂ ਨੂੰ ਆਪਣਾ ਮੋਹਰਾ ਬਣਾਕੇ ਚੋਣਾਂ ਵਿੱਚ ਖੇਡ ਨੂੰ ਸਿਆਸਤੀ ਖੇਡ ਬਣਾ ਦਿੰਦੇ ਹਨ ਅਤੇ ਆਪਣੇ ਮਕਸਦ ਵਿੱਚ ਕਾਮਯਾਬ ਹੋ ਜਾਂਦੇ ਹਨ। ਰਾਜਨੀਤਕ ਭਗਵਾਨ ਬਣੇ ਨੇਤਾ ਲੋਕ ਤਾਂ ਹੁੰਦੇ ਹੀ ਵਿਕਾਊ ਹਨ। ਅਮੀਰ ਲੋਕਾਂ ਦੀਆਂ ਬਹੁ ਬੇਟੀਆਂ ਜਿਸ ਤਰ੍ਹਾਂ ਬਾਲੀਵੁੱਡ ਸਮੇਤ ਦੇਸ਼ ਦੇ ਹਰ ਕੋਨੇ ਵਿੱਚ ਪੈਸੇ ਲਈ ਨਿਰਵਸਤ ਹੋਣ ਨੂੰ ਪਲ ਵੀ ਨਹੀਂ ਲਾਉਂਦੀਆਂ, ਤਦ ਗਰੀਬ ਲੋਕ ਰੋਟੀ ਲਈ ਵਿਕਣ ਤੋਂ ਕਿਉਂ ਸ਼ਰਮ ਕਰੇ ? ਦੇਸ਼ ਦੇ ਵਿਦਵਾਨ ਅਖਵਾਉਂਦਾ ਤਬਕਾ ਤਾਂ ਸ਼ਰੇਆਮ ਲੋਕ ਹਿੱਤ ਛੱਡਕੇ ਸਰਕਾਰਾਂ ਦੀ ਚਾਪਲੂਸੀ ਕਰਨ ਨੂੰ ਹੀ ਪਹਿਲ ਦੇ ਰਿਹਾ ਹੈ ਅਤੇ ਇਸ ਤਬਕੇ ਦਾ ਵੱਡਾ ਹਿੱਸਾ ਸਰਕਾਰੀ ਮੁਲਾਜ਼ਮ ਵਰਗ ਵਿੱਚੋਂ ਹੀ ਆ ਰਿਹਾ ਹੈ, ਜਦੋਂ ਕਿ ਅਸਲ ਵਿਦਵਾਨ ਵਿਅਕਤੀ ਕਿਸੇ ਵੀ ਲੋੜ ਅਤੇ ਸਰਕਾਰ ਦਾ ਗੁਲਾਮ ਨਹੀਂ ਹੁੰਦਾ। ਗੁਲਾਮੀਆਂ ਵਿੱਚ ਰਹਿਣ ਵਾਲੇ ਲੋਕ ਵਿਦਵਾਨ ਨਹੀਂ ਹੁੰਦੇ, ਪਰ ਜਦ ਕੋਈ ਵਿਦਵਾਨ ਗੁਲਾਮੀ ਦੀ ਜੰਜ਼ੀਰ ਨਹੀਂ ਛੱਡ ਸਕਦਾ, ਉਹ ਸੱਚ ਦੀ ਪੈਰਵਾਈ ਵੀ ਨਹੀਂ ਕਰ ਸਕਦਾ। ਅਸਲ ਵਿਦਵਤਾ ਤੋਂ ਕੋਹਾਂ ਦੂਰ ਤਬਕੇ ਦੇ ਆਮ ਲੋਕਾਂ ਨੂੰ ਵਿਕਾਊ ਬਣੇ ਹੋਣ ਦਾ ਪ੍ਰਚਾਰ ਕਰਕੇ ਉਨ੍ਹਾਂ ਨੂੰ ਘਸਿਆਰੇ ਅਤੇ ਨਿਪੁੰਸ਼ਕ ਬਣਾਉਣ ਦਾ ਹੀ ਕੰਮ ਤੋਰਿਆ ਹੋਇਆ ਹੈ। ਆਮ ਲੋਕਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਨਿਗਾਹਾਂ ਵਿੱਚ ਹੀ ਗਿਰਾਉਣ ਦਾ ਜੋ ਪ੍ਰਚਾਰ ਯੁੱਧ ਹੋਇਆ ਹੈ, ਜਿਸ ਨਾਲ ਉਨ੍ਹਾਂ ਦੀ ਰਾਜਸੱਤਾ ਖਿਲਾਫ ਜੂਝਣ ਦੀ ਇੱਛਾ ਸ਼ਕਤੀ ਖਤਮ ਹੋਣੀ ਸ਼ੁਰੂ ਹੋ ਜਾਂਦੀ ਹੈ। ਲੁਟੇਰੀ ਰਾਜਸੱਤ੍ਹਾ ਹਮੇਸ਼ਾਂ ਅਮੀਰ ਤਬਕੇ ਨੂੰ ਹੀ ਬਚਾਉਂਦੀ ਹੈ, ਪਰ ਸਮਾਜ ਅਸਲੀ ਧੰਨ ਰੂਪੀ ਗਰੀਬ ਅਤੇ ਆਮ ਲੋਕਾਂ ਨੂੰ ਦਬਾਉਣ ਅਤੇ ਗੁਲਾਮ ਬਣਾਉਂਦੀ ਹੈ। ਗੁਲਾਮ ਬਣਾਉਣ ਦੇ ਲਈ ਆਮ ਲੋਕਾਂ ਨੂੰ ਵਿਕਾਊ ਹੋਣ ਦਾ ਪਾਠ ਅਹਿੰਸਾ ਵਿਦਵਾਨ ਅਤੇ ਮੀਡੀਆ ਦੇ ਰਾਹੀਂ ਕੀਤਾ ਜਾਂਦਾ ਹੈ। ਅਸਲ ਵਿੱਚ ਆਮ ਲੋਕ ਕਦੇ ਵੀ ਵਿਕਾਊ ਨਹੀਂ ਹੁੰਦੇ। ਵਿਕਾਊ ਬਣਾਉਣ ਲਈ ਬਹੁਤ ਖੇਡਾਂ ਸ਼ੜਯੰਤਰ ਆਮ ਲੋਕਾਂ ਨਾਲ ਹਮੇਸ਼ਾਂ ਰਚਿਆ ਜਾਂਦਾ ਹੈ। ਇਸ ਨੂੰ ਚਲਾਉਣ ਵਾਲਾ ਪੂਰੇ ਦੇਸ਼ ਦੀ ਵਾਗਡੋਰ ਹਾਸਲ ਕਰਨ ਲਈ ਹਰ ਕਿਸਮ ਦਾ ਉਪਰਾਲੇ ਕਰਨ ਤੋਂ ਗੁਰੇਜ ਨਹੀਂ ਕਰਦਾ।ਭਾਵੇਂ ਉਹ ਧਰਮ, ਸਿਆਸਤ ਜਾ ਸਮਾਜਿਕ ਸਥਿਤੀ ਨੂੰ ਆਪਣੇ ਹੱਕ ਵਿੱਚ ਕਰਨ ਲਈ ਕਿਸੇ ਪੱਧਰ 'ਤੇ ਹੇਠਾਂ ਡਿੱਗ ਜਾਵੇ,ਉਹ ਤਾਂ ਤੁਹਾਨੂੰ ਆਪਣੇ ਸਿਸਟਮ ਵਿੱਚ ਬੰਨ੍ਹਣ ਦੇ ਉਪਰਾਲੇ ਕਰ ਰਿਹਾ ਹੈ।ਸਿਸਟਮ ਦਾ ਤੇ ਧਰਮ ਦਾ ਆਪਣਾ ਇੱਕ ਜੋੜ ਹੈ, ਉਹ ਧਰਮ ਦੇ ਨਾਂ ਉੱਤੇ ਦੰਗੇ ਨਹੀਂ ਕਰਵਾਉਂਦਾ, ਕਤਲ ਨਹੀਂ ਕਰਵਾਉਂਦਾ, ਗਲਾਂ ਵਿੱਚ ਟਾਇਰ ਨਹੀਂ ਪਾਉਂਦਾ, ਪੁਲਾਂ, ਕੱਸੀਆਂ ਨਾਲਿਆਂ ਤੇ, ਟਾਹਲੀਆਂ, ਕਿੱਕਰਾਂ ਦੇ ਥੱਲੇ ਮੁਕਾਬਲੇ ਨਹੀਂ ਕਰਦਾ, ਉਹ ਮਨੁੱਖਤਾ ਦਾ ਸ਼ਿਕਾਰ ਨਹੀਂ ਖੇਡਦਾ, ਉਹ ਜੁਆਨੀ ਨੂੰ ਨੌਕਰੀਆਂ ਦਿੰਦਾ ਹੈ। ਲਾਡੀਆਂ ਦਿੰਦਾ, ਚਿੱਟਾ ਦੇਂਦਾ, ਬੰਦੂਕਾਂ, ਗੋਲੀਆਂ ਤੇ ਏ.ਕੇ. ਸੰਤਾਲੀ ਦਿੰਦਾ ਹੈ ਤਾਂ ਕਿ ਉਹ ਆਪਣਾ ਸ਼ਿਕਾਰ ਖੁਦ ਕਰ ਸਕਣ। ਉਹ ਨੌਕਰੀਆਂ ਨਹੀਂ ਦੇਂਦਾ। ਉਹ ਮੁਫ਼ਤ ਆਟਾ ਦਾਲ, ਬੱਸ ਕਿਰਾਇਆ, ਬਿਜਲੀ ਪਾਣੀ ਮੁਫਤ ਦੇਂਦਾ ਹੈ, ਪਰ ਸਿਹਤ ਦਾ ਇਲਾਜ ਤੇ ਸਿੱਖਿਆ ਨਹੀਂ ਦੇਂਦਾ। ਉਸਨੂੰ ਪਤਾ ਹੈ ਪੜ੍ਹਨ ਨਾਲ ਬੰਦੇ ਦਾ ਤੀਜਾ ਨੇਤਰ ਖੁੱਲ੍ਹ ਜਾਂਦਾ ਹੈ। ਉਹ ਸਵਾਲ ਕਰਨ ਲੱਗਦਾ ਹੈ। ਸਿਸਟਮ ਸਵਾਲਾਂ ਤੋਂ ਡਰਦਾ ਹੈ। ਡਰਿਆ ਸਿਸਟਮ ਹਿੰਸਾ ਕਰਦਾ ਹੈ। ਉਹ ਨੌਜਵਾਨਾਂ ਦਾ ਸ਼ਿਕਾਰ ਕਰਦਾ ਹੈ ਪਰ ਆਪਣੇ ਆਪ ਨੂੰ ਬਚਾਉਂਦਾ ਹੈ ਤੇ ਲੋਕਾਂ ਨੂੰ ਫਸਾਉਂਦਾ ਹੈ।



# ਯੋਗਾ ਸਰੀਰਕ ਕਸਰਤ ਪਰ ਸਮਾਜ 'ਚ ਵਿਚਰਨ ਲਈ ਗਤਕਾ ਜ਼ਰੂਰੀ



ਹਰਜੀਤ ਸਿੰਘ ਗਰੇਵਾਲ, ਸਟੇਟ ਐਵਾਰਡੀ
76588-00000









ਕੇਂਦਰ ਸਰਕਾਰ ਵੱਲੋਂ ਰਾਜਸੀ ਸਰਗਰਮੀਆਂ ਦੀ ਲੜੀ ਹੇਠ ਦੇਸ਼ ਵਿੱਚ ਪਿਛਲੇ 11 ਸਾਲਾਂ ਤੋਂ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਣਾ ਸ਼ੁਰੂ ਕੀਤਾ ਗਿਆ ਹੈ ਪਰ ਇਸੇ ਦਿਨ ਸਿੱਖ ਆਪਣੀ ਸ਼ਾਨਾਮੱਤੀ ਜੰਗਜੂ ਵਿਰਾਸਤ ਦੀਆਂ ਪਰੰਪਰਾਵਾਂ ਦਾ ਸਨਮਾਨ ਕਰਦਿਆਂ ਅੰਤਰਰਾਸ਼ਟਰੀ ਗੱਤਕਾ ਦਿਵਸ ਮਨਾਉਂਦੇ ਹਨ। ਯੋਗਾ ਨੂੰ ਅਕਸਰ ਅੰਦਰੂਨੀ ਸਿਧਾਈ ਅਤੇ ਮਾਨਸਿਕ ਸ਼ਾਂਤੀ ਲਈ ਇੱਕ ਕਸਰਤ ਵਜੋਂ ਅਪਣਾਇਆ ਜਾਂਦਾ ਹੈ ਜਦਕਿ ਸਿੱਖ ਸ਼ਸ਼ਤਰ ਕਲਾ ਗੱਤਕਾ ਮੀਰੀ-ਪੀਰੀ ਦਾ ਸੰਪੂਰਨ ਅਨੁਸ਼ਾਸਨ, ਅਧਿਆਤਮਿਕਤਾ ਤੇ ਬਹਾਦਰੀ ਦਾ ਪ੍ਰਤੀਕ ਹੈ, ਜੋ ਨਾ ਕੇਵਲ ਜਿਸਮ ਨੂੰ ਮਜ਼ਬੂਤੀ ਬਖਸ਼ਦਾ ਹੈ ਸਗੋਂ ਮਨ ਤੇ ਸੋਚ ਨੂੰ ਵੀ ਦ੍ਰਿੜ ਕਰਦਾ ਹੈ। ਆਤਮਾ ਨੂੰ ਉੱਚੀ-ਸੁੱਚੀ ਬਣਾਉਂਦਾ ਹੈ ਤੇ ਗੱਤਕਈ ਨੂੰ ਆਪਣੀ ਸਵੈ-ਰੱਖਿਆ ਤੇ ਹੋਰਨਾਂ ਦੀ ਰੱਖਿਆ ਲਈ ਤਿਆਰ ਕਰਦਾ ਹੈ।

ਯੋਗਾ ਨਾਲ ਸਰੀਰ ਤਾਂ ਠੀਕ ਰੱਖਿਆ ਜਾ ਸਕਦਾ ਹੈ ਪਰ ਸਮਾਜ 'ਚ ਹਰ ਤਰੀਕੇ ਨਾਲ ਵਿਚਰਨ ਲਈ ਸ਼ਸ਼ਤਰ ਕਲਾ ਦੀ ਲੋੜ ਪੈਂਦੀ ਹੈ ਜਿਸ ਕਰਕੇ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਅਧਿਆਤਮਿਕਤਾ ਲਈ ਸ਼ਸਤਰ ਵਿੱਦਿਆ ਤੇ ਸਵੈ-ਰੱਖਿਆ ਤੇ ਸਮਾਜ ਦੀ ਰੱਖਿਆ ਲਈ ਸ਼ਸਤਰ ਵਿੱਦਿਆ ਵੀ ਲਾਜ਼ਮੀ ਕੀਤੀ। ਸੁਰੱਖਿਆ, ਪਹਿਚਾਣ, ਭਾਸ਼ਾ ਤੇ ਨਸ਼ਿਆਂ ਦੀ ਵਰਤੋਂ ਬਾਰੇ ਵੱਧ ਰਹੀ ਵਿਸ਼ਵਵਿਆਪੀ ਚਿੰਤਾ ਦੇ ਮੱਦੇਨਜ਼ਰ ਇਸ ਲੇਖ ਰਾਹੀਂ ਗੱਤਕਾ ਤੇ ਯੋਗਾ ਦੇ ਤੁਲਨਾਤਮਕ ਅਧਿਐਨ ਉਪਰ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਮੂਲ ਤੱਤਾਂ, ਵਿਗਿਆਨਕ ਤੇ ਸਮਾਜਿਕ ਸਾਰਥਕਤਾ, ਨੈਤਿਕ ਨਿਯਮਾਂ ਤੇ ਆਧੁਨਿਕ ਸਮਾਜ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਉਜਾਗਰ ਕੀਤਾ ਹੈ।

**1. ਮੂਲ ਤੇ ਦਾਰਸ਼ਨਿਕ ਬੁਨਿਆਦ:**

**ਸਿੱਖ ਵਿਰਾਸਤ:** ਸ਼ਸ਼ਤਰ ਕਲਾ ਗੱਤਕਾ ਮੀਰੀ-ਪੀਰੀ ਦਾ ਸੰਪੂਰਨ ਅਨੁਸ਼ਾਸਨ ਤੇ ਸਵੈ-ਰੱਖਿਆ ਵਜੋਂ ਸਿੱਖ ਵਿਰਾਸਤ ਮੂਲ ਅੰਗ ਹੈ ਜੋ ਕਿ 17ਵੀਂ ਸਦੀ ਦੌਰਾਨ ਸਿੱਖ ਗੁਰੂ ਸਾਹਿਬਾਨ ਵੱਲੋਂ ਸਥਾਪਤ ਤੇ ਵਿਕਸਤ ਕੀਤਾ ਗਿਆ ਤਾਂ ਜੋ ਤੱਤਕਾਲੀ ਮੁਗਲ ਸ਼ਾਸ਼ਕਾਂ ਦੇ ਅੱਤਿਆਚਾਰ ਨੂੰ ਰੋਕਣ ਲਈ ਖਾਲਸੇ ਨੂੰ ਅਧਿਆਤਮਿਕ ਸ਼ਕਤੀ ਤੇ ਜੰਗਜੂ ਉੱਤਮਤਾ ਨਾਲ ਲੈਸ ਕੀਤਾ ਜਾ ਸਕੇ।

**ਫ਼ਲਸਫ਼ਾ:** ਮੀਰੀ-ਪੀਰੀ ਸਿਧਾਂਤ 'ਤੇ ਅਧਾਰਤ ਗੱਤਕਾ ਇੱਕ ਵਿਲੱਖਣ ਸਵੈ-ਰੱਖਿਆ ਸਈ ਜੰਗਜੂ ਕਲਾ ਹੈ ਜੋ ਰੂਹਾਨੀਅਤ ਤੇ ਪ੍ਰਭੂਸੱਤਾ ਦਾ ਸੰਪੂਰਨ ਸੁਮੇਲ ਹੈ। ਇਹ ਸੰਤ-ਸਿਪਾਹੀ ਲਈ ਇੱਕ ਅਜਿਹਾ ਮਾਰਗ ਹੈ ਜੋ ਤਾਕਤਵਰ ਵਿੱਚ ਨਿਮਰਤਾ ਅਤੇ ਲੜਾਈ ਦੌਰਾਨ ਦਇਆ ਨੂੰ ਉਭਾਰਦਾ ਹੈ।

**ਯੋਗਾ:** ਅੰਦਰੂਨੀ ਮੁਕਤੀ ਦਾ ਮਾਰਗ

**ਮੂਲ:** ਪ੍ਰਾਚੀਨ ਵੈਦਿਕ ਫ਼ਲਸਫ਼ੇ ਦੀ ਜੜ੍ਹ ਤੇ ਪਤੰਜਲੀ ਦੁਆਰਾ ਸ਼ੁਰੂ ਕੀਤਾ ਯੋਗਾ ਇੱਕ ਅਧਿਆਤਮਿਕ ਸਾਧਨਾ ਵਜੋਂ ਉਭਰਿਆ ਜਿਸਦਾ ਉਦੇਸ਼ ਸਿਰਫ ਸਵੈ-ਅਨੁਭਵ ਤੇ ਮਾਨਸਿਕ ਸ਼ਾਂਤੀ ਹੈ।

**ਫ਼ਲਸ਼ਫ਼ਾ:** ਦੁਨਿਆਵੀ ਭਰਮਾਂ ਤੋਂ ਨਿਰਲੇਪਤਾ ਤੇ ਯੋਗਾ ਆਸਣਾਂ, ਸਾਹ ਪ੍ਰਕਿਰਿਆ 'ਤੇ ਧਿਆਨ ਦੁਆਰਾ ਮਨ ਤੇ ਸਰੀਰ ਦੀ ਸ਼ੁੱਧਤਾ 'ਤੇ ਕੇਂਦ੍ਰਿਤ ਕਰਦਾ ਹੈ।

**2. ਵਿਗਿਆਨਕ, ਸਮਾਜਿਕ ਤੇ ਰੱਖਿਆਤਮਕ ਲਾਭ:**

**ਗੱਤਕਾ:** ਪੂਰੇ ਸਰੀਰ ਸਣੇ ਅੱਖਾਂ, ਦਿਮਾਗ ਤੇ ਦਿਲ ਦੀਆਂ ਸਾਰੀਆਂ ਮਾਸਪੇਸ਼ੀਆਂ ਦੀ ਕਸਰਤ ਕਰਾਉਂਦਾ ਹੈ।

- ➢ ਫੁਰਤੀ ਤੇ ਮੁਸਤੈਦੀ ਵਧਾਉਣ ਤੇ ਲੜਾਈ ਮੌਕੇ ਫੌਰੀ ਕਾਰਵਾਈ ਕਰਨੀ ਸਿਖਾਉਂਦਾ ਹੈ।
- ➢ ਸਵੈ-ਰੱਖਿਆ ਲਈ ਜੰਗਜੂ ਤਕਨੀਕਾਂ ਨਾਲ ਮਜ਼ਬੂਤ ਬਣਾਉਂਦਾ ਹੈ।
- ➢ ਅਨੁਸ਼ਾਸਨ, ਬਹਾਦਰੀ, ਮਾਨਸਿਕ ਮਜਬੂਤੀ ਤੇ ਸਰੀਰਕ ਲਚਕਤਾ ਵਧਾਉਂਦਾ ਹੈ।
- ➢ ਹਰ ਤਰ੍ਹਾਂ ਦੇ ਨਸ਼ੀਲੇ ਪਦਾਰਥਾਂ (ਸ਼ਰਾਬ, ਤੰਬਾਕੂ, ਨਸ਼ੇ) ਦੇ ਸੇਵਨ ਵਿਰੁੱਧ ਸਖਤੀ।

**ਯੋਗਾ:** ਸਰੀਰਕ ਲਚਕ ਵਿੱਚ ਵਾਧਾ, ਖੜ੍ਹਨ-ਬੈਠਣ ਦੇ ਢੰਗ ਤੇ ਸਾਹ ਪ੍ਰਕਿਰਿਆ ਵਿੱਚ ਸੁਧਾਰ ਕਰਦਾ ਹੈ।

- ➢ ਮਨ ਦੀ ਸ਼ਾਂਤੀ ਲਿਆਉਂਦਾ ਹੈ ਅਤੇ ਚਿੰਤਾਵਾਂ ਨੂੰ ਘਟਾਉਂਦਾ ਹੈ।
- ➢ ਸਿਹਤਮੰਦੀ ਨੂੰ ਉਤਸ਼ਾਹਿਤ ਕਰਦੈ ਪਰ ਸਵੈ-ਰੱਖਿਆਤਮਕ ਗੁਣਾਂ ਤੋਂ ਊਣਾਂ ਹੈ।
- ➢ ਕਿਸੇ ਵੀ ਨਸ਼ਾ-ਵਿਰੋਧੀ ਜ਼ਾਬਤੇ ਨੂੰ ਵਿਆਪਕ ਤੌਰ 'ਤੇ ਲਾਗੂ ਨਹੀਂ ਕਰਦਾ।

**3. ਸੱਭਿਆਚਾਰਕ ਮਾਹੌਲ ਅਤੇ ਪਛਾਣ ਦੀ ਸੰਭਾਲ:**

**ਗੱਤਕਾ:** ਭਾਸ਼ਾ (ਪੰਜਾਬੀ), ਲਿੱਪੀ (ਗੁਰਮੁਖੀ), ਬਾਣਾ, ਸੰਗੀਤ ਤੇ ਰਹਿਤ ਮਰਿਯਾਦਾ (ਧਾਰਮਿਕ ਅਨੁਸ਼ਾਸਨ) ਨੂੰ ਸੁਰੱਖਿਅਤ ਰੱਖਦਾ ਹੈ। ਇਸਦਾ ਕੌਮ ਦੇ ਅਸਥਾਨਾਂ 'ਤੇ ਸਾਂਝੇ ਅਖਾੜਿਆਂ ਵਿੱਚ ਅਭਿਆਸ ਕੀਤਾ ਜਾਂਦਾ ਹੈ ਅਤੇ ਸਿੱਧੇ ਤੌਰ 'ਤੇ ਸਿੱਖਾਂ ਦੀਆਂ ਬੁਨਿਆਦੀ ਅਧਿਆਤਮਿਕ ਕਦਰਾਂ-ਕੀਮਤਾਂ ਨਾਲ ਜੁੜਿਆ ਹੋਇਆ ਹੈ।

**ਯੋਗਾ:** ਯੋਗਾ ਇਕੱਲੇ ਕੀਤਾ ਜਾਣ ਵਾਲਾ ਅਭਿਆਸ ਹੈ। ਇਹ ਭਾਰਤੀ ਪਰੰਪਰਾਵਾਂ ਦਾ ਮੂਲ ਹੋਣ ਦੇ ਬਾਵਜੂਦ ਵਪਾਰਕ ਬਣ ਗਿਆ ਹੈ ਤੇ ਆਪਣੇ ਸੱਭਿਆਚਾਰਕ ਅਧਾਰ ਤੋਂ ਵੱਡੇ ਪੱਧਰ 'ਤੇ ਨਿੱਖੜ ਗਿਆ ਹੈ ਖਾਸ ਕਰਕੇ ਵਿਦੇਸ਼ਾਂ ਵਿੱਚ।

**4. ਨੈਤਿਕ ਨੀਂਹ ਅਤੇ ਅਨੁਸ਼ਾਸਨ ਦੇ ਸੰਦਰਭ:**

**ਗੱਤਕਾ:** ਨੈਤਿਕ ਨਿਯਮਾਂ ਵਿੱਚ ਸਿੱਖ ਸ਼ਸ਼ਤਰ ਕਲਾ ਗੱਤਕਾ ਮਾਨਵਤਾ ਦੀ ਨਿਸੁਆਰਥ ਸੇਵਾ, ਰੋਜ਼ਾਨਾ ਅਰਦਾਸ, ਸਖਤ ਅਨੁਸ਼ਾਸਨ, ਨਸ਼ਿਆਂ ਤੋਂ ਪਰਹੇਜ਼ ਤੇ ਅਨਿਆਂ ਵਿਰੁੱਧ ਖੜ੍ਹੇ ਹੋਣਾ ਸਿਖਾਉਂਦਾ ਹੈ। ਇਹ ਅਸਲ ਜੀਵਨ ਦੌਰਾਨ ਜ਼ਿੰਮੇਵਾਰੀ ਦੀ ਭਾਵਨਾ ਲਈ ਇਹ ਇੱਕ ਨੈਤਿਕ ਤੇ ਸੰਸਾਰਕ ਸਿਖਲਾਈ ਹੈ।

**ਯੋਗਾ:** ਵਰਣ-ਆਸ਼ਰਮ ਗ੍ਰੰਥ ਨੈਤਿਕ ਜੀਵਨ 'ਤੇ ਜ਼ੋਰ ਦਿੰਦੇ ਹਨ ਪਰ ਆਧੁਨਿਕ ਵਰਤਾਰਾ ਵਿਅਕਤੀਗਤ ਹੈ ਤੇ ਵਿਸ਼ਵ-ਵਿਆਪੀ ਲਾਗੂਕਰਨ ਦੀ ਘਾਟ ਹੈ। ਇਸ 'ਚ ਸੰਪਰਦਾਈ ਨੈਤਿਕਤਾ ਦਾ ਕੋਈ ਹਦਾਇਤਨਾਮਾ ਨਹੀਂ ਹੈ।

**5. ਆਲਮੀ ਪ੍ਰਸੰਗਿਕਤਾ ਅਤੇ ਰਾਸ਼ਟਰੀ ਪ੍ਰਭਾਵ:**

**ਗੱਤਕਾ:** ਦੁਨੀਆ ਭਰ 'ਚ ਸਿੱਖਾਂ ਵੱਲੋਂ ਪ੍ਰਫੁੱਲਤ ਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

- ➢ ਧਾਰਮਿਕ ਨਗਰ ਕੀਰਤਨਾਂ, ਵਿਦਿਅਕ ਸੰਸਥਾਵਾਂ ਵਿੱਚ ਨਿਯਮਤ ਮੁਕਾਬਲੇ, ਫੌਜ ਤੇ ਪੁਲਿਸ ਦੀ ਸਿਖਲਾਈ ਸਮੇਤ ਨਸ਼ਾ ਵਿਰੋਧੀ ਪ੍ਰੋਗਰਾਮਾਂ ਦੌਰਾਨ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ।
- ➢ ਸੂਬਾਈ ਅਤੇ ਸੱਭਿਆਚਾਰਕ ਖੇਡਾਂ ਵਿੱਚ ਮਾਨਤਾ ਪ੍ਰਾਪਤ।
- ➢ ਵਿਜ਼ਨ 2030 ਹੇਠ ਏਸ਼ੀਅਨ ਤੇ ਓਲੰਪਿਕ ਖੇਡਾਂ ਸ਼ਾਮਲ ਕਰਨ ਦਾ ਉਦੇਸ਼ ਹੈ।

**ਯੋਗਾ:** ਸੰਯੁਕਤ ਰਾਸ਼ਟਰ ਦੁਆਰਾ ਮਾਨਤਾ ਪ੍ਰਾਪਤ ਗਲੋਬਲ ਵੈਲਨੈੱਸ ਅਭਿਆਸ।

- ➢ ਫਿਟਨੈਸ ਅਤੇ ਥੈਰੇਪੀ ਕੇਂਦਰਾਂ ਵਿੱਚ ਵਰਤਿਆ ਜਾਂਦਾ ਹੈ ਪਰ ਸਵੈ-ਰੱਖਿਆ ਲਈ ਨਹੀਂ ਹੈ।
- ➢ ਕੌਮੀ ਪੱਧਰ ਦੀਆਂ ਤੇ ਏਸ਼ੀਅਨ ਖੇਡਾਂ ਵਿੱਚ ਸ਼ਾਮਲ ਹੋ ਚੁੱਕਾ ਹੈ।
- ➢ ਸਰੀਰਕ ਸੁਰੱਖਿਆ ਪ੍ਰਣਾਲੀ ਲਈ ਨਿਗਰਾਨੀ ਦੀ ਲੋੜ ਰਹਿੰਦੀ ਹੈ।

**ਸਿੱਟਾ: ਗੱਤਕਾ ਸਮੇਂ ਦੀ ਲੋੜ:** ਮੌਜੂਦਾ ਸੰਸਾਰ 'ਚ ਵਧ ਰਹੇ ਨਿੱਜੀ ਸੁਰੱਖਿਆ ਖਤਰਿਆਂ, ਨਸ਼ੀਲੇ ਪਦਾਰਥਾਂ ਦੀ ਅੰਧਾਧੁੰਦ ਵਰਤੋਂ, ਭਾਸ਼ਾ, ਪਹਿਰਾਵੇ ਤੇ ਕੌਮੀ ਪਛਾਣ ਨੂੰ ਲਗਾਏ ਜਾ ਰਹੇ ਖੋਰੇ ਤੇ ਮਾਨਸਿਕ ਸਿਹਤ ਸੰਕਟ ਲਈ ਗੱਤਕਾ ਇੱਕ ਵਿਆਪਕ ਤੇ ਢੁੱਕਵੇਂ ਤੋੜ ਵਜੋਂ ਉੱਭਰਿਆ ਹੈ। ਇਹ ਨਾ ਸਿਰਫ਼ ਸਰੀਰਕ ਤੇ ਮਾਨਸਿਕ ਤੰਦਰੁਸਤੀ ਪ੍ਰਦਾਨ ਕਰਦਾ ਹੈ ਬਲਕਿ ਧਾਰਮਿਕ ਤੇ ਨੈਤਿਕ ਮਾਰਗਦਰਸ਼ਨ, ਸੱਭਿਆਚਾਰਕ ਫ਼ਖ਼ਰ ਤੇ ਸਵੈ-ਰੱਖਿਆ ਸਮਰੱਥਾ ਵੀ ਪ੍ਰਦਾਨ ਕਰਦਾ ਹੈ ਜਦਕਿ ਯੋਗਾ ਦੇ ਆਧੁਨਿਕ ਰੂਪ 'ਚ ਇੰਨ੍ਹਾਂ ਗੁਣਾ ਦੀ ਬਹੁਤ ਹੱਦ ਤੱਕ ਘਾਟ ਹੈ। ਇਸ ਤੋਂ ਇਲਾਵਾ ਯੋਗਾ ਇਕੱਲੇ ਕੀਤਾ ਜਾਣ ਵਾਲਾ ਅਭਿਆਸ ਹੈ ਤੇ ਅਕਸਰ ਆਪਣੀਆਂ ਅਧਿਆਤਮਿਕ ਜੜ੍ਹਾਂ ਤੋਂ ਵਾਂਝਾ ਹੋ ਰਿਹਾ ਹੈ।

ਗੱਤਕਾ ਭਾਈਚਾਰੇ 'ਤੇ ਕੇਂਦ੍ਰਿਤ, ਨੈਤਿਕ ਤੌਰ 'ਤੇ ਨਿਯੰਤਰਿਤ ਹੈ ਤੇ ਇੱਕ ਜੀਵੰਤ ਧਾਰਮਿਕ ਪਰੰਪਰਾ ਨਾਲ ਜੜਿਆ ਹੋਇਆ ਹੈ। ਇਹ ਸਿਰਫ਼ ਆਪਣੇ ਸਰੀਰ ਨੂੰ ਰਿਸ਼ਟਪੁਸ਼ਟ ਰੱਖਣ ਜਾਂ ਆਪਣੇ ਮਨ ਨੂੰ ਸ਼ਾਂਤ ਕਰਨਾ ਨਹੀਂ ਸਿਖਾਉਂਦਾ ਬਲਕਿ ਇਹ ਖੁਦ ਲਈ ਤੇ ਹੋਰਨਾਂ ਦੀ ਰਾਖੀ ਲਈ ਡੱਟ ਕੇ ਖੜ੍ਹੇ ਹੋਣ, ਇਮਾਨਦਾਰ ਜੀਵਨ ਬਸਰ ਕਰਨ, ਨੇਕੀ ਕਰਨ ਤੇ ਧਰਮ ਦੀ ਰੱਖਿਆ ਕਰਨ ਦੀ ਪ੍ਰੇਰਣਾ ਦਿੰਦਾ ਹੈ। ਇਹ ਧਾਰਨਾ ਬਿਲਕੁਲ ਸਹੀ ਹੈ ਕਿ ਜਿਹੜਾ ਸੱਟ ਨਹੀਂ ਖਾ ਸਕਦਾ ਉਹ ਸੱਟ ਵੀ ਨਹੀਂ ਮਾਰ ਸਕਦਾ।

ਜਿਵੇਂ ਸਰਕਾਰੀ ਪੱਧਰ ਉਤੇ ਕੌਮਾਂਤਰੀ ਯੋਗਾ ਦਿਵਸ ਮਨਾਇਆ ਜਾਂਦਾ ਹੈ ਤੇ ਯੋਗਾ ਨੂੰ ਵਿਸ਼ੇਸ਼ ਤੌਰ ਉਤੇ ਦੇਸ਼-ਵਿਦੇਸ਼ ਵਿੱਚ ਸਰਕਾਰ ਵੱਲੋਂ ਪ੍ਰਫੁੱਲਤ ਕੀਤਾ ਜਾ ਰਿਹਾ ਹੈ, ਉਸ ਨੂੰ ਦੇਖਦਿਆਂ ਭਾਰਤ ਦੀਆਂ ਪ੍ਰਾਚੀਨ ਗਿਆਨ ਪਰੰਪਰਾਵਾਂ ਦੇ ਬਿਰਤਾਂਤ ਵਿੱਚ ਸੰਤੁਲਨ ਲਿਆਉਣ ਪੂਰਕ ਕਲਾ ਵਜੋਂ ਲਈ ਅੰਤਰਰਾਸ਼ਟਰੀ ਗੱਤਕਾ ਦਿਵਸ ਨੂੰ ਵੀ ਮਾਨਤਾ ਦੇਣ ਦੀ ਲੋੜ ਵੱਧ ਰਹੀ ਹੈ। ਗੱਤਕਾ ਇੱਕ ਵਿਰਾਸਤੀ ਮਾਰਸ਼ਲ ਆਰਟ, ਧਾਰਮਿਕ ਤੇ ਸਮਾਜਿਕ ਨਿਆਂ ਦਾ ਸਾਧਨ ਤੇ ਰੱਖਿਆ ਦੇ ਅਧਿਆਤਮਿਕ ਵਿਗਿਆਨ ਦੇ ਰੂਪ ਵਿੱਚ ਇੱਕ ਵਿਸ਼ਵਵਿਆਪੀ ਪਲੇਟਫਾਰਮ ਦਾ ਹੱਕਦਾਰ ਹੈ।

ਦੇਸ਼ ਦੀ ਇਸ ਪੁਰਾਤਨ ਵਿਰਾਸਤੀ ਖੇਡ ਨੂੰ ਅਜਿਹੀ ਮਾਨਤਾ ਦੇਣ ਨਾਲ ਦੇਸ਼ ਦੇ ਉਨਾਂ ਸਤਿਕਾਰਤ ਅਤੇ ਮਹਾਨ ਗੁਰੂਆਂ, ਪੀਰਾਂ, ਸੰਤਾਂ-ਸਿੱਖਾਂ ਨੂੰ ਦੇਰ ਨਾਲ ਭੇਟ ਕੀਤੀ ਨਿਮਰਤਾ ਭਰਪੂਰ ਸੱਚੀ ਸ਼ਰਧਾਜ਼ਲੀ ਹੋਵੇਗੀ ਜਿਨਾਂ ਨੇ ਦੇਸ਼ ਵਾਸੀਆਂ ਲਈ ਸਵੈ-ਰੱਖਿਆ ਵਾਲੀ ਇਸ ਕਲਾ ਦੀ ਸਿਰਜਣਾ ਕੀਤੀ ਤੇ ਇਸ ਦੇ ਵਿਕਾਸ ਤੇ ਪ੍ਰਚਾਰ ਲਈ ਵਡਮੁੱਲਾ ਯੋਗਦਾਨ ਪਾਇਆ ਤੇ ਅਗਵਾਈ ਵੀ ਦਿੱਤੀ ਹੈ।

ਸਾਡਾ ਇਹ ਪੂਰਨ ਭਰੋਸਾ ਹੈ ਕਿ ਗੱਤਕੇ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾਪ੍ਰਾਪਤ ਖੇਡ ਵਜੋਂ ਰੁਤਬਾ ਪ੍ਰਦਾਨ ਕਰਾਉਣ ਅਤੇ ਵਿਦਿਅਕ ਸਿਲੇਬਸ ਦਾ ਹਿੱਸਾ ਬਣਾਉਣ ਨਾਲ ਨਾ ਸਿਰਫ਼ ਫਿਰਕੂ ਇਕਸੁਰਤਾ ਤੇ ਵਿਸ਼ਵ-ਵਿਆਪੀ ਭਾਈਚਾਰਕ ਸਾਝਾਂ ਨੂੰ ਮਜ਼ਬੂਤੀ ਪ੍ਰਦਾਨ ਹੋਵੇਗੀ ਬਲਕਿ ਸਮੂਹ ਦੇਸ਼ਾਂ ਵਿੱਚ ਪਿਆਰ ਤੇ ਸ਼ਾਂਤੀ ਦਾ ਸੁਨੇਹਾ ਪ੍ਰਚਾਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਜਾ ਸਕੇਗੀ। ਇਸ ਤੋਂ ਇਲਾਵਾ ਗੱਤਕਾ ਖੇਡ ਨੂੰ ਅਜਿਹੀ ਮਾਨਤਾ ਦੇਣ ਤੇ ਪੁਰਾਤਨ ਵਿਰਾਸਤ ਦੀ ਸਾਂਭ-ਸੰਭਾਲ ਕਰਨ ਦੇ ਯਤਨਾ ਨਾਲ ਭਾਰਤ ਨੂੰ ਦੁਨੀਆਂ ਵਿਚ ਮੋਹਰੀ ਹੋ ਕੇ ਉਭਰਨ ਦਾ ਇਕ ਹੋਰ ਮੌਕਾ ਨਸੀਬ ਹੋਵੇਗਾ ਕਿ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਭਾਰਤ, ਅਨੇਕਤਾ ਦੇ ਵਿਸ਼ਾਲ ਤਾਣੇ-ਬਾਣੇ ਹੇਠ ਨਿਰਪੱਖਤਾ ਤੇ ਏਕਤਾ ਨੂੰ ਸਦੀਵੀਂ ਕਾਇਮ ਰੱਖਣ ਤੇ ਵਧਣ-ਫੁੱਲਣ ਦੇ ਮੌਕੇ ਪ੍ਰਦਾਨ ਕਰਨ ਦਾ ਵੱਡਾ ਮੁੱਦਈ ਹੈ।



ਸਹਾਇਕ ਸੁਪਰਡੈਂਟ ਜੇਲ੍ਹਾਂ ਤੋਂ ਪਦਉੱਨਤ ਹੋ ਕੇ ਡਿਪਟੀ ਸੁਪਰਡੈਂਟ ਬਣੇ ਇੰਦਰਪ੍ਰੀਤ ਸਿੰਘ ਸਬ ਜੇਲ੍ਹ ਪੱਟੀ ਨੂੰ ਸਟਾਰ ਲਗਾਉਂਦੇ ਹੋਏ ਏ ਡੀ ਜੀ ਪੀ ਜੇਲ੍ਹਾਂ ਸ੍ਰ. ਅਰੁਣਪਾਲ ਸਿੰਘ। (ਤਸਵੀਰ ਵੇਰਵਾ: ਰਵਿੰਦਰ ਸਿੰਘ ਨਿੱਝਰ)

## ਅਮਰੀਕਾ ਦੀ ਐਂਟਰੀ ਤੋਂ ਬਾਅਦ ਇਜ਼ਰਾਈਲ ਅਤੇ ਈਰਾਨ ਵਿਚਾਲੇ ਜੰਗ ਹੋਈ ਹੋਰ ਤੇਜ਼

### ਇਜ਼ਰਾਈਲ ਨੇ ਦੋ ਈਰਾਨੀ ਐਫ-5 ਲੜਾਕੂ ਜਹਾਜ਼ ਡੇਗੇ

ਯੇਰੂਸ਼ਲਮ, 22 ਜੂਨ (ਚ.ਨ.ਸ.) : ਅਮਰੀਕਾ ਦੀ ਐਂਟਰੀ ਤੋਂ ਬਾਅਦ ਇਜ਼ਰਾਈਲ ਅਤੇ ਈਰਾਨ ਵਿਚਾਲੇ ਜੰਗ ਹੋਰ ਤੇਜ਼ ਹੋ ਗਈ ਹੈ। ਈਰਾਨ ਵੱਲੋਂ ਹਮਲੇ ਕੀਤੇ ਜਾਣ ਦੇ ਬਾਅਦ ਇਜ਼ਰਾਈਲ ਨੇ ਜਵਾਬੀ ਹਮਲਾ ਕੀਤਾ ਹੈ। ਇਜ਼ਰਾਈਲ ਨੇ ਕਿਹਾ ਹੈ ਕਿ ਉਸਨੇ ਈਰਾਨ ਦੇ ਦੇਜ਼ਫੁਲ ਹਵਾਈ ਅੱਡੇ 'ਤੇ ਦੋ ਲੜਾਕੂ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ। ਐਫ-5 ਲੜਾਕੂ ਜਹਾਜ਼ ਈਰਾਨ ਦੇ ਪੁਰਾਣੇ ਲੜਾਕੂ ਜਹਾਜ਼ਾਂ ਦੇ ਬੇੜੇ ਦਾ ਹਿੱਸਾ ਹਨ। ਇਜ਼ਰਾਈਲ ਨੇ ਬਲੈਕ ਐਂਡ ਵ੍ਹਾਈਟ ਫੁਟੇਜ ਜਾਰੀ ਕੀਤੀ ਹੈ, ਜਿਸ ਵਿੱਚ ਇੱਕ ਜਹਾਜ਼ ਨੂੰ ਤਬਾਹ ਹੁੰਦਾ ਦਿਖਾਇਆ ਗਿਆ ਹੈ। ਇਜ਼ਰਾਈਲ ਨੇ ਪਹਿਲਾਂ ਜੰਗ ਵਿੱਚ ਈਰਾਨੀ ਫੌਜ ਦੇ ਐਫ-14 ਟੋਮਕੈਟਸ ਨੂੰ ਵੀ ਨਿਸ਼ਾਨਾ ਬਣਾਇਆ ਹੈ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਇਹ ਜਹਾਜ਼ ਉਡਾਣ ਭਰਨ ਦੇ ਯੋਗ ਸਨ ਜਾਂ ਨਹੀਂ, ਕਿਉਂਕਿ ਪਿਛਲੇ ਕੁਝ ਸਾਲਾਂ ਵਿੱਚ ਪੁਰਜ਼ਿਆਂ ਦੀ ਘਾਟ ਕਾਰਨ ਬਹੁਤ ਸਾਰੇ ਜਹਾਜ਼ਾਂ ਦੀ ਵਰਤੋਂ ਨਹੀਂ ਕੀਤੀ ਗਈ ਹੈ। ਇਜ਼ਰਾਈਲ ਨੇ ਇਹ ਵੀ ਕਿਹਾ ਕਿ ਉਸਨੇ ਇਸਫਾਹਨ ਹਵਾਈ ਅੱਡੇ ਦੇ ਆਲੇ-ਦੁਆਲੇ ਅਤੇ ਹੋਰ ਥਾਵਾਂ 'ਤੇ ਵੀ ਹਮਲਾ ਕੀਤਾ। ਈਰਾਨ ਨੇ ਅਜੇ ਤੱਕ ਯੁੱਧ ਵਿੱਚ ਜਹਾਜ਼ਾਂ ਜਾਂ ਹੋਰ ਸਮੱਗਰੀ ਦੇ ਨੁਕਸਾਨ ਦੀ ਗੱਲ ਸਵੀਕਾਰ ਨਹੀਂ ਕੀਤੀ ਹੈ। ਇਸ ਦੌਰਾਨ ਈਰਾਨ ਦੇ ਅਰਧ ਸੈਨਿਕ ਬਲ ਰੈਵੋਲਿਊਸ਼ਨਰੀ ਗਾਰਡ ਨੇ ਕਿਹਾ ਕਿ ਉਸਨੇ ਐਤਵਾਰ ਸਵੇਰੇ ਇਜ਼ਰਾਈਲ ਤੇ ਹਮਲੇ ਦੌਰਾਨ 40 ਮਿਜ਼ਾਈਲਾਂ ਦਾਗੀਆਂ, ਜਿਸ ਵਿੱਚ ਉਸਦੀ ਖੋਰਮਸ਼ਹਿਰ-4 ਮਿਜ਼ਾਈਲ ਵੀ ਸ਼ਾਮਲ ਹੈ। ਈਰਾਨ ਨੇ ਕਿਹਾ ਹੈ ਕਿ ਖੋਰਮਸ਼ਹਿਰ-4 ਕਈ ਤਰ੍ਹਾਂ ਦੀਆਂ ਵਿਸਫੋਟਕ ਸਮੱਗਰੀਆਂ ਲੈ ਜਾ ਸਕਦਾ ਹੈ।



## ਕੈਨੇਡਾ ਨੇ ਅਗਲੇ ਸਾਲ ਭਾਰਤ ਵਿੱਚ ਹੋਣ ਵਾਲੇ ਟੀ-20 ਵਿਸ਼ਵ ਕੱਪ ਲਈ ਕੀਤਾ ਕੁਆਲੀਫ਼ਾਈ

ਓਂਟਾਰੀਓ (ਕੈਨੇਡਾ), 22 ਜੂਨ (ਚ.ਨ.ਸ.) : ਕੈਨੇਡਾ ਦੀ ਪੁਰਸ਼ ਕ੍ਰਿਕਟ ਟੀਮ ਨੇ ਅਮਰੀਕਾ ਵਿਚ ਹੋਏ ਕੁਆਲੀਫਾਇਰ ਮੁਕਾਬਲਿਆਂ ਵਿੱਚ ਬਹਾਮਾਸ ਨੂੰ ਸੱਤ ਵਿਕਟਾਂ ਨਾਲ ਹਰਾ ਕੇ ਅਗਲੇ ਸਾਲ ਭਾਰਤ ਅਤੇ ਸ੍ਰੀ ਲੰਕਾ ਵਿੱਚ ਹੋਣ ਵਾਲੇ ਆਈਸੀਸੀ ਟੀ-20 ਵਿਸ਼ਵ ਕੱਪ ਲਈ ਕੁਆਲੀਫਾਈ ਕਰ ਲਿਆ ਹੈ। ਕੈਨੇਡਾ ਦੀ ਪੰਜ ਮੈਚਾਂ ਵਿਚ ਇਹ ਪੰਜਵੀਂ ਜਿੱਤ ਸੀ। ਕੈਨੇਡਾ ਦੀ ਟੀਮ ਪਿਛਲੇ ਸਾਲ ਅਮਰੀਕਾ ਵਿਚ ਖੇਡੇ ਪੁਰਸ਼ ਟੀ-20 ਵਿਸ਼ਵ ਕੱਪ ਵਿਚ ਵੀ ਖੇਡੀ ਸੀ। ਕੈਨੇਡਾ ਦੀ ਟੀਮ 20-ਟੀਮਾਂ ਦੇ ਇਸ ਮੁਕਾਬਲੇ ਵਿੱਚ ਮੌਜੂਦਾ ਚੈਂਪੀਅਨ ਭਾਰਤ, ਸ੍ਰੀ ਲੰਕਾ, ਅਫ਼ਗਾਨਿਸਤਾਨ, ਆਸਟਰੇਲੀਆ, ਬੰਗਲਾਦੇਸ਼, ਇੰਗਲੈਂਡ, ਦੱਖਣੀ ਅਫਰੀਕਾ, ਅਮਰੀਕਾ, ਵੈਸਟਇੰਡੀਜ਼, ਆਇਰਲੈਂਡ, ਨਿਊਜ਼ੀਲੈਂਡ ਅਤੇ ਪਾਕਿਸਤਾਨ ਨਾਲ ਜੁੜ ਗਈ ਹੈ। ਆਈਸੀਸੀ ਨੇ ਇਕ ਬਿਆਨ ਵਿਚ ਕਿਹਾ, "ਸੱਤ ਹੋਰ ਟੀਮਾਂ - ਦੋ ਯੂਰਪੀ ਕੁਆਲੀਫਾਇਰ (5 ਤੋਂ 11 ਜੁਲਾਈ), ਦੋ ਅਫਰੀਕਾ ਕੁਆਲੀਫਾਇਰ (19 ਸਤੰਬਰ ਤੋਂ 4 ਅਕਤੂਬਰ) ਅਤੇ ਤਿੰਨ ਏਸ਼ੀਆ-ਈਏਪੀ ਕੁਆਲੀਫਾਇਰ (1-17 ਅਕਤੂਬਰ) ਖੇਤਰੀ ਕੁਆਲੀਫਾਇਰ ਜ਼ਰੀਏ "20 ਵਿਸ਼ਵ ਕੱਪ ਟੀਮਾਂ 'ਚ ਸ਼ਾਮਲ ਹੋਣਗੀਆਂ।



## ਈਰਾਨ 'ਚ ਵਿਗੜੇ ਹਾਲਾਤ, ਰੋਜ਼ਾਨਾ ਲਗਭਗ 10,000 ਲੋਕ ਛੱਡ ਰਹੇ ਨੇ ਦੇਸ਼



ਤਹਿਰਾਨ, 22 ਜੂਨ (ਚ.ਨ.ਸ.) : ਵਧ ਰਹੇ ਤਣਾਅ ਵਿਚਕਾਰ ਬਹੁਤ ਸਾਰੇ ਵਿਦੇਸ਼ੀ ਨਾਗਰਿਕ ਈਰਾਨ ਛੱਡ ਕੇ ਸਵਦੇਸ਼ ਪਰਤ ਰਹੇ ਹਨ। ਮੱਧ ਪੂਰਬੀ ਦੇਸ਼ ਵਿੱਚ ਜੰਗ ਅਤੇ ਅਸੁਰੱਖਿਆ ਵਿਚਕਾਰ ਰੋਜ਼ਾਨਾ ਲਗਭਗ 10,000 ਅਫਗਾਨ ਸ਼ਰਨਾਰਥੀ ਆਪਣੇ ਵਤਨ ਵਾਪਸ ਜਾਣ ਲਈ ਈਰਾਨ ਛੱਡ ਰਹੇ ਹਨ। ਸਥਾਨਕ ਮੀਡੀਆ ਆਊਟਲੈਟ ਟੋਲੋਨਿਊਜ਼ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਹਾਲ ਹੀ ਵਿੱਚ ਈਰਾਨ ਵਿੱਚ ਹਾਲਾਤ ਵਿਗੜਨ ਕਾਰਨ ਦੇਸ਼ ਤੋਂ ਸ਼ਰਨਾਰਥੀਆਂ ਦੀ ਵਾਪਸੀ ਵਿੱਚ ਵਾਧਾ ਹੋਇਆ ਹੈ। ਪੱਛਮੀ ਹੇਰਾਤ ਪ੍ਰਾਂਤ ਵਿੱਚ ਇਸਲਾਮ ਕਲਾ ਕਰਾਸਿੰਗ ਪੁਆਇੰਟ ਰਾਹੀਂ ਰੋਜ਼ਾਨਾ 8,000 ਤੋਂ 10,000 ਵਿਅਕਤੀ ਵਾਪਸ ਆ ਰਹੇ ਹਨ। ਇਸਲਾਮ ਕਲਾ ਕਰਾਸਿੰਗ ਪੁਆਇੰਟ ਤੇ ਵਾਪਸੀ ਅਤੇ ਸ਼ਰਨਾਰਥੀਆਂ ਲਈ ਸਰਹੱਦੀ ਮਾਮਲਿਆਂ ਦੇ ਡਿਪਟੀ ਡਾਇਰੈਕਟਰ ਅਬਦੁਲ ਰਹੀਮ ਰਹਿਮਾਨੀ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਸਥਾਨਕ ਅਧਿਕਾਰੀਆਂ ਅਨੁਸਾਰ ਹਜ਼ਾਰਾਂ ਅਫਗਾਨ ਸ਼ਰਨਾਰਥੀ ਸ਼ਾਇਦ 2,000 ਤੋਂ 3,000 ਵਿਅਕਤੀ ਅਤੇ ਲਗਭਗ 300 ਪਰਿਵਾਰ ਵੀ ਨਿਮਰੋਜ਼ ਪ੍ਰਾਂਤ ਰਾਹੀਂ ਆਪਣੇ ਵਤਨ ਵਾਪਸ ਆ ਰਹੇ ਹਨ। ਗੁਆਂਢੀ ਦੇਸ਼ਾਂ ਤੋਂ ਵੀ ਸ਼ਰਨਾਰਥੀਆਂ ਵਜੋਂ ਰਹਿ ਰਹੇ ਹਜ਼ਾਰਾਂ ਅਫਗਾਨ ਯੁੱਧ ਤੋਂ ਬਚਣ ਲਈ ਘਰ ਵਾਪਸ ਆ ਗਏ ਹਨ।

## ਈਰਾਨ ਨੇ ਪੱਤਰਕਾਰ ਦੇ ਪਰਿਵਾਰ ਨੂੰ ਲਿਆ ਹਿਰਾਸਤ 'ਚ

ਦੁਬਈ, 22 ਜੂਨ (ਚ.ਨ.ਸ.): ਈਰਾਨ ਨੇ ਸ਼ਨੀਵਾਰ ਨੂੰ ਈਰਾਨ ਇੰਟਰਨੈਸ਼ਨਲ ਦੁਆਰਾ ਇਜ਼ਰਾਈਲ ਨਾਲ ਦੇਸ਼ ਦੀ ਜੰਗ ਦੀ ਕਵਰੇਜ਼ ਕਰਨ 'ਤੇ ਇੱਕ ਮਹਿਲਾ ਪੱਤਰਕਾਰ ਦੇ ਪਰਿਵਾਰਕ ਮੈਂਬਰਾਂ ਨੂੰ ਹਿਰਾਸਤ ਵਿੱਚ ਲੈ ਲਿਆ। ਨਾਲ ਹੀ ਪੱਤਰਕਾਰ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੱਕ ਪਰਿਵਾਰ ਨੂੰ ਹਿਰਾਸਤ ਵਿੱਚ ਰੱਖਣ ਦੀ ਧਮਕੀ ਵੀ ਦਿੱਤੀ। ਲੰਡਨ ਤੋਂ ਸੰਚਾਲਿਤ ਹੋ ਰਹੇ ਫਾਰਸੀ ਨਿਊਜ਼ ਚੈਨਲ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਪੱਤਰਕਾਰ ਦੇ ਪਰਿਵਾਰ ਦੇ ਅਗਵਾ ਦੀ ਸਖ਼ਤ ਨਿੰਦਾ ਕਰਦਾ ਹੈ। ਇਸ ਨੇ ਬੰਧਕ ਬਣਾਉਣ ਦੀ ਇਸ ਪ੍ਰਕਿਰਿਆ ਨੂੰ ਭਿਆਨਕ ਕਾਰਵਾਈ ਦੱਸਿਆ, ਜਿਸ ਦਾ ਉਦੇਸ਼ ਉਨ੍ਹਾਂ ਦੇ ਸਾਥੀ ਨੂੰ ਉਸਦੇ ਅਹੁਦੇ ਤੋਂ ਅਸਤੀਫਾ ਦੇਣ ਲਈ ਮਜਬੂਰ ਕਰਨਾ ਹੈ। ਨਿਊਜ਼ ਚੈਨਲ ਨੇ ਕਿਹਾ, ਇਹ ਬਹੁਤ ਹੀ ਨਿੰਦਣਯੋਗ ਰਣਨੀਤੀ ਅਸਹਿਮਤੀ ਅਤੇ ਸੁਤੰਤਰ ਪੱਤਰਕਾਰੀ ਨੂੰ ਦਬਾਉਣ ਲਈ ਸ਼ਾਸਨ ਦੀ ਬੇਰਹਿਮ ਮੁਹਿੰਮ ਵਿੱਚ ਇੱਕ ਖਤਰਨਾਕ ਵਾਧੇ ਨੂੰ ਦਰਸਾਉਂਦੀ ਹੈ। ਪ੍ਰਸਾਰਕ ਨੇ ਕਿਹਾ ਕਿ ਈਰਾਨ ਦੇ ਅਰਧ ਸੈਨਿਕ ਰੈਵੋਲਿਊਸ਼ਨਰੀ ਗਾਰਡ ਪੱਤਰਕਾਰ ਦੀ ਮਾਂ, ਪਿਤਾ ਅਤੇ ਛੋਟੇ ਭਰਾ ਨੂੰ ਇੱਕ ਅਣਜਾਣ ਸਥਾਨ 'ਤੇ ਲੈ ਗਏ। ਈਰਾਨ ਇੰਟਰਨੈਸ਼ਨਲ ਅਨੁਸਾਰ ਪੱਤਰਕਾਰ ਨੂੰ ਸ਼ਨੀਵਾਰ ਸਵੇਰੇ ਉਸਦੇ ਪਿਤਾ ਦਾ ਇੱਕ ਫੋਨ ਆਇਆ ਜਿਸ ਵਿੱਚ ਉਸਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦੀ ਅਪੀਲ ਕੀਤੀ ਗਈ। ਸੰਸਥਾ ਨੇ ਪੱਤਰਕਾਰ ਦਾ ਨਾਮ ਨਹੀਂ ਦੱਸਿਆ ਹੈ। ਹਾਲ ਹੀ ਦੇ ਸਾਲਾਂ ਵਿੱਚ ਇਰਾਨ ਇੰਟਰਨੈਸ਼ਨਲ ਨੂੰ ਤਹਿਰਾਨ ਦੁਆਰਾ ਖਾਸ ਤੌਰ ਤੇ ਨਿਸ਼ਾਨਾ ਬਣਾਇਆ ਗਿਆ ਹੈ ਕਿਉਂਕਿ ਇਸਦੇ ਪ੍ਰੋਗਰਾਮ ਤਹਿਰਾਨ ਦੀ ਧਾਰਮਿਕ ਸਰਕਾਰ ਦੀ ਆਲੋਚਨਾ ਕਰਦੇ ਹਨ। ਈਰਾਨੀ ਸਰਕਾਰ ਨੇ ਇਸ ਨਿਊਜ਼ ਸੰਗਠਨ ਨੂੰ ਅੱਤਵਾਦੀ ਸੰਗਠਨ ਕਿਹਾ ਹੈ।



## ਮਹਿਲਾ ਹਾਕੀ: ਬੈਲਜੀਅਮ ਨੇ ਭਾਰਤ ਨੂੰ 2-0 ਨਾਲ ਹਰਾਇਆ

ਐਂਟਵਰਪ (ਬੈਲਜੀਅਮ), 22 ਜੂਨ (ਚ.ਨ.ਸ.) : ਮਹਿਲਾ ਹਾਕੀ ਟੀਮ ਨੂੰ ਐਫਆਈਐਚ ਪ੍ਰੋ ਲੀਗ ਦੇ ਯੂਰਪੀਅਨ ਗੇੜ ਵਿੱਚ ਇੱਥੇ ਅੱਜ ਲਗਾਤਾਰ ਛੇਵੀਂ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਮੈਚ ਵਿਚ ਬੈਲਜੀਅਮ ਨੇ ਭਾਰਤ ਨੂੰ 2-0 ਨਾਲ ਹਰਾ ਦਿੱਤਾ ਹੈ। ਜਾਣਕਾਰੀ ਅਨੁਸਾਰ ਪਹਿਲੇ ਦੋ ਕੁਆਰਟਰਾਂ ਵਿਚ ਕਿਸੇ ਵੀ ਟੀਮ ਨੇ ਗੋਲ ਨਾ ਕੀਤਾ ਪਰ ਬੈਲਜੀਅਮ ਨੇ ਤੀਜੇ ਕੁਆਰਟਰ ਵਿੱਚ ਤੇਜ਼ੀ ਨਾਲ ਹਮਲੇ ਜਾਰੀ ਰੱਖੇ ਤੇ ਲਗਾਤਾਰ ਦੋ ਗੋਲ ਕਰਕੇ ਭਾਰਤੀ ਟੀਮ 'ਤੇ ਦਬਾਅ ਬਣਾ ਦਿੱਤਾ। ਇਸ ਨਤੀਜੇ ਨਾਲ ਭਾਰਤ ਆਪਣੇ 14 ਮੈਚਾਂ ਵਿੱਚ 10 ਅੰਕਾਂ ਨਾਲ ਸੂਚੀ ਵਿੱਚ ਨੌਵੇਂ ਅਤੇ ਆਖਰੀ ਸਥਾਨ 'ਤੇ ਖਿਸਕ ਗਿਆ ਹੈ।



## ਬ੍ਰਾਜ਼ੀਲ ਵਿੱਚ ਗਰਮ ਹਵਾ ਵਾਲਾ ਗੁਬਾਰਾ ਹਾਦਸਾਗ੍ਰਸਤ; ਅੱਠ ਹਲਾਕ

ਸਾਓ ਪਾਓਲੋ, 22 ਜੂਨ (ਚ.ਨ.ਸ.) : ਇੱਥੋਂ ਦੇ ਦੱਖਣੀ ਰਾਜ ਸਾਂਤਾ ਕੈਟਰੀਨਾ ਵਿੱਚ 21 ਯਾਤਰੀਆਂ ਨੂੰ ਲੈ ਕੇ ਜਾ ਰਿਹਾ ਇੱਕ ਗਰਮ ਹਵਾ ਵਾਲਾ ਗੁਬਾਰਾ ਹਾਦਸਾਗ੍ਰਸਤ ਹੋ ਗਿਆ ਜਿਸ ਕਾਰਨ ਅੱਠ ਲੋਕਾਂ ਦੀ ਮੌਤ ਹੋ ਗਈ। ਰਾਜ ਦੇ ਅੱਗ ਬੁਝਾਊ ਵਿਭਾਗ ਅਨੁਸਾਰ ਅੱਗ ਲੱਗਣ ਤੋਂ ਬਾਅਦ ਸੈਰ-ਸਪਾਟੇ ਲਈ ਗੁਬਾਰੇ ਵਿੱਚ ਬੈਠ ਕੇ ਜਾ ਰਹੇ ਲੋਕਾਂ ਵਿਚ ਸਹਿਮ ਫੈਲ ਗਿਆ। ਇਸ ਗੁਬਾਰੇ ਨੂੰ ਉਡਾਣ ਭਰਨ ਤੋਂ ਬਾਅਦ ਅੱਗ ਲੱਗ ਗਈ ਜੋ ਪਰਾਇਆ ਗ੍ਰਾਂਡੇ ਸ਼ਹਿਰ ਵਿੱਚ ਹਾਦਸਾਗ੍ਰਸਤ ਹੋ ਗਿਆ। ਅੱਗ ਬੁਝਾਊ ਵਿਭਾਗ ਅਨੁਸਾਰ ਇਸ ਹਾਦਸੇ ਵਿਚ ਬਚੇ 13 ਜਣਿਆਂ ਨੂੰ ਨੇੜਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ।



## ਅਲਕਾਰਾਜ਼ ਅਤੇ ਲੇਹੇਕਾ ਵਿਚਾਲੇ ਹੋਵੇਗਾ ਕਵੀਨਜ਼ ਕਲੱਬ ਵਿਖੇ ਫ਼ਾਈਨਲ ਮੈਚ

ਲੰਡਨ, 22 ਜੂਨ (ਚ.ਨ.ਸ.) : ਸਪੇਨ ਦੇ ਸਟਾਰ ਕਾਰਲੋਸ ਅਲਕਾਰਾਜ਼ ਅਤੇ ਚੈੱਕ ਗਣਰਾਜ ਦੇ ਜਿਰੀ ਲੇਹੇਕਾ ਏਟੀਪੀ 500 ਕਵੀਨਜ਼ ਕਲੱਬ ਚੈਂਪੀਅਨਸ਼ਿਪ ਦੇ ਪੁਰਸ਼ ਸਿੰਗਲਜ਼ ਫਾਈਨਲ ਮੈਚ ਵਿੱਚ ਖੇਡਣਗੇ। ਅਲਕਾਰਾਜ਼ ਨੇ ਸ਼ਨੀਵਾਰ ਨੂੰ ਖੇਡੇ ਗਏ ਸੈਮੀਫਾਈਨਲ ਮੈਚ ਵਿੱਚ ਹਮਵਤਨ ਰਾਬਰਟ ਬੌਟਿਸਟਾ ਅਗੂਟ ਨੂੰ 6-4, 6-4 ਨਾਲ ਹਰਾ ਕੇ ਫਾਈਨਲ ਵਿੱਚ ਜਗ੍ਹਾ ਬਣਾਈ। ਇੱਕ ਹੋਰ ਮੈਚ ਵਿੱਚ, 23 ਸਾਲਾ ਜਿਰੀ ਲੇਹੇਕਾ ਨੇ ਦੂਜੇ ਸੈਮੀਫਾਈਨਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜੈਕ ਡਰੈਪਰ ਨੂੰ ਹਰਾਇਆ। ਘਰੇਲੂ ਪ੍ਰਸ਼ੰਸਕ ਉਮੀਦ ਕਰ ਰਹੇ ਸਨ ਕਿ ਫਾਈਨਲ ਮੈਚ ਅਲਕਾਰਾਜ਼ ਅਤੇ ਜੈਕ ਡਰੈਪਰ ਵਿਚਕਾਰ ਹੋਵੇਗਾ, ਪਰ ਲੇਹੇਕਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਅਤੇ ਦੂਜਾ ਦਰਜਾ ਪ੍ਰਾਪਤ ਖਿਡਾਰੀ ਨੂੰ 6-4, 4-6, 7-5 ਨਾਲ ਹਰਾ ਕੇ ਇੱਕ ਨਵੀਂ ਇਬਾਰਤ ਲਿਖੀ।



ਵਰ੍ਹੇਗੰਢ ਮੁਬਾਰਕ



ਨਵਦੀਪ ਕੁਮਾਰ ਅਤੇ ਭੁਪਿੰਦਰ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ

# ਓਮ ਯੋਗ ਕੇਂਦਰ ਨੇ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਮਨਾਇਆ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ



ਬਰਨਾਲਾ, 22 ਜੂਨ (ਸੁਖਵਿੰਦਰ ਸਿੰਘ ਭੰਡਾਰੀ):ਸ਼ਹੀਦ ਭਗਤ ਸਿੰਘ ਪਾਰਕ ਕੇ ਸੀ ਰੋਡ ਬਰਨਾਲਾ ਵਿਖੇ ਓਮ ਯੋਗ ਕੇਂਦਰ ਬਰਨਾਲਾ ਵੱਲੋਂ 11ਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਯੋਗ ਅਚਾਰੀਆ ਜਸਪਾਲ ਸਿੰਘ ਰੋਲੇ ਨੇ ਭਾਰੀ ਗਿਣਤੀ ਚ ਪਹੁੰਚੇ ਯੋਗ ਪ੍ਰੇਮੀਆਂ ਨੂੰ ਯੋਗ ਕਰਵਾਇਆ। ਇਸ ਦੌਰਾਨ ਉਨ੍ਹਾਂ ਬੋਲਦਿਆਂ ਕਿਹਾ ਕਿ ਅੱਜ ਦੇ ਦਿਨ ਭਾਵ 21 ਜੂਨ ਨੂੰ ਸਾਰੇ ਦੇਸ਼ਾਂ 'ਚ ਯੋਗ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮੰਤਵ ਲੋਕਾਂ ਨੂੰ ਯੋਗ ਦੇ ਮਹੱਤਵ ਤੋਂ ਜਾਣੂੰ ਕਰਾਉਣਾ ਹੈ ਤਾਂ ਕਿ ਲੋਕ ਯੋਗ ਨਾਲ ਜੁੜ ਕੇ ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਫਿਟ ਰੱਖ ਸਕਣ। ਉਨ੍ਹਾਂ ਅੱਗੇ ਕਿਹਾ ਕਿ ਨਿਯਮਤ ਤੌਰ 'ਤੇ ਯੋਗ ਕਰਨ ਨਾਲ ਮਨ ਸ਼ਾਂਤ ਰਹਿੰਦਾ ਹੈ ਤੇ ਅਸੀਂ ਬਿਹਤਰ ਜ਼ਿੰਦਗੀ ਗੁਜ਼ਾਰ ਸਕਦੇ ਹਾਂ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਯੋਗਾ ਮਾਹਿਰ ਰਘਵੀਰ ਚੌਹਾਨ ਨੇ ਕਿਹਾ ਕਿ ਸਿਹਤਮੰਦ ਜੀਵਨ ਲਈ ਇੱਕ ਧਰਤੀ, ਇੱਕ ਸਿਹਤ ਲਈ ਯੋਗ ਜ਼ਰੂਰੀ ਹੈ। ਯੋਗ ਸਰੀਰ ਨੂੰ ਮਜ਼ਬੂਤ ਬਣਾਉਂਦਾ ਅਤੇ ਮਨ ਨੂੰ ਸ਼ਾਂਤ ਕਰਦਾ ਹੈ। ਆਓ ਯੋਗ ਦਿਵਸ ਤੇ ਸੰਕਲਪ ਕਰੀਏ ਕਿ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਧਰਤੀ ਨੂੰ ਪ੍ਰਦੂਸ਼ਣ ਰਹਿਤ ਕਰਨ ਅਤੇ ਸਿਹਤਮੰਦ ਬਣਾਉਣ ਲਈ ਯਤਨ ਕਰਾਂਗੇ। ਜੇਕਰ ਧਰਤੀ ਸਿਹਤਮੰਦ ਹੈ ਤਾਂ ਹੀ ਅਸੀਂ ਸਿਹਤਮੰਦ ਬਣ ਸਕਦੇ ਹਾਂ। ਇਸ ਮੌਕੇ ਜਲ ਜੀਰੇ ਦੀ ਸੇਵਾ ਕੀਤੀ ਗਈ ਅਤੇ ਲੱਡੂ ਵੰਡੇ ਗਏ। ਓਮ ਯੋਗ ਕੇਂਦਰ ਦੇ ਇੰਚਾਰਜ ਜਸਪਾਲ ਸਿੰਘ ਰੋਲੇ, ਰਾਜਨ ਜੁਨੇਜਾ, ਦਰਸ਼ਨ ਸਿੰਘ, ਅਮਰਜੀਤ ਸਿੰਘ, ਵਿਜੇ ਮਿੱਤਲ, ਹਰਬੰਸ ਲਾਲ, ਸਾਜਨ ਜੁਨੇਜਾ, ਸੋਹਨ ਸਿੰਘ, ਸੰਨੂੰ ਗਰਗ, ਹਿਤੇਸ਼ ਗੋਇਲ ਇੰਦੂ ਗੋਇਲ, ਕਵਿਤਾ ਸਿੰਗਲਾ, ਸ਼ਾਲੂ ਮਿੱਤਲ, ਪੂਜਾ ਮਿੱਤਲ, ਸ਼ਾਖਾ ਗਰਗ, ਸੁਨੀਤਾ ਜਿੰਦਲ, ਨੀਨਾ ਗੁਪਤਾ, ਸਪਨਾ ਜੁਨੇਜਾ, ਸੁਨੀਤਾ ਗੋਇਲ, ਸੁਖਵਿੰਦਰ ਕੌਰ, ਗੁਰਮੀਤ ਕੌਰ, ਸੋਮਾ ਭੰਡਾਰੀ, ਇੰਦੂ ਬਾਂਸਲ, ਆਸ਼ਾ ਸ਼ਰਮਾ ਬਿੰਦੂ ਗਰਗ ਗੀਤਾ ਰਾਣੀ ਜੋਤੀ ਗੋਇਲ ਜੋਤੀ ਵਰਮਾ ਅਨੀਤਾ ਆਹੂਜਾ ਆਦਿ ਨੇ ਵਿਸ਼ਵ ਯੋਗ ਦਿਵਸ ਮੌਕੇ ਕਰਵਾਏ ਗਏ ਪ੍ਰੋਗਰਾਮ 'ਚ ਸਰਗਰਮੀ ਨਾਲ ਭਾਗ ਲਿਆ।

## ਰੈਡ ਕਰਾਸ ਸੁਸਾਇਟੀ ਸੰਗਰੂਰ ਦੀ ਅਗਵਾਈ ਵਿੱਚ ਯੋਗ ਸਮਾਗਮ ਕਰਵਾਏ



ਸੰਗਰੂਰ, 22 ਜੂਨ (ਹਰਕੰਵਲ ਸਿੰਘ ਹੈਪੀ): ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਰੈੱਡ ਕਰਾਸ ਸੁਸਾਇਟੀ ਪ੍ਰਧਾਨ ਅਤੇ ਡਾਕਟਰ ਕਮਲਦੀਪ ਸ਼ਰਮਾ ਹਸਪਤਾਲ ਭਲਾਈ ਸ਼ਾਖਾ ਦੇ ਚੇਅਰਪਰਸਨ ਵੱਲੋਂ ਆਯੋਜਿਤ ਅੰਤਰਰਾਸ਼ਟਰੀ ਯੋਗ ਦਿਵਸ ਵੱਖ ਵੱਖ ਸੰਸਥਾਵਾਂ ਵਿਖੇ ਮਨਾਇਆ ਗਿਆ ਹੈ। ਇਸ ਵਿੱਚ ਸਮੂਹ ਰੈੱਡ ਕਰਾਸ ਸੁਸਾਇਟੀ ਦੇ ਸਾਰੇ ਮੈਂਬਰ ਸਾਹਿਬਾਨ ਅਤੇ ਸਟਾਫ ਨੇ ਆਪਣੀ-ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਜਿਸ ਦੌਰਾਨ ਡਾਕਟਰ ਕਮਲਦੀਪ ਸ਼ਰਮਾ ਦਾ ਸੰਦੇਸ਼ ਸਮੂਹ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਨ੍ਹਾਂ ਦਾ ਮੁੱਖ ਉਦੇਸ਼ ਸਾਰੇ ਨਾਗਰਿਕਾਂ ਨੂੰ ਤੰਦਰੁਸਤ ਤੇ ਸਿਹਤਮੰਦ ਰੱਖਣਾ ਹੈ। ਅੱਜ ਦੀ ਭੱਜ-ਦੌੜ ਅਤੇ ਆਨਲਾਈਨ ਯੁੱਗ ਵਿੱਚ ਅਸੀਂ ਆਪਣੀ ਸਿਹਤ ਪ੍ਰਤੀ ਲਾਪਰਵਾਹ ਹੋ ਗਏ ਹਾਂ। ਯੋਗ ਸਿਰਫ਼ ਸਾਨੂੰ ਬਿਮਾਰੀਆਂ ਤੋਂ ਹੀ ਸੁਰੱਖਿਅਤ ਨਹੀਂ ਕਰਦਾ ਸਗੋਂ ਸਾਡੇ ਪਾਚਨ-ਤੰਤਰ, ਚੁਸਤੀ-ਫੁਰਤੀ, ਦਿਮਾਗੀ ਸੰਤੁਲਨ ਸਰੀਰਕ ਅਤੇ ਮਾਨਸਿਕ ਸ਼ਾਂਤੀ ਵੀ ਪ੍ਰਦਾਨ ਕਰਦਾ ਹੈ। ਇਹ ਹਰ ਉਮਰ ਦੇ ਨਾਗਰਿਕ ਲਈ ਬਹੁਤ ਜ਼ਰੂਰੀ ਹੈ। ਸਾਨੂੰ ਰੋਜ਼ਾਨਾ ਆਪਣੀ ਜ਼ਿੰਦਗੀ ਦਾ ਕੁਝ ਸਮਾਂ ਆਪਣੀ ਸਿਹਤ ਲਈ ਕੱਢਣਾ ਚਾਹੀਦਾ ਹੈ। ਜਿਵੇਂ ਅੱਜ ਅਸੀਂ ਯੋਗ ਦਿਵਸ ਦਾ ਲਾਭ ਲੈ ਰਹੇ ਹਾਂ ਉਸ ਲਈ ਵੀ ਪ੍ਰਣ ਕਰਦੇ ਹਾਂ ਕਿ ਜੀਵਨ ਦੇ ਹਰ ਦਿਨ ਦਾ ਕੁਝ ਸਮਾਂ ਰੋਜ਼ਾਨਾ ਅਸੀਂ ਯੋਗ ਲਈ ਜ਼ਰੂਰ ਕੱਢਾਂਗੇ।ਇਸ ਮਿਸ਼ਨ ਨੂੰ ਸਫਲ ਬਣਾਉਣ ਲਈ ਰੈੱਡ ਕਰਾਸ ਸੁਸਾਇਟੀ ਦੇ ਮੈਂਬਰ ਸਾਹਿਬਾਨਾਂ ਸ੍ਰੀਮਤੀ ਕੁਸਮ ਗਰਗ, ਡਾ. ਸੁਖਦੀਪ ਕੌਰ, ਸ੍ਰੀਮਤੀ ਨਿੰਮੀ ਬਾਂਸਲ, ਸ੍ਰੀਮਤੀ ਕੁਸਮ ਮਘਾਨ, ਸ੍ਰੀਮਤੀ ਸ਼ਵੇਤਾ, ਸ੍ਰੀਮਤੀ ਸੋਨਿਕਾ, ਡਾ. ਸੁਖਵਿੰਦਰ ਸਿੰਘ, ਸ੍ਰੀ ਸਰਬਜੀਤ ਰੇਖੀ, ਸ੍ਰੀ ਨੰਦ ਕਿਸ਼ੋਰ ਗਰੋਵਰ, ਡਾ. ਕਮਲ ਕਾਂਤ, ਸ੍ਰੀਮਤੀ ਗੀਤਾ ਜੈਨ ਅਤੇ ਸ੍ਰੀਮਤੀ ਸੁਚਿਤਾ ਨੇ ਵਿਸ਼ੇਸ਼ ਯੋਗਦਾਨ ਪਾਇਆ।ਯੋਗ ਦਿਵਸ ਸਮੇਂ ਬਿਰਧ ਆਸ਼ਰਮ ਉਭਾਵਾਲ ਰੋਡ, ਸੰਗਰੂਰ ਵਿਖੇ ਯੋਗਾ ਸਿਖਲਾਈ ਟੀਚਰ ਜੋਨੀ, ਬਿਰਧ ਆਸ਼ਰਮ ਘਰਾਚੋਂ ਵਿਖੇ ਲਵਪ੍ਰੀਤ ਸਿੰਘ, ਬਿਰਧ ਆਸ਼ਰਮ ਬਡਰੁੱਖਾ ਵਿਖੇ ਰਿੰਕੂ, ਨਸ਼ਾ ਛਡਾਉ ਕੇਂਦਰ ਘਾਬਦਾਂ ਵਿਖੇ ਗੁਰਦੀਪ ਕੌਰ, ਨਸ਼ਾ ਛਡਾਉ ਕੇਂਦਰ ਸੰਗਰੂਰ ਵਿਖੇ ਖੁਸ਼ਬੂ ਅਤੇ ਬਿਰਧ ਆਸ਼ਰਮ ਮਸਤੂਆਣਾ ਸਾਹਿਬ ਵਿਖੇ ਜਸਪ੍ਰੀਤ ਕੌਰ ਵੱਲੋਂ ਯੋਗ ਕਰਵਾਇਆ ਗਿਆ। ਇਸ ਦੌਰਾਨ ਸਮਾਜ-ਸੇਵੀ ਸੰਸਥਾਵਾਂ ਅਤੇ ਵੱਡੀ ਗਿਣਤੀ ਵਿੱਚ ਆਮ ਲੋਕਾਂ ਨੇ ਭਾਗ ਲੈਂਦਿਆਂ ਭਰਵੀਂ ਦਿਲਚਸਪੀ ਦਿਖਾਈ। ਅਸੀਂ ਇਸ ਮਿਸ਼ਨ ਨੂੰ ਹਮੇਸ਼ਾ ਲਈ ਸਫਲ ਬਣਾਉਣ ਲਈ ਡਟੇ ਰਹਾਂਗੇ ਕਿਉਂਕਿ ਸਿਹਤ ਹੈ, ਤਾਂ ਜੀਵਨ ਹੈ।

# ਇੰਟਰਨੈਸ਼ਨਲ ਯੋਗ ਦਿਵਸ ਮਨਾਇਆ



ਭਗਤਾ ਭਾਈ ਕਾ, 22ਜੂਨ (ਸਵਰਨ ਸਿੰਘ ਭਗਤਾ):-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੀ ਮਾਲਵੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਜ਼ਿਲਾ ਬਠਿੰਡਾ ਵਿੱਚ ਪ੍ਰਿੰਸੀਪਲ ਮੈਡਮ ਗੁਰਿੰਦਰ ਕੌਰ ਦੀ ਅਗਵਾਈ ਹੇਠ ਇੰਟਰਨੈਸ਼ਨਲ ਯੋਗਾ ਦਿਵਸ ਮਨਾਇਆ ਗਿਆ। ਇਸ ਗਤੀਵਿਧੀ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ।ਜਮਾਤ ਨੌਵੀਂ ਤੋਂ ਬਾਰ੍ਹਵੀਂ ਦੇ ਵਿਦਿਆਰਥੀਆਂ ਵੱਲੋਂ ਵੱਖ ਵੱਖ ਤਰਾਂ ਦੇ ਆਸਣ ਅਤੇ ਯੋਗਾ ਕੀਤਾ ਗਿਆ। ਇਸ ਮੌਕੇ ਡੀ ਪੀ ਅਧਿਆਪਕ ਸਮਸ਼ੇਰ ਸਿੰਘ ਅਤੇ ਰਾਜਪ੍ਰੀਤ ਕੌਰ ਦੁਆਰਾ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੱਖ-ਵੱਖ ਤਰ੍ਹਾਂ ਦੇ ਯੋਗ ਆਸਣ ਕਰਵਾਏ ਗਏ। ਡੀ .ਪੀ ਅਧਿਆਪਕ ਸ਼ਮਸ਼ੇਰ ਸਿੰਘ ਨੇ ਵਿਦਿਆਰਥੀਆਂ ਨੂੰ ਯੋਗਾ ਦੀ ਸ਼ੁਰੂਆਤ ਅਤੇ ਮਹੱਤਤਾ ਬਾਰੇ ਦੱਸਿਆ।ਵਿਸ਼ਵ ਯੋਗ ਦਿਵਸ ਪਹਿਲੀ ਵਾਰ 21 ਜੂਨ 2015 ਨੂੰ ਪੂਰੀ ਦੁਨੀਆ ਵਿੱਚ ਮਨਾਇਆ ਗਿਆ ਸੀ। ਉਸ ਪਿਛੋਂ 21 ਜੂਨ ਨੂੰ ਹਰ ਸਾਲ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਘੋਸ਼ਿਤ ਕੀਤਾ ਗਿਆ ਹੈ।ਇਹ ਮੰਨਿਆ ਜਾਂਦਾ ਹੈ ਕਿ ਯੋਗਾ ਦੀ ਸ਼ੁਰੂਆਤ ਸਭ ਤੋਂ ਪਹਿਲਾ ਭਾਰਤ ਵਿਚ ਪੂਰਵ-ਵੈਦਿਕ ਕਾਲ ਵਿਚ ਹੋਈ ਸੀ।ਯੋਗ ਹਜ਼ਾਰਾਂ ਸਾਲਾਂ ਤੋਂ ਭਾਰਤੀਆਂ ਦੀ ਜੀਵਨ ਸ਼ੈਲੀ ਦਾ ਹਿੱਸਾ ਹੈ।ਯੋਗ ਸਾਰੀ ਮਨੁੱਖ ਜਾਤੀ ਨੂੰ ਇਕਜੁਟ ਕਰਨ ਦੀ ਸ਼ਕਤੀ ਦੇ ਨਾਲ ਨਾਲ ਇਹ ਗਿਆਨ,ਕਰਮ ਅਤੇ ਸ਼ਰਧਾ ਦਾ ਆਦਰਸ਼ ਮਿਸ਼ਰਨ ਹੈ।ਵਿਸ਼ਵ ਯੋਗਾ ਦਿਵਸ ਦਾ ਉਦੇਸ਼ ਪੂਰੀ ਦੁਨੀਆ ਦੇ ਲੋਕਾਂ ਨੂੰ ਯੋਗਾ ਦੇ ਲਾਭਾਂ ਪ੍ਰਤੀ ਜਾਗਰੂਕ ਕਰਨਾ ਹੈ। ਸਰੀਰਕ ਅਤੇ ਮਾਨਸਿਕ ਇਲਾਜ ਯੋਗਾ ਦਾ ਸਭ ਤੋਂ ਜਾਣਿਆ ਫਾਇਦਾ ਹੈ।ਦਮਾ,ਸ਼ੂਗਰ, ਬਲੱਡ ਪ੍ਰੈਸ਼ਰ,ਗਠੀਆ,ਪਾਚਨ ਸੰਬੰਧੀ ਵਿਗਾੜ ਅਤੇ ਹੋਰ ਬਿਮਾਰੀਆਂ ਵਿੱਚ ਯੋਗ ਇੱਕ ਸਫਲ ਇਲਾਜ ਵਿਕਲਪ ਹੈ।ਇਹ ਮਾੜੀਆਂ ਆਦਤਾਂ ਦੇ ਪ੍ਰਭਾਵਾਂ ਨੂੰ ਉਲਟਾਉਂਦਾ ਹੈ,ਜਿਵੇਂ ਸਾਰਾ ਦਿਨ ਕੁਰਸੀ ਤੇ ਬੈਠਣ, ਮੋਬਾਈਲ ਫੋਨ ਦੀ ਬਹੁਤ ਜ਼ਿਆਦਾ ਵਰਤੋਂ ਕਰਨਾ, ਕਸਰਤ ਨਾ ਕਰਨਾ,ਯੋਗਾ ਹਰੇਕ ਵਿਅਕਤੀ ਨੂੰ ਵੱਖਰੇ ਢੰਗ ਨਾਲ ਫਾਇਦਾ ਕਰਦਾ ਹੈ।ਇਸ ਲਈ ਨਿਸ਼ਚਤ ਤੌਰ ਤੇ ਯੋਗਾ ਨੂੰ ਆਪਣਾਉ ਅਤੇ ਆਪਣੀ ਮਾਨਸਿਕ,ਸਰੀਰਕ,ਆਤਮਕ ਅਤੇ ਅਧਿਆਤਮਿਕ ਸਿਹਤ ਵਿੱਚ ਸੁਧਾਰ ਕਰ।ਜੂਨੀਅਰ ਜਮਾਤਾਂ ਦੇ ਐਕਟੀਵਿਟੀ ਇੰਚਾਰਜ ਮੈਡਮ ਰਜੀਵ ਕੌਰ ਵੱਲੋਂ ਜਮਾਤ ਨਰਸਰੀ ਤੋਂ ਦੂਸਰੀ ਤੱਕ ਦੇ ਵਿਦਿਆਰਥੀਆਂ ਨੂੰ ਘਰ ਤੋਂ ਹੀ ਯੋਗਾ ਕਰਨ ਲਈ ਪ੍ਰੇਰਿਤ ਕੀਤਾ ਗਿਆ।ਵਿਦਿਆਰਥੀਆਂ ਨੂੰ ਅਲੱਗ ਅਲੱਗ ਤਰੀਕੇ ਨਾਲ ਯੋਗਾ ਕੀਤਾ ਅਤੇ ਉਹਨਾਂ ਦੀਆਂ ਤਸਵੀਰਾਂ ਅਤੇ ਆਪਣੇ ਅਧਿਆਪਕਾਂ ਨਾਲ ਸਾਂਝੀਆਂ ਕੀਤੀਆਂ।ਇਸ ਤਰ੍ਹਾਂ ਇੰਟਰਨੈਸ਼ਨਲ ਯੋਗਾ ਦਿਵਸ ਨੂੰ ਸਕੂਲ ਵਿੱਚ ਛੁੱਟੀਆਂ ਦੌਰਾਨ ਵੀ ਬਹੁਤ ਹੀ ਵਧੀਆ ਤਰੀਕੇ ਨਾਲ ਮਨਾਇਆ ਗਿਆ।ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਯੋਗਾ ਦਿਵਸ ਦੀ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਹਰ ਰੋਜ਼ ਯੋਗਾ,ਵੱਖ ਵੱਖ ਤਰ੍ਹਾਂ ਦੇ ਆਸਣ ਅਤੇ ਸੈਰ ਕਰਨ ਲਈ ਪ੍ਰੇਰਿਤ ਕੀਤਾ।

# ਸੀ. ਐਮ. ਯੋਗਸ਼ਾਲਾ ਅਧੀਨ ਲਹਿਰਾਗਾਗਾ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਲਹਿਰਾਗਾਗਾ, 22 ਜੂਨ (ਗੁਰਦੀਪ ਸਿੰਘ): ਸੀ ਐਮ ਯੋਗਸ਼ਾਲਾ ਅਧੀਨ ਸੱਰਵ ਕੰਪਲੈਕਸ ਲਹਿਰਾਗਾਗਾ ਵਿਖੇ 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਨਗਰ ਕੌਂਸਲ ਲਹਿਰਾਗਾਗਾ ਵੱਲੋਂ ਧੂਮਧਾਮ ਨਾਲ ਮਨਾਇਆ ਗਿਆ, ਇਸ ਮੌਕੇ ਵਿਸ਼ੇਸ਼ ਤੌਰ 'ਤੇ ਐਮਐੱਲਏ ਬਰਿੰਦਰ ਕੁਮਾਰ ਗੋਇਲ ਕੈਬਨਿਟ ਮੰਤਰੀ ਨੇ ਪਹੁੰਚ ਕੇ ਯੋਗ ਅਭਿਆਸੀਆਂ ਨੂੰ ਯੋਗਾ ਦਿਵਸ ਦੀ ਵਧਾਈ ਦਿੱਤੀ,ਇਸ ਕੈਂਪ ਵਿੱਚ 400 ਦੇ ਕਰੀਬ ਵਿਅਕਤੀਆਂ ਨੇ ਭਾਗ ਲਿਆ,ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਮੈਡਮ ਕਾਂਤਾ ਗੋਇਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਸ਼ਹਿਰ ਦੇ ਮਾਸਟਰ ਪਿਆਰਾ ਲਾਲ ਜੀ ਜੀਪੀਐਫ ਧਰਮਸ਼ਾਲਾ ਵਿਖੇ 2013 ਤੋਂ ਲਗਾਤਾਰ ਸ਼ਹਿਰ ਨਿਵਾਸੀਆਂ ਨੂੰ ਨਿਸ਼ੁਲਕ ਯੋਗਾ ਕਰਵਾ ਕੇ ਬਿਮਾਰੀਆਂ ਤੋਂ ਬਚਾਅ ਕਰ ਰਹੇ ਹਨ, ਉਨ੍ਹਾਂ ਕਿਹਾ ਕਿ ਸਾਨੂੰ ਹਰ ਰੋਜ਼ ਲਗਾਤਾਰ ਯੋਗਾ ਅਪਣਾਉਣਾ ਚਾਹੀਦਾ ਹੈ, ਤਾਂ ਜੋ ਬਿਮਾਰੀਆਂ ਤੋਂ ਨਿਜਾਤ ਮਿਲ ਸਕੇ, ਇਸ ਮੌਕੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਪਨਾ ਹੈ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਨਸ਼ਿਆਂ ਅਤੇ ਬਿਮਾਰੀਆਂ ਤੋਂ ਮੁਕਤ ਕਰਨ ਲਈ ਪੰਜਾਬ ਵਿੱਚ ਲਗਭਗ 3200 ਦੇ ਕਰੀਬ ਕਲਾਸਾਂ ਲੱਗਦੀਆਂ ਹਨ, ਜਿਸ ਵਿੱਚ ਖੁਸ਼ੀ ਦੀ ਗੱਲ ਹੈ ਕਿ ਸਾਡੇ ਲਹਿਰਾਗਾਗਾ ਦੇ ਵਿੱਚ 10 ਕਲਾਸਾਂ ਵੱਖ ਵੱਖ ਥਾਵਾਂ 'ਤੇ ਯੋਗਾ ਕੈਂਪਾਂ ਵਿੱਚ ਹਰ ਰੋਜ਼ ਚੱਲ ਰਹੀਆਂ ਹਨ, ਉਹਨਾਂ ਯੋਗਾ ਅਭਿਆਸੀਆਂ ਨੂੰ ਕਿਹਾ ਕਿ ਤੁਸੀਂ ਹਰ ਰੋਜ਼ ਯੋਗਾਂ ਨੂੰ ਅਪਣਾਉਣਾ ਹੈ, ਉਹਨਾਂ ਕਿਹਾ ਕਿ ਯੋਗ ਅਪਣਾਓ ਰੋਗ ਭਜਾਓ ਤਹਿਤ ਬਿਮਾਰੀਆਂ ਤੋਂ ਮੁਕਤ ਹੋਣਾ ਹੈ,ਉਹਨਾਂ ਕਿਹਾ ਕਿ 50 ਸਾਲ ਦੀ ਉਮਰ ਦੇ ਵਿੱਚ ਅੱਜ ਕੱਲ ਇਨਸਾਨ ਨੂੰ ਭਿਆਨਕ ਬਿਮਾਰੀਆਂ ਘੇਰ ਰਹੀਆਂ ਹਨ, ਜਿਵੇਂ ਕਿ ਬਲੱਡ ਪ੍ਰੈਸ਼ਰ ਸ਼ੂਗਰ ਵਰਗੀਆਂ ਨਾਮਰਦ ਬਿਮਾਰੀਆਂ ਲੱਗ ਰਹੀਆਂ ਹਨ, ਜਿਨਾਂ ਤੋਂ ਮੁਕਤ ਹੋਣ ਲਈ ਯੋਗਾ ਬਹੁਤ ਜਰੂਰੀ ਹੈ, ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਰਵਿੰਦ ਕੇਜਰੀਵਾਲ ਦੀ ਕਾਰਗੁਜ਼ਾਰੀ ਤਹਿਤ ਪੰਜਾਬ ਵਿੱਚ ਯੋਗਾ ਕਰਵਾ ਰਹੇ ਹਨ, ਕਿਉਂਕਿ ਉਨ੍ਹਾਂ ਨੇ ਦਿੱਲੀ ਦੇ ਹਰ ਗਲੀ ਮੁਹੱਲੇ, ਪਾਰਕਾਂ ਵਿੱਚ ਯੋਗਾ ਚਲਾਇਆ ਹੋਇਆ ਹੈ,ਇਸ ਮੌਕੇ ਮਾਰਕਿਟ ਕਮੇਟੀ ਲਹਿਰਾਗਾਗਾ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ ਵੱਡੀ ਗਿਣਤੀ ਦੇ ਵਿੱਚ ਪੌਦੇ ਵੰਡੇ ਗਏ ਅਤੇ ਯੋਗਾ ਅਭਿਆਸੀਆਂ ਨੂੰ ਠੰਡੀ ਸ਼ਿਕੰਜਵੀ ਅਤੇ ਕੇਲਿਆਂ ਦੀ ਰਿਫਰੈਸ਼ਮੈਂਟ ਦਿੱਤੀ ਗਈ, ਇਸ ਮੌਕੇ ਤਹਿਸੀਲਦਾਰ ਪ੍ਰਵੀਨ ਕੁਮਾਰ ਛਿੱਬੜ,ਸੰਜੇ ਬਾਂਸਲ ਈਓ, ਮੈਡਮ ਸੀਮਾ ਗੋਇਲ ਸਪੁੱਤਨੀ ਮੰਤਰੀ ਬਰਿੰਦਰ ਗੋਇਲ , ਯੋਗਾ ਟਰੇਨਰ ਮੈਡਮ ਦਲਜੀਤ ਕੌਰ, ਯੋਗਾ ਟਰੇਨਰ ਅਨਿਲ ਕੁਮਾਰ, ਯੋਗਾ ਟਰੇਨਰ ਅਮਨਦੀਪ ਸਿੰਘ, ਯੋਗਾ ਟ੍ਰੇਨਰ, ਰਾਜਪਾਲ ਕੌਰ ਤੋਂ ਇਲਾਵਾ ਵੱਡੀ ਗਿਣਤੀ ਸ਼ਹਿਰ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਹਾਜ਼ਰ ਸਨ।

## ਟੱਟੇ ਹੋਏ ਬਿਜਲੀ ਦੇ ਖੰਭੇ ਨਾਲ ਕਿਸੇ ਸਮੇਂ ਵੀ ਵੱਡਾ ਹਾਦਸਾ ਵਾਪਰ ਸਕਦੈ,ਦੁਕਾਨਦਾਰਾਂ ਨੇ ਪਾਵਰਕਾਮ ਖ਼ਿਲਾਫ਼ ਕੀਤੀ ਨਾਅਰੇਬਾਜ਼ੀ

ਤਪਾ ਮੰਡੀ, 22 ਜੂਨ(ਭੂਸ਼ਨ ਘੜੈਲਾ)–ਸਥਾਨਕ ਅਨਾਜ ਮੰਡੀ 'ਚ ਦੁਕਾਨਾਂ ਅੱਗੇ ਲੱਗਿਆਂ ਬਿਜਲੀ ਦਾ ਟੱਟਾ ਖੰਭਾ ਕਿਸੇ ਸਮੇਂ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ,ਪ੍ਰੇਸ਼ਾਨ ਦੁਕਾਨਦਾਰਾਂ ਨੇ ਪਾਵਰਕਾਮ ਖਿਲਾਫ ਰੋਸ਼ ਪ੍ਰਗਟ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਦੁਕਾਨਦਾਰਾਂ ਅਸ਼ੋਕ ਕੁਮਾਰ ਗੁਪਤਾ,ਬਲੌਰ ਚੰਦ ਮੌੜ,ਭੂਸ਼ਨ ਕੁਮਾਰ,ਪਵਨ ਕੁਮਾਰ ਧੂਰਕੋਟੀਆਂ,ਸੋਮ ਨਾਥ ਅਤੇ ਸੁਰੇਸ਼ ਕੁਮਾਰ ਦਾ ਕਹਿਣਾ ਹੈ ਕਿ ਇਹ ਲੋਹੇ ਦਾ ਬਿਜਲੀ ਖੰਭਾ ਲੰਬੇ ਸਮੇਂ ਤੋਂ ਟੱਟਾ ਹੋਣ ਕਾਰਨ ਹਰ ਸਮੇਂ ਹਿੱਲਦਾ ਰਹਿੰਦਾ ਹੈ ,ਹੁਣ ਜੰਡੀ 'ਚ ਮੂੰਗੀ ਦੀ ਆਮਦ ਤੇਜ਼ੀ ਨਾਲ ਵੱਧ ਰਹੀ ਹੈ,ਪਰ ਇਹ ਖੰਭਾ ਸੜਕ ਕਿਨਾਰੇ ਹੋਣ ਕਾਰਨ ਵਹੀਕਲ ਨਾਲ ਟਕਰਾ ਕੇ ਕਿਸੇ ਸਮੇਂ ਵੀ ਹਾਦਸਾ ਵਾਪਰ ਸਕਦਾ ਹੈ। ਉਨ੍ਹਾਂ ਪਾਵਰਕਾਮ ਦੇ ਅਧਿਕਾਰੀਆਂ ਕਰਮਚਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਬਿਜਲੀ ਦੇ ਖੰਭੇ ਨੂੰ ਪੁੱਟਕੇ ਇਸ ਦੀ ਥਾਂ ਤੇ ਨਵਾਂ ਖੰਭਾ ਲਗਾਇਆ ਜਾਵੇ। ਇਸ ਸੰਬੰਧੀ ਪਾਵਰਕਾਮ ਦੇ ਇੱਕ ਕਰਮਚਾਰੀ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਦੱਸਿਆ ਕਿ ਮੌਕਾ ਦੇਖਕੇ ਸਮੱਸਿਆ ਦਾ ਸਮਾਧਾਨ ਕਰ ਦਿੱਤਾ ਜਾਵੇਗਾ।

## ਪੰਚਮੁਖੀ ਹਨੂਮਾਨ ਅਤੇ ਸ਼ਨੀਦੇਵ ਮੰਦਰ ਕਮੇਟੀ ਵੱਲੋਂ ਸਮਾਜ ਸੇਵੀ ਪਰਿਵਾਰ ਸਨਮਾਨਤ



ਤਪਾ ਮੰਡੀ,22 ਜੂਨ (ਰਾਜੂ ਮਹਿਰਾ):ਪੰਚਮੁਖੀ ਹਨੂਮਾਨ ਅਤੇ ਸ਼ਨੀਦੇਵ ਮੰਦਰ ਵਿਖੇ ਹਰ ਸ਼ਨੀਵਾਰ ਚੱਲ ਰਹੇ ਲੰਗਰਾਂ ਦੀ ਲੜੀ ਤਹਿਤ ਸਮਾਜਸੇਵੀ ਵੀਨਾ ਰਾਣੀ ਵੱਲੋਂ ਆਪਣੇ ਪਤੀ ਸਵ: ਮਦਨ ਲਾਲ ਸਟੇਸ਼ਨ ਮਾਸਟਰ ਦੀ ਯਾਦ 'ਚ ਲੰਗਰ ਲਾਇਆ। ਇਸ ਮੌਕੇ ਉਹਨਾਂ ਦੀ ਬੇਟੀ ਮੋਨਕਾ ਰਾਣੀ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੀ। ਲੰਗਰ ਦੀ ਸ਼ੁਰੂਆਤ ਤੋਂ ਪਹਿਲਾਂ ਮੰਦਰ ਵਿਖੇ ਭਗਵਾਨ ਹਨੂਮਾਨ ਅਤੇ ਸ਼ਨੀਦੇਵ ਦਾ ਕੀਰਤਨ ਕੀਤਾ ਗਿਆ ਤੇ ਆਰਤੀ ਤੋਂ ਬਾਅਦ ਲੰਗਰ ਚਲਾਇਆ ਗਿਆ। ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਵੱਲੋਂ ਸਮਾਜ ਸੇਵੀ ਪਰਿਵਾਰ ਨੂੰ ਧਾਰਮਿਕ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰੀਸ਼ ਮਿੱਤਲ ਗੋਸ਼ਾ,ਸੁਰੇਸ਼ ਮਿੱਤਲ,ਭਾਰਤ ਭੂਸ਼ਨ ਬਾਂਸਲ,ਕੀਰਤੀ ਦੇਵ ਬਿੰਨੀ,ਸ਼ੁਭਮ ਮਿੱਤਲ,ਰਜੀਵ ਇੰਸ਼ੋਰੈਂਸ ਵਾਲੇ,ਵਿਵੇਕ ਕੌਸ਼ਲ ਆਦਿ ਮੌਜੂਦ ਸਨ।

## ਭਗਵਤੀ ਜਾਗਰਣ ਕਰਵਾ ਕੇ ਬਰਨਾਲਾ ਲੋਕ ਸੇਵਾ ਦਲ ਨੇ ਕੀਤੀਆਂ ਭੰਡਾਰੇ ਦੀਆਂ ਤਿਆਰੀਆਂ ਆਰੰਭ



ਬਰਨਾਲਾ, 22 ਜੂਨ (ਸੁਖਵਿੰਦਰ ਸਿੰਘ ਭੰਡਾਰੀ):ਬਰਨਾਲਾ ਲੋਕ ਸੇਵਾ ਦਲ (ਪੁਰਾਣਾ ਨਾਮ ਭੰਡਾਰਿਆ ਲੋਕ ਸੇਵਾ ਦਲ) ਵੱਲੋਂ 34ਵਾਂ ਭਗਵਤੀ ਮਾਤਾ ਦਾ ਜਾਗਰਣ ਨੇੜੇ ਨਿਰੰਕਾਰੀ ਭਵਨ ਕੇ ਸੀ ਰੋਡ ਬਰਨਾਲਾ ਵਿਖੇ ਮੁਹੱਲਾ ਨਿਵਾਸੀਆਂ ਦੇ ਸਹਿਯੋਗ ਨਾਲ ਚੇਅਰਮੈਨ ਬਾਲ ਕ੍ਰਿਸ਼ਨ ਬਾਲੀ ਗਰਗ ਅਤੇ ਸਰਪ੍ਰਸਤ ਰਾਕੇਸ਼ ਕੁਮਾਰ ਕਾਕਾ ਦੀ ਦੇਖ ਰੇਖ 'ਚ ਕਰਵਾਇਆ ਗਿਆ ਇਸ ਮੌਕੇ ਜੇ ਸ੍ਰੀ ਮਹਾਮਾਈ ਸੰਕੀਰਤਨ ਮੰਡਲ ਲਹਿਰਾਗਾਗਾ ਨੇ ਭਗਵਤੀ ਮਾਤਾ ਦਾ ਗੁਣਗਾਨ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਸੰਜੀਵ ਸ਼ਰਮਾ ਅਤੇ ਸਕੱਤਰ ਮੋਹਨ ਲਾਲ ਨੇ ਦੱਸਿਆ ਕਿ ਬਰਨਾਲਾ ਲੋਕ ਸੇਵਾ ਦਲ (ਰਜਿ.) ਵੱਲੋਂ ਹਰ ਸਾਲ ਭਗਵਤੀ ਮਾਤਾ ਦਾ ਜਾਗਰਣ ਕਰਵਾ ਕੇ ਮਹਾਮਾਈ ਦਾ ਆਸ਼ੀਰਵਾਦ ਲੈ ਕੇ ਸਾਉਣ ਦੇ ਨਵਰਾਤਰਿਆਂ 'ਚ ਲੰਗਾਣ ਵਾਲੇ ਭੰਡਾਰੇ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਮਾਤਾ ਜੀ ਦੇ ਭਗਤਾਂ ਨੂੰ ਅਪੀਲ ਕੀਤੀ ਕਿ ਉਹ ਭੰਡਾਰੇ 'ਚ ਯੋਗਦਾਨ ਪਾਉਣ ਲਈ ਵਿੱਤ ਸਕੱਤਰ ਯਾਦਵਿੰਦਰ ਨੀਟੂ ( ਬਬਲੀ ਕਰਿਆਨਾ ਸਟੋਰ) ਕੇ ਸੀ ਰੋਡ ਬਰਨਾਲਾ ਵਿਖੇ ਤਾਲਮੇਲ ਕਰਨ। ਮਹਾਮਾਈ ਦੇ ਭੰਡਾਰੇ ਮੌਕੇ ਭੰਡਾਰਾ ਅਤੁੱਟ ਵਰਤਾਇਆ ਗਿਆ। ਜਾਗਰਣ ਚ ਬਰਨਾਲਾ ਲੋਕ ਸੇਵਾ ਦਲ ਦੇ ਸਹਾਇਕ ਵਿੱਤ ਸਕੱਤਰ ਸੋਨੂੰ ਗਰਗ, ਸੀਤਲ ਕੁਮਾਰ, ਦਰਸ਼ਨ ਕੁਮਾਰ ਡਾ: ਵਿਨੋਦ ਕੁਮਾਰ, ਸੁਰਿੰਦਰ ਮੋਹਨ, ਕ੍ਰਿਸ਼ਨ ਕੁਮਾਰ ਚੋਪੜਾ, ਸੁਰਿੰਦਰ ਕੁਮਾਰ, ਡਾ: ਦਿਨੇਸ਼, ਭੀਮ ਸੈਨ ਚੱਕੀ ਵਾਲੇ ਤੋਂ ਇਲਾਵਾ ਸੀਨੀਅਰ ਪੱਤਰਕਾਰ ਅਤੇ ਪੰਜ ਆਬ ਜ਼ਿਲ੍ਹਾ ਪ੍ਰੈੱਸ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਦਵਿੰਦਰ ਦੇਵ, ਸੇਵਾ ਭਾਰਤੀ ਜ਼ਿਲ੍ਹਾ ਬਰਨਾਲਾ ਦੇ ਸਕੱਤਰ ਮੁਨੀਸ਼ ਬਾਂਸਲ, ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਬਰਨਾਲਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਭੰਡਾਰੀ, ਮਨਜੀਤ ਕੌਰ, ਜਸਵਿੰਦਰ ਜਟਾਣਾ ਆਦਿ ਹਾਜ਼ਰ ਸਨ।

## ਟੋਅ ਵੈਨ ਵਾਲਿਆਂ ਦੀ ਧੱਕੇਸ਼ਾਹੀ ਖ਼ਿਲਾਫ਼, ਵੱਡੇ ਰੋਸ ਪ੍ਰਦਰਸ਼ਨ ਲਈ ਵਪਾਰ ਮੰਡਲ ਨੇ ਕੀਤੀ ਹੰਗਾਮੀ ਬੈਠਕ

ਬਠਿੰਡਾ, 22 ਜੂਨ (ਦੀਪਕ ਸ਼ਰਮਾ):ਟੋਅ ਵੈਨਾਂ ਦੀ ਧੱਕੇਸ਼ਾਹੀ ਖਿਲਾਫ ਵਪਾਰ ਮੰਡਲ ਬਠਿੰਡਾ ਵੱਲੋਂ ਇੱਕ ਹੰਗਾਮੀ ਬੈਠਕ ਹੋਟਲ ਸਨਸਿਟੀ ਕਲਾਸਿਕ ਵਿਖੇ ਕੀਤੀ ਗਈ ਅਤੇ ਬੈਠਕ ਵਿੱਚ ਨਗਰ ਨਿਗਮ ਵੱਲੋਂ ਪ੍ਰਾਈਵੇਟ ਠੇਕੇਦਾਰ ਦੀਆਂ ਚਲਾਈਆਂ ਜਾ ਰਹੀਆਂ ਟੋਅ ਵੈਨਾਂ ਨਾਲ ਆਮ ਲੋਕਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦੀ ਖੁੱਲ ਕੇ ਨਿਖੇਧੀ ਕਿਤੀ ਗਈ। ਬੈਠਕ ਦੌਰਾਨ ਵਪਾਰ ਮੰਡਲ ਦੇ ਮੁੱਖ ਸਕੱਤਰ ਪ੍ਰਮੋਦ ਜੈਨ ਨੇ ਕਿਹਾ ਕਿ ਟੋਅ ਵੈਨਾਂ ਦੀ ਧੱਕੇਸ਼ਾਹੀ ਕਾਰਨ ਬਠਿੰਡੇ ਦਾ ਮਾਹੌਲ ਅਤੇ ਭਾਈਚਾਰਕ ਸਾਂਝ ਲਗਾਤਾਰ ਵਿਗੜਦੀ ਜਾ ਰਹੀ ਹੈ। ਲੋਕ ਦਹਿਸ਼ਤ ਦੇ ਕਾਰਨ ਬਜ਼ਾਰਾਂ ਵਿੱਚ ਆਉਣਾ ਛੱਡ ਗਏ। ਟੋਅ ਵੈਨਾਂ ਦਾ ਮਕਸਦ ਟਰੈਫਿਕ ਸੁਧਾਰ ਨਹੀਂ ਬਲਕਿ ਪੈਸੇ ਇਕੱਠੇ ਕਰਨਾ ਰਹਿ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਬਠਿੰਡਾ ਇਕਲੌਤਾ ਅਜਿਹਾ ਸ਼ਹਿਰ ਹੈ, ਜਿਸ ਸ਼ਹਿਰ ਦੀ ਪਾਰਕਿੰਗ ਦੇ ਅੰਦਰੋਂ ਕਾਰਾਂ ਟੋਹ ਕਰਕੇ ਭਾਰੀ ਜੁਰਮਾਨੇ ਵਸੂਲ ਕੇ ਲੋਕਾਂ ਦੀਆਂ ਜੇਬਾਂ ਕੱਟਿਆ ਜਾ ਰਹੀਆਂ ਨੇ। ਵਪਾਰ ਮੰਡਲ ਦੇ ਪ੍ਰਧਾਨ ਜੀਵਨ ਗੋਇਲ ਨੇ ਕਿਹਾ ਕਿ ਬਜ਼ਾਰਾਂ ਵਿੱਚ ਸਮਾਨ ਲੈਣ ਆਏ ਗ੍ਰਾਹਕਾਂ ਦੀਆਂ ਕਾਰਾਂ ਕੁੱਝ ਹੀ ਸਕਿੰਟਾਂ ਵਿੱਚ ਟੋਅ ਕਰਕੇ ਲੈ ਜਾਂਦੇ ਨੇ ਅਤੇ ਮੋਟਾ ਜੁਰਮਾਨਾ ਵਸੂਲ ਕੇ ਲੋਕਾਂ ਨਾਲ ਧੱਕੇਸ਼ਾਹੀ ਕਰ ਰਹੇ ਨੇ। ਨਗਰ ਨਿਗਮ ਨੇ ਬਜ਼ਾਰਾਂ ਅਤੇ ਚੌਂਕਾਂ ਦੀਆਂ ਪੀਲੀਆਂ ਲਾਈਨਾਂ ਅੰਦਰ ਰੇਹੜੀਆਂ ਲਗਵਾ ਕੇ ਜਾਣਬੁੱਝ ਕੇ ਕਬਜ਼ੇ ਕਰਵਾ ਰੱਖੇ ਨੇ ਤਾਂਕਿ ਬਜ਼ਾਰਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਕਾਰ ਪਾਰਕਿੰਗ ਦੀ ਥਾਂ ਨਾ ਮਿਲੇ ਅਤੇ ਲੋਕਾਂ ਦੀਆਂ ਕਾਰਾਂ ਟੋਹ ਕਰਕੇ ਉਨ੍ਹਾਂ ਤੋਂ ਮੋਟੇ ਜੁਰਮਾਨੇ ਵਸੂਲੇ ਜਾ ਸਕੇ। ਸਾਰੇ ਹੀ ਬਜ਼ਾਰਾਂ ਵਿੱਚੋਂ ਆਏ ਆਹੁਦੇਦਾਰਾਂ ਦੀ ਸਲਾਹ ਤੋਂ ਬਾਅਦ ਫੈਸਲਾ ਲਿਆ ਗਿਆ ਕਿ ਜੇਕਰ ਆਉਣ ਵਾਲੀ 15 ਅਗਸਤ ਤੱਕ ਟੋਅ ਵੈਨਾਂ ਪੱਕੇ ਤੌਰ 'ਤੇ ਬੰਦ ਨਹੀਂ ਕੀਤੀਆਂ ਗਈਆਂ ਤਾਂ ਬਠਿੰਡਾ ਇੱਕ ਵਾਰ ਫੇਰ 15 ਅਗਸਤ ਨੂੰ ਬੰਦ ਕਰ ਦਿੱਤਾ ਜਾਵੇਗਾ ਅਤੇ ਇਸ ਵਾਰ ਟੋਅ ਵੈਨਾਂ ਦੀ ਧੱਕੇਸ਼ਾਹੀ ਖਿਲਾਫ ਸੰਘਰਸ਼ ਦਾ ਝੰਡਾ 15 ਅਗਸਤ ਨੂੰ ਪੱਕੇ ਤੌਰ ਤੇ ਉਦੋਂ ਤੱਕ ਬੁਲੰਦ ਰੱਖਿਆ ਜਾਵੇਗਾ ਜਦੋਂ ਤੱਕ ਟੋਹ ਵੈਨਾਂ ਬੰਦ ਨਾ ਹੋ ਜਾਣ ਅਤੇ ਰੋਜ਼ਾਨਾ ਹੀ ਜ਼ਿੰਮੇਵਾਰ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਨੇਤਾਵਾਂ ਦੇ ਪੁਤਲੇ ਸਾੜੇ ਜਾਣਗੇ। ਇਸ ਮੌਕੇ 'ਤੇ ਸਮਾਜਸੇਵੀ ਸੰਦੀਪ ਪਾਠਕ ਤੇ ਹੋਏ ਅਸ਼ਲੀਲ ਅੱਤਵਾਦੀ ਹਮਲੇ ਦੀ ਵੀ ਕੜੀ ਨਿੰਦਾ ਕਰਦਿਆਂ ਵਪਾਰ ਮੰਡਲ ਨੇ ਪ੍ਰਸ਼ਾਸਨ ਅਤੇ ਸਰਕਾਰ ਨੂੰ ਸੁਨੇਹਾ ਦਿੱਤਾ ਕਿ ਸੰਦੀਪ ਪਾਠਕ ਇੱਕ ਇਨਸਾਫ ਦੀ ਆਵਾਜ਼ ਹੈ ਅਤੇ ਇਸ ਇਨਸਾਫ ਦੀ ਆਵਾਜ਼ ਨੂੰ ਬੰਦ ਕਰਵਾਉਣ ਦੀ ਸਾਜਿਸ਼ਾਂ ਕਰ ਵਾਲਿਆਂ ਉੱਪਰ ਤੁਰੰਤ ਕੋਈ ਸਖਤ ਕਾਰਵਾਈ ਨਹੀਂ ਕੀਤੀ ਗਈ ਤਾਂ ਪ੍ਰਸ਼ਾਸਨ ਖਿਲਾਫ ਇੱਕ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ 'ਤੇ ਦੁਕਾਨਦਾਰਾਂ ਵੱਲੋਂ ਨਗਰ ਨਿਗਮ ਖਿਲਾਫ ਰੋਸ਼ ਵਜੋਂ ਰੋਜ਼ ਕੇ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ 'ਤੇ ਵਪਾਰ ਮੰਡਲ ਦੇ ਅਮਿਤ ਕਪੂਰ, ਦਵਰਜੀਤ ਠਾਕੁਰ ਮੋਰੀ, ਗੌਰਾ ਲਾਲ ਬਾਂਸਲ, ਰਾਹੁਲ ਅਰੋੜਾ, ਵਿਕਾਸ ਜੈਨ, ਸੋਨੂ ਮਹੇਸ਼ਵਰੀ, ਅਸ਼ੋਕ ਜੈਨ, ਵਿਨੋਦ ਕੁਮਾਰ, ਅਸ਼ੋਕ ਗਰਗ, ਪੰਕਜ ਗਰਗ, ਗਿਰਧਾਰੀ ਲਾਲ, ਦਰਸ਼ਨ ਕੁਮਾਰ, ਦੀਪਕ ਸਿੰਗਲਾ, ਤਰਸੇਮ ਬਾਂਸਲ, ਨਿਤਿਨ ਸਿੰਗਲਾ, ਟਾਈਗਰ, ਪਵਨ ਕੁਮਾਰ, ਅਸ਼ੋਕ ਕੁਮਾਰ, ਸੰਦੀਪ ਅਗਰਵਾਲ, ਰਜਿੰਦਰ ਕੁਮਾਰ, ਸੰਦੀਪ ਪਾਠਕ, ਰਾਜੀਵ ਕੁਮਾਰ ਆਦ ਹਾਜ਼ਰ ਸਨ।

# ਰਿਕਾਰਡ ਤੋੜ ਵਿਕਾਸ ਕਾਰਜਾਂ ਨੂੰ ਦੇਖ ਕੇ ਭਗੀਰਥ ਰਾਏ ਗੀਰਾ ਪਰਿਵਾਰ ਅਤੇ ਸਾਥੀਆਂ ਸਮੇਤ 'ਆਪ' ਵਿੱਚ ਸ਼ਾਮਿਲ



ਸੁਨਾਮ, ਜੂਨ 22( ਮੋਹਣ ਸ਼ਰਮਾ /ਰਾਊਵਰਿੰਦਰ ਮਠਾੜੂ): ਹਲਕਾ ਸੁਨਾਮ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਵੱਲੋਂ ਕਰਵਾਏ ਜਾ ਰਹੇ ਰਿਕਾਰਡ ਤੋੜ ਵਿਕਾਸ ਕਾਰਜਾਂ ਨੂੰ ਦੇਖਕੇ ਸੀਨੀਅਰ ਅਕਾਲੀ ਆਗੂ ਭਗੀਰਥ ਰਾਏ ਗੀਰਾ ਆਪਣੇ ਪਰਿਵਾਰ ਅਤੇ ਸਾਥੀਆਂ ਸਮੇਤ ਆਪ ਵਿੱਚ ਸ਼ਾਮਿਲ ਹੋ ਗਏ। ਰਾਜਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਹਲਕਾ ਸੁਨਾਮ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਢੀਂਡਸਾ ਪਰਿਵਾਰ ਦੀ ਰੀੜ੍ਹ ਦੀ ਹੱਡੀ ਤੋੜਨ ਵਿੱਚ ਕਾਮਯਾਬ ਰਹੇ ਹਨ। ਪਿਛਲੇ 45-50 ਸਾਲ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਢੀਂਡਸਾ ਪਰਿਵਾਰ ਨਾਲ ਤੁਰਨ ਵਾਲੇ ਭਗੀਰਥ ਰਾਏ ਗੀਰਾ ਦੇ ਆਪ ਵਿੱਚ ਜਾਣ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਢੀਂਡਸਾ ਪਰਿਵਾਰ ਨੂੰ ਰਾਜਨੀਤਿਕ ਤੌਰ ਉੱਤੇ ਡੂੰਘੀ ਸੱਟ ਵੱਜੀ ਹੈ। ਦੱਸਣਯੋਗ ਹੈ ਕਿ ਭਗੀਰਥ ਰਾਏ ਗੀਰਾ ਸੁਨਾਮ ਤੋਂ ਤਿੰਨ ਵਾਰ ਕੌਂਸਲਰ ਅਤੇ ਦੋ ਵਾਰ ਨਗਰ ਕੌਂਸਲ ਸੁਨਾਮ ਦੇ ਪ੍ਰਧਾਨ ਰਹਿ ਚੁੱਕੇ ਹਨ। ਰਾਜਸੀ ਸਫ਼ਾਂ ਵਿੱਚ ਭਗੀਰਥ ਰਾਏ ਗੀਰਾ ਅਤੇ ਉਹਨਾਂ ਦੇ ਪਰਿਵਾਰ ਦੀ ਚੰਗੀ ਪੈਂਠ ਹੈ। ਬੀਤੇ ਦਿਨੀਂ ਉਹ ਸ਼੍ਰੀ ਅਮਨ ਅਰੋੜਾ ਦੀ ਹਾਜ਼ਰੀ ਵਿੱਚ ਆਪ ਵਿੱਚ ਸ਼ਾਮਿਲ ਹੋ ਗਏ। ਇਸ ਮੌਕੇ ਉਹਨਾਂ ਨਾਲ ਨਾਗਰਾ ਪਰਿਵਾਰ, ਤਿੰਨੋ ਪੁੱਤਰ (ਨਰਿੰਦਰਜੀਤ, ਰਵੀ ਗੋਇਲ ਅਤੇ ਵਿਕਰਮ ਗੋਇਲ), ਪਤਨੀ ਅਤੇ ਹੋਰ ਸ਼ਾਮਿਲ ਹਨ। ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੀ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਮਹਿਸੂਸ ਹੋਈ ਹੈ ਕਿ ਅਕਾਲੀ ਦਲ ਦੇ ਸਿਰਕੱਢ ਆਗੂ ਅਤੇ ਲਗਾਤਾਰ 10 ਸਾਲ ਨਗਰ ਕੌਂਸਲ ਸੁਨਾਮ ਦੇ ਪ੍ਰਧਾਨ ਰਹਿ ਚੁੱਕੇ ਅਤੇ ਆੜ੍ਹਤੀਆ ਐਸੋਸੀਏਸ਼ਨ ਸੁਨਾਮ ਦੇ ਸਾਬਕਾ ਪ੍ਰਧਾਨ ਸ੍ਰੀ ਬਘੀਰਥ ਰਾਏ ਗੀਰਾ ਆਪਣੇ ਸਮੁੱਚੇ ਨਾਗਰਾ ਪਰਿਵਾਰ ਅਤੇ ਸਾਥੀਆਂ ਸਮੇਤ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਨਾਲ ਜਿੱਥੇ ਆਮ ਆਦਮੀ ਪਾਰਟੀ ਮਜ਼ਬੂਤ ਹੋਵੇਗੀ ਉਥੇ ਹੀ ਪਾਰਟੀ ਨੂੰ ਇਹਨਾਂ ਲੋਕਾਂ ਦੇ ਤਜ਼ਰਬੇ ਦਾ ਵੀ ਲਾਭ ਮਿਲੇਗਾ। ਹੁਣ ਗੀਰਾ ਅਤੇ ਉਹਨਾਂ ਦੇ ਸਾਥੀ ਹੋਰ ਮਜ਼ਬੂਤੀ ਨਾਲ ਲੋਕ ਸੇਵਾ ਕਰ ਸਕਣਗੇ। ਉਹਨਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੀਆਂ ਲੋਕ ਪੱਖੀ ਨੀਤੀਆਂ ਅਤੇ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਜਾ ਰਹੇ ਸਰਵਪੱਖੀ ਵਿਕਾਸ ਨੂੰ ਦੇਖਦੇ ਹੋਏ ਪੰਜਾਬ ਦੇ ਲੋਕ ਦੂਜੀਆਂ ਪਾਰਟੀਆਂ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਉਹਨਾਂ ਨੇ ਪਾਰਟੀ ਵਿਚ ਸ਼ਾਮਲ ਹੋਏ ਸਾਰੇ ਹੀ ਸਾਥੀਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਇਹਨਾਂ ਸਾਥੀਆਂ ਨੂੰ ਪਾਰਟੀ ਵਿੱਚ ਬਣਦਾ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਸ਼ਾਨ ਸਿੰਘ ਟੋਨੀ ਪ੍ਰਧਾਨ ਨਗਰ ਕੌਂਸਲ, ਮੁਕੇਸ਼ ਜੁਨੇਜਾ ਚੇਅਰਮੈਨ ਮਾਰਕਿਟ ਕਮੇਟੀ, ਰਾਮ ਕੁਮਾਰ, ਅਮਰੀਕ ਸਿੰਘ ਧਾਲੀਵਾਲ, ਮਨਪ੍ਰੀਤ ਸਿੰਘ ਬਾਂਸਲ, ਹਰਦੀਵ, ਸੰਦੀਪ ਜੈਨ, ਵਿਜੇ ਮੋਹਨ, ਮਨੀਸ਼ ਗੁਪਤਾ, ਅਤੁਲ, ਰਾਜਨ ਹੋਡਲਾ, ਭਗਵਾਨ ਦਾਸ, ਮਨੀ ਸਰਾਓ ਅਤੇ ਭਾਰੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

# ਲਘੂ ਉਦਯੋਗ ਭਾਰਤੀ ਦੀ ਮੀਟਿੰਗ

ਸੁਨਾਮ ਉਧਮ ਸਿੰਘ ਵਾਲਾ, 22 ਜੂਨ ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ):ਪ੍ਰਦੀਪ ਮੋਗਨ, ਸਟੇਟ ਏਗਜ਼ਿਕਿਊਟਿਵ ਮੈਂਬਰ, ਲਘੂ ਉਦਯੋਗ ਭਾਰਤੀ ਨੇ ਦੱਸਿਆ ਕਿ ਲਘੂ ਉਦਯੋਗ ਭਾਰਤੀ ਦੀ ਮੀਟਿੰਗ ਅੱਜ ਹੋਟਲ ਸਟੇਲਾ, ਗੰਗਾਇਆ ਵਿੱਚ ਹੋਈ। ਇਸ ਮੀਟਿੰਗ ਵਿੱਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਏਗਜ਼ਿਕਿਊਟਿਵ ਮੈਂਬਰ ਵੱਖ-ਵੱਖ ਉਦਯੋਗਕ ਮਸਲਿਆਂ ਨੂੰ ਲੈ ਕੇ ਪਹੁੰਚੇ। ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ ਲਘੂ ਉਦਯੋਗ ਭਾਰਤੀ ਦੇ ਰਾਸ਼ਟਰੀ ਉਪ ਪ੍ਰਧਾਨ ਸ਼੍ਰੀ ਅਰਵਿੰਦ ਧੂਮਲ ਜੀ ਨੇ ਉਨ੍ਹਾਂ ਮਸਲਿਆਂ ਦੇ ਹੱਲ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਇਹ ਭਰੋਸਾ ਦਿੱਤਾ ਕਿ ਇਹ ਸਾਰੇ ਮਾਮਲੇ ਕੇਂਦਰ ਸਰਕਾਰ ਤੱਕ ਪਹੁੰਚਾਏ ਜਾਣਗੇ।ਉਨ੍ਹਾਂ ਦੱਸਿਆ ਕਿ ਜਲਦੀ ਹੀ ਲਘੂ ਉਦਯੋਗ ਉਨ੍ਹਾਂ ਦੇ ਹੱਲ ਲਈ ਢੰਗ ਦੀ ਕਾਰਵਾਈ ਕੀਤੀ ਜਾ ਸਕੇ ਪ੍ਰਦੀਪ ਮੋਗਨ ਨੇ ਇਹ ਵੀ ਕਿਹਾ ਕਿ ਧੂਮਲ ਪਰਿਵਾਰ ਕਾਫੀ ਸਮੇਂ ਤੋਂ ਲਘੂ ਉਦਯੋਗ ਸੈਕਟਰ ਵਿੱਚ ਆਪਣੀ ਸੇਵਾ ਦੇ ਰਿਹਾ ਹੈ। ਅਰਵਿੰਦ ਜੀ ਦੇ ਪਿਤਾ, ਸ੍ਰੀਮਾਨ ਠਾਕੁਰ ਰੂਪ ਸਿੰਘ ਜੀ ਨੇ ਵੀ ਪੰਜਾਬ ਦੀ ਇੰਡਸਟਰੀ ਲਈ ਬਹੁਤ ਯੋਗਦਾਨ ਦਿੱਤਾ। ਉਨ੍ਹਾਂ ਦੀ ਹੀ ਪ੍ਰੇਰਨਾ ਨਾਲ ਜੈਣ ਸਾਹਿਬ ਨੇ ਮੈਨੂੰ ਸਟੇਟ ਏਗਜ਼ਿਕਿਊਟਿਵ ਮੈਂਬਰ ਬਣਾਇਆ।ਉਨ੍ਹਾਂ ਦੇ ਪਰਿਵਾਰ ਤੋਂ ਪ੍ਰੇਮ ਧੂਮਲ ਜੀ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ ਅਤੇ ਅਨੁਰਾਗ ਠਾਕੁਰ ਕੇਂਦਰੀ ਮੰਤਰੀ ਰਹਿ ਚੁੱਕੇ ਹਨ। ਇਹ ਪਹਿਲੀ ਵਾਰੀ ਹੋਵੇਗਾ ਕਿ ਰਾਸ਼ਟਰੀ ਪੱਧਰ ਦੇ ਲਘੂ ਉਦਯੋਗ ਭਾਰਤੀ ਦੇ ਆਗੂ ਸਾਡੇ ਸ਼ਹਿਰ ਵਿੱਚ ਆਉਣਗੇ ਅਤੇ ਇਥੋਂ ਦੀ ਉਦਯੋਗਿਕ ਹਾਲਤ ਨੂੰ ਸੁਧਾਰਨ ਅਤੇ ਆ ਰਹੀਆਂ ਜ਼ਿੰਮੇਵਾਰੀ ਨਿਭਾਈ ਜਿਸ 'ਤੇ ਸਭ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਹੁਣ ਅਗਲੇ 2 ਸਾਲਾਂ ਲਈ ਇਹ ਜ਼ਿੰਮੇਵਾਰੀ ਪ੍ਰਦੀਪ ਮੋਗਇਆ ਜੀ ਨੂੰ ਸੌਂਪੀ ਗਈ। ਮੋਗੀਆ ਜੀ ਇਕ ਮਿਹਨਤੀ ਨੇਤਾ ਰਹੇ ਹਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਦੀ ਉਦਯੋਗਿਕ ਸਮੱਸਿਆਵਾਂ ਦੇ ਹੱਲ ਅਤੇ ਕੇਂਦਰ ਤੱਕ ਉਨ੍ਹਾਂ ਦੀ ਪਹੁੰਚ ਨੂੰ ਲੈ ਕੇ ਉਮੀਦ ਜਤਾਈ ਗਈ ਮੈਡਮ ਸੀਮਾ ਧੂਮਲ ਨੂੰ ਉਪ ਪ੍ਰਧਾਨ ਪੰਜਾਬ, ਵਿਵੇਕ ਰਾਠੌਰ ਜੀ ਨੂੰ ਜਨਰਲ ਸਕੱਤਰ, ਅਨਿਲ ਸ਼ਰਮਾ ਨੂੰ ਜਨਰਲ ਸਕੱਤਰ, ਪੁਨੀਤ ਗੁਪਤਾ ਨੂੰ ਕੋਸ਼ਾਧਯਕਸ਼ ਅਤੇ ਸੁਰੇਸ਼ ਗੁਪਤਾ ਨੂੰ ਜੌਇੰਟ ਕੋਸ਼ਾਧਯਕਸ਼ ਬਣਾਇਆ ਗਿਆ ਜਲਦੀ ਹੀ ਪ੍ਰਦੀਪ ਮੋਗਇਆ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਜਾ ਕੇ ਸੂਖਮ ਤੇ ਮੱਧਮ ਉਦਯੋਗਾਂ ਨਾਲ ਮੁਲਾਕਾਤ ਕਰਣਗੇ, ਤਾਂ ਜੋ ਇਨ੍ਹਾਂ ਦੀਆਂ



ਭਾਰਤੀ ਦੇ ਰਾਸ਼ਟਰੀ ਅਧਿਕਾਰਕ ਅਤੇ ਕੇਂਦਰੀ ਟੀਮ ਸੁਨਾਮ ਆਉਣਗੇ, ਤਾਂ ਜੋ ਇਥੋਂ ਦੇ ਉਦਯੋਗਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸੁਣਿਆ ਜਾ ਸਕੇ ਅਤੇ ਸਮੱਸਿਆਵਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਣਗੇ।ਅਸ਼ੋਕ ਗੁਪਤਾ ਜੀ ਨੇ ਪਿਛਲੇ 2 ਸਾਲਾਂ ਤੋਂ ਪੰਜਾਬ ਵਿੱਚ ਲਘੂ ਉਦਯੋਗ ਭਾਰਤੀ ਦੇ ਕੰਮ ਦੀ ਸਮੱਸਿਆਵਾਂ ਸੁਣ ਕੇ ਉਨ੍ਹਾਂ ਲਈ ਢੁਕਵਾਂ ਹੱਲ ਲੱਭਿਆ ਜਾ ਸਕੇ ਅਤੇ ਪੰਜਾਬ ਦੀਇੰਡਸਟਰੀ ਨੂੰ ਨਵੀ ਉਡਾਣ ਮਿਲ ਸਕੇ।

# ਯੋਗ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਅੱਜ ਦੇ ਸਮੇਂ ਦੀ ਮੁੱਖ ਲੋੜ : ਵਿਸ਼ਾਲ ਗੁਪਤਾ




ਸੰਗਰੂਰ 22 ਜੂਨ (ਹਰਕੰਵਲ ਸਿੰਘ ਹੈਪੀ) ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ ਬਲਾਕ ਸੰਗਰੂਰ ਵੱਲੋਂ ਪ੍ਰਧਾਨ ਵਿਸ਼ਾਲ ਗੁਪਤਾ ਦੀ ਅਗਵਾਈ ਵਿੱਚ ਵਿਸ਼ਵ ਯੋਗ ਦਿਵਸ ਨੂੰ ਮੁੱਖ ਰੱਖਦਿਆਂ ਚੈਂਬਰ ਭਵਨ ਸੰਗਰੂਰ ਵਿਖੇ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਵਿਸ਼ਾਲ ਗੁਪਤਾ ਨੇ ਕਿਹਾ ਕਿ ਯੋਗਾ ਮਨੁੱਖ ਦੀ ਰੋਜ਼ਾਨਾ ਦੀ ਜੀਵਨ ਸ਼ੈਲੀ ਦਾ ਇੱਕ ਅਹਿਮ ਹਿੱਸਾ ਹੈ। ਉਹਨਾਂ ਕਿਹਾ ਕਿ ਯੋਗ ਕਰਨ ਵਾਲਾ ਵਿਅਕਤੀ ਸਰੀਰਕ ਅਤੇ ਮਾਨਸਿਕ ਤੌਰ ਤੇ ਤੰਦਰੁਸਤ ਰਹਿੰਦਾ ਹੈ ਕਿਉਂਕਿ ਯੋਗ ਲਾ ਇਲਾਜ ਬਿਮਾਰੀਆਂ ਤੋਂ ਸਾਡੇ ਸਰੀਰ ਦੀ ਰੱਖਿਆ ਕਰਦਾ ਹੈ। ਉਹਨਾਂ ਕਿਹਾ ਕਿ ਭਾਰਤ ਦੇ ਰਿਸ਼ੀਆਂ ਨੇ ਇਸੇ ਯੋਗ ਦੀ ਮਦਦ ਨਾਲ ਜੀਵ, ਸੰਸਾਰ ਅਤੇ ਪ੍ਰਮਾਤਮਾ ਵਰਗੇ ਵਿਸ਼ਿਆਂ ਦਾ ਸਚਾਰ ਗਿਆਨ ਪ੍ਰਾਪਤ ਕੀਤਾ ਸੀ ਇਸ ਲਈ ਸਾਨੂੰ ਸਾਰਿਆਂ ਨੂੰ ਯੋਗ ਨੂੰ ਆਪਣੀ ਜੀਵਨ ਸ਼ੈਲੀ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ ਕਿਉਂਕਿ ਸਰੀਰ ਨੂੰ ਤੰਦਰੁਸਤ ਰੱਖਣ ਲਈ ਇਹ ਅੱਜ ਦੇ ਸਮੇਂ ਮੁੱਖ ਲੋੜ ਹੈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਜ਼ਿਲ੍ਹਾ ਸੀ.ਵਾ. ਚੇਅਰਮੈਨ ਘਨਸ਼ਿਆਮ ਕਾਂਸਲ ਨੇ ਕਿਹਾ ਕਿ ਯੋਗ ਇੱਕ ਪਾਵਰ ਬੂਸਟਰ ਹੈ ਜੋ ਸਰੀਰ ਦੇ ਅੰਦਰ ਊਰਜਾ ਅਤੇ ਇਮਊਨਿਟੀ ਨੂੰ ਵਧਾਉਂਦਾ ਹੈ। ਯੋਗ ਸਰੀਰ ਦੇ ਅੰਦਰ ਅਤੇ ਬਾਹਰ ਬਿਮਾਰੀਆਂ ਤੋਂ ਲੜਣ ਦੀ ਸ਼ਕਤੀ ਦਿੰਦਾ ਹੈ। ਹੋਬਲਾਕ ਸੰਗਰੂਰ ਦੇ ਚੇਅਰਮੈਨ ਸੰਦੀਪ ਬਾਂਸਲ (ਮੋਨੂੰ) ਨੇ ਅੰਤਰਰਾਸ਼ਟਰੀ ਯੋਗ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਯੋਗਾ ਦੀ ਮਦਦ ਨਾਲ ਵਿਅਕਤੀ ਆਪਣੀ ਮਾਨਸਿਕ ਅਵਸਥਾ ਉੱਤੇ ਕਾਬੂ ਪਾ ਸਕਦਾ ਹੈ ਅਤੇ ਅੱਜ ਇਸ ਭਾਰਤੀ ਤੇ ਪ੍ਰਾਚੀਨ ਪਰਮਪਰਾਵਾਂ ਦਾ ਲੋਹਾ ਪੂਰੀ ਦੁਨੀਆਂ ਦਾ ਆਧੁਨਿਕ ਵਿਗਿਆਨ ਵੀ ਮੰਨਦਾ ਹੈ।ਇਸ ਦੌਰਾਨ ਵਾਇਸ ਚੇਅਰਮੈਨ ਅਮਨ ਜਖ਼ਮੀ ਨੇ ਆਏ ਹੋਏ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਯੋਗ ਅੱਜ ਦੇ ਸਮੇਂ ਦੀ ਲੋੜ ਹੈ ਇਸ ਲਈ ਵਿਸ਼ਵ ਯੋਗ ਦਿਵਸ ਤੇ ਹੀ ਨਹੀਂ ਬਲਕਿ ਰੋਜ਼ਾਨਾ ਨਿਯਮ ਦੇ ਨਾਲ ਯੋਗ ਕਰਨਾ ਚਾਹੀਦਾ ਹੈ। ਇਸ ਮੌਕੇ ਰਾਜੂ ਗਰਗ ਮਹਿੰਦਰ, ਸੰਜੀਵ ਗਰਗ ਅਤੇ ਯਸ਼ਪਾਲ ਛਾਬੜਾ ਨੇ ਹਾਜ਼ਰ ਸਮੂਹ ਮੈਂਬਰਾਂ ਨੂੰ ਵੱਖ-ਵੱਖ ਆਸਣ, ਮੈਡੀਟੇਸ਼ਨ ਅਤੇ ਪ੍ਰਾਣਾਯਾਮ ਕਰਵਾਏ।ਇਸ ਮੌਕੇ ਬਲਾਕ ਪੈਟਰਨ ਅਸ਼ੋਕ ਗਰਗ, ਹਰੀਓਮ ਜਿੰਦਲ, ਕੈਸ਼ੀਅਰ ਰਾਕੇਸ਼ ਗਰਗ ਰੌਕੀ, ਸੀ. ਵਾਇਸ ਪ੍ਰਧਾਨ ਕ੍ਰਿਸ਼ਨ ਬਾਂਸਲ, ਆਦਰਸ਼ ਗਰਗ, ਮਨੀਸ਼ ਗਰਗ, ਵਾ. ਪ੍ਰਧਾਨ ਅੰਕੁਰ ਗਰਗ, ਪ੍ਰੈਸ ਸੈਕਟਰੀ ਸੇਵਕ ਜਿੰਦਲ, ਪੀ.ਆਰ.ਓ. ਨਿਤੇਸ਼ ਮਘਾਨ, ਜੁ: ਸੈਕਟਰੀ ਰਾਕੇਸ਼ ਬਾਂਸਲ, ਰਾਜੇਸ਼ ਗਰਗ (ਬੱਬੂ), ਰਮੇਸ਼ ਗੋਇਲ (ਭੋਲਾ), ਡਾ. ਕ੍ਰਿਸ਼ਨ ਅਗਰਵਾਲ, ਸਰਜੀਵਨ ਜਿੰਦਲ, ਸੰਦੀਪ ਸਿੰਗਲਾ (ਜੋਲੀ), ਕਮਲ ਕਾਂਤ, ਰਾਜੀਵ ਕੌਸ਼ਲ ਆਦਿ ਮੈਂਬਰ ਮੌਜੂਦ ਸਨ।

# ਹਰਮਨਦੀਪ ਮੋਹਣਾ ਨੂੰ ਸਰਪੰਚ ਯੂਨੀਅਨ ਦਾ ਪ੍ਰਧਾਨ ਬਣਨ 'ਤੇ ਸਮੁੱਚੀ ਪੰਚਾਇਤ ਤੇ ਪਿੰਡ ਵਾਸੀਆਂ ਦਿੱਤੀ ਵਧਾਈ



ਭੁੱਚੋ ਮੰਡੀ ਨਥਾਣਾ, 22 ਜੂਨ (ਹਰਬੰਸ ਸਿੰਘ ਭੋਲਾ) : ਸਰਪੰਚ ਯੂਨੀਅਨ ਬਲਾਕ ਨਥਾਣਾ ਦੀ ਹੋਈ ਚੋਣ ਵਿੱਚ ਹਰਮਨਦੀਪ ਸਿੰਘ ਮੋਹਣਾ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ। ਹਰਮਨਦੀਪ ਸਿੰਘ ਮੋਹਣਾ ਦੇ ਪ੍ਰਧਾਨ ਬਣਨ ਦੀ ਖੁਸ਼ੀ ਵਿੱਚ ਪਿੰਡ ਪੂਹਲੀ ਦੀ ਸਮੁੱਚੀ ਪੰਚਾਇਤ ਤੇ ਪਿੰਡ ਵਾਸੀਆਂ ਨੇ ਖੁਸ਼ੀ ਪ੍ਰਗਟ ਕਰਦਿਆਂ ਹੋਇਆਂ ਕੁਲਦੀਪ ਕੌਰ ਜੈਲਦਾਰ ਪੰਚ, ਬਲਵੀਰ ਕੌਰ ਪੰਚ, ਮਲਕੀਤ ਕੌਰ ਪੰਚ, ਕਿਰਨ ਕੌਰ ਪੰਚ, ਸ਼ਿੰਦਰਪਾਲ ਕੌਰ ਪੰਚ , ਸੁਖਵੰਤ ਸਿੰਘ ਸਿੱਧੂ ਪੰਚ, ਗੁਰਚਰਨ ਸਿੰਘ ਪੰਚ , ਜਸਪ੍ਰੀਤ ਸਿੰਘ ਪੰਚ, ਭੰਗਾਂ ਸਿੰਘ ਪੰਚ, ਗੁਰਟੇਕ ਸਿੰਘ, ਗੁਰਪ੍ਰੀਤ ਗੰਗੂ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਪ੍ਰਧਾਨ ਸਵਰਨਜੀਤ ਸਿੰਘ ਪੂਹਲੀ, ਜਸਵੰਤ ਸਿੰਘ ਜੈਲਦਾਰ , ਬਲਤੇਜ ਸਿੰਘ ,ਹੇਮਾ ਸਿੰਘ, ਚਮਕੌਰ ਸਿੰਘ, ਬਸੰਤ ਸਿੰਘ, ਗੁਰਦੀਪ ਸਿੰਘ,ਸੁਖਮੰਦਰ ਸਿੰਘ ਆਦਿ ਨੇ ਵਧਾਈ ਦਿੱਤੀ।

# ਖੇਡਾਂ ਦੇ ਮਿਆਰ ਨੂੰ ਉੱਪਰ ਚੁੱਕਣ ਲਈ ਪਿੰਡਾਂ ਵਿੱਚ ਬਣਾਈਆਂ ਜਾ ਰਹੀਆਂ ਖੇਡ ਨਰਸਰੀਆਂ : ਹਰਪਾਲ ਸਿੰਘ ਚੀਮਾ

ਕੌਹਰੀਆਂ, 22 ਜੂਨ (ਅਵਤਾਰ ਸਿੰਘ ਜਟਾਣਾ): ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਸ੍ਰ ਹਰਪਾਲ ਸਿੰਘ ਚੀਮਾ ਦੇ ਸੁਹਿਰਦ ਯਤਨਾਂ ਸਦਕਾ ਹਲਕਾ ਦਿੜ੍ਹਬਾ ਵਿੱਚ ਪੰਜਾਬ ਸਰਕਾਰ ਵੱਲੋਂ ਤਿੰਨ ਖੇਡ ਕੋਚ ਨਿਯੁਕਤ ਕੀਤੇ ਗਏ ਹਨ। ਇਹ ਖੇਡ ਕੋਚ ਹਲਕੇ ਦੇ ਨੌਜਵਾਨਾਂ ਨੂੰ ਵੱਖ ਵੱਖ ਖੇਡਾਂ ਦੀ ਸਿਖਲਾਈ ਦੇਣਗੇ ਉੱਥੇ ਹੀ ਸਿਹਤਮੰਦ ਅਤੇ ਨਿਰੋਗ ਜੀਵਨ ਜੀਣ ਲਈ ਸੇਧ ਵੀ ਮੁਹੱਈਆ ਕਰਵਾਉਣਗੇ। ਇਹਨਾਂ ਕੋਚਾਂ ਨੇ ਅੱਜ ਸ੍ਰ ਹਰਪਾਲ ਸਿੰਘ ਚੀਮਾ ਦੀ ਹਾਜ਼ਰੀ ਵਿੱਚ ਆਪਣੀ ਡਿਊਟੀ ਸੰਭਾਲ ਲਈ। ਅੱਜ ਪਿੰਡ ਛਾਹੜ ਦੇ ਖੇਡ ਸਟੇਡੀਅਮ ਵਿਖੇ ਇਹਨਾਂ ਕੋਚਾਂ ਨੂੰ ਖਿਡਾਰੀਆਂ ਦੇ ਰੂਬਰੂ ਕਰਦਿਆਂ ਸ੍ਰ ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਵਿੱਚ ਖੇਡਾਂ ਦੇ ਮਿਆਰ ਨੂੰ ਉੱਪਰ ਚੁੱਕਣ ਦੇ ਲਈ ਖੇਡ ਨਰਸਰੀਆਂ ਪਿੰਡਾਂ ਵਿੱਚ ਬਣਾਈਆਂ ਜਾ ਰਹੀਆਂ ਹਨ। ਇਹਨਾਂ ਨਰਸਰੀਆਂ ਦੇ ਤਹਿਤ ਹਲਕਾ ਦਿੜ੍ਹਬਾ ਦੇ ਪਿੰਡ ਕੌਹਰੀਆਂ, ਛਾਹੜ ਅਤੇ ਦਿੜ੍ਹਬਾ ਵਿਖੇ ਵੱਖ-ਵੱਖ ਤਿੰਨ ਖੇਡਾਂ ਦੇ ਕੋਚ ਤਾਇਨਾਤ ਕੀਤੇ ਗਏ ਹਨ। ਦਿੜ੍ਹਬਾ ਵਿਖੇ ਸੁਖਵਿੰਦਰ ਕੌਰ ਕਬੱਡੀ ਕੋਚ, ਕੌਹਰੀਆਂ ਵਿਖੇ ਸਤਜਿੰਦਰ ਕੌਰ ਵਾਲੀਬਾਲ ਕੋਚ ਅਤੇ ਛਾਹੜ ਵਿਖੇ ਸੂਰਜ ਕੁਮਾਰ ਫੁਟਬਾਲ ਕੋਚ ਦੀ ਨਿਯੁਕਤੀ ਹੋਈ ਹੈ।ਹਰਪਾਲ ਸਿੰਘ ਚੀਮਾ ਨੇ ਇਹਨਾਂ ਕੋਚਾਂ ਨੂੰ ਵਧਾਈਆਂ ਦਿੰਦਿਆਂ ਆਦੇਸ਼ ਦਿੱਤੇ ਗਏ ਕਿ ਪਿੰਡਾਂ ਵਿੱਚ ਵੱਧ ਤੋਂ ਵੱਧ ਯੁਵਾ ਨੂੰ ਗਰਾਊਂਡ ਨਾਲ ਜੋੜ ਕੇ ਪੰਜਾਬ ਵਿੱਚ ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਿਆ ਜਾਵੇ। ਉਹਨਾਂ ਕਿਹਾ ਕਿ ਹੁਣ ਉਹ ਸਮਾਂ ਦੂਰ ਨਹੀਂ, ਜਦੋਂ ਪੰਜਾਬ ਦੇ ਪਿੰਡਾਂ ਵਿਚੋਂ ਨਿਕਲ ਕੇ ਨੌਜਵਾਨ ਮੁੰਡੇ ਕੁੜੀਆਂ ਅੰਤਰਰਾਸ਼ਟਰੀ ਪੱਧਰ ਉੱਤੇ ਦੇਸ਼ ਦੀ ਅਗਵਾਈ ਕਰਦਿਆਂ ਆਪਣੇ ਨਾਮਨਾ ਖੱਟਣਗੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਨਾਲੋਂ ਦੂਰ ਕਰਕੇ ਖੇਡਾਂ ਨਾਲ ਜੋੜਨ ਲਈ ਜਿੱਥੇ ਖੇਡਾਂ ਵਤਨ ਪੰਜਾਬ ਦੀਆਂ ਸ਼ੁਰੂ ਕਰਵਾਈਆਂ ਗਈਆਂ ਹਨ ਉਥੇ ਹੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਨਾਮ ਚਮਕਾਉਣ ਵਾਲੇ ਖਿਡਾਰੀਆਂ ਨੂੰ ਨੌਕਰੀਆਂ ਅਤੇ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਪੰਜਾਬ ਦਾ ਭਵਿੱਖ ਬਹੁਤ ਹੀ ਸੁਨਹਿਰਾ ਹੈ। ਉਹਨਾਂ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀਆਂ ਯੋਜਨਾਵਾਂ ਦਾ ਲਾਭ ਲੈਣ। ਇਸ ਮੌਕੇ ਉਹਨਾਂ ਨਾਲ ਨਗਰ ਸੁਧਾਰ ਟਰੱਸਟ ਸੰਗਰੂਰ ਦੇ ਚੇਅਰਮੈਨ ਹਰਪ੍ਰੀਤ ਸਿੰਘ ਪੀਤੂ, ਓ ਐਸ ਡੀ ਸ੍ਰ ਤਪਿੰਦਰ ਸਿੰਘ ਸੋਹੀ, ਜ਼ਿਲ੍ਹਾ ਖੇਡ ਅਫ਼ਸਰ ਸ੍ਰ ਨਵਦੀਪ ਸਿੰਘ ਜਥੇਦਾਰ ਰਾਮ ਸਿੰਘ ਕੌਹਰੀਆਂ, ਗੁਰਪ੍ਰੀਤ ਸਿੰਘ ਸਾਬਕਾ ਸਰਪੰਚ ਕੌਹਰੀਆਂ ਬਿੱਟੂ ਸੇਠ,ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਤੇ ਖਿਡਾਰੀ ਹਾਜ਼ਰ ਸਨ।



# ਗੁਰਮਤਿ ਪ੍ਰੀਖਿਆ ਦੀ ਤਿਆਰੀ ਕਰ ਰਹੇ ਬੱਚਿਆਂ ਦਾ ਪਰਮਜੀਤ ਸਿੰਘ ਖਾਲਸਾ ਨੇ ਕੀਤਾ ਸਨਮਾਨ



ਤਪਾ ਮੰਡੀ 22 ਜੂਨ (ਭੂਸ਼ਨ ਘੜੈਲਾ):ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਸ਼ਤਾਬਦੀ 350 ਸਾਲਾਂ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਹੰਡਿਆਇਆ ਵਿਖੇ 29 ਜੂਨ ਨੂੰ ਵੱਡੇ ਪੱਧਰ ਤੇ ਜਥੇਦਾਰ ਪਰਮਜੀਤ ਸਿੰਘ ਖਾਲਸਾ ਦੀ ਅਗਵਾਈ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਗੁਰਮਤਿ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਸਬੰਧੀ ਕੁਲਦੀਪ ਸਿੰਘ ਰਸੀਵਰ ਅਤੇ ਮੈਨੇਜਰ ਗੁਰਜੰਟ ਸਿੰਘ ਖਾਲਸਾ ਨੇ ਦੱਸਿਆ ਕਿ ਗੁਰਮਤਿ ਪ੍ਰੀਖਿਆ ਦੀ ਤਿਆਰੀ ਲਈ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਪਿਛਲੇ ਕਰੀਬ ਇੱਕ ਹਫਤੇ ਤੋਂ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਗੁਰਮਤਿ ਪ੍ਰੀਖਿਆ ਦੀ ਤਿਆਰੀ ਕਰ ਰਹੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਕਰਨ ਲਈ ਜਥੇਦਾਰ ਪਰਮਜੀਤ ਸਿੰਘ ਖਾਲਸਾ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਿਰਕਤ ਕੀਤੀ ਅਤੇ ਗੁਰਦੁਆਰਾ ਸਾਹਿਬ ਦੇ ਸੁਚੱਜੇ ਪ੍ਰਬੰਧਾਂ ਵਿੱਚ ਆਏ ਸੁਧਾਰਾਂ ਦੀ ਸਲਾਘਾ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਭਾਈ ਕੁਲਵੰਤ ਸਿੰਘ ਅਤੇ ਭਾਈ ਡਿੰਪਲ ਸਿੰਘ ਸਮਾਓ ਨੇ ਆਈਆਂ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਬੱਚਿਆਂ ਨੂੰ ਵੱਧ ਰਹੇ ਨਸ਼ਿਆਂ, ਲੱਚਰਪੁਣੇ ਅਤੇ ਪਤਿਤਪੁਣੇ ਨੂੰ ਤਿਆਗ ਕੇ ਗੁਰਮਤਿ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਾਬਕਾ ਚੇਅਰਮੈਨ ਰਣਦੀਪ ਸਿੰਘ, ਸਰਪੰਚ ਕੁਲਵਿੰਦਰ ਸਿੰਘ ਕਿੰਦੀ, ਮੈਨੇਜਰ ਨਿਰਮਲ ਸਿੰਘ ਰਜੀਆ, ਬੇਅੰਤ ਸਿੰਘ, ਜਥੇਦਾਰ ਜਰਨੈਲ ਸਿੰਘ ਭੋਤਨਾ, ਜਸਵਿੰਦਰ ਸਿੰਘ ਰਾਮਪੁਰ ਛੰਨਾ, ਬਾਬਾ ਗੁਰਮੀਤ ਸਿੰਘ ਹੈਡ ਗ੍ਰੰਥੀ, ਭਾਈ ਗੁਰਦੀਪ ਸਿੰਘ ਹੈਡ ਰਾਗੀ, ਤਰਲੋਕ ਸਿੰਘ ਹੈਲਪਰ, ਮਨਪ੍ਰੀਤ ਸਿੰਘ ਰਾਗੀ, ਭੋਲਾ ਸਿੰਘ ਸੇਵਾਦਾਰ, ਜੁਗਰਾਜ ਸਿੰਘ ਪੰਚ, ਤੇਜਾ ਸਿੰਘ ਪੰਚ, ਜੁਗਰਾਜ ਸਿੰਘ ਢਿੱਲੋਂ, ਜਸਵੰਤ ਸਿੰਘ ਆਦਿ ਹਾਜ਼ਰ ਸਨ।

# ਚਿੱਟੇ ਦੀ ਕਾਲੀ ਕਮਾਈ ਨਾਲ ਕੀਤੀ ਨਾਜਾਇਜ਼ ਉਸਾਰੀ 'ਤੇ ਚੱਲਿਆ ਪ੍ਰਸ਼ਾਸਨ ਦਾ ਪੀਲਾ ਪੰਜਾ

ਬਠਿੰਡਾ, 22 ਜੂਨ (ਦੀਪਕ ਸ਼ਰਮਾ):ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਬਠਿੰਡਾ ਪੁਲਿਸ ਨੇ ਐਤਵਾਰ ਨੂੰ ਨਸ਼ਿਆਂ ਲਈ ਬਦਨਾਮ ਧੋਬੀਆਣਾ ਬਸਤੀ ਦੀ ਗਲੀ ਇਕ ਨੰਬਰ ਗਲੀ ਚ ਦੋ ਮਹਿਲਾ ਤਸਕਰਾਂ ਵੱਲੋਂ ਕੀਤੀਆਂ ਗਈਆਂ ਨਜਾਇਜ਼ ਉਸਾਰੀਆਂ ਤੇ ਪੀਲਾ ਪੰਜਾ ਚਲਾਇਆ ਗਿਆ।ਜ਼ਿਲ੍ਹਾ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਜੇਸੀਬੀ ਮਸ਼ੀਨਾਂ ਦੀ ਮਦਦ ਨਾਲ ਨਸ਼ੇ ਵੇਚ ਕੇ ਸਰਕਾਰੀ ਜ਼ਮੀਨ ਤੇ ਗੈਰ-ਕਾਨੂੰਨੀ ਤੌਰ ਤੇ ਬਣਾਏ ਗਏ ਦੋ ਮਕਾਨ ਢਾਹ ਦਿੱਤੇ। ਪੁਲਿਸ ਅਨੁਸਾਰ ਜਿਨ੍ਹਾਂ ਘਰਾ ਤੇ ਕਾਰਵਾਈ ਕੀਤੀ ਗਈ ਹੈ। ਉਹ ਨਸ਼ਾ ਤਸ਼ਕਰ ਦੋ ਔਰਤਾਂ ਦੇ ਸਨ, ਇਨ੍ਹਾਂ ਚੋਂ ਇਕ ਔਰਤ ਤੇ ਨਸ਼ੇ ਦੇ 9 ਮਾਮਲੇ ਦਰਜ ਹਨ, ਜਦਕਿ ਦੂਸਰੀ ਔਰਤ ਖਿਲਾਫ ਨਸ਼ੇ ਦਾ ਇਕ ਮਾਮਲਾ ਦਰਜ ਹੈ, ਜੋ ਲੰਬੇ ਸਮੇਂ ਤੋਂ ਚਿੱਟਾ ਵੇਚ ਰਹੀ ਸੀ। ਦੂਜੇ ਪਾਸੇ ਲੋਕਾਂ ਨੇ ਪੁਲਿਸ ਦੀ ਇਸ ਕਾਰਵਾਈ ਦਾ ਸਵਾਗਤ ਕੀਤਾ। ਦੱਸਣਾ ਬਣਦਾ ਹੈ ਕੇ ਸਬ-ਡਵੀਜਨ ਸਿਟੀ 2 ਬਠਿੰਡਾ ਦੇ ਥਾਣਾ ਸਿਵਲ ਲਾਈਨ ਬਠਿੰਡਾ ਦੇ ਏਰੀਏ ਅਧੀਨ ਮਨਜੀਤ ਕੌਰ ਉਰਫ ਬੀਰਾਂ ਪਤਨੀ ਚਰਨਜੀਤ ਸਿੰਘ ਵਾਸੀ ਗਲੀ ਨੰਬਰ ਇਕ ਤੇ ਜਸਵਿੰਦਰ ਕੌਰ ਉਰਫ ਜੱਸੀ ਪਤਨੀ ਲਖਵਿੰਦਰ ਸਿੰਘ ਵਾਸੀਆਨ ਗਲੀ ਨੰਬਰ ਇਕ ਨੇੜੇ ਠੇਕਾ ਧੋਬੀਆਣਾ ਬਸਤੀ ਬਠਿੰਡਾ ਵੱਲੋਂ ਗੈਰ ਕਾਨੂੰਨੀ ਢੰਗ ਨਾਲ ਮਕਾਨ ਬਣਾਏ ਗਏ ਸਨ। ਇਸ ਸਬੰਧੀ ਡਿਪਟੀ ਕਮਿਸ਼ਨਰ ਕਮ ਮੈਜਿਸਟਰੇਟ ਵੱਲੋਂ ਮਕਾਨ ਢਾਉਣ ਮੌਕੇ ਪੁਲਿਸ ਸੁਰੱਖਿਆ ਪ੍ਰਬੰਧ ਕਰਨ ਲਈ ਹਦਾਇਤਾਂ ਮਿਲੀਆਂ ਹੋਈਆਂ ਸਨ, ਜਿਸ ਤੋਂ ਬਾਅਦ ਸਿਵਲ ਪ੍ਰਸ਼ਾਸ਼ਨ ਵੱਲੋਂ



ਕਾਰਵਾਈ ਕਰਦਿਆਂ ਇਹਨਾਂ ਮਕਾਨਾਂ ਨੂੰ ਜੇਸੀਬੀ ਮਸ਼ੀਨਾਂ ਢਾਹ ਦਿੱਤਾ ਗਿਆ। ਸਿਵਲ ਪ੍ਰਸ਼ਾਸ਼ਨ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਔਰਤਾਂ ਵੱਲੋਂ ਨਜਾਇਜ ਉਸਾਰੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਕਈ ਵਾਰ ਨੋਟਿਸ ਵੀ ਦਿੱਤੇ ਗਏ ਸਨ। ਪਰ ਕਬਜ਼ਾ ਕਰਨ ਵਾਲਿਆਂ ਨੇ ਇਸ ਜਗਾ ਨੂੰ ਖਾਲੀ ਨਹੀਂ ਕੀਤਾ। ਜਿਸ ਕਾਰਨ ਇਹ ਕਾਰਵਾਈ ਕਰਨੀ ਪਈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮਿਸ਼ਨ ਯੁਧ ਨਸ਼ਿਆਂ ਵਿਰੁੱਧ ਦੇ ਤਹਿਤ ਜਿਲ੍ਹੇ ਵਿਚ ਵਿਆਪਕ ਪੱਧਰ ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਨਸ਼ਾ ਤਸ਼ਕਰ ਮਨਜੀਤ ਕੌਰ ਉਰਫ ਬੀਰਾਂ ਵਿਰੁੱਧ ਖਿਲਾਫ਼ ਨਸ਼ੇ ਤਸਕਰੀ ਅਤੇ ਹੋਰ ਸੰਗੀਨ ਜੁਰਮਾਂ ਤਹਿਤ 10 ਮੁੱਕਦਮੇ ਦਰਜ ਹਨ ਜਦਕਿ ਜਸਵਿੰਦਰ ਕੌਰ ਉਰਫ ਜੱਸੀ ਖਿਲਾਫ ਨਸ਼ੇ ਦਾ ਇਕ ਮਾਮਲਾ ਦਰਜ ਹੈ।ਸੂਬਾ ਸਰਕਾਰ ਵੱਲੋਂ ਨਸ਼ੇ ਦੇ ਸੌਦਾਗਰਾਂ ਖਿਲਾਫ ਕੀਤੀ ਜਾ ਰਹੀ ਇਸ ਕਰਵਾਈ ਦਾ ਧੋਬੀਆਣਾ ਬਸਤੀ ਦੇ ਲੋਕਾਂ ਵੱਲੋਂ ਸਵਾਗਤ ਕਰਦਿਆਂ ਕਿਹਾ ਕੇ ਜਿਹੜੇ ਨਸ਼ਾ ਵੇਚਦੇ ਹਨ ਉਨ੍ਹਾਂ ਖਿਲਾਫ ਕਰਵਾਈ ਹੋਣੀ ਚਾਹੀਦੀ ਹੈ, ਨਸ਼ੇ ਕਾਰਨ ਜਿਨ੍ਹਾਂ ਦੇ ਜੁਆਨ ਪੁੱਤ ਮਰਦੇ ਨੇ ਉਨ੍ਹਾਂ ਦੇ ਦਿਲ ਤੇ ਕੀ ਬੀਤਤੀ ਹੈ ਇਹ ਉਹੀ ਜਾਣਦੇ ਨੇ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕੇ ਜਿਹੜੇ ਦੂਸਰੇ ਲੋਕ ਵੀ ਨਸ਼ਾ ਵੇਚਦੇ ਨੇ ਉਨ੍ਹਾਂ ਖਿਲਾਫ਼ ਵੀ ਅਜਿਹੀ ਕਰਵਾਈ ਹੋਣੀ ਚਾਹੀਦੀ ਹੈ।ਡੀਐਸਪੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਮਾੜੇ ਕੰਮ ਦਾ ਮਾੜਾ ਨਤੀਜਾ ਹੁੰਦਾ ਹੈ, ਕੋਈ ਵੀ ਨਸ਼ਾ ਤਸ਼ਕਰ ਇਹ ਨਾਂ ਸਮਝੇ ਕੇ ਕੇਵਲ ਨਸ਼ੇ ਦਾ ਮਾਮਲਾ ਹੀ ਦਰਜ ਹੋਵੇਗਾ, ਅਜਿਹੀਆਂ ਕਰਵਾਈਆ ਵੀ ਅਮਲ ਚ ਲਿਆਦੀਆਂ ਜਾਣਗੀਆਂ। ਉਨ੍ਹਾਂ ਨਸ਼ਾ ਤਸ਼ਕਰਾਂ ਨੂੰ ਚੇਤਾਵਨੀ ਦਿੰਦੇ ਕਿਹਾ ਕੇ ਉਹ ਇਹ ਕੰਮ ਛੱਡਣ ਨਹੀਂ ਉਨ੍ਹਾਂ ਖਿਲਾਫ਼ ਵੀ ਸਖਤ ਕਾਨੂੰਨੀ ਕਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕੇ ਅੱਜ ਦੋ ਨਸ਼ਾ ਤਸਕਰ ਔਰਤਾਂ ਮਨਜੀਤ ਕੌਰ ਉਰਫ ਬੀਰਾਂ ਤੇ ਜਸਵਿੰਦਰ ਕੌਰ ਉਰਫ ਜੱਸੀ ਦੇ ਘਰ ਢਾਂਹੇ ਗਏ ਹਨ।

# ਮੌਤ ਦੀ ਸਰਿੰਜ ਨੇ ਲਈ ਇੱਕ ਹੋਰ ਨੌਜਵਾਨ ਦੀ ਜਾਨ, ਤਿੰਨ ਔਰਤਾਂ ਸਣੇ ਪੰਜ 'ਤੇ ਮਾਮਲਾ ਦਰਜ

ਬਠਿੰਡਾ, 22 ਜੂਨ (ਦੀਪਕ ਸ਼ਰਮਾ):ਬਠਿੰਡਾ ਵਿੱਚ ਨਸ਼ਿਆਂ ਦਾ ਕਹਿਰ ਲਗਾਤਾਰ ਜਾਰੀ ਹੈ। ਪੁਲਿਸ ਦੀ ਸਖਤਾਈ ਦੇ ਬਾਵਜੂਦ ਨਸ਼ਿਆਂ ਲਈ ਬਦਨਾਮ ਬੀੜ ਤਾਲਾਬ ਬਸਤੀ ਵਿੱਚ ਨਸ਼ਾ ਤਸਕਰੀ ਰੁਕਣ ਦਾ ਨਾਮ ਨਹੀਂ ਲੈ ਰਹੀ। ਜਿਸ ਦੇ ਕਾਰਨ ਇੱਕ ਨੌਜਵਾਨ ਦੀ ਨਸ਼ੇ ਦਾ ਟੀਕਾ ਲਗਾਉਣ ਨਾਲ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਦੇ ਚਲਦਿਆਂ ਥਾਣਾ ਸਦਰ ਬਠਿੰਡਾ ਦੀ ਪੁਲਿਸ ਨੇ ਤਿੰਨ ਔਰਤਾਂ ਸਮੇਤ ਪੰਜ ਜਣਿਆਂ ਖਿਲਾਫ ਕੇਸ ਦਰਜ ਕੀਤਾ ਹੈ। ਜਿਨਾਂ ਵਿੱਚੋਂ ਤਿੰਨ ਔਰਤਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਜਦਕਿ ਬਾਕੀਆਂ ਦੀ ਭਾਲ ਜਾਰੀ ਹੈ। ਇਹ ਕਾਰਵਾਈ ਮ੍ਰਿਤਕ ਦੇ ਪਿਤਾ ਦੀ ਸ਼ਿਕਾਇਤ ਤੇ ਅਮਲ ਵਿੱਚ ਲਿਆਂਦੀ ਗਈ ਹੈ।ਜਾਣਕਾਰੀ ਅਨੁਸਾਰ ਲੰਘੀ 21 ਜੂਨ ਨੂੰ ਬਸਤੀ ਦੇ ਰਹਿਣ ਵਾਲੇ ਇੱਕ ਨੌਜਵਾਨ ਨੇ ਬਸਤੀ ਵਿੱਚ ਨਸ਼ਾ ਵੇਚਣ ਵਾਲੇ ਲੋਕਾਂ ਤੋਂ ਨਸ਼ਾ ਖਰੀਦਿਆ ਅਤੇ ਉਸ ਦਾ ਟੀਕਾ ਲਗਾ ਲਿਆ। ਟੀਕਾ ਲਗਾਉਣ ਦੇ ਕੁਝ ਸਮੇਂ ਬਾਅਦ ਨੌਜਵਾਨ ਦੀ ਮੌਤ ਹੋ ਗਈ। ਜਿਸ ਤੋਂ ਬਾਅਦ ਮ੍ਰਿਤਕ ਨੌਜਵਾਨ ਦੇ ਪਿਤਾ ਦੀ ਸ਼ਿਕਾਇਤ ਤੇ ਥਾਣਾ ਸਦਰ ਬਠਿੰਡਾ ਪੁਲਿਸ ਨੇ ਬੀੜ ਤਾਲਾਬ ਬਸਤੀ ਦੀਆਂ ਰਹਿਣ ਵਾਲੀਆਂ ਤਿੰਨ ਔਰਤਾਂ ਸਮੇਤ ਪੰਜ ਲੋਕਾਂ ਤੇ ਨਸ਼ਾ ਵੇਚਣ ਦੇ ਦੋਸ਼ ਵਿੱਚ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਤਿੰਨ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਦੋ ਦੀ ਗ੍ਰਿਫਤਾਰੀ ਹੋਣੀ ਬਾਕੀ ਹੈ।ਥਾਣਾ ਸਦਰ ਬਠਿੰਡਾ ਦਰਜ ਕਰਵਾਈ ਸ਼ਿਕਾਇਤ ਵਿੱਚ ਬੀੜ ਤਾਲਾਬ ਬਸਤੀ ਨਿਵਾਸੀ ਜਸਵੰਤ ਸਿੰਘ ਨੇ ਦੱਸਿਆ ਕਿ ਉਸ ਦਾ 35 ਸਾਲਾ ਪੁੱਤਰ ਗੁਰਮੀਤ ਸਿੰਘ ਨਸ਼ੇ ਕਰਨ ਦਾ ਆਦੀ ਸੀ, ਜੋ ਕਿ ਬਸਤੀ ਦੇ ਰਹਿਣ ਵਾਲੇ ਮੁਲਜ਼ਮ ਸਾਧੂ ਸਿੰਘ, ਕਿਰਨਾਂ ਕੌਰ, ਪ੍ਰੇਮ ਕੌਰ, ਆਰਤੀ ਅਤੇ ਕੁਲਵਿੰਦਰ ਕੌਰ ਤੋਂ ਹੈਰੋਇਨ ਖਰੀਦ ਕੇ ਲਿਆਉਂਦਾ ਸੀ। ਲੰਘੀ 21 ਜੂਨ ਨੂੰ ਉਸ ਦਾ ਬੇਟਾ ਗੁਰਮੀਤ ਸਿੰਘ ਉਕਤ ਲੋਕਾਂ ਤੋਂ ਹੈਰੋਇਨ ਖਰੀਦ ਕੇ ਲਿਆਇਆ ਅਤੇ ਉਸ ਦਾ ਟੀਕਾ ਲਗਾ ਲਿਆ। ਟੀਕਾ ਲਗਾਉਣ ਤੋਂ ਬਾਅਦ ਉਸ ਦੀ ਮੌਤ ਹੋ ਗਈ। ਪੀੜਿਤ ਵਿਅਕਤੀ ਦੀ ਸ਼ਿਕਾਇਤ ਤੇ ਕਾਰਵਾਈ ਕਰਦਿਆਂ ਪੁਲਿਸ ਨੇ ਮੁਲਜ਼ਮ ਔਰਤ ਪ੍ਰੇਮ ਕੌਰ, ਆਰਤੀ ਅਤੇ ਕੁਲਵਿੰਦਰ ਕੌਰ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਮੁਲਜ਼ਮ ਸਾਧੂ ਸਿੰਘ ਅਤੇ ਕਿਰਨਾਂ ਕੌਰ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।ਨੂੰ ਗ੍ਰਿਫਤਾਰ ਕੀਤਾ ਹੈ। ਜਿਨ੍ਹਾਂ ਦਾ ਡੋਪ ਟੈਸਟ ਕਰਵਾਉਣ ਤੇ ਉਸ ਦੀ ਰਿਪੋਰਟ ਪਾਜ਼ੇਟਿਵ ਆਉਣ ਤੇ ਮਾਮਲਾ ਦਰਜ ਕੀਤਾ ਗਿਆ ਹੈ।

# ਮੌਰਨਿੰਗ ਵਾਕ ਕਲੱਬ ਨੇ ਮਨਾਇਆ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ



ਬਰਨਾਲਾ, 22 ਜੂਨ (ਸੁਖਵਿੰਦਰ ਸਿੰਘ ਭੰਡਾਰੀ)ਮੌਰਨਿੰਗ ਵਾਕ ਕਲੱਬ ਸ਼ਹੀਦ ਭਗਤ ਸਿੰਘ ਪਾਰਕ ਬਰਨਾਲਾ ਵੱਲੋਂ 11ਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ ਗਿਆ। ਇਸ ਮੌਕੇ ਵਪਾਰ ਮਹਾਸੰਘ ਬਰਨਾਲਾ ਦੇ ਪ੍ਰਧਾਨ ਲਲਿਤ ਮਹਾਜਨ ਨੇ ਹਾਜ਼ਰ ਯੋਗ ਪ੍ਰੇਮੀਆਂ ਨੂੰ ਯੋਗਾ ਕਰਵਾਇਆ। ਇਸ ਦੌਰਾਨ ਉਨ੍ਹਾਂ ਬੋਲਦਿਆਂ ਕਿਹਾ ਕਿ 21 ਜੂਨ ਨੂੰ ਸਾਰੇ ਦੇਸ਼ਾਂ ਚ ਯੋਗ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮੰਤਵ ਲੋਕਾਂ ਨੂੰ ਯੋਗ ਦੇ ਮਹੱਤਵ ਤੋਂ ਜਾਣੂ ਕਰਾਉਣਾ ਹੈ ਤਾਂ ਕਿ ਲੋਕ ਯੋਗ ਨਾਲ ਜੁੜ ਕੇ ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਫਿਟ ਰੱਖ ਸਕਣ । ਉਨ੍ਹਾਂ ਅੱਗੇ ਕਿਹਾ ਕਿ ਨਿਯਮਤ ਤੌਰ ਤੇ ਯੋਗ ਕਰਨ ਨਾਲ ਮਨ ਸ਼ਾਂਤ ਰਹਿੰਦਾ ਹੈ ਤੇ ਅਸੀਂ ਬਿਹਤਰ ਜ਼ਿੰਦਗੀ ਗੁਜ਼ਾਰ ਸਕਦੇ ਹਾਂ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਵਿਕੀ ਨੇ ਕਿਹਾ ਕਿ ਸਿਹਤਮੰਦ ਜੀਵਨ ਲਈ ਇੱਕ ਧਰਤੀ, ਇੱਕ ਸਿਹਤ ਲਈ ਯੋਗ ਜ਼ਰੂਰੀ ਹੈ। ਯੋਗ ਸਰੀਰ ਨੂੰ ਮਜ਼ਬੂਤ ਬਣਾਉਂਦਾ ਅਤੇ ਮਨ ਨੂੰ ਸ਼ਾਂਤ ਕਰਦਾ ਹੈ । ਆਓ ਯੋਗ ਦਿਵਸ ਤੇ ਸੰਕਲਪ ਕਰੀਏ ਕਿ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਧਰਤੀ ਨੂੰ ਪ੍ਰਦੂਸ਼ਣ ਰਹਿਤ ਕਰਨ ਅਤੇ ਸਿਹਤਮੰਦ ਬਣਾਉਣ ਲਈ ਯਤਨ ਕਰਾਂਗੇ। ਜੇਕਰ ਧਰਤੀ ਸਿਹਤਮੰਦ ਹੈ ਤਾਂ ਹੀ ਅਸੀਂ ਸਿਹਤਮੰਦ ਬਣ ਸਕਦੇ ਹਾਂ। ਇਸ ਮੌਕੇ ਵਿਸ਼ੇਸ਼ ਤੌਰ ਤੇ ਰਾਜੇਸ਼ ਕੁਮਾਰ ਸਦਿਓੜਾ , ਨੀਟੀ ਬਬਲਾ ਗਿਫ਼ਟ ਵਾਲੇ, ਵਿੱਕੀ ਰਾਜਾ, ਗੋਲਡੀ ਸੀ ਐਮ ਪਿਆਰੇ ਲਾਲ, ਲਾਡੀ ਬਾਂਸਲ, ਪਿੰਟਾ ਪ੍ਰਾਪਰਟੀ ਡੀਲਰ, ਹੈਪੀ, ਸੰਜੀਵ ਕੁਮਾਰ ਸੇਖਾ, ਕਮਲ ਗੁਪਤਾ ਬੱਬੂ, ਸੁਭਾਸ਼ ਗਰਗ, ਵਿਕਾਸ ਭੰਡਾਰੀ, ਵਿਸ਼ਨੂੰ ਸਿੰਗਲਾ ਸਨਪਾਰਕ ਹੋਟਲ ਵਾਲੇ ਆਦਿ ਨੇ ਯੋਗਾ ਪ੍ਰੋਗਰਾਮ ਚ ਭਾਗ ਲਿਆ।

# ਨਸ਼ਿਆਂ ਦੀ ਰੋਕਥਾਮ ਲਈ ਪੁਲਿਸ ਨੇ ਚੁੱਕੇ ਸਖਤ ਕਦਮ : ਡੀ ਐਸ ਪੀ ਬਾਜਵਾ

ਦਿੜ੍ਹਬਾ 21 ਜੂਨ (ਹੈਪੀ) ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਪੰਜਾਬ ਵਿੱਚ ਨਸ਼ੇ ਦਾ ਖਾਤਮਾ ਕਰਨ ਲਈ ਯੁੱਧ ਨਸ਼ਿਆ ਵਿਰੁੱਧ ਦੇ ਨਾਅਰੇ ਤਹਿਤ ਮਿਤੀ 01.03.2025 ਤੇ ਵਿਸ਼ੇਸ਼ ਮੁੰਹਿਮ ਚਲਾਈ ਗਈ ਹੈ। ਇਸ ਮੁਹਿੰਮ ਦੌਰਾਨ ਸਬ ਡਵੀਜਨ ਦਿੜ੍ਹਬਾ ਦੇ ਥਾਣਾ ਦਿੜ੍ਹਬਾ, ਛਾਜਲੀ ਅਤੇ ਧਰਮਗੜ ਦੇ ਏਰੀਆ ਵਿਚ ਕਥਿਤ ਤੌਰ ਤੇ ਨਸ਼ਾ ਤਸਕਰੀ ਕਰਨ ਵਾਲੇ ਛੋਟੇ ਵੱਡੇ ਸਮੱਗਲਰਾਂ/ ਪੈਡਲਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਲਈ ਦਾਅਵਾ ਕੀਤਾ ਗਿਆ ਹੈ । ਇਸ ਮੌਕੇ ਦਿੜ੍ਹਬਾ ਦੇ ਡੀ ਐਸ ਪੀ ਦਿੜ੍ਹਬਾ ਮੈਡਮ ਰੁਪਿੰਦਰ ਕੌਰ ਬਾਜਵਾ ਵੱਲੋਂ ਪ੍ਰੈਸ ਨੋਟ ਜਾਰੀ ਕਰਕੇ ਜਾਣਕਾਰੀ ਸਾਂਝੀ ਕੀਤੀ ਗਈ ਹੈ ਕਿ ਵੱਖੋ ਵੱਖ ਕੇਸਾਂ ਵਿੱਚ ਮੁਕੱਦਮੇ ਦਰਜ ਕਰਕੇ 08 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਇਹਨਾ ਪਾਸੋਂ 120 ਇਤਰਾਜ਼ਯੋਗ ਕਥਿਤ ਤੌਰ ਤੇ ਨਸ਼ੀਲੀਆ ਗੋਲੀਆਂ, 120 ਬੋਤਲਾ ਇਤਰਾਜ਼ਯੋਗ ਸਰਾਬ ਅਤੇ 10/ 10 ਰੁਪਏ ਦੇ ਕਰੰਸੀ ਨੋਟ ਸਮੇਤ ਸਿਲਵਰ ਪੰਨੀ ਆਦਿ ਦੀ ਬ੍ਰਾਮਦਗੀ ਕਰਵਾਏ ਜਾਣ ਦਾ ਦਾਅਵਾ ਕੀਤਾ ਗਿਆ ਹੈ। ਇਸੇ ਲੜੀ ਤਹਿਤ ਹੁਣ ਤੱਕ ਦਿੜ੍ਹਬਾ ਡਵੀਜਨ ਦੇ ਕਥਿਤ ਤੌਰ ਤੇ 04 ਡਰੱਗ ਪੈਡਲਰਾਂ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ। ਯੁੱਧ ਨਸ਼ਿਆ ਵਿਰੁੱਧ ਮੁਹਿੰਮ ਦੌਰਾਨ ਪਿੰਡ/ਮੁਹੱਲਾ / ਵਾਰਡ ਪੱਧਰ ਤੇ ਐਮ.ਸੀ./ ਪੰਚਾਇਤ ਅਤੇ ਹੋਰ ਮੋਹਤਬਰ ਪੁਰਸ਼ਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਨਸ਼ਾ ਕਰਨ ਵਾਲੇ ਵਿਅਕਤੀਆਂ ਦੀ ਪਹਿਚਾਣ ਕਰਕੇ ਉਹਨਾ ਦੀ ਸ਼ਨਾਖਤ ਨੂੰ ਗੁਪਤ ਰੱਖਦੇ ਹੋਏ ਨਸ਼ੇ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਹੁਣ ਤੱਕ ਕਰੀਬ 01 ਵਿਅਕਤੀ ਨੂੰ ਸਰਕਾਰ ਵੱਲੋ ਚਲਾਏ ਜਾ ਰਹੇ De-addiction Center ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ 09 ਵਿਅਕਤੀਆਂ ਨੂੰ ਦਵਾਈ ਦਿਵਾਈ ਜਾ ਚੁੱਕੀ ਹੈ।



# ਖ਼ਾਲਸਾ ਕਾਲਜ ਭਗਤਾ ਭਾਈਕਾ ਵਿਖੇ ਮਨਾਇਆ ਯੋਗ ਦਿਵਸ



ਭਗਤਾ ਭਾਈ ਕਾ, 22 ਜੂਨ (ਸਵਰਨ ਸਿੰਘ ਭਗਤਾ):ਕੇਂਦਰ ਸਰਕਾਰ ਅਤੇ ਐੱਨ. ਐੱਸ. ਐੱਸ. ਵਿਭਾਗ ਦੀਆਂ ਹਿਦਾਇਤਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈ ਕਾ ਵਿਖੇ 21 ਜੂਨ ਨੂੰ ਇੰਟਰਨੈਸ਼ਨਲ ਯੋਗਾ ਦਿਵਸ ਦੇ ਮੌਕੇ ਤੇ ਐੱਨ. ਐੱਸ. ਐੱਸ. ਵਿਭਾਗ ਅਤੇ ਸਰੀਰਿਕ ਸਿੱਖਿਆ ਵਿਭਾਗ ਵੱਲੋਂ ਯੋਗਾ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਯੋਗਾ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦੀ ਸ਼ੁਰੂਆਤ ਪ੍ਰੋਗਰਾਮ ਅਫਸਰ ਡਾ. ਰਮਨਪ੍ਰੀਤ ਕੌਰ ਨੇ ਯੋਗਾ ਦੀ ਆਰੰਭਤਾ ਅਤੇ ਇਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਹੋਇਆ ਕੀਤੀ। ਇਸ ਤੋਂ ਬਾਅਦ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਯੋਗ ਨੂੰ ਸਹੀ ਤਰੀਕੇ ਨਾਲ ਕਰਨ ਅਤੇ ਇਸ ਨੂੰ ਆਪਣੀ ਜੀਵਨ ਸ਼ੈਲੀ ਵਿੱਚ ਅਪਨਾਉਣ ਲਈ ਪ੍ਰੇਰਿਤ ਕੀਤਾ।ਉਹਨਾਂ ਵਲੰਟੀਅਰਜ਼ ਨੂੰ ਯੋਗ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਯੋਗ ਦੇ ਸਿਹਤ ਸੰਬੰਧੀ ਫਾਇਦੇ ਕੀ ਹਨ ਅਤੇ ਯੁੱਗਾਂ ਤੋਂ ਚਲ ਰਹੀ ਇਸ ਪਰੰਪਰਾ ਦਾ ਮਹੱਤਵ ਸਿਹਤ ਨੂੰ ਤੰਦਰੁਸਤ ਰੱਖਣ ਲਈ ਅਜੋਕੇ ਸਮੇਂ ਵਿਚ ਵੀ ਬਰਕਰਾਰ ਹੈ । ਇਸ ਕੈਂਪ ਵਿੱਚ ਪ੍ਰੋਗਰਾਮ ਅਫਸਰ ਪ੍ਰੋ.ਰਮਨਦੀਪ ਕੌਰ, ਪ੍ਰੋ.ਸੁਸ਼ਮਾ ਰਾਣੀ, ਪ੍ਰੋ. ਜਿੰਕਪਰੀਤ ਕੋਰ, ਪ੍ਰੋ.ਸੰਦੀਪ ਕੌਰ, ਪ੍ਰੋ.ਸੁਰਿੰਦਰ ਕੌਰ ਪ੍ਰੋ.ਅੰਮ੍ਰਿਤਪਾਲ ਸਿੰਘ ਨੇ ਸ਼ਮੂਲੀਅਤ ਕੀਤੀ। ਇਸ ਕੈਂਪ ਵਿੱਚ ਲਗਭਗ 30 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ।

# ਬੀਕੇਯੂ ਉਗਰਾਹਾਂ ਵੱਲੋਂ ਚਿੱਪ ਵਾਲੇ ਮੀਟਰ ਲਾਉਣ ਆਏ ਬਿਜਲੀ ਮੁਲਾਜ਼ਮਾਂ ਦਾ ਕੀਤਾ ਵਿਰੋਧ

ਖਨੌਰੀ, 22 ਜੂਨ (ਓਮਪ੍ਰਕਾਸ਼ ਮੁਆਲ): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਣਕ ਦੇ ਕਿਸਾਨਾਂ ਵੱਲੋਂ ਖਨੌਰੀ ਸ਼ਹਿਰ ਵਿੱਚ ਬਿਜਲੀ ਮੁਲਾਜ਼ਮਾਂ ਵੱਲੋਂ ਆਮ ਖਪਤਕਾਰਾਂ ਦੇ ਘਰਾਂ ਵਿੱਚ ਉਹਨਾਂ ਦੀ ਸਹਿਮਤੀ ਤੋਂ ਬਿਨਾਂ ਜ਼ਬਰਦਸਤੀ ਬਿਜਲੀ ਵਾਲੇ ਮੀਟਰ ਲਾਏ ਜਾ ਰਹੇ ਹਨ ਜਿਸ ਕਰਕੇ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ ਲੋਕਾਂ ਦੇ ਵਿਰੋਧ ਨੂੰ ਦੇਖਦਿਆਂ ਮੁਲਾਜ਼ਮਾਂ ਨੂੰ ਵਾਪਸ ਪਰਤਣਾ ਪਿਆ ।ਬਲਾਕ ਆਗੂ ਬੱਬੂ ਚੱਠਾ ਇਕਾਈ ਖਨੌਰੀ ਦੇ ਪ੍ਰਧਾਨ ਜਗਪਾਲ ਸਿੰਘ ਪਿੰਡ ਠਸਕਾ ਦੇ ਇਕਾਈ ਪ੍ਰਧਾਨ ਤੇਜਿੰਦਰਪਾਲ ਸਿੰਘ ਅਤੇ ਪਿੰਡ ਚੱਠਾ ਗੋਬਿੰਦ ਪੁਰਾ ਤੋਂ ਕਿਸਾਨ ਆਗੂ ਸੁਖਚੈਨ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਨੌਰੀ ਏਰੀਆ ਨੂੰ ਪੈਂਦੇ ਬਿਜਲੀ ਗਰਿੱਡ ਦਾ ਜੋ ਇਸ ਮੌਕੇ ਐਸ ਡੀ ਓ ਤਾਇਨਾਤ ਹੈ ਉਸ ਦਾ ਆਮ ਲੋਕਾਂ ਪ੍ਰਤੀ ਰਵੱਈਆ ਬਹੁਤ ਮਾੜਾ ਹੈ ਕਿਸੇ ਨਾਲ ਵੀ ਵਧੀਆ ਤਰੀਕੇ ਨਾਲ ਗੱਲ ਨਹੀਂ ਕਰਦਾ ਅਤੇਕਿਸਾਨ ਆਗੂਆਂ ਨੇ ਕਿਹਾ ਚਿੱਪ ਵਾਲੇ ਸਮਾਰਟ ਮੀਟਰਾਂ ਦਾ ਸਾਡੀ ਜਥੇਬੰਦੀ ਵੱਲੋਂ ਸ਼ੁਰੂ ਤੋਂ ਵਿਰੋਧ ਕੀਤਾ ਜਾ ਰਿਹਾ ਹੈ ਪਰ ਜੇਕਰ ਕੋਈ ਖਪਤਕਾਰ ਅਪਣੀ ਮਰਜ਼ੀ ਨਾਲ ਲਵਾਉਣਾ ਚਾਹੁੰਦਾ ਹੈ, ਤਾਂ ਸਾਡੇ ਵੱਲੋਂ ਕੋਈ ਵਿਰੋਧ ਨਹੀਂ ਕੀਤਾ ਜਾਂਦਾ ਪਰ ਜ਼ਬਰਦਸਤੀ ਜਾਂ ਪਹਿਲਾਂ ਵਾਲੇ ਸਹੀ ਚੱਲ ਰਹੇ ਮੀਟਰ ਬਿਨਾਂ ਵਜਾ ਤੋਂ ਬਦਲੇ ਤਾਂ ਅਸੀਂ ਇਸ ਦਾ ਵਿਰੋਧ ਕਰਾਂਗੇ ਕਿਉਂਕਿ ਇਹ ਮੀਟਰ ਕਾਰਪੋਰੇਟ ਪੱਖੀ ਹਨ ਤਾਂ ਕਿ ਇਹ ਮੀਟਰ ਲੋਕਾਂ ਦੇ ਘਰਾਂ ਚ ਕਮਪਲੀਟ ਕਰਕੇ ਇਸ ਮਾੜੇ ਮੋਟੇ ਰਹਿੰਦੇ ਅਦਾਰੇ ਨੂੰ ਕਾਰਪੋਰੇਟ ਕੰਪਨੀਆਂ ਦੇ ਹੱਥਾਂ ਵਿੱਚ ਵੇਚ ਦਿੱਤਾ ਜਾ ਸਕੇ ਜੇਕਰ ਇਹ ਅਦਾਰਾ ਪ੍ਰਾਈਵੇਟ ਕੰਪਨੀਆਂ ਕੋਲ ਚਲਾ ਜਾਂਦਾ ਹੈ, ਤਾਂ ਆਮ ਲੋਕਾਂ ਨੂੰ ਫ੍ਰੀ ਤੇ ਸਸਤੀ ਬਿਜਲੀ ਤਾਂ ਮਿਲਣੋਂ ਬੰਦ ਹੋਣੀ ਹੀ ਹੈ ਨਾਲ ਹੀ ਬੇਰੁਜ਼ਗਾਰੀ ਵਿੱਚ ਵੀ ਵੱਡੇ ਪੱਧਰ ਤੇ ਵਾਧਾ ਹੋਵੇਗਾ ਨਾਲ ਹੀ ਕਿਸਾਨ ਆਗੂਆਂ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਅੱਗੇ ਵੀ ਐਸ ਡੀ ਓ ਖਨੌਰੀ ਦਾ ਲੋਕਾਂ ਪ੍ਰਤੀ ਰਵੱਈਆ ਇਹੀ ਰਿਹਾ ਤਾਂ ਜਥੇਬੰਦੀ ਨਾਲ ਵਿਚਾਰ ਮਸ਼ਵਰਾ ਕਰ ਕੇ ਸ਼ੇਰਗੜ੍ਹ ਬਿਜਲੀ ਬੋਰਡ ਵਿੱਚ ਐਸ ਡੀ ਓ ਖ਼ਿਲਾਫ਼ ਧਰਨਾ ਦਿੱਤਾ ਜਾਵੇਗਾ ਇਸ ਮੌਕੇ ਕਿਸਾਨ ਆਗੂ ਬਿੰਦਰ ਸਿੰਘ ਖਨੌਰੀ, ਜਸਵੰਤ ਸਿੰਘ ਠਸਕਾ ਵੀ ਮੌਜੂਦ ਸਨ।

# ਟਿਊਬਵੈੱਲ, ਟੈਂਕੀ ਅਤੇ ਵਾਟਰ ਸਪਲਾਈ ਪ੍ਰੋਜੈਕਟ 'ਤੇ ਖਰਚੇ ਜਾਣਗੇ 3.91 ਕਰੋੜ; 600 ਘਰਾਂ ਨੂੰ ਹੋਵੇਗਾ ਲਾਭ : ਅਮਨ ਅਰੋੜਾ



ਲੌਂਗੋਵਾਲ,22 ਜੂਨ ( ਭਗਵੰਤ ਸ਼ਰਮਾ ): ਲੌਂਗੋਵਾਲ ਵਿਖੇ ਪੀਣ ਵਾਲੇ ਪਾਣੀ ਦੀ ਸਮੱਸਿਆ ਦੇ ਪੱਕੇ ਹੱਲ ਲਈ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਗਾਹੂ ਪੱਤੀ, ਲੌਂਗੋਵਾਲ ਵਿਖੇ ਕਰੀਬ 03.91 ਕਰੋੜ ਰੁਪਏ ਦੀ ਲਾਗਤ ਵਾਲੇ ਟਿਊਬਵੈੱਲ, ਟੈਂਕੀ ਅਤੇ ਵਾਟਰ ਸਪਲਾਈ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ, ਜਿਸ ਤਹਿਤ 03 ਕਿਲੋਮੀਟਰ ਲੰਬੀ ਪਾਈਪ ਲਾਈਨ ਪਾਈ ਜਾਣੀ ਹੈ ਅਤੇ ਇਸ ਨਾਲ 600 ਘਰਾਂ ਨੂੰ ਪਾਣੀ ਪੁੱਜੇਗਾ। ਇਸ ਮੌਕੇ ਉਹਨਾਂ ਨੇ ਬੱਸ ਅੱਡਾ, ਲੌਂਗੋਵਾਲ ਨੇੜੇ ਕਰੀਬ 01 ਕਰੋੜ 48 ਲੱਖ ਰੁਪਏ ਦੀ ਲਾਗਤ ਨਾਲ 800 ਸਟਰੀਟ ਲਾਈਟਾਂ ਲਾਉਣ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਵੀ ਰੱਖਿਆ। ਨੀਂਹ ਪੱਥਰ ਰੱਖਣ ਸਬੰਧੀ ਰੱਖੇ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ਼੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਚਨਬੱਧ ਹੈ ਤੇ ਮੁਸ਼ਕਲਾਂ ਦੇ ਹੱਲ ਸਬੰਧੀ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਸੇ ਲੜੀ ਤਹਿਤ ਇਹ ਪ੍ਰੋਜੈਕਟ ਲਿਆਂਦੇ ਗਏ ਹਨ, ਜਿਨ੍ਹਾਂ ਨੂੰ ਕਿ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ ਤੇ ਪ੍ਰੋਜੈਕਟਾਂ ਦੇ ਮਿਆਰ ਬਾਬਤ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਜਦੋਂ ਕਰਨ ਵਾਲਿਆਂ ਦੀ ਨੀਅਤ ਸਾਫ ਹੋਵੇ ਤਾਂ ਕਿਸੇ ਵੀ ਕੰਮ ਵਿੱਚ ਅੜਿੱਕਾ ਨਹੀਂ ਲਗਦਾ ਤੇ ਸਾਰੇ ਕਾਰਜ ਬਹੁਤ ਵਧੀਆ ਢੰਗ ਨਾਲ ਸਿਰੇ ਚੜ੍ਹਦੇ ਹਨ। ਪੰਜਾਬ ਸਰਕਾਰ ਵੀ ਨੇਕ ਨੀਅਤ ਨਾਲ ਦਿਨ ਰਾਤ ਇੱਕ ਕਰ ਕੇ ਪੰਜਾਬ ਦੀ ਤਰੱਕੀ ਲਈ ਕੰਮ ਕਰ ਰਹੀ ਹੈ। ਮੌਜੂਦਾ ਸੂਬਾ ਸਰਕਾਰ ਵੱਲੋਂ ਜਿੰਨੇ ਕੰਮ ਆਪਣੇ ਹੁਣ ਤਕ ਦੇ ਕਾਰਜਕਾਲ ਦੌਰਾਨ ਕਰ ਦਿੱਤੇ ਗਏ ਹਨ, ਓਨੇ ਕਾਰਜ ਤਾਂ ਹੁਣ ਤਕ ਦੀਆਂ ਸਾਰੀਆਂ ਸਰਕਾਰਾਂ ਨਹੀਂ ਕਰ ਸਕੀਆਂ ਸਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹਨਾਂ ਪ੍ਰੋਜੈਕਟਾਂ ਦੀ ਮੰਗ ਲੌਂਗੋਵਾਲ ਵਾਸੀਆਂ ਵੱਲੋਂ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਸੀ ਤੇ ਅੱਜ ਇਥੋਂ ਦੇ ਲੋਕਾਂ ਦੀ ਚਿਰਕੋਣੀ ਮੰਗ ਪੂਰੀ ਹੋਣ ਜਾ ਰਹੀ ਹੈ। ਉਹਨਾਂ ਕਿਹਾ ਕਿ ਜਿੰਨਾ ਵਿਕਾਸ ਵਿਧਾਨ ਸਭਾ ਹਲਕਾ ਸੁਨਾਮ ਵਿਖੇ ਹੋ ਰਿਹਾ ਹੈ, ਉਹ ਪੂਰੇ ਸੂਬੇ ਲਈ ਮਿਸਾਲ ਬਣਿਆ ਹੋਇਆ ਹੈ। ਕੈਬਨਿਟ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਿਰਮਾਣ ਕਾਰਜਾਂ ਦੀ ਖੁਦ ਨਿਗਰਾਨੀ ਕਰਨ ਅਤੇ ਜੇਕਰ ਕਿਤੇ ਕੋਈ ਤਰੁਟੀ ਲਗਦੀ ਹੈ ਤਾਂ ਫੌਰੀ ਉਹਨਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ। ਉਹਨਾਂ ਨੇ ਭਰੋਸਾ ਦਿਵਾਇਆ ਕਿ ਇਹ ਪ੍ਰੋਜੈਕਟ ਤੈਅ ਸਮੇਂ ਵਿੱਚ ਪੂਰੇ ਕਰ ਕੇ ਲੋਕ ਅਰਪਿਤ ਕੀਤੇ ਜਾਣਗੇ। ਉਹਨਾਂ ਆਖਿਆ ਕਿ ਪੰਜਾਬ ਸਰਕਾਰ ਨੇ ਅਪਣੇ ਹੁਣ ਤਕ ਦੇ ਕਾਰਜ ਕਾਲ ਦੌਰਾਨ ਮਿਸਾਲੀ ਕੰਮ ਕੀਤਾ ਹੈ ਤੇ ਅੱਗੇ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾ ਰਹੀ ਹੈ। ਸ਼੍ਰੀ ਅਰੋੜਾ ਨੇ ਇਹ ਵੀ ਕਿਹਾ ਕਿ ਤਰਕਸੰਗਤ ਢੰਗ ਨਾਲ ਲੋੜ ਮੁਤਾਬਕ ਲਾਈਟਾਂ ਲਾਈਆਂ ਜਾਣ। ਸਾਂਝੀਆਂ ਥਾਵਾਂ ਉੱਤੇ ਲਾਈਟਾਂ ਲਾਉਣ ਨੂੰ ਤਰਜੀਹ ਦਿੱਤੀ ਜਾਵੇ। ਉਹਨਾਂ ਇਹ ਵੀ ਕਿਹਾ ਕਿ ਜਲਦ ਹੀ ਪਿੰਡੀਆਂ ਵਿਖੇ ਵੀ ਵਿਕਾਸ ਕਾਰਜ ਵੱਡੇ ਪੱਧਰ ਉੱਤੇ ਕਰਵਾਏ ਜਾਣਗੇ। ਇਸ ਮੌਕੇ ਕੈਬਨਿਟ ਮੰਤਰੀ ਨੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਤੇ ਉਹਨਾਂ ਵਿੱਚੋਂ ਕਈ ਮੌਕੇ ਉੱਤੇ ਹੀ ਹੱਲ ਕੀਤੀਆਂ ਤੇ ਬਾਕੀਆਂ ਸਬੰਧੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਇਸ ਮੌਕੇ ਪਰਮਿੰਦਰ ਕੌਰ ਬਰਾੜ ਪ੍ਰਧਾਨ, ਜਸਪ੍ਰੀਤ ਕੌਰ ਸੀਨੀਅਰ ਮੀਤ ਪ੍ਰਧਾਨ, ਸੁਸ਼ਮਾ ਰਾਣੀ ਮੀਤ ਪ੍ਰਧਾਨ, ਮੇਲਾ ਸਿੰਘ ਐਮ.ਸੀ., ਗੁਰਮੀਤ ਫੌਜੀ ਐਮ.ਸੀ., ਗੀਨਾ ਰਾਣੀ ਐਮ.ਸੀ., ਬਲਵਿੰਦਰ ਸਿੰਘ ਐਮ.ਸੀ., ਬਲਵਿੰਦਰ ਸਿੰਘ, ਰਾਜ ਸਿੰਘ, ਸ਼ੀਸ਼ਨ ਪਾਲ, ਕਮਲ ਬਰਾੜ, ਸ਼ਿਪੀ ਧੀਮਾਨ, ਭੀਮ ਬਾਵਾ ਸਰਪੰਚ, ਗੁਰਜੰਟ ਖਾਨ, ਸੁਖਪਾਲ ਬਾਜਵਾ, ਈ.ਓ. ਬਾਲ ਕ੍ਰਿਸ਼ਨ, ਐਸ.ਡੀ.ਓ. ਸੀਵਰੇਜ ਬੋਰਡ ਹਾਜ਼ਰ ਸਨ।

# ਸ਼ਹਿਰ 'ਚ ਵਾਟਰ ਸਪਲਾਈ ਪਾਈਪ ਲਾਈਨ ਪਾਉਣ ਦਾ ਕੰਮ ਸ਼ੁਰੂ : ਵਿਧਾਇਕ ਉੱਗੋਕੇ



ਤਪਾ ਮੰਡੀ, 22 ਜੂਨ (ਭੂਸ਼ਨ ਘੜੈਲਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਸਾਰੇ ਵਰਗਾਂ ਨੂੰ ਸਹੂਲਤਾਂ ਮੁੱਹਈਆ ਕਰਵਾਇਆ ਜਾ ਰਹੀਆਂ ਹਨ। ਇਹ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉੱਗੋਕੇ ਨੇ ਤਪਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਉਨ੍ਹਾਂ ਨੇ ਕਿਹਾ ਕਿ ਚੋਣਾਂ ਸਮੇਂ ਵਿਧਾਨ ਸਭਾ ਹਲਕਾ ਭਦੌੜ ਦੇ ਲੋਕਾਂ ਨਾਲ ਜੋ ਕਿ ਵਾਅਦੇ ਕੀਤੇ ਸਨ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਹਰ ਸਮੇਂ ਹਲਕਾ ਭਦੌੜ ਦੇ ਵਾਸੀਆਂ ਦੇ ਸਹਿਯੋਗ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਤਪਾ ਸ਼ਹਿਰ ਦੇ ਲੋਕਾਂ ਤੇ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕਮੀਂ ਨੂੰ ਪੂਰਾ ਕੀਤਾ ਜਾ ਰਿਹਾ ਹੈ, ਕਿਉਂਕਿ ਸ਼ਹਿਰ ਅੰਦਰ ਲੱਖਾ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਦੀ ਪਾਇਪ ਲਾਇਨ ਦਾ ਕੰਮ ਸ਼ੁਰੂ ਹੋ ਚੁੱਕਿਆ ਸ਼ਹਿਰ ਦੇ ਸਾਰੇ ਵਾਰਡਾਂ 15 ਵਿੱਚ ਵਾਟਰ ਸਪਲਾਈ ਦੀ ਪਾਇਪ ਪੈ ਰਹੀ ਹੈ। ਉਹਨਾਂ ਨੇ ਕਿਹਾ ਸ਼ਹਿਰ ਦੇ ਕੌਂਸਲਰਾ ਅਤੇ ਨਗਰ ਕੌਂਸਲ ਤਪਾ ਦੀ ਪ੍ਰਧਾਨ ਡਾਕਟਰ ਸੋਨਿਕਾ ਬਾਂਸਲ ਅਤੇ ਮੀਤ ਪ੍ਰਧਾਨ ਰਿਸ਼ੂ ਰਾਣੀ ਦੇ ਸਹਿਯੋਗ ਨਾਲ ਸ਼ਹਿਰ ਤਪਾ ਵਿੱਚ ਕੈਮਰੇ ਲਗਾਏ ਜਾ ਰਹੇ ਹਨ ਅਤੇ ਕੈਮਰੇ ਲੱਗਣ ਨਾਲ ਲੋਕ ਸੁਰੱਖਿਤ ਹੋਣਗੇ ਅਤੇ ਪੁਲਿਸ ਦੀ ਨਿਗਰਾਨੀ ਹੇਠ ਹੋਣਗੇ । ਇਸ ਮੌਕੇ ਤੇ ਨਗਰ ਕੌਂਸਲ ਤਪਾ ਦੀ ਪ੍ਰਧਾਨ ਡਾਕਟਰ ਸੋਨਿਕਾ ਬਾਂਸਲ ਦੇ ਪਤੀ ਸਮਾਜ ਸੇਵੀ ਡਾਕਟਰ ਬਾਲ ਚੰਦ ਬਾਂਸਲ, ਮੀਤ ਪ੍ਰਧਾਨ ਰਿਸ਼ੂ ਰਾਣੀ ਦੇ ਪਤੀ ਸਮਾਜ ਸੇਵੀ ਅਰਵਿੰਦ ਰੰਗੀ, ਸਮਾਜ ਸੇਵੀ ਦੀਪਕ ਗੱਗ, ਕੌਂਸਲਰ ਰਣਜੀਤ ਸਿੰਘ ਲਾਡੀ, ਅਸ਼ੋਕ ਕੁਮਾਰ ਮਿੱਤਲ,ਰਮੇਸ ਕੁਮਾਰ ਮਿੱਤਲ, ਹਰਦੀਪ ਸਿੰਘ,ਧਰਮਪਾਲ ਬਾਂਸਲ , ਨਿੱਜੀ ਸਹਾਇਕ ਹੈਰੀ ਧੂਰਕੋਟ, ਪ੍ਰਧਾਨ ਜਸਵਿੰਦਰ ਸਿੰਘ ਚੱਠਾ, ਪ੍ਰਧਾਨ ਗੁਰਤੇਜ ਸਿੰਘ ਧਾਲੀਵਾਲ, ਰਾਜੂ ਮਾਰਕੰਡਾ,ਭੁਪਿੰਦਰ ਸਿੰਘ ਆਦਿ ਸਨ।

# ਜ਼ਿਲ੍ਹਾ ਪ੍ਰਧਾਨ ਭੰਗੂ ਦਾ ਪ੍ਰਧਾਨ ਮਨੀਸ਼ ਗਰਗ ਦੀ ਟੀਮ ਨੇ ਕੀਤਾ ਸਨਮਾਨ



ਭਦੌੜ 22 ਜੂਨ ( ਸੁਖਵਿੰਦਰ ਪਲਾਹਾ):ਆਮ ਆਦਮੀ ਪਾਰਟੀ ਵੱਲੋਂ ਬਰਨਾਲਾ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਪਰਮਿੰਦਰ ਸਿੰਘ ਭੰਗੂ ਦਾ ਨਗਰ ਕੌਂਸਲ ਦੇ ਪ੍ਰਧਾਨ ਮਨੀਸ਼ ਗਰਗ ਦੀ ਟੀਮ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜਿਲ੍ਹਾ ਪ੍ਰਧਾਨ ਭੰਗੂ ਚੇਅਰਮੈਨ ਮਾਰਕੀਟ ਕਮੇਟੀ ਬਰਨਾਲਾ ਨੇ ਭਦੌੜ ਨਗਰ ਕੌਂਸਲ ਦੇ ਪ੍ਰਧਾਨ ਮਨੀਸ਼ ਗਰਗ ਅਤੇ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰਾਂ ਨੂੰ ਜਿਥੇ ਜੀਓ ਆਇਆਂ ਕਿਹਾ, ਉਥੇ ਹੀ ਉਨ੍ਹਾਂ ਵੱਲੋਂ ਦਿੱਤੇ ਮਾਣ ਸਨਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਦੀ ਤਰ੍ਹਾਂ ਹੀ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰਾਂ ਦਾ ਤਿੰਨੇ ਵਿਧਾਨ ਸਭਾ ਹਲਕਿਆਂ 'ਚ ਮਾਣ ਸਨਮਾਨ ਬਹਾਲ ਰੱਖਣਗੇ। ਆਉਣ ਵਾਲੇ ਦਿਨਾਂ 'ਚ ਆਮ ਆਦਮੀ ਪਾਰਟੀ ਜਿਲ੍ਹਾ ਬਰਨਾਲਾ ਦਾ ਜਿਥੇ ਵਿਸਥਾਰ ਕੀਤਾ ਜਾਵੇਗਾ, ਉਥੇ ਹੀ ਪਾਰਟੀ ਨੂੰ ਸਮਰਪਿਤ ਆਗੂ ਅਤੇ ਵਰਕਰਾਂ ਨੂੰ ਢੁਕਵੇਂ ਅਹੁਦੇ ਦਿੱਤੇ ਜਾਣਗੇ। ਪ੍ਰਧਾਨ ਭੰਗੂ ਨੇ ਕਿਹਾ ਕਿ ਉਹ ਮੁਢੋਂ ਹੀ ਪਾਰਟੀ ਨਾਲ ਇਕ ਆਮ ਵਰਕਰ ਵਾਂਗ ਮਿਹਨਤ ਕਰਦੇ ਆ ਰਹੇ ਹਨ, ਉਨ੍ਹਾਂ ਨੇ ਕਦੇ ਵੀ ਪਾਰਟੀ ਤੋਂ ਕੋਈ ਅਹੁਦਾ ਨਹੀਂ ਮੰਗਿਆ, ਸਗੋਂ ਹਰ ਚੋਣ 'ਚ ਉਮੀਦਵਾਰ ਦੀ ਜਿੱਤ ਯਕੀਨੀ ਬਣਾਉਣ ਲਈ ਬਹੁਤ ਵੱਡੀ ਜਿੰਮੇਵਾਰੀ ਨਿਭਾਈ ਹੈ। ਪਾਰਟੀ ਦੀ ਹਾਈਕਮਾਂਡ ਨੇ ਉਨ੍ਹਾਂ ਦੀ ਮਿਹਨਤ ਸਦਕਾ ਜਿਥੇ ਪਹਿਲਾਂ ਮਾਰਕੀਟ ਕਮੇਟੀ ਬਰਨਾਲਾ ਦਾ ਚੇਅਰਮੈਨ ਨਿਯੁਕਤ ਕੀਤਾ ਸੀ, ਉਥੇ ਹੀ ਕੁਝ ਮਹੀਨਿਆਂ ਬਾਅਦ ਪਾਰਟੀ ਨੇ ਜਥੇਬੰਦਕ ਢਾਂਚੇ 'ਚ ਵੱਡੀ ਜਿੰਮੇਵਾਰੀ ਦੇ ਕੇ ਜਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਹੈ। ਜਿਸਦੇ ਤਹਿਤ ਉਹ ਪਾਰਲੀਮੈਂਟ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦਾ ਧੰਨਵਾਦ ਕਰਦੇ ਹਨ, ਉਥੇ ਹੀ ਪਾਰਟੀ ਦੇ ਕੌਮੀ ਪ੍ਰਧਾਨ ਤੇ ਪੰਜਾਬ ਦੇ ਮੁੱਖ ਮੰਤਰੀ ਦਾ ਵੀ ਤਹਿ ਦਿਲੋਂ ਧੰਨਵਾਦੀ ਹਨ। ਇਸ ਸਨਮਾਨ ਸਮਾਗਮ 'ਚ ਹਾਜ਼ਰੀਨਾਂ ਨੂੰ ਸੰਬੋਧਨ ਹੁੰਦਿਆਂ ਪ੍ਰਧਾਨ ਮਨੀਸ਼ ਕੁਮਾਰ ਗਰਗ ਨੇ ਜ਼ਿਲ੍ਹਾ ਪ੍ਰਧਾਨ ਭੰਗੂ ਨੂੰ ਬੁੱਕੇ ਦੇ ਕੇ ਸਨਮਾਨਿਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਦਾ ਮਨੋਬਲ ਵਧਿਆ ਹੈ। ਹਰ ਸਮੇਂ ਹਰ ਦਿਨ ਲੋਕ ਸੇਵਾ ਨੂੰ ਸਮਰਪਿਤ ਪਰਮਿੰਦਰ ਭੰਗੂ ਹਮੇਸ਼ਾ ਆਪ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੇ ਮੋਢੇ ਨਾਲ ਮੋਢਾ ਜੋੜਕੇ ਦੁੱਖ ਸੁੱਖ 'ਚ ਖੜਦੇ ਹਨ। ਇਸ ਮੌਕੇ ਮਾਤਾ ਜਸਵੰਤ ਕੌਰ ਜਿਲ੍ਹਾ ਪ੍ਰਧਾਨ ਮਹਿਲਾ ਵਿੰਗ ਆਮ ਆਦਮੀ ਪਾਰਟੀ, ਹੇਮਰਾਜ ਸ਼ਰਮਾ ਸ਼ਹਿਰੀ ਪ੍ਰਧਾਨ, ਡਾ.ਸੁਖਵਿੰਦਰ ਸਿੰਘ ਸੋਨੂੰ ਸੀਨੀਅਰ ਆਪ ਆਗੂ, ਮੁਸਲਿਮ ਵਿੰਗ, ਅਸ਼ੋਕ ਰਾਮ ਮੀਤ ਪ੍ਰਧਾਨ ਨਗਰ ਕੌਂਸਲ ਭਦੌੜ, ਅਮਰਜੀਤ ਸਿੰਘ ਕੌਂਸਲਰ ਭਦੌੜ, ਡਾ. ਬਲਵੀਰ ਸਿੰਘ ਠੱਡੂ ਕੌਂਸਲਰ ਭਦੌੜ, ਲਾਭ ਸਿੰਘ ਕੌਂਸਲਰ ਭਦੌੜ, ਸਰਪੰਚ ਰੇਸ਼ਮ ਸਿੰਘ ਜੰਗੀਆਣਾ, ਪੰਚ ਜੋਗਾ ਸਿੰਘ ਅਲਕੜਾ, ਤੀਰਥ ਸਿੰਘ ਤਲਵੰਡੀ ਬਲਾਕ ਸਭਾ ਮੈਂਬਰ, ਜੋਗਿੰਦਰ ਸਿੰਘ ਮਠਾੜੂ ਦੀਪਗੜ੍ਹ ਸੀਨੀਅਰ ਆਗੂ ਆਮ ਆਦਮੀ ਪਾਰਟੀ ਤੋਂ ਇਲਾਵਾ ਭੁਲਿੰਦਰ ਸਿੰਘ, ਹਰਪ੍ਰੀਤ ਸਿੰਘ, ਹਰਸਨੀਤ ਸਿੰਘ, ਹੈਪੀ ਸਿੰਘ ਆਦਿ ਆਪ ਆਗੂ ਤੇ ਵਰਕਰ ਹਾਜਰ ਸਨ।

# ਪੁਲਿਸ ਦੀ ਵੱਡੀ ਕਾਰਵਾਈ: 25 ਨਸ਼ਾ ਤਸਕਰ ਕਾਬੂ, ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਬਰਾਮਦ

ਬਠਿੰਡਾ, 22 ਜੂਨ (ਦੀਪਕ ਸ਼ਰਮਾ) ਜ਼ਿਲ੍ਹਾ ਪੁਲਿਸ ਨੇ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਮੁਹਿੰਮ ਤਹਿਤ ਵੱਖ-ਵੱਖ ਥਾਵਾਂ ਤੋਂ 25 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਹੈਰੋਇਨ, ਨਸ਼ੀਲੀਆਂ ਗੋਲੀਆਂ, ਸ਼ਰਾਬ ਅਤੇ ਲਾਹਣ ਆਦਿ ਬਰਾਮਦ ਕੀਤਾ ਹੈ। ਫੜੇ ਗਏ ਸਾਰੇ ਮੁਲਜ਼ਮਾਂ ਖ਼ਿਲਾਫ਼ ਸਬੰਧਤ ਥਾਣਿਆਂ ਵਿੱਚ ਨਸ਼ਾ ਵਿਰੋਧੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਪੁਲਿਸ ਵਿਭਾਗ ਵੱਲੋਂ ਮੁਹਈਆ ਕਰਵਾਈ ਗਈ ਜਾਣਕਾਰੀ ਅਨੁਸਾਰ ਥਾਣਾ ਕੋਤਵਾਲੀ ਪੁਲਿਸ ਨੇ ਸਰਹਿੰਦ ਨਹਿਰ ਨੇੜਿਓਂ ਪਿੰਡ ਪਥਰਾਲਾ ਦੇ ਵਸਨੀਕ ਸੰਦੀਪ ਸਿੰਘ, ਬਸੰਤ ਵਿਹਾਰ ਬਠਿੰਡਾ ਦੇ ਵਸਨੀਕ ਲਵਲੀ ਕੁਮਾਰ, ਨਵੀਂ ਬਸਤੀ ਬਠਿੰਡਾ ਦੇ ਵਸਨੀਕ ਸੁਖਪ੍ਰੀਤ ਸਿੰਘ ਨੂੰ 70 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ। ਥਾਣਾ ਸਿਵਲ ਲਾਈਨ ਪੁਲਿਸ ਨੇ ਸਥਾਨਕ ਜਲੇਬੀ ਵਾਲਾ ਚੌਂਕ ਤੋਂ ਚੰਦਸਰ ਬਸਤੀ ਦੇ ਵਸਨੀਕ ਗੌਰਵ ਕੁਮਾਰ, ਆਵਾ ਬਸਤੀ ਬਠਿੰਡਾ ਦੇ ਵਸਨੀਕ ਕੇਸ਼ਵ ਕੁਮਾਰ ਨੂੰ 30.63 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ।ਉੱਥੇ ਹੀ, ਥਾਣਾ ਕੈਨਾਲ ਕਲੋਨੀ ਪੁਲਿਸ ਨੇ ਪਿੰਡ ਬਹਮਣ ਦੀਵਾਨਾ ਪੁਲ ਨੇੜਿਓਂ ਪਰਸਰਾਮ ਨਗਰ ਦੇ ਵਸਨੀਕ ਬੂਟਾ ਸਿੰਘ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ। ਥਾਣਾ ਥਰਮਲ ਪੁਲਿਸ ਨੇ ਖੇਤਾ ਸਿੰਘ ਬਸਤੀ ਤੋਂ ਥਾਰ ਗੱਡੀ ਚ ਸਵਾਰ ਪਿੰਡ ਕੋਟਫੱਤਾ ਦੇ ਵਸਨੀਕ ਮਨਪ੍ਰੀਤ ਸਿੰਘ ਨੂੰ 3.30 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਥਾਣਾ ਕੈਂਟ ਪੁਲਿਸ ਨੇ ਪਿੰਡ ਗੋਬਿੰਦਪੁਰਾ ਦੇ ਵਸਨੀਕ ਜੋਗਰਾਜ ਸਿੰਘ ਅਤੇ ਜਸਵਿੰਦਰ ਸਿੰਘ ਨੂੰ 5.25 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ।ਥਾਣਾ ਨਥਾਣਾ ਪੁਲਿਸ ਨੇ ਪਿੰਡ ਕਲਿਆਣ ਸੁੱਖਾ ਤੋਂ ਜਰਨੈਲ ਸਿੰਘ ਨੂੰ 30 ਲੀਟਰ ਲਾਹਣ ਸਮੇਤ ਗ੍ਰਿਫਤਾਰ ਕੀਤਾ। ਉੱਥੇ ਹੀ, ਥਾਣਾ ਨਥਾਣਾ ਪੁਲਿਸ ਨੇ ਪਿੰਡ ਪੂਹਲੀ ਦੇ ਵਸਨੀਕ ਰਵੀ ਸਿੰਘ ਅਤੇ ਅਰਜੁਨ ਸਿੰਘ ਨੂੰ 26 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ।



# ਪਟਿਆਲਾ-ਆਸ/ਪਾਸ



# ਖ਼ਾਲਸਾ ਕਾਲਜ ਪਟਿਆਲਾ ਨੌਜਵਾਨਾਂ ਲਈ ਬਣਿਆ ਚਾਨਣ ਮੁਨਾਰਾ

## 1960 'ਚ ਪੰਜ ਕਮਰਿਆਂ ਨਾਲ ਹੋਈ ਸੀ ਸ਼ੁਰੂਆਤ



ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਊਭਾ




ਪਟਿਆਲਾ, 22 ਜੂਨ (ਰੁਪਾਣਾ): ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ ਪੰਜਾਬ ਦੀਆਂ ਉਚੇਰੀ ਸਿੱਖਿਆ ਵਾਲੀਆਂ ਵਿੱਦਿਅਕ ਸੰਸਥਾਵਾਂ 'ਚ ਮੋਹਰੀ ਸਥਾਨ 'ਤੇ ਆਉਣ ਵਾਲੀਆਂ ਸੰਸਥਾਵਾਂ 'ਚ ਸ਼ੁਮਾਰ ਹੈ। ਇੱਥੇ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਜੋ ਉਨ੍ਹਾਂ ਦੀ ਸਰਬਪੱਖੀ ਸ਼ਖ਼ਸੀਅਤ ਉਸਾਰੀ ਲਈ ਬਹੁਮੁੱਲਾ ਯੋਗਦਾਨ ਦਿੰਦੀ ਹੈ। ਇਹ ਸੰਸਥਾ ਆਪਣੇ ਟੀਚੇ 'ਸੰਪੂਰਨਤਾ ਲਈ ਯਤਨ ਤੇ ਸਰਬੋਤਮਤਾ ਦੀ ਪ੍ਰਾਪਤੀ' ਪ੍ਰਤੀ ਲਗਾਤਾਰ ਯਤਨਸ਼ੀਲ ਹੈ। ਸੰਸਥਾ ਲਈ ਇਹ ਮਾਣ ਵਾਲੀ ਗੱਲ ਹੈ ਕਿ ਰਾਸ਼ਟਰੀ ਪੱਧਰ 'ਤੇ ਸੰਸਥਾਵਾਂ ਦੀ ਦਰਜਾਬੰਦੀ ਕਰਨ ਵਾਲੀ ਕੌਂਸਲ ਨੈਕ ਵੱਲੋਂ ਕਾਲਜ ਨੂੰ ਅਕਾਦਮਿਕ, ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ ਦੀਆਂ ਬੇਮਿਸਾਲ ਪ੍ਰਾਪਤੀਆਂ ਸਦਕਾ ਰੀ-ਐਕਰੀਡੇਸ਼ਨ ਵਿਚ ਮੁੜ ਜੂਨ 2022 ਵਿਚ 'ਏ' ਗ੍ਰੇਡ (3.18 ਸੀਜੀਪੀਏ) ਪ੍ਰਦਾਨ ਕੀਤਾ ਗਿਆ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ 2016 ਵਿਚ ਕਾਲਜ ਨੂੰ 'ਕਾਲਜ ਵਿਦ ਪੋਟੈਂਸ਼ੀਅਲ ਫ਼ਾਰ ਐਕਸੀਲੈਂਸ' ਅਤੇ 'ਆਟੋਨੌਮਸ ਸਟੇਟਸ' ਦਾ ਦਰਜਾ ਦਿੱਤਾ ਗਿਆ ਹੈ। ਸਾਲ 2020 ਵਿਚ ਕਾਲਜ ਨੂੰ ਡੀਬੀਟੀ, ਭਾਰਤ ਸਰਕਾਰ ਵੱਲੋਂ ਸਟਾਰ ਸਟੇਟਸ ਸਕੀਮ ਲਈ ਚੁਣਿਆ ਗਿਆ। ਇਸਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ ਹੋਣ ਕਰਕੇ ਨੰਬਰ ਬਿਓਰਾ ਕਾਰਡ ਤੇ ਡਿਗਰੀਆਂ ਯੂਨੀਵਰਸਿਟੀ ਵੱਲੋਂ ਹੀ ਦਿੱਤੀਆਂ ਜਾ ਰਹੀਆਂ ਹਨ। ਖਾਲਸਾ ਕਾਲਜ ਦੀ 1960 'ਚ ਪੰਜ ਕਮਰਿਆਂ ਨਾਲ ਹੋਈ ਸ਼ੁਰੂਆਤ ਪਦਮਸ਼੍ਰੀ ਡਾ. ਖੁਸ਼ਦੇਵਾ ਸਿੰਘ ਅਤੇ ਮਸ਼ਹੂਰ ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਅਣਥੱਕ ਯਤਨਾਂ ਸਦਕਾ 1960 'ਚ ਗੁਰਦੁਆਰਾ ਦੂਖਨਿਵਾਰਨ ਸਾਹਿਬ ਦੇ ਪੰਜ ਕਮਰਿਆਂ 'ਚ 35 ਵਿਦਿਆਰਥੀਆਂ ਨਾਲ ਹੋਈ। ਕਾਲਜ ਨੂੰ ਮੌਜੂਦਾ ਸਥਾਨ 'ਤੇ 1973 'ਚ ਗੁਰਦੁਆਰਾ ਸਾਹਿਬ ਤੋਂ ਤਬਦੀਲ ਕਰ ਦਿੱਤਾ ਗਿਆ ਤੇ ਇਸਦੀ ਨੀਂਹ ਤਤਕਾਲੀ ਮੁੱਖ ਮੰਤਰੀ ਪੰਜਾਬ ਵੱਲੋਂ ਰੱਖੀ ਗਈ। 1991 ਵਿਚ ਇਹ ਕਾਲਜ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧਾਂ ਅਧੀਨ ਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਯੋਗ ਸਰਪ੍ਰਸਤੀ ਅਧੀਨ ਕਾਲਜ ਲਗਾਤਾਰ ਵਿਕਾਸ ਦੀਆਂ ਸਿਖ਼ਰਾਂ ਛੂਹ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਕਾਲਜ ਨਿੱਤ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ। ਸੁਖਮਿੰਦਰ ਸਿੰਘ ਸਿੱਖਿਆ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਕਾਲਜ ਦੀ ਰਹਿਨੁਮਾਈ ਕਰਨ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਕਾਲਜ ਦਾ ਕੈਂਪਸ ਬਡੂੰਗਰ ਰੋਡ ਪਟਿਆਲਾ ਦੀ 20.5 ਏਕੜ ਦੀ ਸ਼ਹਿਰੀ ਜ਼ਮੀਨ ਤੇ 18.5 ਏਕੜ ਧਬਲਾਨ ਪਿੰਡ ਤੇ 36 ਏਕੜ ਬਹਾਦਰਗੜ੍ਹ ਦੀ ਜ਼ਮੀਨ ਦੇ ਸ਼ਾਂਤਮਈ ਰਮਣੀਕ ਚੌਗਿਰਦੇ 'ਚ ਬਣਿਆ ਹੋਇਆ ਹੈ। ਮੌਜੂਦਾ ਸੈਸ਼ਨ ਦੌਰਾਨ ਕਾਲਜ 'ਚ 8200 ਵਿਦਿਆਰਥੀ ਵੱਖ-ਵੱਖ ਕੋਰਸਾਂ ਵਿਚ ਵਿੱਦਿਆ ਹਾਸਲ ਕਰ ਰਹੇ ਹਨ। ਵਿਦਿਆਰਥੀਆਂ ਦੀ ਰਹਿਨੁਮਾਈ ਲਈ 200 ਤੋਂ ਵੱਧ ਸਟਾਫ਼ ਮੈਂਬਰਾਂ ਦੀ ਟੀਮ ਕਾਰਜਸ਼ੀਲ ਹੈ। ਕਾਲਜ ਕੈਂਪਸ ਆਪਣੀਆਂ ਅਤਿ-ਆਧੁਨਿਕ ਸਹੂਲਤਾਂ ਜਿਵੇਂ ਕਿ ਆਨਲਾਈਨ ਲਾਇਬ੍ਰੇਰੀ, ਸਮਾਰਟ ਕਲਾਸ ਰੂਮ, ਆਧੁਨਿਕ ਵਿਗਿਆਨਕ ਪ੍ਰਯੋਗਸ਼ਾਲਾਵਾਂ, ਨਵੀਂ ਤਕਨਾਲੋਜੀ ਵਾਲਾ ਜਿਮਨੇਜ਼ੀਅਮ ਹਾਲ, ਖੇਡ ਮੈਦਾਨ ਅਤੇ ਵਾਈ-ਫ਼ਾਈ ਦੀ ਸਹੂਲਤ ਕਰਕੇ ਆਪਣੀ ਵਿਸ਼ੇਸ਼ ਪਛਾਣ ਰੱਖਦਾ ਹੈ। ਸੰਸਥਾ ਕੋਲ ਲੜਕੀਆਂ ਦੀ ਸਹੂਲਤ ਲਈ ਮਾਤਾ ਗੁਜਰੀ ਗਰਲਜ਼ ਹੋਸਟਲ ਵੀ ਹੈ, ਜਿਸ ਵਿਚ ਦੂਰੋਂ ਆਉਣ ਵਾਲੀਆਂ ਲਗਭਗ 350 ਲੜਕੀਆਂ ਦੇ ਰਹਿਣ ਦੀ ਸਹੂਲਤ ਹੈ।

ਮੌਜੂਦਾ ਸਮੇਂ ਵਿਚ ਕਾਲਜ ਵਿਚ ਆਰਟਸ, ਸਾਇੰਸ, ਕੰਪਿਊਟਰ ਸਾਇੰਸ, ਖੇਤੀਬਾੜੀ (ਪੰਜਾਬ ਸਟੇਟ ਕੌਂਸਿਲ ਫ਼ਾਰ ਐਗ੍ਰੀਕਲਚਰਲ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ), ਫੂਡ ਪ੍ਰੋਸੈਸਿੰਗ ਅਤੇ ਕਾਮਰਸ ਐਂਡ ਮੈਨੇਜਮੈਂਟ ਅਨੁਸ਼ਾਸਨਾਂ ਵਿਚ ਵੱਖ-ਵੱਖ ਕੋਰਸ ਚਲ ਰਹੇ ਹਨ। ਸੰਸਥਾ ਮੌਲਿਕ ਖੋਜ ਦੀ ਲੋੜ ਪ੍ਰਤੀ ਸੰਵੇਦਨਸ਼ੀਲ ਹੈ ਅਤੇ ਇਸ ਮੰਤਵ ਲਈ ਕੈਂਪਸ ਫ਼ਾਰ ਰਿਸਰਚ ਐਂਡ ਐਡਵਾਂਸ ਸਟੱਡੀਜ਼, ਧਬਲਾਨ ਵਿਖੇ ਸਥਾਪਿਤ ਕੀਤਾ ਗਿਆ ਹੈ। ਇਸ ਸਮੇਂ ਸੰਸਥਾ ਵਿਚ 19 ਪੋਸਟ ਗ੍ਰੈਜੂਏਟ, 25 ਅੰਡਰ ਗ੍ਰੈਜੂਏਟ, 8 ਡਿਪਲੋਮਾ ਕੋਰਸ, 12 ਸਰਟੀਫਿਕੇਟ ਕੋਰਸ ਅਤੇ 17 ਆਨਲਾਈਨ ਸਰਟੀਫਿਕੇਟ ਕੋਰਸ ਸਫਲਤਾਪੂਰਵਕ ਚੱਲ ਰਹੇ ਹਨ। ਇਥੇ ਯੂ.ਜੀ.ਸੀ. ਸਕੀਮ ਅਧੀਨ ਨਿਵੇਕਲੇ ਪ੍ਰੋਗਰਾਮ ਵੀ ਚਲਾਏ ਜਾ ਰਹੇ ਹਨ। ਯੂ.ਜੀ.ਸੀ. ਵੱਲੋਂ ਕਾਲਜ ਨੂੰ ਕਮਿਊਨਿਟੀ ਕਾਲਜ ਚਲਾਉਣ ਲਈ ਵਿਸ਼ੇਸ਼ ਤੌਰ 'ਤੇ ਚੁਣਿਆ ਗਿਆ, ਜਿਸ ਅਧੀਨ ਐਡਵਾਂਸ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਤੇ ਇਲੈਕਟ੍ਰਾਨਿਕਸ ਕੁਸ਼ਲਤਾ ਪੂਰਵਕ ਚੱਲ ਰਹੇ ਹਨ। ਐੱਸ.ਸੀ./ਐੱਸ.ਟੀ., ਬੀ.ਸੀ., ਅੰਮ੍ਰਿਤਧਾਰੀ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਜਾਂਦੇ ਹਨ। ਖ਼ਾਲਸਾ ਕਾਲਜ ਪਟਿਆਲਾ ਭਾਰਤ ਦੀਆਂ ਉਨ੍ਹਾਂ 47 ਸੰਸਥਾਵਾਂ 'ਚੋਂ ਇਕ ਹੈ, ਜਿਨ੍ਹਾਂ ਨੂੰ ਯੂਜੀਸੀ ਵੱਲੋਂ ਦੀਨ ਦਿਆਲ ਉਪਾਧਿਆਇ ਕੌਸ਼ਲ ਕੇਂਦਰ ਸਥਾਪਿਤ ਕਰਨ ਲਈ ਚੁਣਿਆ ਗਿਆ, ਜਿਸ 'ਚ ਬੀਵਾਕ ਐਗਰੀਕਲਚਰ, ਬੀਵਾਕ ਆਟੋਮੋਬਾਇਲ, ਬੀਵਾਕ ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਤੇ ਬੀਵਾਕ ਸਾਫ਼ਟਵੇਅਰ ਡਿਵੈਲਪਮੈਂਟ ਪ੍ਰੋਗਰਾਮ ਸਫ਼ਲਤਾਪੂਰਵਕ ਚੱਲ ਰਹੇ ਹਨ। ਇਸ ਤੋਂ ਇਲਾਵਾ ਵਿਸ਼ਿਆਂ ਦੀ ਵਿਸ਼ੇਸ਼ ਮੁਹਾਰਤ ਵਾਲੇ ਪ੍ਰੋਗਰਾਮ ਜਿਵੇਂ ਕਿ ਆਨਰਜ਼ ਇਨ ਬੀਐੱਸਸੀ (ਆਨਰਜ਼) ਫਿਜ਼ਿਕਸ, ਕੈਮਿਸਟਰੀ, ਮੈਥੇਮੈਟਿਕਸ ਅਤੇ ਬੀਏ ਆਨਰਜ਼ ਇਨ ਇੰਗਲਿਸ਼ ਕੋਰਸ, ਬੀਏ ਆਨਰਜ਼ ਇਨ ਸੋਸ਼ਲ ਸਾਇੰਸਜ਼ ਵੀ ਚੱਲ ਰਹੇ ਹਨ। ਕਾਲਜ ਵੱਲੋਂ ਬੀ.ਏ. ਵਿਚ ਰਿਟੇਲ ਮੈਨੇਜਮੈਂਟ, ਤਬਲਾ ਤੇ ਫ਼ੈਸ਼ਨ ਡਿਜ਼ਾਇਨਿੰਗ ਦੇ ਕੋਰਸ ਵੀ ਚਲਾਏ ਜਾ ਰਹੇ ਹਨ। ਸ਼ਲਾਘਾਯੋਗ ਖੇਡ ਪ੍ਰਾਪਤੀਆਂ ਕਾਲਜ ਦੀ ਵਿਦਿਆਰਥਣ ਪਰਨੀਤ ਕੌਰ ਨੇ ਸੀਨੀਅਰ ਨੈਸ਼ਨਲ ਤੀਰਅੰਦਾਜ਼ੀ ਚੈਂਪੀਅਨਸ਼ਿਪ, ਜੈਪੁਰ ਵਿਖੇ ਤਿੰਨ ਗੋਲਡ ਅਤੇ ਬ੍ਰਾਊਂਜ਼ ਮੈਡਲ ਹਾਸਲ ਕੀਤਾ। ਨੈਸ਼ਨਲ ਗੇਮਜ਼ 2025 ਵਿਚ ਇਕ ਗੋਲਡ ਅਤੇ ਇਕ ਸਿਲਵਰ ਅਤੇ ਇਕ ਬ੍ਰਾਂਜ਼ ਮੈਡਲ ਜਿੱਤਿਆ। ਆਲ ਇੰਡੀਆ ਇੰਟਰਵਰਸਿਟੀ ਚੈਂਪੀਅਨਸ਼ਿਪ ਵਿਚ ਤਿੰਨ ਗੋਲਡ, ਇਕ ਸਿਲਵਰ ਅਤੇ ਇਕ ਬ੍ਰਾਊਂਜ਼ ਮੈਡਲ ਜਿੱਤਿਆ। ਵਰਲਡ ਯੂਨੀਵਰਸਿਟੀ ਗੇਮਜ਼ 2025 ਲਈ ਸਿਲੈਕਟ ਕੀਤੀ ਗਈ। ਕਾਲਜ ਦੀ ਵਿਦਿਆਰਥਣ ਪੂਜਾ ਨੇ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ, ਪੈਰਾ ਖੇਲੋ ਇੰਡੀਆ 2025 ਵਿਚ ਗੋਲਡ ਮੈਡਲ ਹਾਸਿਲ ਕੀਤੇ। ਪੈਰਾ ਖੇਲੋ ਇੰਡੀਆ 2025 ਵਿਚ ਗੋਲਡ ਮੈਡਲ ਹਾਸਿਲ ਕੀਤਾ। ਏਸ਼ੀਆ ਕੱਪ ਬੈਂਕਾਕ ਵਿਖੇ ਇਕ ਗੋਲਡ ਅਤੇ ਦੋ ਸਿਲਵਰ ਮੈਡਲ ਹਾਸਿਲ ਕੀਤੇ। ਕਾਲਜ ਦੀ ਵਿਦਿਆਰਥਣ ਰਿਸ਼ਾ ਰਾਠੀ ਨੇ ਆਲ ਇੰਡੀਆ ਇੰਟਰਵਰਸਿਟੀ 2025 ਵਿਚ ਇਕ ਗੋਲਡ, ਇਕ ਸਿਲਵਰ ਅਤੇ ਇਕ ਬ੍ਰਾਂਜ਼ ਮੈਡਲ ਹਾਸਿਲ ਕੀਤਾ।

## ਗੁਰਪਿੰਦਰ ਸਿੰਘ ਨੇ 2 ਨੰਬਰ ਡਵੀਜ਼ਨ ਥਾਣਾ ਇੰਚਾਰਜ ਵਜੋਂ ਅਹੁਦਾ ਸੰਭਾਲਿਆ



ਪਟਿਆਲਾ, 22 ਜੂਨ (ਚ.ਨ.ਸ.): ਮਿਹਨਤੀ ਤੇ ਇਮਾਨਦਾਰ ਪੁਲਿਸ ਅਫਸਰ ਐਸ. ਆਈ. ਗੁਰਪਿੰਦਰ ਸਿੰਘ ਨੂੰ ਬੀਤੇ ਦਿਨੀਂ 2 ਨੰਬਰ ਡਵੀਜ਼ਨ ਥਾਣੇ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਦੋ ਨੰਬਰ ਡਵੀਜ਼ਨ ਥਾਣੇ ਦੇ ਇੰਚਾਰਜ ਦਾ ਅਹੁੱਦਾ ਸੰਭਾਲਦਿਆਂ ਹੀ ਇਲਾਕੇ ਦੇ ਗੈਰ-ਸਮਾਜਿਕ ਅਨਸਰਾਂ, ਖਾਸਕਰ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੱਤੀ ਕਿ ਕਾਨੂੰਨ ਹੱਥਾਂ ਵਿਚ ਲੈਣ ਵਾਲਿਆਂ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਸਫਲ ਕਰਨ ਲਈ ਦਿਨ-ਰਾਤ ਇਕ ਕਰ ਦਿੱਤਾ ਜਾਵੇਗਾ ਤੇ ਕਿਸੇ ਵੀ ਨਸ਼ਾ ਤਸਕਰ ਤੇ ਨਸ਼ਾ ਵੇਚਣ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਸਹਿਯੋਗ ਲਈ 24 ਘੰਟੇ ਹਾਜ਼ਰ ਹਨ।

## ਸਾਬਕਾ ਮੰਤਰੀ ਰੱਖੜਾ ਵੱਲੋਂ ਹੋਮਿਓਪੈਥੀ ਡਿਸਪੈਂਸਰੀ ਦਾ ਦੌਰਾ



ਸਮਾਣਾ, 22 ਜੂਨ (ਵਿਜੇ ਕੁਮਾਰ): ਪੰਜਾਬ ਦੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਸਮਾਣਾ ਵਿੱਚ ਚੱਲ ਰਹੀ ਮੁਫ਼ਤ ਹੋਮਿਓਪੈਥੀ ਡਿਸਪੈਂਸਰੀ ਦਾ ਦੌਰਾ ਕੀਤਾ। ਸੁਰਜੀਤ ਸਿੰਘ ਰੱਖੜਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਸ ਡਿਸਪੈਂਸਰੀ ਵਿੱਚ ਤਾਇਨਾਤ ਡਾ. ਨਿਰਮਲ ਸਿੰਘ ਲੰਬੇ ਸਮੇਂ ਤੋਂ ਲੋਕਾਂ ਦਾ ਮੁਫ਼ਤ ਇਲਾਜ ਕਰ ਰਹੇ ਹਨ। ਡਾ. ਨਿਰਮਲ ਸਿੰਘ ਹੁਣ ਤੱਕ ਹਜ਼ਾਰਾਂ ਲੋਕਾਂ ਨੂੰ ਠੀਕ ਕਰ ਚੁੱਕੇ ਹਨ। ਹੁਣ ਉਹ ਸਮਾਣਾ ਦੀ ਪੁਰਾਣੀ ਅਗਰਵਾਲ ਗਊਸ਼ਾਲਾ ਵਿੱਚ ਮੁਫ਼ਤ ਹੋਮਿਓਪੈਥੀ ਡਿਸਪੈਂਸਰੀ ਵਿੱਚ ਸੇਵਾ ਨਿਭਾਅ ਰਹੇ ਹਨ। ਸ. ਰੱਖੜਾ ਨੇ ਕਿਹਾ ਕਿ ਹੋਮਿਓਪੈਥੀ ਇਲਾਜ ਪ੍ਰਣਾਲੀ ਬਹੁਤ ਵਧੀਆ ਹੈ। ਇਸ ਦੇ ਇਲਾਜ ਨਾਲ ਮਰੀਜ਼ ਜਲਦੀ ਠੀਕ ਹੋ ਜਾਂਦਾ ਹੈ। ਡਾ. ਨਿਰਮਲ ਸਿੰਘ ਹੁਣ ਤੱਕ ਕੈਂਸਰ ਅਤੇ ਪੀਲੀਆ ਵਰਗੀਆਂ ਕਈ ਜਾਨਲੇਵਾ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਠੀਕ ਕਰ ਚੁੱਕੇ ਹਨ। ਇਸ ਮੌਕੇ ਸੀਨੀਅਰ ਅਕਾਲੀ ਆਗੂ ਰਾਣਾ ਸੇਖੋਂ ਅਤੇ ਅਸ਼ੋਕ ਮੋਦਗਿਲ ਵੀ ਮੌਜੂਦ ਸਨ।

## ਕੇਂਦਰੀ ਵਿਦਿਆਲਿਆ ਕੈਂਟ ਨਾਭਾ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਨਾਭਾ, 22 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ) : ਕੇਂਦਰੀ ਵਿਦਿਆਲਿਆ ਕੈਂਟ ਨਾਭਾ ਵਿਖੇ ਅੰਤਰ ਰਾਸ਼ਟਰੀ ਦਿਵਸ ਮਨਾਇਆ ਗਿਆ। ਇਸ ਯੋਗਾ ਦਿਵਸ ਵਿੱਚ ਸਕੂਲੀ ਬੱਚਿਆਂ ਤੇ ਟੀਚਰਾਂ ਵੱਲੋਂ ਭਾਰੀ ਗਿਣਤੀ ਵਿੱਚ ਭਾਗ ਗਿਆ ਯੋਗਾ ਦੇ ਟੀਚਰ ਵੱਲੋਂ ਬੱਚਿਆਂ ਨੂੰ ਯੋਗਾ ਬਾਰੇ ਜਾਣਕਾਰੀ ਦਿੱਤੀ। ਇਹ ਯੋਗਾ ਕਰਨ ਦੀ ਵਿਉਂਤ ਬਤਾਈ ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਮੈਡਮ ਸਪਨਾ ਟੈਂਭੂਰਨੇ ਵੱਲੋਂ ਪ੍ਰੈਸ ਨਾਲ ਗੱਲਬਾਤ ਹੀ ਕਰਦੇ ਕਿਹਾ ਕਿ ਯੋਗਾ ਇੱਕ ਸਰੀਰ ਦਾ ਅਹਿਮ ਅੰਗ ਹੈ ਇਸ ਦੇ ਕਰਨ ਨਾਲ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ ਤੇ ਬਹੁਤ ਸਾਰੇ ਮੈਡੀਕਲ ਖਰਚਿਆਂ ਤੋਂ ਬਚਾਇਆ ਜਾ ਸਕਦਾ ਹੈ ਤੇ ਸਰੀਰ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ ਇਸ ਲਈ ਹਰੇਕ ਨੂੰ ਆਪਣੇ ਬੱਚਿਆਂ ਨੂੰ ਯੋਗਾ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਕਿ ਉਹਨਾਂ ਦੇ ਸਰੀਰਾਂ ਨੂੰ ਤੰਦਰੁਸਤ ਰੱਖਿਆ ਜਾ ਸਕੇ। ਇਹ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਇਸ ਸਮੇਂ ਮਨਦੀਪ ਕੌਰ, ਸੋਨੀ ,ਪੂਜਾ, ਗਗਨਦੀਪ ਕੌਰ, ਨੀਰੂ, ਬਬੀਤਾ , ਨਰਿੰਦਰ ਸਿੰਘ, ਕੁਲਵਿੰਦਰ ਕੌਰ, ਹਰਕਿਰਤ ਕੌਰ ਆਦਿ ਹਾਜ਼ਰ ਸਨ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਰਮਿੰਦਰ ਭਲਵਾਨ ਤੇ ਉਨ੍ਹਾਂ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਪੁਲਿਸ ਨੂੰ ਦਿੱਤਾ ਜਾ ਰਿਹਾ ਸਹਿਯੋਗ ਸ਼ਲਾਘਾਯੋਗ: ਵਰੁਣ ਸ਼ਰਮਾ

ਪਟਿਆਲਾ, 22 ਜੂਨ (ਚ.ਨ.ਸ.) : ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੀ ਟੀਮ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਮੁਲਾਕਾਤ ਕੀਤੀ ਅਤੇ ਦੱਸਿਆ ਕਿ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ,ਨਸ਼ਾ ਮੁਕਤ ਭਾਰਤ ਅਭਿਆਨ ਅਤੇ ਰੰਗਲਾ



ਪੰਜਾਬ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਦੋ ਸਾਲਾਂ ਵਿਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਤਕਰੀਬਨ 350 ਤੋਂ ਉਪਰ ਸੈਮੀਨਾਰ, ਰੈਲੀਆਂ, ਨੁੱਕੜ ਨਾਟਕਾਂ ਦਾ ਆਯੋਜਨ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰ ਚੁੱਕੀਆਂ ਹਨ ਅਤੇ ਨੌਜਵਾਨਾ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਦੱਸਿਆ ਕਿ ਉਹਨਾਂ ਦੀ ਟੀਮ ਪਿਛਲੇ 12 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 2200 ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਚੁੱਕੀ ਹੈ ਅਤੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰ ਰਹੀ ਹੈ। ਇਸ ਮੌਕੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ ਦੀ ਅਗਵਾਈ ਹੇਠ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਬਲਿਕ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਵਿਚ ਸਫ਼ਲ ਹੋ ਸਕਾਂਗੇ। ਉਹਨਾਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਦੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਪਟਿਆਲਾ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਲਈ ਦਿੱਤਾ ਜਾ ਰਿਹਾ ਸਹਿਯੋਗ ਸ਼ਲਾਘਾਯੋਗ ਹੈ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ ਵੀ ਹਾਜ਼ਰ ਸਨ।

## ਸਾਨੂੰ ਹਰ ਰੋਜ਼ ਯੋਗ ਕਰਨਾ ਚਾਹੀਦੈ : ਕੁੰਦਨ ਗੋਗੀਆ



ਪਟਿਆਲਾ, 22 ਜੂਨ (ਚ.ਨ.ਸ.): ਯੂਨਾਈਟਡ ਇੰਡੀਆ ਇਨਸ਼ੋਰੰਸ ਕੰਪਨੀ ਡਿਵੀਜ਼ਨਲ ਆਫਿਸ ਸਾਈ ਮਾਰਕੀਟ ਪਟਿਆਲਾ ਦੇ ਚੀਫ ਮੈਨੇਜਰ ਰਮਨ ਸ਼ਰਮਾ ਦੀ ਯੋਗ ਅਗਵਾਈ ਹੇਠ ਇੰਟਰਨੈਸ਼ਨਲ ਯੋਗਾ ਡੇ ਬਾਰਾਂਦਰੀ ਗਾਰਡਨ ਵਿਖੇ ਮਨਾਇਆ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ ਤੇ ਸ਼ਹਿਰ ਦੇ ਮੇਅਰ ਕੁੰਦਨ ਗੋਗੀਆ ਨੇ ਆਪਣੀ ਟੀਮ ਨਾਲ ਯੋਗਾ ਕਰਕੇ ਹਾਜਰੀ ਲਗਵਾਈ । ਯੋਗਾ ਟੀਚਰ ਸੁਸ਼ਮਾ ਜੀ ਵੱਲੋਂ ਹਰ ਰੋਜ਼ ਯੋਗ ਕਰਨ ਨੂੰ ਯਕੀਨੀ ਬਣਾਉਣ ਲਈ ਸੋਹ ਵੀ ਚੁਕਾਈ ਗਈ। ਵੱਖ-ਵੱਖ ਤਰ੍ਹਾਂ ਦੇ ਰੋਗਾਂ ਦਾ ਸਮਾਧਾਨ ਯੋਗ ਦੁਆਰਾ ਦੱਸਿਆ । ਇਸ ਮੌਕੇ ਯੂਨਾਈਟਡ ਇੰਡੀਆ ਇਨਸ਼ੋਰੈਂਸ ਕੰਪਨੀ ਦੇ ਰਿਟਾਇਰਡ ਡੀਜੀਐਮ, ਸ. ਕੁਲਵਿੰਦਰ ਸਿੰਘ, ਕਰਮਜੀਤ ਸਿੰਘ, ਮਨਮੋਹਨ ਸਿੰਘ, ਅਲਕਾ ਜਿੰਦਲ, ਸ਼ਿਵਾਨੀ ਗਰਗ , ਸੁਖਵਿੰਦਰ ਕੁਮਾਰ, ਨੀਰੂਪਮ , ਜਸਵਿੰਦਰ ਸਿੰਘ, ਜਸਵੰਤ ਸਿੰਘ ਕੌਲੀ ਪ੍ਰਧਾਨ ਬਾਰਾਂਦਰੀ ਗਾਰਡਨ ਸੈਰ ਕਲੱਬ, ਸੀਨੀਅਰ ਐਡਵਾਈਜ਼ਰ ਜਗਜੀਤ ਸਿੰਘ ਸੱਗੂ ,ਸੁਖਦੇਵ ਸਿੰਘ ਸਿੰਘ ਰੰਗੀਲਾ ,ਚਰਨਜੀਤ ਸਿੰਘ ,ਹਰਿੰਦਰ ਸਿੰਘ, ਕਵਲਜੀਤ ਸਿੰਘ ਨੇ ਆਪਣੀ ਹਾਜ਼ਰੀ ਲਗਵਾਈ।

## ਦਯਾਨੰਦ ਮਾਡਲ ਹਾਈ ਸਕੂਲ 'ਚ ਐਲੂਮਨੀ ਮੀਟ ਕਰਵਾਈ



ਸਮਾਣਾ, 22 ਜੂਨ (ਵਿਜੇ ਕੁਮਾਰ) : ਦਯਾਨੰਦ ਮਾਡਲ ਹਾਈ ਸਕੂਲ ਵੱਲੋ ਸਥਾਨਕ ਮਾਤਾ ਨੈਨਾ ਆਰੀਆ ਧਰਮਸ਼ਾਲਾ ਵਿਖੇ ਪ੍ਰਧਾਨ ਯਸ਼ਪਾਲ ਸਿੰਗਲਾ ਅਤੇ ਪ੍ਰਿੰਸੀਪਲ ਅੰਜੂ ਡੈਂਬਲਾ ਦੀ ਅਗਵਾਈ ਵਿੱਚ ਐਲੂਮਨੀ ਮੀਟ 2025 ਦਾ ਆਯੋਜਨ ਕੀਤਾ ਗਿਆ। ਇਸ ਆਯੋਜਨ ਵਿੱਚ ਦਯਾਨੰਦ ਮਾਡਲ ਹਾਈ ਸਕੂਲ ਵਿੱਚ 2017 ਤੋਂ 2024 ਤੱਕ ਦਸਵੀਂ ਪਾਸ ਕਰ ਕੇ ਗਏ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਆਯੋਜਨ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਕੀਤੀ ਗਈ। ਦਯਾਨੰਦ ਮਾਡਲ ਹਾਈ ਸਕੂਲ ਦੇ ਵਿਦਿਆਰਥੀਆਂ ਵੱਲੋਂ ਗਾਯਤਰੀ ਮੰਤਰ, ਗਿੱਧਾ ਤੇ ਭੰਗੜਾ ਵੀ ਪੇਸ਼ ਕੀਤਾ ਗਿਆ। 10ਵੀ ਪਾਸ ਕਰ ਕੇ ਗਏ ਕੁਝ ਵਿਦਆਰਥੀਆਂ ਨੇ ਸਕੂਲ ਦੀਆਂ ਯਾਦਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਸਕੂਲ਼ ਵਿੱਚੋਂ ਪ੍ਰਾਪਤ ਸਿੱਖਿਆ ਅਤੇ ਨੈਤਿਕ ਗੁਣਾਂ ਕਰਕੇ ਹੀ ਪੜ੍ਹਾਈ ਦੇ ਖਤੇਰ ਵਿੱਚ ਅੱਗੇ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਜ਼ਰੂਰਤ ਹੈ ਹਰ ਪੁੱਤਰ ਨੂੰ ਆਰੀਆ ਪੁੱਤਰ ਤੇ ਹਰ ਪੁੱਤਰੀ ਨੂੰ ਆਰੀਆ ਪੁੱਤਰੀ ਬਣਨ ਦੀ। ਇਸ ਮੌਕੇ 'ਤੇ ਦਯਾਨੰਦ ਮਾਡਲ ਹਾਈ ਸਕੂਲ ਦੀ ਪ੍ਰਿੰਸਪਲ ਅੰਜੂ ਡੈਂਬਲਾ ਨੇ ਆਏ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਆਯੋਜਨ ਵਿੱਚ 128 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਨੂੰ ਦਯਾਨੰਦ ਮਾਡਲ ਹਾਈ ਸਕੂਲ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ 'ਤੇ ਸੰਸਥਾ ਦੇ ਮੰਤਰੀ ਨਰਾਇਣ ਦਾਸ, ਰਜਿੰਦਰ ਪ੍ਰਸ਼ਾਦ ਹੈਪੀ, ਅਸ਼ੋਕ ਗਰਗ , ਗੋਬਿੰਦ ਬੱਬਰ, ਧਰਮਪਾਲ ਆਰੀਆ, ਸੀਤਾ ਰਾਮ ਗੁੱਪਤਾ, ਜਗਦੀਸ਼ ਵਰਮਾ ਤੋਂ ਇਲਾਵਾ ਆਰੀਆ ਇਸਤਰੀ ਸਮਾਜ ਅਤੇ ਦਯਾਨੰਦ ਸਕੂਲ ਦਾ ਸਟਾਫ਼ ਮੌਜੂਦ ਸਨ।

## ਮਾਤਾ ਨੈਨਾ ਆਰੀਆ ਧਰਮਸ਼ਾਲਾ 'ਚ ਯੋਗ ਦਿਵਸ ਮਨਾਇਆ



ਸਮਾਣਾ, 22 ਜੂਨ (ਵਿਜੇ ਕੁਮਾਰ) : ਦਯਾਨੰਦ ਮਾਡਲ ਹਾਈ ਸਕੂਲ ਅਤੇ ਆਰੀਆ ਸਮਾਜ ਸਮਾਣਾ ਵੱਲੋਂ ਸਥਾਨਕ ਮਾਤਾ ਨੈਨਾ ਆਰੀਆ ਧਰਮਸ਼ਾਲਾ ਵਿੱਚ ਯੋਗ ਦਿਵਸ ਪ੍ਰਧਾਨ ਯਸ਼ਪਾਲ ਸਿੰਗਲਾ ਅਤੇ ਪ੍ਰਿੰਸੀਪਲ ਅੰਜੂ ਡੈਂਬਲਾ ਦੀ ਅਗਵਾਈ ਵਿੱਚ ਮਨਾਇਆ ਗਿਆ। ਜਿਸ ਵਿਚ ਟੋਨੀ ਸੈਮੀ, ਰਜਨੀ ਸੈਮੀ, ਅਨੀਤਾ ਸਿੰਗਲਾ, ਆਰਚੀ ਗੋਇਲ ਨੇ ਯੋਗਾ ਕਰਵਾਇਆ ਤੇ ਯੋਗ ਦਾ ਫਾਇਦਾ ਦਸਦਿਆਂ ਕਿਹਾ ਕਿ ਯੋਗ ਕਰਨ ਨਾਲ ਸਰੀਰਕ ਤੰਦਰੁਸਤੀ, ਮਾਨਸਿਕ ਅਤੇ ਆਤਮਿਕ ਸ਼ਾਂਤੀ ਮਿਲ਼ਦੀ ਹੈ। ਇਸ ਮੌਕੇ 'ਤੇ ਸਕੂਲ਼ ਦੇ ਪ੍ਰਧਾਨ ਯਸ਼ਪਾਲ ਸਿੰਗਲਾ ਨੇ ਕਿਹਾ ਕਿ ਸਾਨੂੰ ਅਪਣੀ ਸੰਸਕ੍ਰਿਤੀ ਨੂੰ ਨਹੀ ਭੁੱਲਣਾ ਚਾਹੀਦਾ, ਕਿਉਂਕਿ ਯੋਗ ਦਾ ਸਾਡੀ ਸੰਸਕ੍ਰਿਤੀ ਨਾਲ ਬਹੁਤ ਹੀ ਅਟੁੱਟ ਸਬੰਧ ਹੈ। ਇਸ ਮੌਕੇ 'ਤੇ ਮੰਤਰੀ ਨਾਰਾਇਣ ਦਾਸ, ਸੀਤਾ ਰਾਮ ਗੁੱਪਤਾ, ਗੋਬਿੰਦ ਬੱਬਰ, ਧਰਮਪਾਲ ਆਰੀਆ, ਸੁਭਾਸ਼ ਸਿੰਗਲਾ, ਅਸ਼ੋਕ ਗਰਗ, ਰਜਿੰਦਰ ਪ੍ਰਸ਼ਾਦ (ਹੈਪੀ), ਰਜਿੰਦਰ ਗੁਪਤਾ, ਨਵੀਨ ਸਿੰਗਲਾ, ਸਿੰਗਲਾ ,ਵਿਜੇ ਡਾਵਰ ਅਤੇ ਦਯਾਨੰਦ ਸਕੂਲ ਦੇ ਵਿਦਿਆਰਥੀ ਤੇ ਸਟਾਫ਼ ਮੌਜੂਦ ਸਨ।

## ਲਾਇਨਜ਼ ਇੰਟਰਨੈਸ਼ਨਲ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਪਟਿਆਲਾ, 22 ਜੂਨ (ਚ.ਨ.ਸ.) :ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਲਾਇਨਜ਼ ਇੰਟਰਨੈਸ਼ਨਲ ਦੇ ਜ਼ਿਲ੍ਹਾ 3216 ਦੇ ਲਾਇਨਜ਼ ਕਲੱਬ ਪਟਿਆਲਾ ਨਿਊ ਸੈਂਟਰਲ ਨੇ ਪ੍ਰਧਾਨ ਸੰਜੀਵ ਵਰਮਾ, ਸਕੱਤਰ ਗਗਨ ਗੋਇਲ ਅਤੇ ਕੈਸ਼ੀਅਰ ਕੇਕੇ ਬਾਂਸਲ ਦੀ ਅਗਵਾਈ ਹੇਠ ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਪਾਰਕ, ਐਸਐਸਟੀ ਨਗਰ ਵਿਖੇ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ। ਡੀਸੀਐਸ ਪ੍ਰੋਜੈਕਟ ਸੋਹਿੰਦਰ ਕਾਂਸਲ ਨੇ ਦਸਿਆ ਕਿ ਇਸ ਮੌਕੇ ਮੇਘਚੰਦ ਸ਼ਰਮਾ ਸ਼ੇਰਮਾਜਰਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਪਟਿਆਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਨਗਰ ਕੌਂਸਲਰ ਮੁਕਤਾ ਗੁਪਤਾ ਨੇ ਯੋਗਾ ਵਿੱਚ ਹਿੱਸਾ ਲਿਆ ਤੇ ਇੱਕ ਅੰਬ ਦਾ ਰੁੱਖ ਲਗਾਇਆ ਅਤੇ ਲੋਕਾਂ ਨੂੰ ਆਉਣ ਵਾਲੇ ਮੌਸਮ ਵਿੱਚ ਹੋਰ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਲਾਈਨਜ਼ ਕਲੱਬ ਪਟਿਆਲਾ ਨਿਊ ਸੈਂਟਰਲ ਦੇ ਜ਼ੈਡਸੀ ਇੰਜੀਨੀਅਰ ਨਰਿੰਦਰ ਸਿੰਘ ਐਸਡੀਓ ਨੇ ਕਿਹਾ ਕਿ ਅੱਜ ਯੋਗਾ ਟ੍ਰੇਨਰ ਸੰਦੀਪ ਧਵਨ ਨੇ ਆਏ ਲੋਕਾਂ ਨੂੰ ਯੋਗਾ ਦਾ ਅਭਿਆਸ ਕਰਵਾਇਆ। ਖੁਸ਼ੀ ਅਰੋੜਾ ਦੀ ਟੀਮ ਨੇ ਸਾਰਿਆਂ ਦਾ ਮੁਫ਼ਤ ਬੀਐਮਆਈ ਟੈਸਟ ਕੀਤਾ, ਪਾਰਕ ਵਿੱਚ ਯੋਗਾ ਅਤੇ ਸੈਰ ਕਰਨ ਵਾਲਿਆਂ ਦੇ ਆਕਸੀਜਨ ਲੈਵਲ, ਨਬਜ਼, ਸ਼ੂਗਰ, ਭਾਰ ਅਤੇ ਬਲੱਡ ਪ੍ਰੈਸ਼ਰ ਦੀ ਮੁਫਤ ਜਾਂਚ ਕੀਤੀ ਗਈ। ਪਾਰਕ ਪ੍ਰੇਮੀ, ਜੋ ਰੋਜ਼ਾਨਾ ਪਾਰਕ ਵਿੱਚ ਆਉਂਦੇਹਨ, ਉਨ੍ਹਾਂ ਨੇ ਇੰਨੇ ਵੱਡੇ ਪਾਰਕ ਵਿੱਚ ਇੱਕ ਵੱਡਾ ਜਿੰਮ ਬਣਾਉਣ ਦੀ ਮੰਗ ਕੀਤੀ ਕਿਉਂਕਿ ਸਵੇਰੇ ਅਤੇ ਸ਼ਾਮ ਨੂੰ ਘੱਟੋ-ਘੱਟ 500 ਲੋਕ ਇਸ ਪਾਰਕ ਵਿੱਚ ਆਉਂਦੇਹਨ। ਹਰਮੇਸ਼ ਸਿੰਗਲਾ ਪ੍ਰਧਾਨ ਇਲੈਕਟ, ਐਸ.ਕੇ. ਗੋਇਲ ਪ੍ਰੋਜੈਕਟ ਇੰਚਾਰਜ, ਐਸ.ਕੇ. ਕੋਚੜ, ਸੁਰੇਸ਼ ਗਰਗ, ਧਰਿੰਦਰ ਮਿੱਤਲ, ਧਰਮਪਾਲ ਗਰਗ, ਟੀ.ਐਨ. ਸ਼ਰਮਾ, ਰਾਕੇਸ਼ ਮਿੱਤਲ, ਰਣਬੀਰ ਕੁਮਾਰ, ਅਸ਼ੋਕ ਗਰਗ, ਕੇਵਲ ਬਾਂਸਲ ਵੱਲੋਂ ਆਏ ਮਹਿਮਾਨਾਂ ਨੂੰ ਇੱਕ-ਇੱਕ ਪੌਦਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਫਕੀਰ ਚੰਦ ਜਿੰਦਲ, ਮੋਤੀ ਲਾਲ ਮਿੱਤਲ, ਈਸ਼ਵਰ ਚੰਦ ਸ਼ਰਮਾ, ਬਲਵਿੰਦਰ ਸਿੰਘ, ਐਸ.ਐਸ. ਵਿਰਕ ਸਮੇਤ ਕਈ ਹੋਰ ਲਾਈਨ ਮੈਂਬਰ ਅਤੇ ਸੈਰ ਪ੍ਰੇਮੀ ਮੌਜੂਦ ਸਨ, ਜਿਨ੍ਹਾਂ ਨੇ ਯੋਗ ਦਿਵਸ ਵਿੱਚ ਹਿੱਸਾ ਲਿਆ ਅਤੇ ਉਨ੍ਹਾਂ ਨੂੰ ਪੌਸ਼ਟਿਕ ਲੱਸੀ ਵੰਡੀ ਗਈ। ਅੰਤ ਵਿੱਚ, ਲਾਇਨਜ਼ ਕਲੱਬ ਪਟਿਆਲਾ ਨਿਊ ਸੈਂਟਰਲ ਦੇ ਸੋਹਿੰਦਰ ਕਾਂਸਲ ਡੀਸੀਐਸ ਪ੍ਰੋਜੈਕਟ ਨੇ ਸਾਰੇ ਲਾਈਨ ਮੈਂਬਰਾਂ, ਮਹਿਮਾਨਾਂ ਅਤੇ ਆਏ ਲੋਕਾਂ ਦਾ ਧੰਨਵਾਦ ਕੀਤਾ।

### ਪੰਜਾਬੀ ਯੂਨੀਵਰਸਿਟੀ ਨੇ ਕੀਤਾ ਅਧਿਐਨ

## ਪੁਲਾੜ ਨੂੰ ਨਿਯਮਤ ਕਰਨ ਵਾਲੇ ਅੰਤਰਰਾਸ਼ਟਰੀ ਕਾਨੂੰਨ ਦੀ ਸਮੀਖਿਆ ਕੀਤੇ ਜਾਣ ਦੀ ਲੋੜ

ਪਟਿਆਲਾ, 22 ਜੂਨ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਇੱਕ ਅਧਿਐਨ ਰਾਹੀਂ ਹਵਾਈ ਖੇਤਰ ਅਤੇ ਪੁਲਾੜ ਵਿਚਕਾਰ ਕਾਨੂੰਨੀ ਹੱਦਬੰਦੀ ਕਰਨ ਅਤੇ ਪੁਲਾੜ ਨੂੰ ਪ੍ਰਦੂਸ਼ਿਤ ਕਰਨ ਵਾਲ਼ੇ ਪੁਲਾੜ-ਮਲਬੇ ਦੇ ਮੁੱਦੇ 'ਤੇ ਮੁੜ ਵਿਚਾਰ ਕਰਨ ਦੀ ਜ਼ਰੂਰਤ ਨੂੰ ਉਜਾਗਰ ਕੀਤਾ ਗਿਆ ਹੈ। ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵਿਖੇ ਪ੍ਰੋਫ਼ੈਸਰ (ਡਾ.) ਗੁਰਪ੍ਰੀਤ ਕੌਰ ਪੰਨੂ ਦੀ ਨਿਗਰਾਨੀ ਹੇਠ ਖੋਜਾਰਥੀ ਡਾ. ਹਰਮਨਦੀਪ ਕੌਰ ਵੱਲੋਂ ਪੁਲਾੜ ਨਾਲ਼ ਸਬੰਧਤ ਕੌਮਾਂਤਰੀ ਕਾਨੂੰਨੀ ਨਿਯਮਾਂ ਬਾਰੇ ਵਿਸ਼ਲੇਸ਼ਣ ਕਰਦਿਆਂ ਇਹ ਨੁਕਤੇ ਸਾਹਮਣੇ ਲਿਆਂਦੇ ਗਏ। ਪ੍ਰੋ. ਗੁਰਪ੍ਰੀਤ ਕੌਰ ਪੰਨੂ ਨੇ ਦੱਸਿਆ ਕਿ ਅਧਿਐਨ ਰਾਹੀਂ ਸਾਹਮਣੇ ਆਇਆ ਹੈ ਕਿ ਪੁਲਾੜ ਨੂੰ ਨਿਯਮਤ ਕਰਨ ਵਾਲੇ ਅੰਤਰਰਾਸ਼ਟਰੀ ਕਾਨੂੰਨ ਦੀ ਸਮੀਖਿਆ ਕੀਤੇ ਜਾਣ ਦੀ ਲੋੜ ਹੈ, ਕਿਉਂਕਿ ਇਸ ਸਬੰਧੀ ਮੌਜੂਦਾ ਕਨੂੰਨ ਪ੍ਰਬੰਧ ਵਿਗਿਆਨ ਅਤੇ ਤਕਨੀਕੀ ਵਿਕਾਸ ਦੇ ਹਿਸਾਬ ਨਾਲ਼ ਹੁਣ ਪੁਰਾਣਾ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਭਾਰਤ ਵਿੱਚ, ਪੁਲਾੜ ਗਤੀਵਿਧੀਆਂ ਨੂੰ ਨਿਯਮਤ ਕਰਨ ਵਾਲ਼ੇ ਵਿਸ਼ੇਸ਼ ਕਾਨੂੰਨ ਦੀ ਕਮੀ ਹੈ। ਭਾਰਤ ਵਿੱਚ, ਇਸ ਸਬੰਧੀ 2023 ਦੀ ਇੱਕ ਨੀਤੀ ਨੂੰ ਹੀ ਉਭਾਰਿਆ ਗਿਆ ਹੈ ਜੋ ਕਿ ਪੁਲਾੜ ਮਾਮਲਿਆਂ ਨਾਲ਼ ਜੁੜੇ ਵੱਖ-ਵੱਖ



ਪਹਿਲੂਆਂ ਨਾਲ਼ ਨਜਿੱਠਣ ਲਈ ਕਾਫ਼ੀ ਨਹੀਂ ਹੈ। ਉਨ੍ਹਾਂ ਕਿਹਾ ਕਿ ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਪੁਲਾੜ ਮਾਮਲਿਆਂ ਨਾਲ਼ ਜੁੜੀਆਂ ਨਿੱਜੀ ਸੰਸਥਾਵਾਂ ਦੇ ਕੰਮਾਂ ਲਈ, ਸਟੇਟ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਣਾ ਚਾਹੀਦਾ ਸਗੋਂ ਸਬੰਧਤ ਸੰਸਥਾ ਖ਼ੁਦ ਹੀ ਜ਼ਿੰਮੇਵਾਰ ਹੋਣ ਚਾਹੀਦੀ ਹੈ। ਖੋਜਾਰਥੀ ਡਾ. ਹਰਮਨਦੀਪ ਕੌਰ ਨੇ ਦੱਸਿਆ ਕਿ ਪਹਿਲੇ ਸਮਿਆਂ ਵਿੱਚ, ਪੁਲਾੜ ਖੋਜ ਦੇ ਖੇਤਰ ਵਿੱਚ ਸਿਰਫ਼ ਦੋ ਮਹਾਂਸ਼ਕਤੀਆਂ, ਸੰਯੁਕਤ ਰਾਜ ਅਮਰੀਕਾ ਅਤੇ ਸੋਵੀਅਤ ਯੂਨੀਅਨ ਹੀ ਸਰਗਰਮ ਸਨ। ਪਰ ਹੁਣ ਇਸ ਦਿਸ਼ਾ ਵਿੱਚ ਹੋਰ ਵਧੇਰੇ ਦੇਸ਼ਾਂ ਵੱਲੋਂ ਕੰਮ ਹੋਣ ਦੇ ਆਸਾਰ ਹਨ। ਇਸ ਲਈ ਇਸ ਦੇ ਕਾਨੂੰਨੀ ਪ੍ਰਬੰਧ ਦੀ ਦਿਸ਼ਾ ਵਿੱਚ ਕੰਮ ਕਰਨਾ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਅਧਿਐਨ ਰਾਹੀਂ ਸਾਹਮਣੇ ਆਇਆ ਕਿ ਪੁਲਾੜ ਗਤੀਵਿਧੀਆਂ ਨੂੰ ਨਿਯੰਤ੍ਰਿਤ ਕਰਨ ਵਾਲੀਆਂ ਪੰਜ ਬੁਨਿਆਦੀ ਅੰਤਰਰਾਸ਼ਟਰੀ ਸੰਧੀਆਂ ਹਨ। ਅਧਿਐਨ ਦੌਰਾਨ ਸਾਹਮਣੇ ਆਇਆ ਕਿ ਭਾਰਤ ਵਿੱਚ ਅਜੇ ਤੱਕ ਕੋਈ ਖਾਸ ਸਪੇਸ ਰੈਗੂਲੇਟਰੀ ਕਾਨੂੰਨ ਨਹੀਂ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਵਿਸ਼ੇ ਦੇ ਕਈ ਪਹਿਲੂ ਹਨ ਜਿਨ੍ਹਾਂ ਨੂੰ ਛੂਹੇ ਜਾਣ ਦੀ ਲੋੜ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਅਧਿਐਨ ਦੀ ਸ਼ਲਾਘਾ ਕਰਦਿਆਂ ਖੋਜਾਰਥੀ ਅਤੇ ਨਿਗਰਾਨ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੀ ਇਹ ਖ਼ੂਬਸੂਰਤੀ ਹੈ ਕਿ ਇੱਥੇ ਹੋਣ ਵਾਲ਼ੇ ਖੋਜ ਕਾਰਜਾਂ ਦਾ ਦਾਇਰਾ ਬਹੁਤ ਵਸੀਹ ਹੈ। ਉਨ੍ਹਾਂ ਕਿਹਾ ਕਿ ਅਜਿਹੇ ਅਦਾਰੇ ਬਹੁਤ ਘੱਟ ਹੁੰਦੇ ਹਨ, ਜਿੱਥੇ ਭਾਸ਼ਾ ਸਾਹਿਤ, ਸੱਭਿਆਚਾਰ ਤੋਂ ਲੈ ਕੇ ਵਿਗਿਆਨ ਤਕਨਾਲੌਜੀ ਅਤੇ ਕਾਨੂੰਨ ਆਦਿ ਸਭ ਖੇਤਰਾਂ ਵਿੱਚ ਇੱਕੋ ਜਿਹੀ ਸ਼ਿੱਦਤ ਅਤੇ ਸਮਰਥਾ ਨਾਲ਼ ਇਸ ਪੱਧਰ ਦੇ ਖੋਜ ਕਾਰਜ ਹੋ ਰਹੇ ਹੋਣ।

## ਜੀਵਨ ਭਰ ਤੰਦਰੁਸਤ ਤੇ ਖੁਸ਼ਹਾਲ ਰਹਿਣ ਲਈ ਯੋਗ ਜ਼ਰੂਰੀ: ਕੁੰਦਨ ਗੋਗੀਆ




ਪਟਿਆਲਾ, 22 ਜੂਨ (ਚ.ਨ.ਸ.) : ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ 21 ਜੂਨ ਨੂੰ 11 ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬੜੀ ਧੂਮ ਧਾਮ ਨਾਲ ਨਹਿਰੂ ਪਾਰਕ ਵਿੱਚ ਮਨਾਇਆ ਗਿਆ, ਜਿਸ ਵਿੱਚ ਲੱਗ ਭੱਗ 200 -250 ਦੇ ਕਰੀਬ ਬੱਚੇ, ਨੌਜਵਾਨ, ਬਜ਼ੁਰਗ,ਇਸਤਰੀਆਂ ਨੇ ਯੋਗ ਕੀਤਾ, ਜਿਸ ਵਿੱਚ ਮੁੱਖ ਮਹਿਮਾਨ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਆਪਣੇ ਭਾਸ਼ਣ ਵਿੱਚ ਕਿਹਾ ਸਰੀਰ ਨੂੰ ਜੀਵਨ ਭਰ ਤੁੰਦਰੁਸਤ ਅਤੇ ਖੁਸ਼ਹਾਲ ਰੱਖਣ ਲਈ ਸਭ ਤੋਂ ਅਹਿਮ ਯੋਗ ਹੈ।ਇਸ ਤੋ ਪਹਿਲਾ ਆਏ ਮਹਿਮਾਨਾਂ ਨੂੰ ਗੁਰਪ੍ਰੀਤ ਕਾਲਕੇ ਅਰਮਾਨ ਕਾਲਕੇ, ਜਪਨੂਰ ਸਿੰਘ ਸੰਧੂ ਗੁਰਿੰਦਰਪਾਲ ਸਿੰਘ ਸੰਧੂ ਚਰਨਪਾਲ ਸਿੰਘ ਨੇ ਬੁਕੇ ਦੇਕੇ ਸੁਆਗਤ ਕੀਤਾ। ਸੁਸਾਇਟੀ ਪ੍ਰਧਾਨ ਉਪਕਾਰ ਸਿੰਘ ਨੇ ਦੱਸਿਆ ਕੀ ਅੰਤਰਰਾਸਟਰੀ ਯੋਗ ਦਿਵਸ ਦੀ ਘੋਸ਼ਣਾ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 23 ਸਤੰਬਰ 2014 ਨੂੰ ਸੰਯੁਕਤ ਰਾਸ਼ਟਰ ਮਹਾਂ ਸਭਾ ਵਿੰਚ ਕੀਤੀ ਸੀ। ਸਮਾਜ ਸੇਵੀ ਭਗਵਾਨ ਦਾਸ ਗੁਪਤਾ ਨੇ ਕਿਹਾ ਵੱਧ ਰਹੇ ਤਣਾਓ ਅਤੇ ਚਿੰਤਾਵਾਂ ਵੱਧ ਰਹੇ ਪ੍ਰਦੂਸ਼ਣ ਦੇ ਮਾਰੂ ਪ੍ਰਭਾਵ ਤੋਂ ਬਚਣ ਲਈ ਯੋਗ ਸਭ ਤੋਂ ਵਧੀਆ ਕਿਰੀਆ ਹੈ। ਸੰਤ ਰਾਮ ਬਾਂਗਾ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਨੇ ਦੱਸਿਆ ਸਾਡੇ ਸਰੀਰ ਦੇ ਤਿੰਨ ਤੱਤ ਹਨ। ਸਰੀਰ,ਦਿਮਾਗ,ਅਤੇ ਆਤਮਾ ਯੋਗ ਹੀ ਇਹਨਾਂ ਤਿੰਨਾਂ ਤੱਤਾਂ ਦੇ ਵਿਚਕਾਰ ਸੰਪਰਕ ਨੂੰ ਨਿਯਮਤ ਕਰਦਾ ਹੈ। ਉਘੇ ਸਹਿਤਕਾਰ ਮਹੇਸ਼ ਗੋਤਮ ਨੇ ਯੈਗ ਦੇ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਉਘੇ ਕਵੀ ਬਜਿੰਦਰ ਠਾਕੁਰ ਨੇ ਕਵਿਤਾ ਪੜ ਕੇ ਲੋਕਾਂ ਨੂੰ ਹੱਸਣ ਲਾ ਦਿੱਤਾ ਅਸਮਨੀ ਖੰਨਾ, ਅਮਰਜੀਤ ਸਿੰਘ ਅਜਾਦ ਨੇ ਯੋਗ ਕਰਵਾਇਆ, ਇਸ ਪ੍ਰੋਗਰਾਮ ਵਿੱਚ ਗਾਇਨ, ਲਾਫਿੰਗ ਅਤੋ ਭੰਗੜਾ ਯੋਗ ਦਿਵਸ ਦੇ ਮੁੱਖ ਅਕਰਸ਼ਣ ਸਨ। ਇਸ ਮੌਕੇ ਬਲਵਿੰਦਰ ਕੌਰ, ਮਨਜੀਤ ਕੌਰ ਸਮਾਜ ਸੇਵੀ ਬਲਜਿੰਦਰ ਠਾਕੁਰ ਸਾਬਕਾ ਚੇਅਰਮੈਨ ਭੂਮੀ ਬਚਾਓ ਕਮੇਟੀ, ਪ੍ਰਮਿੰਦਰ ਮਨਚੰਦਾ ਡਾਇਰੈਕਟਰ ਸਕੇਤ ਹਸਪਤਾਲ ਨੇ ( ਯੁੱਧ ਨਸ਼ਿਆਂ ਵਿਰੁੱਧ) ਪੰਜਾਬ ਸਰਕਾਰ ਵੱਲੋਂ ਚਲਾਈ ਮਹਿਮ ਵਿੱਚ ਵੱਧ ਤੋਂ ਵੱਧ ਪੁਲਿਸ ਦਾ ਸਾਥ ਦਿਓ। ਇਸ ਮੌਕੇ ਯੋਗ ਦਿਵਸ ਨੂੰ ਨਪੇੜੇ ਚਾੜਨ ਲਈ ਹ੍ਰਪਰੀਤ ਕੌਰ, ਸੁਖਵਿੰਦਰ ਖੋਸਲਾ ਸਾਬਕਾ ਡਿਪਟੀ ਡੀ.ਈ.ਓ. ਸੰਜੇ ਕੰਬੋਜ, ਬਲਵਿੰਦਰ ਬੋਬੀ, ਰਮੇਸ ਧੀਮਾਨ ਅਮਰਜੀਤ ਗਰਗ ਮੋਹਨ ਖੰਨਾ ਡਿੰਪੀ ਅਬਰੋਲ, ਸੁਰਿੰਦਰਪਾਲ ਐਡਵੋਕੇਟ ਹਰਜਿੰਦਰ ਸਿੰਘ ਜਰਮਨੀ ਤੋਂ ਲੱਖਾ ਅਰਸਦੀਪ ਸਿੰਘ ਗੁਰਿੰਦਰ ਸਿੰਘ, ਮੀਨਾ ਸਰਮਾਂ ਸਾਬਕਾ ਐਮ.ਸੀ., ਭੂਸਨ ਮਹਿਤਾ ਸਾਬਕਾ ਖਜ਼ਾਨਾ ਅਫਸਰ, ਨਵੀਨ ਜੈਨ ਨੇ ਭਾਗ ਲਿਆ।

## ਬਿਜਲੀ ਦਫਤਰ ਘਨੌਰ ਨੇੜੇ ਟੀ-ਪੁਆਇੰਟ 'ਤੇ ਹਾਦਸੇ ਰੋਕਣ ਲਈ ਚਿੱਟੀ ਪੱਟੀ ਜਾਂ ਸਪੀਡ ਬਰੇਕਰ ਲਾਉਣ ਦੀ ਮੰਗ

ਘਨੌਰ, 22 ਜੂਨ (ਮਦਨ ਲਾਲ) : ਸਥਾਨਕ ਬਿਜਲੀ ਬੋਰਡ ਦਫਤਰ ਘਨੌਰ/ ਗਰਿੱਡ ਜੋ ਘਨੌਰ ਪਟਿਆਲਾ ਰੋਡ 'ਤੇ




ਸਥਿਤ ਹੈ। ਮੇਨ ਰੋਡ ਹੋਣ ਕਰਕੇ ਟਰੈਫਿਕ ਸਪੀਡ ਵਿਚ ਲੰਘਦੀ ਹੈ ਪ੍ਰੰਤੂ ਕਈ ਵਾਰ ਬਿਜਲੀ ਬੋਰਡ ਦਫਤਰ ਤੋਂ ਨਿਕਲਦੇ ਸਮੇਂ ਜਾਂ ਦਫਤਰ ਵਿਚ ਆਉਣ—ਜਾਣ ਸਮੇਂ ਇਥੇ ਅਕਸਰ ਹਾਦਸੇ ਵਾਪਰਦੇ ਰਹਿੰਦੇ ਹਨ ਪ੍ਰੰਤੂ ਸੜਕ ਵਿਭਾਗ ਨੇ ਅੱਜ ਤਕ ਇਥੇ ਕੋਈ ਸਾਈਨ ਬੋਰਡ ਤੇ ਸਪੀਡ ਬ੍ਰੇਕਰ ਦਾ ਪ੍ਰਬੰਧ ਨਹੀਂ ਕੀਤਾ। ਸਥਾਨਕ ਲੋਕਾਂ ਨੇ ਕਿਹਾ ਕਿ ਘਨੌਰ ਦੋ ਡਵੀਜਨਾਂ ਤੇ ਗਰਿੱਡ ਵਿਚ ਲੋਕਾਂ ਤੇ ਮੁਲਾਜ਼ਮਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ, ਟਰੈਫਿਕ ਕਾਰਨ ਕਰੋਸਿੰਗ ਕਰਦੇ ਸਮੇਂ ਇਥੇ ਕਈਂ ਵਾਰ ਹਾਦਸੇ ਵਾਪਰ ਚੁੱਕੇ ਹਨ ਪ੍ਰੰਤੂ ਪ੍ਰਸਾਸਨ ਦਾ ਇਨਾਂ ਹਾਦਸਿਆਂ ਵਲ ਕੋਈ ਧਿਆਨ ਨਹੀਂ ਹੈ। ਇਸੇ ਤਰ੍ਹਾਂ ਜਗਤ ਪੈਲੇਸ ਨੇੜੇ ਤੇ ਕਾਮੀ ਕਲਾਂ ਟੀ ਪੁਆਇੰਟ ਤੇ ਜੈਬਰਾ ਕਰੋਸਿੰਗ ਨਾ ਹੋਣ ਕਾਰਨ ਕਈਂ ਹਾਦਸੇ ਵਾਪਰ ਚੁੱਕੇ ਹਨ। ਕਿਸਾਨ ਆਗੂ ਪਵਨ ਕੁਮਾਰ ਸੋਗਲਪੁਰ ਨੇ ਪੰਜਾਬ ਸਰਕਾਰ ਤੇ ਸਬੰਧਤ ਵਿਭਾਗ ਤੋਂ ਮੰਗ ਕੀਤੀ ਕਿ ਬਿਜਲੀ ਬੋਰਡ ਦੇ ਦਫਤਰ ਮੂਹਰੇ ਤੇ ਜਗਤ ਪੈਲੇਸ ਘਨੌਰ ਤੇ ਕਾਮੀ ਕਲਾਂ ਟੀ ਪੁਆਇੰਟ ਤੇ ਵੀ ਜੈਬਰਾ ਕਰੋਸਿੰਗ(ਚਿੱਟੀ ਪੱਟੀ) ਜਾਂ ਸਪੀਡ ਬਰੇਕਰ ਦਾ ਤੁਰੰਤ ਪ੍ਰਬੰਧ ਕੀਤਾ ਜਾਵੇ। ਇਸ ਸਬੰਧੀ ਪੀ.ਡਬਲਿਯੂ.ਡੀ.ਦੇ ਐਸ.ਡੀ.ਓ.ਦਲਜੀਤ ਸਿੰਘ ਨਾਲ ਮੋਬਾਇਲ ਕੀਤਾ ਤਾਂ ਉਹਨਾਂ ਸਰਕਾਰ ਦੀ ਹਦਾਇਤਾਂ ਮੁਤਾਬਿਕ ਇਸ ਸੜਕ ਤੇ ਸਪੀਡ ਬਰੇਕਰ ਨਹੀਂ ਲੱਗ ਸਕਦੇ।



# ਪਟਿਆਲਾ-ਆਸ/ਪਾਸ



## ਕਾਰ-ਮੋਟਰਸਾਈਕਲ ਟੱਕਰ 'ਚ ਇੱਕ ਦੀ ਮੌਤ, ਦੋ ਬੱਚਿਆਂ ਸਮੇਤ ਚਾਰ ਗੰਭੀਰ ਜ਼ਖ਼ਮੀ



ਮ੍ਰਿਤਕ ਹੰਸ ਰਾਜ ਦੀ ਫਾਈਲ ਫੋਟੋ (ਸੱਜੇ) ਹਸਪਤਾਲ ਵਿੱਚ ਜ਼ੇਰੇ ਇਲਾਜ ਬੱਚੇ ਤੇ ਕਾਰ ਸਵਾਰ ਜ਼ਖ਼ਮੀ ਹਾਲਤ 'ਚ।

ਸਮਾਣਾ, 22 ਜੂਨ (ਵਿਜੇ ਕੁਮਾਰ/ ਸੁਖਜਿੰਦਰ ਕੁਲਾਰਾਂ) : ਸਮਾਣਾ-ਮਾਜਿਸਰ ਮੰਦਰ ਰੋਡ 'ਤੇ ਪਿੰਡ ਮਹਿਮੂਦਪੁਰ ਨੇੜੇ ਇੱਕ ਕਾਰ ਅਤੇ ਮੋਟਰਸਾਈਕਲ ਦੀ ਆਹਮੋ-ਸਾਹਮਣੇ ਟੱਕਰ ਵਿੱਚ ਮੋਟਰਸਾਈਕਲ ਚਾਲਕ ਦੀ ਮੌਤ ਹੋ ਗਈ ਅਤੇ ਮੋਟਰਸਾਈਕਲ 'ਤੇ ਉਸ ਦੇ ਨਾਲ ਸਵਾਰ 11 ਅਤੇ 8 ਸਾਲਾ ਦੋ ਪੋਤੇ ਗੰਭੀਰ ਜ਼ਖ਼ਮੀ ਹੋ ਗਏ। ਜਦੋਂ ਕਿ ਕਾਰ ਚਾਲਕ ਸਮੇਤ ਦੋ ਵਿਅਕਤੀ ਵੀ ਜ਼ਖ਼ਮੀ ਹੋ ਗਏ। ਸਾਰੇ ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਡਾਕਟਰਾਂ ਵੱਲੋਂ ਮੁੱਢਲੀ ਸਹਾਇਤਾ ਤੋਂ ਬਾਅਦ ਦੋਵਾਂ ਬੱਚਿਆਂ ਸਮੇਤ ਚਾਰੋਂ ਜ਼ਖ਼ਮੀਆਂ ਦੀ ਹਾਲਤ ਗੰਭੀਰ ਦੇਖਦੇ ਹੋਏ ਪਟਿਆਲਾ ਰੈਫਰ ਕਰ ਦਿੱਤਾ । ਜਦੋਂ ਕਿ ਮ੍ਰਿਤਕ ਦੀ ਲਾਸ਼ ਨੂੰ ਹਸਪਤਾਲ ਦੀ ਮੋਰਚਰੀ ਵਿੱਚ ਰਖਵਾ ਦਿੱਤਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਸ ਦੇ ਏ.ਐਸ.ਆਈ ਸਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਹੰਸਰਾਜ (55) ਨਿਵਾਸੀ ਪਿੰਡ ਚਾਬਾ ਜ਼ਿਲ੍ਹਾ ਕੈਥਲ (ਹਰਿਆਣਾ) ਦੇ ਪੁੱਤਰ ਕੁਲਦੀਪ ਸਿੰਘ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ ਉਸ ਦਾ ਪਿਤਾ ਆਪਣੇ ਦੋ ਪੋਤਰਿਆਂ ਨਵਜੋਤ (11) ਅਤੇ ਜਸ਼ਨ (8) ਨੂੰ ਨਾਲ ਲੈ ਕੇ ਜੀਰੀ 'ਚੋਂ ਚੌਲ ਕਢਵਾਉਣ ਤੇ ਬੱਚਿਆਂ ਨੂੰ ਦਵਾਈ ਦਿਵਾਉਣ ਲਈ ਸਮਾਣਾ ਆ ਰਿਹਾ ਸੀ। ਪਿੰਡ ਮਹਿਮੂਦਪੁਰ ਨੇੜੇ ਸਾਹਮਣੇ ਤੋਂ ਆ ਰਹੀ ਇੱਕ ਕਾਰ ਨਾਲ ਮੋਟਰਸਾਈਕਲ ਦੀ ਟੱਕਰ ਹੋ ਗਈ। ਟੱਕਰ ਇੰਨੀ ਭਿਆਨਕ ਸੀ ਕਿ ਮੋਟਰਸਾਈਕਲ ਦੇ ਪਰਖੱਚੇ ਉੱਡ ਗਏ ਅਤੇ ਕਾਰ ਪਲਟਦੀ ਹੋਈ ਸੜਕ ਦੇ ਨਾਲ ਜੀਰੀ ਵਾਲੇ ਖੇਤ ਪਾਣੀ ਵਿੱਚ ਜਾ ਡਿੱਗੀ। ਇਸ ਦੁਰਘਟਨਾ ਵਿੱਚ ਮੋਟਰਸਾਈਕਲ ਚਾਲਕ ਹੰਸਰਾਜ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਦੋਵੇਂ ਬੱਚੇ ਅਤੇ ਕਾਰ ਸਵਾਰ ਦੋਵੇਂ ਵਿਅਕਤੀ ਵੀ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀ ਕਾਰ ਸਵਾਰਾਂ ਦੀ ਪਛਾਣ ਭਰਤ ਉਰਫ ਹਨੀ ਪੁੱਤਰ ਰਾਜਿੰਦਰ ਨਿਵਾਸੀ ਆਨੰਦ ਕਲੋਨੀ ਅਤੇ ਪਰਸਦੀਪ ਪੁੱਤਰ ਵਿਕਰਮਜੀਤ ਨਿਵਾਸੀ ਡਿੰਡਰ ਕਲੋਨੀ ਸਮਾਣਾ ਵਜੋਂ ਹੋਈ। ਅਧਿਕਾਰੀ ਅਨੁਸਾਰ ਹਾਦਸਾਗ੍ਰਸਤ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਕਾਰ ਚਾਲਕ ਭਰਤ ਸ਼ਰਮਾ ਦੇ ਖਿਲਾਫ਼ ਮਾਮਲਾ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਜਾਵੇਗੀ।

## ਸੰਤ ਬਾਬਾ ਸੁਖਦੇਵ ਸਿੰਘ ਜੀ ਦੀ 22ਵੀਂ ਬਰਸੀ 27 ਨੂੰ



ਨਾਭਾ, 22 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ) : ਅਭੇਦ ਪੁਰਸ਼ ਬ੍ਰਹਮ ਗਿਆਨੀ ਰਾਜਜੋਗੀ ਸੰਤ ਬਾਬਾ ਸੁਖਦੇਵ ਸਿੰਘ ਜੀ ਗੁਰਦੁਆਰਾ ਈਸਰਪੁਰਾ ਸਿਸਰ ਅਲੋਹਰਾਂ ਸਾਹਿਬ ਵਾਲਿਆਂ ਦੀ 22 ਵੀਂ ਸਾਲਾਨਾ ਬਰਸੀ 27 ਜੂਨ ਨੂੰ ਹਰ ਸਾਲ ਦੀ ਤਰ੍ਹਾਂ ਮਨਾਈ ਜਾ ਰਹੀ ਹੈ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਮੁੱਖ ਸੇਵਾਦਾਰ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਜੀ ਦੀ ਸਰਪ੍ਰਸਤੀ ਵਿੱਚ ਇਸ ਸਮਾਗਮ ਹਰ ਸਾਲਾਂ ਦੀ ਤਰ੍ਹਾਂ ਮਨਾਇਆ ਜਾ ਰਿਹਾ ਹੈ ਇਸ ਸਮਾਗਮ ਵਿੱਚ ਇਲਾਕੇ ਵਿੱਚੋਂ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇ ਆਪਣੀ ਹਾਜ਼ਰੀ ਭਰਦੀਆਂ ਹਨ ਅਤੇ ਸੰਤਾਂ ਦੀਆਂ ਮੰਡਲੀਆਂ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਆਪਣੀ ਕੀਰਤਨ ਰਾਹੀਂ ਸੰਗਤਾਂ ਨੂੰ ਜੋੜਦੀਆਂ ਹਨ ਅਤੇ ਸੰਤ ਬਾਬਾ ਸੁਖਦੇਵ ਸਿੰਘ ਜੀ ਦੀ ਜੀਵਨੀ ਤੇ ਚਾਨਣਾ ਪਾਉਂਦੀਆਂ ਹਨ ਅਤੇ 27 ਜੂਨ ਨੂੰ ਅੰਮ੍ਰਿਤ ਸੰਚਾਰ ਹੋਵੇਗਾ ਉਸ ਤੋਂ ਉਪਰੰਤ ਦੀਵਾਨ ਸਜਾਏ ਜਾਣਗੇ ਜਥੇਦਾਰ ਕਸ਼ਮੀਰਾ ਸਿੰਘ ਵੱਲੋਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਗੁਰਬਾਣੀ ਦਾ ਲਾਭ ਲੈਣ ਲਈ ਵੱਧ ਤੋਂ ਵੱਧ ਸੰਗਤਾਂ ਪਹੁੰਚ ਕੇ ਗੁਰੂ ਮਹਾਰਾਜ ਦੀ ਬਾਣੀ ਦਾ ਲਾਹਾ ਲੈਣ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਬਲਜੋਤ ਸਿੰਘ ਰਾਠੌਰ ਦੀ ਅਗਵਾਈ ਹੇਠ ਪੁਲਿਸ ਨੇ ਚਲਾਇਆ ਕਾਰਡਨ ਅਤੇ ਸਰਚ ਅਭਿਆਨ



ਮਲੇਰਕੋਟਲਾ, 22 ਜੂਨ (ਚ.ਨ.ਸ.) : ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਲਗਾਈ ਗਈ ਵਿਸ਼ੇਸ ਮੁਹਿੰਮ ਤਹਿਤ ਅੱਜ ਡਾਇਰੈਕਟਰ ਜਨਰਲ ਪੁਲਿਸ, ਪੰਜਾਬ (ਚੰਡੀਗੜ੍ਹ) ਵੱਲੋਂ ਜਾਰੀ ਹੁਕਮਾਂ ਅਨੁਸਾਰ ਇੰਸਪੈਕਟਰ ਜਨਰਲ ਪੁਲਿਸ ਜੀ.ਆਰ.ਪੀ ਪਟਿਆਲਾ ਬਲਜੋਤ ਸਿੰਘ ਰਾਠੌਰ ਆਈ.ਪੀ.ਐੱਸ, ਦੀ ਨਿਗਰਾਨੀ ਹੇਠ ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ ਗਗਨ ਅਜੀਤ ਸਿੰਘ ਪੀ.ਪੀ.ਐਸ ਵਲੋਂ ਕਾਨੂੰਨ-ਵਿਵਸਥਾ ਨੂੰ ਹੋਰ ਮਜਬੂਤ ਬਣਾਉਣ, ਅਪਰਾਧਿਕ ਤੱਤਾਂ ਦੇ ਨਾਕਾਬੰਦੀ ਕਰਨ ਅਤੇ ਜਨਤਾ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਵਿਸ਼ੇਸ਼ ਕਾਰਡਨ ਅਤੇ ਸਰਚ ਅਭਿਆਨ ਸਥਾਨਕ ਡਰੱਗ ਹੋਟਸਪੋਰਟ ਮੁੱਹਲਾ ਜਮਾਲਪੁਰਾ ਵਿਖੇ ,ਸਬ ਡਵੀਜਨ ਅਹਿਮਦਗੜ ਪਿੰਡ ਕੰਗਣਵਾਲ ਅਤੇ ਸਬ ਡਵੀਜਨ ਅਮਰਗੜ ਪਿੰਡ ਬਾਗੜੀਆ ਵਿਖੇ ਚਲਾਇਆ ਗਿਆ। ਇਸ ਮੌਕੇ ਕਪਤਾਨ ਪੁਲਿਸ ਇਨਵੈਸ਼ਟੀਗੇਸ਼ਨ ਸਤਪਾਲ ਸ਼ਰਮਾ, ਉਪ ਕਪਤਾਨ ਪੁਲਿਸ ਇੰਨਵੈਸ਼ਟੀਗੇਸ਼ਨ ਸ਼ਤੀਸ਼ ਕੁਮਾਰ, ਉਪ ਕਪਤਾਨ ਪੁਲਿਸ ਸਪੈਸ਼ਲ ਬ੍ਰਾਂਚ ਰਣਜੀਤ ਸਿੰਘ ਵੱਲੋਂ ਸਮੇਤ 70 ਦੇ ਕਰੀਬ ਪੁਲਿਸ ਮੁਲਾਜ਼ਮਾਂ ਨੇ ਸ਼ਮੂਲੀਅਤ ਕੀਤੀ । ਇਸ ਸਰਚ ਅਪਰੇਸ਼ਨ ਦੌਰਾਨ ਸ਼ੱਕੀ ਵਿਅਕਤੀਆਂ ਨੂੰ ਰਾਊਂਡ ਅੱਪ ਕੀਤਾ ਗਿਆ। ਇੰਸਪੈਕਟਰ ਜਨਰਲ ਪੁਲਿਸ ਜੀ.ਆਰ.ਪੀ ਪਟਿਆਲਾ ਬਲਜੋਤ ਸਿੰਘ ਰਾਠੌਰ ਆਈ.ਪੀ.ਐੱਸ ਨੇ ਦੱਸਿਆ ਕਿ ਇਹ ਅਭਿਆਨ ਅਪਰਾਧੀਆਂ ਵਿਚ ਖੌਫ ਪੈਦਾ ਕਰਨ, ਨਾਜਾਇਜ਼ ਹਥਿਆਰਾਂ, ਨਸ਼ਾ ਤਸਕਰਾਂ ਅਤੇ ਨਕਲੀ ਸ਼ਰਾਬ ਆਦਿ ਦੇ ਵਿਰੁੱਧ ਚਲਾਇਆ ਗਿਆ। ਇਸ ਅਭਿਆਨ ਦੌਰਾਨ ਕਈ ਸ਼ੱਕੀ ਘਰਾਂ ਆਦਿ ਦੀ ਪੁਲਿਸ ਵੱਲੋਂ ਚੈਕਿੰਗ ਕੀਤੀ । ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਪੁਲਿਸ ਵੱਲੋਂ ਅਜਿਹੇ ਤਲਾਸ਼ੀ ਅਭਿਆਨ ਭਵਿੱਖ ਵਿੱਚ ਵੀ ਕਰਵਾਏ ਜਾਣਗੇ ਤਾਂ ਜੋ ਜ਼ਿਲ੍ਹੇ ਨੂੰ ਅਪਰਾਧ ਰਹਿਤ ਬਣਾਇਆ ਜਾਵੇ। ਉਨ੍ਹਾਂ ਲੋਕਾਂ ਨੂੰ ਭਰੋਸਾ ਦਵਾਇਆ ਕਿ ਪੁਲਿਸ ਜਨਤਾ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਗੈਰ ਕਾਨੂੰਨੀ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦਾ ਟੀਚਾ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਪੂਰਨ ਪਾਰਦਰਸ਼ੀ ਅਤੇ ਜਵਾਬਦੇਹ ਪੁਲਿਸਿੰਗ ਰਾਹੀਂ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨਾ ਹੈ। ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ । ਉਨ੍ਹਾਂ ਆਪ ਪਬਲਿਕ ਨੂੰ ਪੰਜਾਬ ਪੁਲਿਸ ਦਾ ਸਾਥ ਦੇਣ ਦੀ ਅਪੀਲ ਕੀਤੀ ਅਤੇ ਕਿਹਾ ਜਿਹੜੇ ਵਿਅਕਤੀ ਨਸ਼ਾ ਛੱਡਣਾ ਚਾਹੁੰਦੇ ਹਨ ਉਹ ਅੱਗੇ ਆਉਣ ਪੁਲਿਸ ਪ੍ਰਸਾਸ਼ਨ ਪੂਰੀ ਤਰ੍ਹਾਂ ਸਹਾਇਤਾ ਕਰੇਗੀ । ਉਨ੍ਹਾਂ ਦੱਸਿਆ ਕਿ ਨਸ਼ਾ ਮੁਕਤੀ ਕੇਂਦਰ ਬਣਾਏ ਗਏ ਹਨ ਜਿੱਥੇ ਲੋੜਵੰਦਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਵਾਂ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ, ਤਾਂ ਜੋ ਨਸ਼ਾ ਕਰਨ ਵਾਲੇ ਵਿਅਕਤੀ ਨਸ਼ਾ ਛੱਡ ਕੇ ਸਮਾਜਿਕ ਧਾਰਾ ਦਾ ਅੰਗ ਬਣ ਸਕਣ ਅਤੇ ਸਮਾਜ ਵਿੱਚ ਆਮ ਵਿਅਕਤੀ ਵਾਂਗ ਜ਼ਿੰਦਗੀ ਬਤੀਤ ਕਰ ਸਕਣ ।

## ਸਰਕਾਰ ਜਲੰਧਰ ਖੇਡ ਸਟੇਡੀਅਮ ਦਾ ਨਾਮ ਬੱਬਰ ਅਕਾਲੀ ਯਾਦਗਾਰੀ ਸਟੇਡੀਅਮ ਰੱਖੇ : ਪ੍ਰੋ. ਬਡੂੰਗਰ

### ਪ੍ਰੋ. ਬਡੂੰਗਰ ਨੇ ਮੁੱਖ ਮੰਤਰੀ ਦੇ ਨਾਮ ਲਿਖਿਆ ਪੱਤਰ



ਪਟਿਆਲਾ, 22 ਜੂਨ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਸਰਕਾਰ ਵੱਲੋਂ ਜਲੰਧਰ ਵਿਚ ਰਾਸ਼ਟਰੀ ਪੱਧਰ ਦਾ ਖੇਡ ਸਟੇਡੀਅਮ ਬਣਾਉਣ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿੱਥੇ ਜਲੰਧਰ ਨਾਮਵਰ ਖਿਡਾਰੀਆਂ ਅਤੇ ਸਪੋਰਟਸ ਹੱਬ ਕਰਕੇ ਜਾਣਿਆ ਜਾਂਦਾ ਹੈ, ਉੱਥੇ ਹੀ ਦੁਆਬੇ ਦੀ ਧਰਤੀ ਗ਼ਦਰੀ ਬਾਬਿਆਂ ਅਤੇ ਬੱਬਰ ਅਕਾਲੀਆਂ ਦਾ ਗੜ੍ਹ ਕਰਕੇ ਵੀ ਜਾਣੀ ਜਾਂਦੀ ਹੈ। ਪ੍ਰੋ. ਬਡੂੰਗਰ ਨੇ ਪੰਜਾਬ ਦੇ ਮੁੱਖ ਮੰਤਰੀ ਦੇ ਨਾਮ ਲਿਖਤੀ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਜਲੰਧਰ ਵਿਚ ਬਣਾਏ ਜਾਣ ਵਾਲੇ ਖੇਡ ਸਟੇਡੀਅਮ ਦਾ ਨਾਮ ਗ਼ਦਰੀ ਅਤੇ ਬੱਬਰ ਬਾਬਿਆਂ ਦੇ ਨਾਮ 'ਤੇ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਗ਼ਦਰੀ ਬਾਬਿਆਂ ਅਤੇ ਬੱਬਰ ਅਕਾਲੀਆਂ ਦੇ ਕੀਤੇ ਮਹਾਨ ਕਾਰਨਾਮਿਆਂ ਕਰਕੇ ਇਕ ਸ਼ਾਨਮੱਤਾ ਇਤਿਹਾਸ ਸਿਰਜਿਆ ਅਤੇ ਸੰਸਾਰ ਦੀ ਅੰਗਰੇਜ਼ੀ ਹਕੂਮਤ ਸਰਕਾਰਾਂ ਦੇ ਥੰਮ੍ਹ ਤੱਕ ਹਿਲਾ ਦਿੱਤੇ, ਜਿਨ੍ਹਾਂ ਦਾ ਨਾਮ ਦੇਸ਼ ਦੀ ਅਜ਼ਾਦੀ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਪਿਆ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਗ਼ਦਰੀ ਬਾਬਿਆਂ ਅਤੇ ਬੱਬਰ ਅਕਾਲੀਆਂ ਦੇ ਇਤਿਹਾਸਕ ਕਾਰਨਾਮਿਆਂ ਕਰਕੇ ਆਪਾਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਜੇਕਰ ਤੁਸੀਂ ਸਰਕਾਰ ਇਹ ਮਹਿਸੂਸ ਕਰੇ ਤਾਂ ਜਲੰਧਰ ਵਿਚ ਬਣਾਏ ਜਾਣ ਵਾਲੇ ਖੇਡ ਸਟੇਡੀਅਮ ਦਾ ਨਾਮ ਬੱਬਰ ਅਕਾਲੀ ਯਾਦਗਾਰੀ ਸਟੇਡੀਅਮ ਰੱਖ ਦਿੱਤਾ ਜਾਵੇ ਸਰਕਾਰ ਦੇ ਇਸ ਕਦਮ ਅਤੇ ਉਪਰਾਲੇ ਨੂੰ ਯਾਦਗਾਰੀ ਕਾਰਜ ਦੇ ਪੱਖ ਤੋਂ ਚੰਗਾ ਕਦਮ ਹੋਵੇਗਾ, ਜਿਸ ਨਾਲ ਮਹਾਨ ਯੋਧਿਆਂ ਨੂੰ ਅਦਬ ਅਤੇ ਸਤਿਕਾਰ ਸਹਿਤ ਸ਼ਰਧਾਂਜਲੀ ਵੀ ਅਰਪਿਤ ਹੋਵੇਗੀ।

## ਨਾਜਾਇਜ ਸ਼ਰਾਬ ਸਮੇਤ ਇੱਕ ਕਾਬੂ

ਸਮਾਣਾ 22 ਜੂਨ (ਵਿਜੇ ਕੁਮਾਰ) : ਸਦਰ ਪੁਲਿਸ ਨੇ ਨਾਜਾਇਜ਼ ਸ਼ਰਾਬ ਵੇਚਣ ਲਈ ਬੈਠੇ ਇੱਕ ਵਿਅਕਤੀ ਨੂੰ ਨਾਜਾਇਜ਼ ਸ਼ਰਾਬ ਦੀਆਂ 15 ਬੋਤਲਾਂ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਬਲਵਿੰਦਰ ਸਿੰਘ ਵਾਸੀ ਪਿੰਡ ਮਰੋੜੀ ਵਜੋਂ ਹੋਈ ਹੈ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਪਰਮਜੀਤ ਸਿੰਘ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਮੁਲਜ਼ਮ ਵੱਲੋਂ ਸ਼ਰਾਬ ਕੱਢ ਕੇ ਵੇਚਣ ਦਾ ਆਦੀ ਹੋਣ ਅਤੇ ਉਸ ਸਮੇਂ ਪਿੰਡ ਅਰਾਈਮਾਜਰਾ ਤੋਂ ਮਰਦਾਹੜੀ ਨੂੰ ਜਾਂਦੇ ਰਜਵਾਹੇ ਦੇ ਵਿਚਕਾਰ ਖੱਡਾਂ ਵਿੱਚ ਸ਼ਰਾਬ ਰੱਖ ਕੇ ਵੇਚਣ ਲਈ ਬੈਠੇ ਹੋਣ ਸਬੰਧੀ ਸੂਚਨਾ ਮਿਲਣ 'ਤੇ ਛਾਪਾ ਮਾਰਿਆ ਤਾਂ ਮੁਲਜ਼ਮ ਪਾਸੋਂ ਨਾਜਾਇਜ਼ ਸ਼ਰਾਬ ਦੀਆਂ 15 ਬੋਤਲਾਂ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਆਦੇਸ਼ 'ਤੇ ਮੁਲਜ਼ਮ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

## 36 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 22 ਜੂਨ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਨੇ ਕਥਿਤ ਦੋਸ਼ੀ ਗੁਰਪ੍ਰੀਤ ਸਿੰਘ ਵਾਸੀ ਪਿੰਡ ਆਸੇਮਾਜਰਾ ਵਿਰੁੱਧ ਮਾਮਲਾ ਦਰਜ ਕੀਤਾ ਹੈ।ਹੌਲਦਾਰ ਮਨਦੀਪ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਸਿੱਧੂਵਾਲ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਸ਼ਰਾਬ ਵੇਚਣ ਲਈ ਭਾਖੜਾ ਨਹਿਰ ਕਿਨਾਰੇ ਪਿੰਡ ਸਿੱਧੂਵਾਲ ਪਾਸ ਖੜ੍ਹਾ ਹੈ, ਜੋ ਰੇਡ ਕਰਨ ਪਰ 36 ਬੋਤਲਾਂ ਸ਼ਰਾਬ ਇਮਪਾਇਰ ਨੰ. 1 ਮੋਟਾ ਸੰਤਰਾ ਚੰਡੀਗੜ੍ਹ ਦੀਆਂ ਬ੍ਰਾਮਦ ਹੋਈਆਂ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਹਿਯੋਗ ਨਾਲ ਜੁਡੀਸ਼ੀਅਲ ਕੋਰਟ ਕੰਪਲੈਕਸ ਵਿਖੇ ਯੋਗ ਕੈਂਪ ਲਗਾਇਆ



ਸਮਾਣਾ, 22 ਜੂਨ (ਅਮਿਤ ਸ਼ਰਮਾ) : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਹਿਯੋਗ ਨਾਲ ਜੁਡੀਸ਼ੀਅਲ ਕੋਰਟ ਕੰਪਲੈਕਸ ਵਿਖੇ ਅਡੀਸ਼ਨਲ ਸਿਵਲ ਜੱਜ ਸੀਨੀਅਰ ਸਮਾਣਾ ਮਨਦੀਪ ਸਿੰਘ ਦੀ ਅਗਵਾਈ ਹੇਠ ਯੋਗਾ ਕੈਂਪ ਲਗਾਇਆ ਗਿਆ, ਜਿਸ ਵਿੱਚ ਯੋਗ ਅਚਾਰੀਆ ਰਜਿੰਦਰ ਕੁਮਾਰ ਨੇ ਯੋਗਾ ਕਰਵਾਇਆ ਅਤੇ ਯੋਗਾ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਸਬੰਧੀ ਵਿਸਥਾਰ ਪੂਰਵਕ ਚਾਨਣਾ ਪਾਇਆ। ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਨਵਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਮਿਲਾਵਟ ਖੋਰੀ ਦਾ ਜਮਾਨਾ ਚੱਲ ਰਿਹਾ ਹੈ ਹਰ ਇਕ ਚੀਜ ਵਿੱਚ ਕੋਈ ਨਾ ਕੋਈ ਮਿਲਾਵਟ ਵਪਾਰੀਆਂ ਵੱਲੋਂ ਕੀਤੀ ਹੁੰਦੀ ਹੈ ਜੋ ਸਰੀਰ ਨੂੰ ਨੁਕਸਾਨ ਪਹੁੰਚਾਉਂਦੀਹੈ ਯੋਗਾ ਹੀ ਇਕ ਅਜਿਹੀ ਕਿਰਿਆ ਹੈ ਜਿਸ ਨਾਲ ਸਰੀਰ ਨੂੰ ਰੋਗਾਂ ਤੋਂ ਬਚਾਇਆ ਜਾ ਸਕਦਾ ਹੈ ਇਸ ਲਈ ਸਾਨੂੰ ਹਰ ਰੋਜ਼ ਯੋਗਾ ਕਰਨਾ ਚਾਹੀਦਾ ਹੈ ਇਸ ਨਾਲ ਸਰੀਰਕ ਰੋਗ ਤੇ ਟੈਂਸ਼ਨ ਖਤਮ ਹੁੰਦੀ ਹੈ ਅਤੇ ਮਨ ਨੂੰ ਸਕੂਨ ਮਿਲਦਾ ਹੈ ।ਸ੍ਰੀ ਢਿੱਲੋਂ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਅਤੇ ਅਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜਨ ਸਮਾਣਾ ਮਨਦੀਪ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਜਿਨ੍ਹਾਂ ਨੇ ਜੁਡੀਸ਼ੀਅਲ ਕੋਰਟ ਕੰਪਲੈਕਸ ਵਿਖੇ ਯੋਗਾ ਡੇ ਮੌਕੇ ਯੋਗਾ ਦੀ ਕਲਾਸ ਲਵਾਉਣ ਦਾ ਉਪਰਾਲਾ ਕੀਤਾ ਹੈ। ਇਸ ਮੌਕੇ ਜੱਜ ਮਨਦੀਪ ਸਿੰਘ ਦੀ ਅਗਵਾਈ ਹੇਠ ਕੋਰਟ ਕੰਪਲੈਕਸ ਵਿਖੇ ਛਾਂਦਾਰ ਅਤੇ ਫਲਦਾਰ ਬੂਟੇ ਵੀ ਲਗਾਏ ਗਏ। ਇਸ ਮੌਕੇ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਸੰਦੀਪ ਜਿੰਦਲ, ਸੈਕਟਰੀ ਕਸ਼ਮੀਰ ਸਿੰਘ ਚੁੰਬਰ, ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ ਸਮਾਣਾ ਕਰਮਜੀਤ ਸਿੰਘ ਰੰਧਾਵਾ, ਸੀਨੀਅਰ ਐਡਵੋਕੇਟ ਦਵਿੰਦਰ ਸਿੰਘ ਢਿੱਲੋਂ, ਸਾਬਕਾ ਸੈਕਟਰੀ ਹਰਮਨਦੀਪ ਸਿੰਘ ਸਿੱਧੂ, ਹਰਤੇਜ ਸਿੰਘ ਸੰਧੂ, ਸੁਭਾਸ਼ ਠਾਕੁਰ, ਕੋਰਟ ਨਾਜਰ ਇਸਆਨ ਖਾਨ, ਮੋਨਿਕਾ ਪਹੂਜਾ ਤੋਂ ਇਲਾਵਾ ਬਹੁਤ ਸਾਰੇ ਵਕੀਲਾਂ ਅਤੇ ਅਦਾਲਤੀ ਸਟਾਫ ਨੇ ਵੀ ਸ਼ਮੂਲੀਅਤ ਕੀਤੀ।

## ਦੇਸ਼ ਦੇ 19 ਰਾਜਾਂ 'ਚ 'ਪਬਲਿਕ ਲਾਇਬ੍ਰੇਰੀ ਐਕਟ' ਲਾਗੂ, ਪਰ ਪੰਜਾਬ 'ਚ ਹਾਲੇ ਵਿਚਾਰ ਅਧੀਨ ਵੀ ਨਜ਼ਰ ਨਹੀਂ ਆਉਂਦਾ

ਪਟਿਆਲਾ, 22 ਜੂਨ (ਚ.ਨ.ਸ.) : ਸੂਬੇ 'ਚ ਹੁਣ ਤੱਕ 'ਪਬਲਿਕ ਲਾਇਬ੍ਰੇਰੀ ਐਕਟ' ਲਾਗੂ ਨਾ ਹੋਣ ਕਾਰਨ ਜਿੱਥੇ ਲਾਇਬ੍ਰੇਰੀਆਂ ਦਾ ਮੰਦਾ ਹਾਲ ਹੈ,ਉਥੇ ਹੀ ਪੰਜਾਬ ਕਿਤਾਬੀ ਸਭਿਆਚਾਰ ਪੈਦਾ ਕਰਨ 'ਚ ਵੀ ਪਛੜਦਾ ਜਾ ਰਿਹਾ ਹੈ। ਦੇਸ਼ ਵਿੱਚ ਜੋ ਸੂਬਾ ਸਭ ਤੋਂ ਬਾਅਦ ਹੋਂਦ 'ਚ ਆਇਆ ਉਸ 'ਚ ਵੀ ਉਕਤ ਐਕਟ ਲਾਗੂ ਹੋਏ ਨੂੰ ਕਈ ਸਾਲ ਬੀਤ ਗਏ ਹਨ ਪਰ ਪੰਜਾਬ ' ਇਸ ਨੂੰ ਲਾਗੂ ਕਰਨ ਦਾ ਮੁੱਦਾ ਅਜੇ ਵਿਚਾਰ ਅਧੀਨ ਵੀ ਨਜ਼ਰ ਨਹੀਂ ਆਉਂਦਾ। ਜੇਕਰ ਦੇਖਿਆ ਜਾਵੇ ਤਾਂ ਦੇਸ਼ ਦੇ 19 ਰਾਜਾਂ 'ਚ ਲਾਇਬ੍ਰੇਰੀ ਐਕਟ ਲਾਗੂ ਹੈ ਜਿਸ ਕਾਰਨ ਉਨ੍ਹਾਂ 'ਚ ਲਾਇਬ੍ਰੇਰੀਆਂ ਦਾ ਜਾਲ ਵਿਛਿਆ ਹੋਇਆ ਹੈ। ਸਭ ਤੋਂ ਪਹਿਲਾਂ ਤਾਮਿਲਨਾਡੂ 'ਚ 1948 ਵਿੱਚ ਉਪਰੋਕਤ ਐਕਟ ਲਾਗੂ ਕੀਤਾ ਗਿਆ ਸੀ ਜਦੋਂਕਿ ਗੁਆਂਢੀ ਸੂਬੇ ਹਰਿਆਣਾ 'ਚ ਵੀ ਸੰਨ 1989 ਦਾ ਐਕਟ ਲਾਗੂ ਹੋ ਚੁੱਕਾ ਹੈ। ਇਸੇ ਤਰ੍ਹਾਂ ਸਭ ਤੋਂ ਬਾਅਦ ਹੋਂਦ 'ਚ ਆਏ ਰਾਜ ਤੇਲੰਗਾਨਾ ਦੀ ਸਰਕਾਰ ਵੱਲੋਂ ਵੀ ਸਾਲ 2015 'ਚ ਇਸ ਐਕਟ ਨੂੰ ਲਾਗੂ ਕਰ ਦਿੱਤਾ ਸੀ ਪਰ ਪੰਜਾਬ 'ਚ ਪਬਲਿਕ ਲਾਇਬ੍ਰੇਰੀ ਐਕਟ ਨੂੰ ਲਾਗੂ ਕਰਨ ਦੀਆਂ ਯੋਜਨਾਵਾਂ ਕਈ ਸਾਲਾਂ ਤੋਂ ਲਟਕਦੀਆਂ ਆ ਰਹੀਆਂ ਹਨ। ਇਸੇ ਕਾਰਨ ਹੀ 14 ਜ਼ਿਲ੍ਹਾ ਲਾਇਬ੍ਰੇਰੀਆਂ ਵਿੱਚੋਂ ਹੁਣ ਤੱਕ ਸਿਰਫ ਸੰਗਰੂਰ ਦੀ ਜ਼ਿਲ੍ਹਾ ਲਾਇਬ੍ਰੇਰੀ ਸੁਣੀ ਗਈ ਹੈ, ਜਦਕਿ ਰਾਜ ਪੱਧਰੀ ਲਾਇਬ੍ਰੇਰੀ ਅਤੇ ਬਾਕੀ ਲਾਇਬ੍ਰੇਰੀਆਂ ਅਮਲੇ ਅਤੇ ਕਿਤਾਬਾਂ ਨੂੰ ਵੀ ਤਰਸ ਰਹੀਆਂ ਹਨ। ਹੈਰਾਨਗੀ ਦੀ ਗੱਲ ਤਾਂ! ਇਹ ਹੈ ਕਿ ਹੁਣ ਤੱਕ ਸੂਬੇ 'ਚ ਲਾਇਬ੍ਰੇਰੀਆਂ ਲਈ ਕੋਈ ਵੱਖਰਾ ਵਿਭਾਗ ਜਾਂ ਨਿਰਦੇਸ਼ਕ ਤੱਕ ਵੀ ਨਹੀਂ ਲਗਾਇਆ ਗਿਆ,ਜੋ ਸਮੇਂ-ਸਮੇਂ 'ਤੇ ਸਰਕਾਰਾਂ ਨੂੰ ਲਾਇਬ੍ਰੇਰੀਆਂ ਦੀ ਦਸ਼ਾ ਸੁਧਾਰਨ ਲਈ ਸਲਾਹ ਤੱਕ ਦੇ ਸਕਦਾ ਹੋਵੇ। ਸੰਨ 2007 ਤੋਂ 2012 ਦੇ ਕਾਰਜਕਾਲ ਦੌਰਾਨ ਅਕਾਲੀ ਸਰਕਾਰ ਵੱਲੋਂ ਸੂਬੇ ਵਿੱਚ ਪੰਜਾਬ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਰਵਿਸ ਐਕਟ ਲਾਗੂ ਕਰਨ ਲਈ ਯਤਨ ਆਰੰਭੇ ਸਨ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਵੀ ਗਠਿਤ ਹੋਈ ਸੀ, ਜਿਸ ਵੱਲੋਂ ਐਕਟ ਲਈ ਮੁੱਢਲਾ ਖਰੜਾ ਤਿਆਰ ਕਰ ਲਿਆ ਸੀ। ਉਸ ਤੋਂ ਬਾਅਦ ਪੰਜਾਬ ਦੀ ਰਾਜਨੀਤੀ 'ਚ ਹੋਏ ਫੇਰਬਦਲ ਕਾਰਨ ਯਤਨ ਧਰੇ ਧਰਾਏ ਰਹਿ ਗਏ।

## ਮਾਤਾ ਸਾਹਿਬ ਕੌਰ ਕਾਲਜ 'ਚ ਯੋਗ ਦਿਵਸ ਮਨਾਇਆ



ਪਟਿਆਲਾ, 22 ਜੂਨ (ਚ.ਨ.ਸ.) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੁਯੋਗ ਅਗਵਾਈ ਅਤੇ ਪ੍ਰਬੰਧ ਅਧੀਨ ਚਲ ਰਹੇ ਮਾਤਾ ਸਾਹਿਬ ਕੌਰ ਖ਼ਾਲਸਾ ਗਰਲਜ਼ ਕਾਲਜ ਆਫ ਐਜੂਕੇਸ਼ਨ ਧਾਮੋਮਾਜਰਾ, ਪਟਿਆਲਾ ਵਿਖੇ ਐੱਨ.ਐੱਸ.ਐੱਸ. ਵਿਭਾਗ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ, 2025 ਦੇ ਸੰਬੰਧ ਵਿੱਚ ਯੋਗਾ ਅਭਿਆਸ ਦਾ ਆਯੋਜਨ ਕੀਤਾ ਗਿਆ। ਇਸ ਯੋਗਾ ਅਭਿਆਸ ਦੇ ਅੰਤਰਗਤ ਵਿਦਿਆਰਥਣਾਂ ਨੂੰ ਵੱਖ-ਵੱਖ ਆਸਣਾਂ ਦੀ ਜਾਣਕਾਰੀ ਦਿੱਤੀ ਗਈ। ਸਟਾਫ਼ ਅਤੇ ਵਿਦਿਆਰਥਣਾਂ ਵੱਲੋਂ ਰੋਜ਼ਾਨਾ ਯੋਗਾ ਅਭਿਆਸ ਕੀਤਾ ਗਿਆ ਜਿਸ ਦੌਰਾਨ ਉਨ੍ਹਾਂ ਵੱਲੋਂ ਸੂਰਜ ਨਮਸਕਾਰ, ਪਦਮ ਆਸਣ,ਭੁਜੰਗ ਆਸਣ, ਵਜਰ ਆਸਣ, ਗੌਮੁਖ ਆਸਣ, ਤਾੜ ਆਸਣ, ਪਛਮ ਉਤਾਨ ਆਸਣ,ਧਨੁਰ ਆਸਣ ਅਤੇ ਮਕਰ ਆਸਣ ਆਦਿ ਦੇ ਅਭਿਆਸ ਕੀਤੇ ਗਏ। ਇਸ ਮੌਕੇ ਕਾਲਜ ਪ੍ਰਿੰਸੀਪਲ, ਡਾ. ਹਰਮੀਤ ਕੌਰ ਆਨੰਦ ਨੇ ਵਿਦਿਆਰਥਣਾਂ ਨੂੰ ਯੋਗ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਯੋਗ ਵਿਦਿਆ ਭਾਰਤ ਦੀ ਪ੍ਰਾਚੀਨ ਵਿਦਿਆ ਹੈ ਜਿਸ ਦਾ ਲੋਹਾ ਵਿਸ਼ਵ ਭਰ ਨੇ ਸਵੀਕਾਰ ਕੀਤਾ ਹੈ। ਰੋਗ, ਤਣਾਅ ਅਤੇ ਦੁਖ ਮੁਕਤ ਜੀਵਨ ਯੋਗ ਦੇ ਬਿਨਾਂ ਸੰਭਵ ਨਹੀਂ ਹੈ। ਤੁਸੀਂ ਯੋਗ ਨਾਲ ਆਪਣੇ ਸੁਭਾਅ ਵਿੱਚ ਪੂਰੀ ਤਰ੍ਹਾਂ ਤਬਦੀਲੀ ਲਿਆ ਸਕਦੇ ਹੋ ਅਤੇ ਆਪਣੇ ਅੰਦਰ ਸਮੋਏ ਗਿਆਨ ਅਤੇ ਸ਼ਕਤੀ ਦਾ ਪੂਰਨ ਜਾਗਰਣ ਕਰ ਸਕਦੇ ਹੋ। ਯੋਗ ਸਵਸਥ ਜ਼ਿੰਦਗੀ ਦਾ ਆਧਾਰ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਚਿੰਤਾਵਾਂ ਦੂਰ ਕਰਨ ਲਈ ਯੋਗ ਉਤਮ ਸਾਧਨ ਹੈ। ਇਸ ਯੋਗ ਅਭਿਆਸ ਵਿੱਚ ਸਮੂਹ ਸਟਾਫ਼ ਅਤੇ ਵਿਦਿਆਰਥਣਾਂ ਨੇ ਆਪਣੀ ਭਾਗੀਦਾਰੀ ਬਣਾਈ।

## ਰਾਹ ਸਬੰਧੀ ਹੋਏ ਝਗੜੇ 'ਚ ਪਿਓ-ਪੁੱਤਰ ਸਮੇਤ 10 ਲੋਕਾਂ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 22 ਜੂਨ (ਵਿਜੇ ਕੁਮਾਰ) : ਰਾਹ ਸਬੰਧੀ ਚੱਲ ਰਹੇ ਝਗੜੇ ਕਾਰਨ ਇੱਕ ਕਿਸਾਨ ਨਾਲ ਕੁੱਟਮਾਰ ਕਰਨ ਅਤੇ ਉਸ ਦੇ ਟਰੈਕਟਰ ਦੀ ਭੰਨਤੋੜ ਕਰਨ ਦੇ ਇੱਕ ਮਾਮਲੇ ਵਿੱਚ ਸਦਰ ਪੁਲਿਸ ਨੇ ਪਿਓ-ਪੁੱਤਰ ਸਮੇਤ 10 ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਜਤਿੰਦਰ ਸਿੰਘ, ਉਸ ਦਾ ਪੁੱਤਰ ਰਣਜੋਤ ਸਿੰਘ, ਹਰੀ ਸਿੰਘ ਸਾਰੇ ਵਾਸੀ ਪਿੰਡ ਖੁਦਾਦਪੁਰਾ ਅਤੇ ਸੱਤ ਹੋਰ ਅਣਪਛਾਤੇ ਵਿਅਕਤੀ ਸ਼ਾਮਲ ਹਨ। ਸਦਰ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕੁਲਵੰਤ ਸਿੰਘ ਵਾਸੀ ਪਿੰਡ ਖੁਦਾਦਪੁਰਾ ਨੇ ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ 19 ਜੂਨ ਨੂੰ ਜਦੋਂ ਉਹ ਆਪਣੇ ਖੇਤਾਂ ਵਿੱਚ ਕੰਮ ਕਰ ਰਿਹਾ ਸੀ ਤਾਂ ਮੁਲਜ਼ਮਾਂ ਨੇ ਆ ਕੇ ਉਸ ਨਾਲ ਕੁੱਟਮਾਰ ਕਰਕੇ ਜ਼ਖਮੀ ਕਰ ਦਿੱਤਾ ਅਤੇ ਉਸ ਦੇ ਟਰੈਕਟਰ ਦੀ ਭੰਨਤੋੜ ਕੀਤੀ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਨਾਭਾ ਵਿਖੇ ਭਰਤੀ ਦੀ ਟਰੇਨਿੰਗ ਲਈ ਕੈਂਪ ਜਾਰੀ

ਨਾਭਾ, 22 ਜੂਨ (ਚੌਧਰੀਮਾਜਰਾ) : ਪੰਜਾਬ ਦੇ ਨੌਜਵਾਨਾਂ ਨੂੰ ਆਰਮੀ ਤੇ ਪੁਲਿਸ ਵਿੱਚ ਭਰਤੀ ਦੇ ਯੋਗ ਬਣਾਉਣ ਲਈ ਸੀ-ਪਾਈਟ ਕੈਂਪ ਨਾਭਾ ਵਿਖੇ ਲਿਖਤੀ ਇਮਤਿਹਾਨ ਅਤੇ ਸਰੀਰਕ ਪ੍ਰੀਖਿਆ ਦੀ ਤਿਆਰੀ ਲਈ ਕੈਂਪ ਚੱਲ ਰਿਹਾ ਹੈ।ਸਿਖਲਾਈ ਅਧਿਕਾਰੀ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਨੌਜਵਾਨਾਂ ਨੇ ਪੰਜਾਬ ਪੁਲਿਸ ਦਾ ਲਿਖਤੀ ਪੇਪਰ ਦੇ ਦਿੱਤਾ ਹੈ, ਉਹ ਆਪਣੇ ਅਗਲੇ ਮੰਤਵ ਸਰੀਰਕ ਪ੍ਰੀਖਿਆ ਦੀ ਤਿਆਰੀ ਲਈ ਕੈਂਪ ਵਿੱਚ ਆ ਸਕਦੇ ਹਨ। ਜਿੱਥੇ ਵਧੀਆਂ ਪੀ.ਟੀ.ਆਈ ਵੱਲੋਂ ਤਿਆਰੀ ਸ਼ੁਰੂ ਕਰਵਾ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਹ ਇਕ ਸਰਕਾਰੀ ਸੰਸਥਾ ਹੈ,। ਜਿਸ ਵਿੱਚ ਕੋਈ ਫ਼ੀਸ ਨਹੀਂ ਸਗੋਂ ਰਹਿਣਾ ਤੇ ਖਾਣਾ ਵੀ ਮੁਫ਼ਤ ਹੈ। ਅਗਨੀਵੀਰ ਦੇ ਪੇਪਰ ਦੀ ਤਿਆਰ ਅੰਤਿਮ ਦੌਰ ਵਿੱਚ ਹੈ, ਇਸ ਵਿੱਚ ਵੀ ਨੌਜਵਾਨ ਹਿੱਸਾ ਲੈ ਸਕਦੇ ਹਨ।ਇਸ ਅਦਾਰੇ ਦੀ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾ ਕੇ ਨੌਕਰੀ ਪ੍ਰਾਪਤ ਕੀਤੀ ਜਾਵੇ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪਿੰਡਾਂ ਵਿੱਚ ਕਾਨੂੰਨੀ ਜਾਗਰੂਕਤਾ ਲਈ ਵੈਨ ਰਵਾਨਾ



ਪਟਿਆਲਾ, 22 ਜੂਨ (ਵਿਨੋਦ ਸ਼ਰਮਾ) :ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਕਾਰਜਕਾਰੀ ਚੇਅਰਮੈਨ ਜਸਟਿਸ ਦੀਪਕ ਸਿੱਬਲ ਦੀ ਦੇਖ-ਰੇਖ ਹੇਠ ਅਤੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੈਡਮ ਰੁਪਿੰਦਰਜੀਤ ਚਾਹਲ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਪਟਿਆਲਾ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਵੱਲੋਂ ਐਸ.ਐਮ.ਐਲ ਵੈਨ ਰਾਹੀਂ ਵੱਖ-ਵੱਖ ਪਿੰਡਾਂ ਵਿੱਚ ਕਾਨੂੰਨੀ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸ ਮੌਕੇ ਇੰਚਾਰਜ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੈਡਮ ਦਮਨਦੀਪ ਕਮਲ ਹੀਰਾ ਨੇ ਐਸ.ਐਮ.ਐਲ ਵੈਨ ਨੂੰ ਹਰੀ ਝੰਡੀ ਦਿੱਤੀ। ਪਿੰਡ ਭੇਡ ਪੁਰਾ, ਸੈਸਰਵਾਲ, ਲਲੌਛੀ, ਲਲੌਛੀ ਖ਼ੁਰਦ ਅਤੇ ਗੱਜੂਮਾਜਰਾ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ ਅਤੇ ਇਸ ਪ੍ਰੋਗਰਾਮ ਦੌਰਾਨ ਸ. ਪਰਮਜੀਤ ਸਿੰਘ, ਸ. ਗੁਰਕਿਰਤ ਸਿੰਘ, ਸ. ਹੇਮ ਰਿਸੀ ਅਤੇ ਸ. ਕੁਲਵੰਤ ਧੀਮਾਨ (ਪੀ.ਐਲ.ਵੀ) ਵੱਲੋਂ ਆਮ ਜਨਤਾ ਨੂੰ ਨਾਲਸਾ ਸਕੀਮਾਂ (ਬੱਚਿਆਂ ਲਈ ਬਾਲ ਅਨੁਕੂਲ ਕਾਨੂੰਨੀ ਸੇਵਾਵਾਂ ਅਤੇ ਉਹਨਾਂ ਦੀ ਸੁਰੱਖਿਆ) ਸਕੀਮ, 2015, ਮੁਫ਼ਤ ਕਾਨੂੰਨੀ ਸਹਾਇਤਾ, ਸਥਾਈ ਲੋਕ ਅਦਾਲਤ (ਪੀਯੂਐਸ), ਵਿਚੋਲਗੀ ਅਤੇ ਸੁਲਾਹ ਕੇਂਦਰ, ਨਾਲਸਾ ਆਸ਼ਾ (ਜਾਗਰੂਕਤਾ, ਖੋਜ, ਸਹਾਇਤਾ ਅਤੇ ਕਾਰਵਾਈ) ਯੋਜਨਾ 2025, ਨਾਲਸਾ ਡਾਨ (ਦਵਾਈ ਜਾਗਰੂਕਤਾ ਸੁਖਮਨ ਅਤੇ ਨੈਵੀਗੇਸ਼ਨ) ਯੋਜਨਾ 2025, ਟੋਲ ਫ਼ਰੀ ਹੈਲਪ ਲਾਈਨ ਨੰ. 15100, ਲੋਕ ਅਦਾਲਤਾਂ ਦੇ ਲਾਭ ਅਤੇ ਮਿਤੀ 13.09.2025 ਨੂੰ ਲੱਗਣ ਵਾਲੀ ਰਾਸ਼ਟਰੀ ਲੋਕ ਅਦਾਲਤ ਬਾਰੇ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸ਼੍ਰੀ ਸੁਖਵਿੰਦਰ ਸਿੰਘ (ਪੰਚਾਇਤ ਸਕੱਤਰ), ਮਿਸ ਕਿਰਨਦੀਪ ਕੌਰ, ਸ਼੍ਰੀ ਪ੍ਰਭਜੋਤ ਸਿੰਘ ਅਤੇ ਸ਼੍ਰੀ ਰਵਿੰਦਰ ਕੁਮਾਰ ਸੈਕਟਰੀ ਨਰੇਗਾ ਸਮੇਤ ਹੋਰ ਲੋਕਾਂ ਨੇ ਹਿੱਸਾ ਲਿਆ। ਲਗਭਗ 250 ਲੋਕਾਂ ਨੇ ਸੈਮੀਨਾਰ ਵਿੱਚ ਭਾਗ ਲਿਆ ਅਤੇ ਸਾਂਝੀ ਕੀਤੀ ਗਈ ਜਾਣਕਾਰੀ ਦਾ ਲਾਭ ਉਠਾਇਆ।

## ਗੁਰੂ ਨਾਨਕ ਫਾਊਂਡੇਸ਼ਨ ਸਕੂਲ 'ਚ ਯੋਗ ਦਿਵਸ ਮਨਾਇਆ



ਪਟਿਆਲਾ, 22 ਜੂਨ (ਚ.ਨ.ਸ.) :ਡਾਇਰੈਕਟਰ ਸ. ਪ੍ਰਤਾਪ ਸਿੰਘ ਦੀ ਰਹਿਨੁਮਾਈ ਹੇਠ ਅਤੇ ਪ੍ਰਿੰਸੀਪਲ ਜਸਜੀਤ ਸੋਹੀ ਦੀ ਅਗਵਾਈ ਹੇਠ ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਪਟਿਆਲਾ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥੀਆਂ ਨੇ ਯੋਗਾ ਸੈਸ਼ਨਾਂ ਵਿੱਚ ਪੂਰੇ ਜੋਸ਼ ਨਾਲ ਭਾਗ ਲਿਆ ਅਤੇ ਤੰਦਰੁਸਤੀ, ਚੇਤਨਾ ਅਤੇ ਆਤਮਿਕ ਸ਼ਾਂਤੀ ਦੇ ਮੂਲ ਮੰਤਰ ਨੂੰ ਅਪਣਾਇਆ। ਯੋਗਾ ਸਾਡੀ ਸਕੂਲ ਸਭਿਆਚਾਰ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ, ਜੋ ਸੰਤੁਲਿਤ ਅਤੇ ਤੰਦਰੁਸਤ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦਾ ਹੈ।

## ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਮਾਰੀ ਠੱਗੀ

ਪਟਿਆਲਾ, 22 ਜੂਨ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਪਰਮਿੰਦਰ ਸਿੰਘ ਪੁੱਤਰ ਜਗਦੀਪ ਸਿੰਘ ਵਾਸੀ ਪਿੰਡ ਸਕਰਾਲੀ ਹਾਲ ਪ੍ਰੀਤਮ ਪਾਰਕ ਕਲੋਨੀ ਅਬਲੋਵਾਲ ਪਟਿਆਲਾ ਨੇ ਕਥਿਤ ਦੋਸ਼ੀ ਰਮਨਦੀਪ ਸਿੰਘ ਵਾਸੀ ਅਰਬਨ ਅਸਟੇਟ ਫੇਸ-2 ਪਟਿ. ਹਾਲ ਪ੍ਰੀਤਮ ਪਾਰਕ ਕਲੋਨੀ ਅਬਲੋਵਾਲ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀ ਨੇ ਉਸ ਅਤੇ ਉਸ ਦੇ ਸਾਲੇ ਕੀਰਤ ਸਿੰਘ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 15,34,000 ਰੁਪਏ ਲੈ ਲਏ, ਪਰ ਬਾਅਦ ਵਿੱਚ ਨਾ ਤਾਂ ਵਿਦੇਸ਼ ਭੇਜੇ ਅਤੇ ਨਾ ਹੀ ਪੈਸੇ ਵਾਪਿਸ ਕੀਤੇ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਕੋਰਟ ਕੰਪਲੈਕਸ ਵਿਖੇ ਯੋਗਾ ਦਿਵਸ ਮਨਾਇਆ



ਨਾਭਾ, 22 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਕੋਰਟ ਕੰਪਲੈਕਸ ਵਿੱਚ ਅੰਤਰਰਾਸ਼ਟਰੀ ਦਿਵਸ ਮਨਾਇਆ ਗਿਆ ਯੋਗਾ ਵਿੱਚ ਕੋਰਟ ਦੇ ਵਕੀਲਾਂ ਵੱਲੋਂ ਭਾਰੀ ਗਿਣਤੀ ਵਿੱਚ ਸ਼ਮੂਲਿਅਤ ਕੀਤੀ। ਇਸ ਸਮੇਂ ਯੋਗਾ ਦੇ ਮਾਸਟਰ ਨੇ ਜੋਗਾ ਬਾਰੇ ਜਾਣਕਾਰੀ ਦਿੱਤੀ ਅਤੇ ਜੋਗਾ ਕਰਨ ਦੀ ਵਿਉਂਤ ਬਤਾਈ ਪਟਿਆਲਾ ਦੇ ਮੁਫਤ ਕਾਨੂੰਨੀ ਸਹਾਇਤਾ ਦੇ ਚੇਅਰਮੈਨ ਤੇ ਮਾਨਯੋਗ ਸੈਸ਼ਨ ਜੱਜ ਸਾਹਿਬ ਰੁਪਿੰਦਰਜੀਤ ਚਹਿਲ ਦੇ ਦਿਸ਼ਾ ਨਿਰਦੇਸ਼ ਅਤੇ ਮਾਨਯੋਗ ਜੱਜ ਵਰਿੰਦਰ ਕੁਮਾਰ ਸੀਨੀਅਰ ਡਵੀਜ਼ਨ ਜੱਜ ਨਾਭਾ ਦੇ ਦੇਖ-ਰੇਖ ਹੇਠ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। ਇਸ ਸਮੇਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜੱਜ ਸਾਹਿਬ ਨੇ ਕਿਹਾ ਕਿ ਯੋਗਾ ਸਰੀਰ ਦਾ ਇੱਕ ਅਹਿਮ ਅੰਗ ਹੈ ਇਸ ਦੇ ਕਰਨ ਨਾਲ ਸਰੀਰ ਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਇਸ ਦੇ ਕਰਨ ਨਾਲ ਬਹੁਤ ਸਾਰੇ ਮੈਡੀਕਲ ਖਰਚਿਆਂ ਤੋਂ ਵੀ ਬਚਿਆ ਜਾ ਸਕਦਾ ਹੈ ਇਸ ਲਈ ਇਸ ਨੂੰ ਹਰ ਇਕ ਇਨਸਾਨ ਨੂੰ ਆਪਣੇ ਸਰੀਰ ਦੀ ਤੰਦਰੁਸਤੀ ਲਈ ਕਰਨ ਵਿੱਚ ਅਹਿਮ ਰੋਲਾਂ ਅਦਾ ਕਰਨਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਵੀ ਬਚਪਨ ਤੋਂ ਹੀ ਇਸ ਯੋਗਾ ਦੀ ਲਗਨ ਲਗਾਉਣੀ ਚਾਹੀਦੀ ਹੈ ਤਾਂ ਕਿ ਉਹਨਾਂ ਨੂੰ ਬਹੁਤ ਸਾਰੀਆਂ ਨੌ ਮੁਰਾਦ ਬਿਮਾਰੀਆਂ ਤੋਂ ਬਚਾਏ ਜਾ ਸਕੇ ਅਤੇ ਤੇ ਸਰੀਰ ਨੂੰ ਤੰਦਰੁਸਤੀ ਵੱਲ ਵਧਾਇਆ ਜਾਵੇ। ਮੁਫਤ ਕਾਨੂੰਨੀ ਸਹਾਇਤਾ ਦੇ ਪੀ ਐਲ ਬੀ ਐਡਵੋਕੇਟ ਅਸ਼ਵਨੀ ਕੁਮਾਰ ਤੇ ਮੈਡਮ ਜਿਊਣ ਬੂਟੀ ਦੁਆਰਾ ਮੁਫਤ ਕਾਨੂੰਨੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ।

## ਆਰਥਿਕ ਜਨਗਣਨਾ 2025 ਦੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਏ.ਡੀ.ਸੀ. ਵੱਲੋਂ ਮੀਟਿੰਗ

### ਆਰਥਿਕ ਜਨਗਣਨਾ ਪ੍ਰਕ੍ਰਿਆ ਨੂੰ ਸੁਚਾਰੂ ਅਤੇ ਪ੍ਰਭਾਵਸ਼ਾਲੀ ਬਣਾਉਣ 'ਤੇ ਜ਼ੋਰ

ਪਟਿਆਲਾ, 22 ਜੂਨ (ਰੁਪਾਣਾ): : ਆਰਥਿਕ ਜਨਗਣਨਾ 2025 ਦੀ ਪ੍ਰਕ੍ਰਿਆ ਨੂੰ ਸੁਚਾਰੂ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਅਮਰਿੰਦਰ ਸਿੰਘ ਟਿਵਾਣਾ ਨੇ ਜਾਇਜ਼ਾ ਬੈਠਕ ਕੀਤੀ। ਮੀਟਿੰਗ ਦਾ ਮੁੱਖ ਮੰਤਵ 2025 ਦੀ ਆਰਥਿਕ ਜਨਗਣਨਾ ਦੀ ਤਿਆਰੀਆਂ ਤੇ ਸਹਿਯੋਗ ਅਤੇ ਕਾਰਗੁਜ਼ਾਰੀ ਨੂੰ ਸੁਨਿਸ਼ਚਿਤ ਕਰਨਾ ਸੀ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਪ੍ਰਕ੍ਰਿਆ ਨਾਲ ਜ਼ਿਲ੍ਹੇ ਦੇ ਵਿਕਾਸ ਯੋਜਨਾਵਾਂ ਨੂੰ ਨਵੀਂ ਦਿਸ਼ਾ ਮਿਲੇਗੀ ਅਤੇ ਨਵੀਂ ਆਰਥਿਕ ਨੀਤੀਆਂ ਤਿਆਰ ਕਰਨ ਵਿੱਚ ਸਹਾਇਤਾ ਮਿਲੇਗੀ । ਉਹਨਾਂ ਕਿਹਾ ਕਿ ਇਹ ਗਣਨਾ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਲਈ ਜ਼ਿਲ੍ਹਾ ਅਤੇ ਬਲਾਕਾਂ ਵਿੱਚ ਵਧੇਰੇ ਜਾਣਕਾਰੀ ਪ੍ਰਦਾਨ ਕਰੇਗੀ , ਜਿਸ ਨਾਲ ਵਿਕਾਸ ਕਾਰਜਾਂ ਦੀ ਬਿਹਤਰ ਯੋਜਨਾ ਬਣਾਈ ਜਾ ਸਕੇਗੀ। ਵਧੀਕ ਡਿਪਟੀ ਕਮਿਸ਼ਨਰ ਨੇ ਬੈਠਕ ਵਿੱਚ ਸ਼ਿਰਕਤ ਕਰਨ ਵਾਲੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਇਸ ਪ੍ਰਕ੍ਰਿਆ ਤੋ ਜਾਣੂ ਕਰਵਾਉਂਦਿਆਂਕਿਹਾ ਕਿ ਆਰਥਿਕ ਜਨਗਣਨਾ ਤੋਂ ਮਿਲਣ ਵਾਲੇ ਡਾਟੇ ਅਤੇ ਜਾਣਕਾਰੀ ਨਾਲ ਸਰਕਾਰ ਨੂੰ ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਵਿਕਾਸ ਕਾਰਜਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਮਿਲੇਗੀ ਕਿ ਕਿਹੜੇ ਖੇਤਰ ਵਿੱਚ ਕਿੰਨਾ ਵਿਕਾਸ ਹੋ ਰਿਹਾ ਹੈ ਅਤੇ ਕਿਹੜੇ ਖੇਤਰਾਂ ਵਿੱਚ ਵਧੇਰੇ ਧਿਆਨ ਦੀ ਲੋੜ ਹੈ। ਇਹ ਡਾਟਾ ਸਿਰਫ਼ ਸਰਕਾਰੀ ਨੀਤੀਆਂ ਲਈ ਹੀ ਨਹੀ, ਸਗੋਂ ਜਨਤਾ ਅਤੇ ਵਿਕਾਸ ਨਾਲ ਜੁੜੇ ਸਹਿਯੋਗੀਆਂ ਲਈ ਵੀ ਅਹਿਮ ਸਾਧਕ ਸਾਬਿਤ ਹੋਵੇਗਾ । ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਸਟਾਫ ਦੀਆਂ ਲਿਸਟਾਂ ਤਿਆਰ ਕਰਨ , ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਮਾਸਟਰ ਟ੍ਰੇਨਰਾਂ ਦੀ ਨਿਯੁਕਤੀ ਕਰਨ ਅਤੇ ਨੋਡਲ ਅਫ਼ਸਰਾਂ ਨੂੰ ਨਿਯੁਕਤ ਕਰਨ 'ਤੇ ਚਰਚਾ ਕੀਤੀ । ਉਹਨਾ ਜ਼ਿਲ੍ਹਾ ਸਿੱਖਿਆ ਅਫਸਰ, ਈ.ਓਜ਼ ਅਤੇ ਬੀ.ਡੀ.ਪੀ.ਓਜ਼ ਨੂੰ ਵੀ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਲਈ ਹਦਾਇਤਾਂ ਦਿੱਤੀਆਂ । ਅਮਰਿੰਦਰ ਸਿੰਘ ਟਿਵਾਣਾ ਨੇ ਅਪੀਲ ਕੀਤੀ ਕਿ ਲੋਕ ਇਸ ਮਹੱਤਵਪੂਰਨ ਕਾਰਜ ਵਿੱਚ ਆਪਣੇ ਪੂਰੇ ਯੋਗਦਾਨ ਅਤੇ ਸਮਰਪਣ ਨਾਲ ਜ਼ਿਲ੍ਹੇ ਦੇ ਵਿਕਾਸ ਲਈ ਨਵੇਂ ਆਰਥਿਕ ਦਿਸ਼ਾ ਨਿਰਦੇਸ਼ਾਂ ਦੇ ਨਿਰਮਾਣ ਵਿੱਚ ਮਦਦ ਕਰਨ । ਉਹਨਾਂ ਕਿਹਾ ਕਿ ਜਨਗਣਨਾ ਤੋਂ ਪ੍ਰਾਪਤ ਜਾਣਕਾਰੀ ਨਾਲ ਹੀ ਅਸੀਂ ਆਪਣੇ ਵਧਦੇ ਹੋਏ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰ ਸਕਾਂਗੇ ਅਤੇ ਵਿਕਾਸ ਦੇ ਨਵੇਂ ਰਾਹ ਖੋਲ ਸਕਾਂਗੇ । ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਸਨ ।

## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 22 ਜੂਨ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਕਿਰਨਦੀਪ ਕੋਰ ਪੁੱਤਰੀ ਸੁਰਿੰਦਰ ਸਿੰਘ ਵਾਸੀ ਨਿਊ ਰਣਜੀਤ ਨਗਰ ਸਿਊਣਾ ਰੋਡ ਲਖਵਿੰਦਰ ਸਿੰਘ ਵਾਸੀ ਪਿੰਡ ਰਹਿਮਲ ਮਾਜਰੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਵਿਆਹ ਮਿਤੀ 19/11/23 ਨੂੰ ਕਥਿਤ ਦੋਸ਼ੀ ਨਾਲ ਹੋਇਆ ਸੀ, ਜੋ ਵਿਆਹ ਤੋ ਬਾਅਦ ਕਥਿਤ ਦੋਸ਼ੀ ਉਸ ਮੁਦੈਲਾ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਿਆ। ਉਸ ਦੇ ਦਾਜ ਦਾ ਸਮਾਨ ਵੀ ਦੋਸ਼ੀ ਦੇ ਕਬਜ਼ੇ ਵਿੱਚ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।